# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਭਉ ਨਿਰਵੈਰ ਦਾ ਸੰਕਲਪ

ਫ਼ੈਕਲਟੀ ਆਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੱਡੀਜ਼ ਅਧੀਨ

ਪੀਐਚ. ਡੀ.(ਧਰਮ ਅਧਿਐਨ) ਦੀ ਡਿਗਰੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**

**2021**

**ਨਿਗਰਾਨ**

ਕਿਰਨਦੀਪ ਕੌਰ 16/8/21

**ਡਾ. ਕਿਰਨਦੀਪ ਕੌਰ**

(ਮੁਖੀ ਅਤੇ ਸਹਾਇਕ ਪ੍ਰੋਫੈਸਰ)

ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ।

**ਖੋਜਾਰਥਣ**

ਗੁਰਪ੍ਰੀਤ ਕੌਰ

**ਗੁਰਪ੍ਰੀਤ ਕੌਰ**

(ਰਜਿ.ਨੰ.:1410 901)

**ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ**

**ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ,**

**ਫ਼ਤਿਹਗੜ੍ਹ ਸਾਹਿਬ।**

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥਣ ਗੁਰਪ੍ਰੀਤ ਕੌਰ ਨੇ ਪ੍ਰਸਤੁਤ ਖੋਜ-ਪ੍ਰਬੰਧ **'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਭਉ ਨਿਰਵੈਰ ਦਾ ਸੰਕਲਪ'** ਪੀਐਚ.ਡੀ.(ਧਰਮ ਅਧਿਐਨ) ਦੀ ਡਿਗਰੀ ਲਈ ਮੇਰੀ ਨਿਗਰਾਨੀ ਹੇਠ ਸੰਪੂਰਨ ਕੀਤਾ। ਇਹ ਖੋਜ-ਪ੍ਰਬੰਧ ਖੋਜਾਰਥਣ ਦੀ ਆਪਣੀ ਮੌਲਿਕ ਰਚਨਾ ਹੈ ਅਤੇ ਉਸ ਦੀ ਆਪਣੀ ਮਿਹਨਤ ਦਾ ਪ੍ਰਤਿਫਲ ਹੈ। ਮੈਂ ਇਸ ਖੋਜ-ਪ੍ਰੰਬਧ ਨੂੰ ਪੀਐਚ.ਡੀ.(ਧਰਮ ਅਧਿਐਨ) ਦੀ ਡਿਗਰੀ ਦੇ ਯੋਗ ਸਮਝਦੀ ਹਾਂ ਅਤੇ ਮੁਲਾਂਕਣ ਹਿਤ ਪ੍ਰਸਤੁਤ ਕਰਨ ਦੀ ਸਿਫ਼ਾਰਿਸ਼ ਕਰਦੀ ਹਾਂ।

**ਨਿਗਰਾਨ**

ਕਿਰਨਦੀਪ ਕੌਰ

**ਡਾ. ਕਿਰਨਦੀਪ ਕੌਰ**

**ਮਿਤੀ:** 16/8/21

# ਤਤਕਰਾ


| ਅਧਿਆਇ | ਪੰਨੇ |
|---|---|
| ਭੂਮਿਕਾ | (i-viii) |
| ਅਧਿਆਇ ਪਹਿਲਾ | 1-24 |
| ਨਿਰਭਉ ਨਿਰਵੈਰ ਸੰਬੰਧੀ ਹੋਏ ਪੂਰਵ ਖੋਜ-ਕਾਰਜਾਂ ਦਾ ਸਰਵੇਖਣ | |
| ਅਧਿਆਇ ਦੂਜਾ | 25-55 |
| ਨਿਰਭਉ ਨਿਰਵੈਰ : ਅਰਥ, ਪਰਿਭਾਸ਼ਾ ਅਤੇ ਸਰੂਪ | |
| ਅਧਿਆਇ ਤੀਜਾ | 56-100 |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਭਉ ਨਿਰਵੈਰ ਦਾ ਸੰਕਲਪ | |
| ਅਧਿਆਇ ਚੌਥਾ | 101-163 |
| ਸਿੱਖ ਇਤਿਹਾਸ ਵਿਚ ਨਿਰਭਉ ਨਿਰਵੈਰ : ਵਿਵਹਾਰਿਕ ਪੱਖ | |
| ਅਧਿਆਇ ਪੰਜਵਾਂ | 164-195 |
| ਨਿਰਭਉ ਨਿਰਵੈਰ ਦੇ ਸੰਕਲਪ ਦੀ ਸਮਕਾਲੀ ਪ੍ਰਾਸੰਗਿਕਤਾ | |
| ਸਾਰੰਸ਼ | 196-204 |
| ਨਿਰਭਉ ਨਿਰਵੈਰ ਦਾ ਸੂਚੀ-ਪੱਤਰ | 205-211 |
| ਪੁਸਤਕ ਸੂਚੀ | 212-222 |

# ਅਧਿਆਇ ਪਹਿਲਾ

# ਨਿਰਭਉ ਨਿਰਵੈਰ ਸੰਬੰਧੀ ਹੋਏ ਪੂਰਵ ਖੋਜ-ਕਾਰਜਾਂ ਦਾ ਸਰਵੇਖਣ

ਹੱਥਲੇ ਖੋਜ-ਕਾਰਜ ਦਾ ਸਿਰਲੇਖ '**ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਭਉ ਨਿਰਵੈਰ ਦਾ ਸੰਕਲਪ**' ਹੈ। ਇਹ ਵਿਸ਼ਾ ਆਪਣੇ ਆਪ ਵਿਚ ਮੌਲਿਕ ਹੈ ਕਿਉਂਕਿ ਸਿੱਧੇ ਰੂਪ ਵਿਚ ਨਿਰਭਉ ਨਿਰਵੈਰ ਤੇ ਪਹਿਲਾਂ ਹੋਇਆ ਕੋਈ ਖੋਜ-ਕਾਰਜ ਪ੍ਰਾਪਤ ਨਹੀਂ ਹੁੰਦਾ, ਪਰ ਅੰਸ਼ਿਕ ਰੂਪ ਵਿੱਚ ਜਾਣਕਾਰੀ ਪ੍ਰਾਪਤ ਹੁੰਦੀ ਹੈ। ਮੂਲ ਮੰਤਰ ਨਾਲ ਸੰਬੰਧਿਤ ਖੋਜ-ਕਾਰਜਾਂ ਵਿਚ ਵੀ ਨਿਰਭਉ ਨਿਰਵੈਰ ਬਾਰੇ ਥੋੜਾ ਬਹੁਤ ਜ਼ਿਕਰ ਹੀ ਮਿਲਦਾ ਹੈ। ਇਸ ਸੰਬੰਧੀ ਕੁਝ-ਕੁ ਵਿਦਵਾਨਾਂ ਵੱਲੋਂ ਵਿਅਕਤੀਗਤ ਤੌਰ ਤੇ ਜਾਂ ਸਮੂਹਿਕ ਤੌਰ ਤੇ ਕੀਤਾ ਕੰਮ ਮਿਲਦਾ ਹੈ ਪਰ ਕਿਸੇ ਨੇ ਵੀ ਨਿਰਭਉ ਨਿਰਵੈਰ ਦੇ ਅਰਥ, ਸਰੂਪ ਅਤੇ ਵਿਸ਼ਵ ਵਿਆਪੀ ਚੇਤਨਾ ਨੂੰ ਸਾਹਮਣੇ ਲੈ ਕੇ ਆਉਣ ਦਾ ਕੋਈ ਯਤਨ ਨਹੀਂ ਕੀਤਾ। ਇਸ ਤੋਂ ਇਲਾਵਾ ਇਸ ਸੰਬੰਧੀ ਕੋਈ ਵੀ ਖੋਜ-ਨਿਬੰਧ ਨਹੀਂ ਮਿਲਦਾ। ਹੱਥਲੇ ਖੋਜ-ਕਾਰਜ ਰਾਹੀਂ ਇਨ੍ਹਾਂ ਪੱਖਾਂ ਨੂੰ ਵਿਸਥਾਰ ਪੂਰਵਕ ਜਾਣਨ, ਗੁਰਮਤਿ ਵਿਚਲੇ ਸੰਕਲਪ ਦੀ ਵਿਚਾਰ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਇਤਿਹਾਸ ਵਿਚਲੇ ਇਸ ਸੰਕਲਪ ਦਾ ਸਰਵੇਖਣ ਅਤੇ ਮੁਲਾਂਕਣ ਕੀਤਾ ਗਿਆ ਹੈ। ਇਸ ਵਿਚ ਨਿਰਭਉ ਨਿਰਵੈਰ ਸੰਕਲਪ ਨਾਲ ਸੰਬਧਿਤ ਕੋਸ਼ਾਂ, ਪੁਸਤਕਾਂ ਅਤੇ ਖੋਜ-ਪਰਚਿਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਖੋਜ-ਕਾਰਜਾਂ ਨੂੰ ਨਿਮਨਲਿਖਿਤ ਵਰਗਾਂ ਵਿਚ ਵੰਡ ਕੇ ਸਰਵੇਖਣ ਕੀਤਾ ਗਿਆ ਹੈ:

ੳ. ਖੋਜ-ਪ੍ਰਬੰਧ

ਅ. ਖੋਜ-ਨਿਬੰਧ

ੲ. ਪੁਸਤਕਾਂ ਅਤੇ ਰਸਾਲੇ।

**ੳ. ਖੋਜ-ਪ੍ਰਬੰਧ:-** ਆਪਣੇ ਖੋਜ-ਕਾਰਜ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਇਸ ਵਿਸ਼ੇ ਨਾਲ ਸੰਬੰਧਿਤ ਖੋਜ-ਪ੍ਰਬੰਧਾਂ ਦਾ ਮੁਲਾਂਕਣ ਕੀਤਾ ਗਿਆ ਤਾਂ ਕਿ ਸਪੱਸ਼ਟ ਹੋ ਸਕੇ ਕਿ ਇਸ ਵਿਸ਼ੇ ਨਾਲ ਸੰਬੰਧਿਤ ਕੋਈ ਖੋਜ-ਕਾਰਜ ਹੋਇਆ ਹੈ ਜਾਂ ਨਹੀਂ, ਪਰ ਇਸ ਵਿਸ਼ੇ ਉੱਤੇ ਕੋਈ ਵੀ ਅਜਿਹਾ ਖੋਜ-ਪ੍ਰਬੰਧ ਸ਼ਾਮਿਲ ਨਹੀਂ। ਇਹ ਵਿਸ਼ਾ ਮੂਲ ਮੰਤਰ ਨਾਲ ਸੰਬੰਧਿਤ ਹੈ। ਇਸ ਲਈ ਮੂਲ ਮੰਤਰ ਨਾਲ ਸੰਬੰਧਿਤ ਖੋਜ-ਪ੍ਰਬੰਧਾਂ ਦੀ ਜਾਂਚ ਕੀਤੀ

ਗਈ। ਜਿੰਨ੍ਹਾਂ ਦਾ ਹਥਲੇ ਖੋਜ-ਕਾਰਜ ਨਾਲ ਸੰਬੰਧ ਹੋਣ ਕਾਰਨ ਸਰਵੇਖਣ ਦੇਣਾ ਜ਼ਰੂਰੀ ਸਮਝਿਆ ਗਿਆ ਹੈ। ਇਸ ਲਈ ਮੂਲ ਮੰਤਰ ਉੱਤੇ ਹੁਣ ਤੱਕ ਦੋ ਖੋਜ-ਪ੍ਰਬੰਧ ਮਿਲੇ ਹਨ :-

1. **ਮੂਲ ਮੰਤਰ ਸੰਕਲਪ ਅਤੇ ਵਿਵੇਚਨ,** ਜਗਜੀਤ ਸਿੰਘ ਡਿਸੂਜਾ ਦਾ ਖੋਜ-ਪ੍ਰਬਧ, ਜੋ ਕਿ ਸਾਹਿਤ ਅਤੇ ਪ੍ਰਕਾਸ਼ਨ ਵਿਭਾਗ, ਲੁਧਿਆਣਾ ਦੁਆਰਾ ਸਤੰਬਰ 1982 ਵਿਚ ਪ੍ਰਕਾਸ਼ਤ ਹੋਇਆ ਹੈ। ਮੂਲ ਮੰਤਰ ਉੱਤੇ ਪੇਸ਼ ਕੀਤਾ ਇਹ ਪਹਿਲਾ ਖੋਜ-ਪ੍ਰਬੰਧ ਹੈ। ਇਸ ਵਿਚ ਲੇਖਕ ਨੇ 9 ਅਧਿਆਇ ਬਣਾਏ ਹਨ। ਪਹਿਲੇ ਅਧਿਆਇ ਵਿਚ ਮੰਤਰ ਸੰਬੰਧੀ ਭਾਰਤੀ ਸਾਹਿਤ ਉੱਤੇ ਚਰਚਾ ਕੀਤੀ ਗਈ ਹੈ। ਦੂਜੇ ਤੋਂ ਅੱਠ ਅਧਿਆਇ ਤੱਕ ਕੇਵਲ ਮੂਲ ਮੰਤਰ ਅਤੇ ਨੌਵੇਂ ਅਧਿਆਇ ਵਿਚ ਅਮਲੀ ਸਮਾਜਕ ਪੱਖ ਪੇਸ਼ ਕੀਤਾ ਗਿਆ ਹੈ। ਇਸ ਵਿਚ ਅਧਿਆਇ ਪੰਜਵਾਂ '*ਨਿਰਭਉ ਨਿਰਵੈਰ*' ਸਿਰਲੇਖ ਹੇਠ ਦਿੱਤਾ ਹੈ। ਜਿਸ ਵਿਚ ਉਨ੍ਹਾਂ ਨੇ ਭਉ ਤੇ ਵੈਰ ਦਾ ਮਨੋਵਿਗਿਆਨਿਕ ਵਿਸ਼ਲੇਸ਼ਣ ਕਰਦੇ ਹੋਏ ਇਸ ਦੇ ਪ੍ਰਭਾਵ ਅਤੇ ਗੁਰਮਤਿ ਵਿਚਾਰਧਾਰਾ ਅਨੁਸਾਰ ਇਸ ਦੇ ਅਸਲ ਪੱਖ ਦੀ ਗੱਲ ਕੀਤੀ ਹੈ। ਪੰਜਵਾਂ ਅਧਿਆਇ 'ਨਿਰਭਉ ਨਿਰਵੈਰ' ਲਿਖ ਕੇ ਫਿਰ ਅੱਗੇ ਵਰਗੀਕਰਨ ਕੀਤਾ ਗਿਆ ਹੈ ਜੋ ਕਿ ਇਸ ਪ੍ਰਕਾਰ ਹੈ :

1. **ਆਦਿ ਕਥਨ:-** ਇਸ ਵਿਚ ਮੂਲ ਮੰਤਰ ਦੇ ਤਿੰਨ ਸਮਾਸ ੧ਓ, ਸਤਿਨਾਮ, ਕਰਤਾ ਪੁਰਖ ਦੀ ਗੱਲ ਕਰਦਿਆਂ ਪਰਮਸੱਤਾ ਦੇ ਨਿਰਭਉ ਨਿਰਵੈਰ ਸ਼ਬਦਾਂ ਰਾਹੀਂ ਵਡਿਆਈ ਕਰਦੇ ਹੋਏ ਅਕਾਲ ਪੁਰਖ ਨੂੰ ਸਾਰੇ ਨਕਾਰਾਤਮਕ ਛਿੱਦਰਾਂ ਵਿਸ਼ੇਸ਼ ਤੌਰ 'ਤੇ ਡਰ ਅਤੇ ਵੈਰ ਤੋਂ ਮੁਕਤ ਦੱਸਿਆ ਹੈ। ਭਾਰਤੀ ਧਰਮਾਂ ਅਤੇ ਸਮਾਜ ਦੀ ਗੱਲ ਕਰਦੇ ਹੋਏ ਮੰਤਰਾਂ 'ਤੇ ਕੇਵਲ ਬ੍ਰਾਹਮਣਾਂ ਦੀ ਪ੍ਰਧਾਨਤਾ ਅਤੇ ਸੂਦਰਾਂ ਦੀ ਨੀਵੀਂ ਜਾਤ ਦੀ ਗੱਲ ਕਰਦਿਆਂ ਮੰਤਰ ਜਾਪ ਦੀ ਮਨਾਹੀ ਦੀ ਗੱਲ ਕੀਤੀ ਗਈ ਹੈ।
2. **ਨਿਰਭਉ ਸ਼ਬਦ ਵਿਉਤਪਤੀ ਅਤੇ ਅਰਥ:-** ਇਸ ਵਿਚ ਨਿਰਭਉ ਸ਼ਬਦ ਦੀ ਵਿਉਤਪਤੀ ਅਤੇ ਅਰਥ ਉਤੇ ਚਾਨਣਾ ਪਾਇਆ ਗਿਆ ਹੈ। ਸੰਸਕ੍ਰਿਤ ਦੇ 'ਨਿਰਭਯ' ਸ਼ਬਦ ਪੰਜਾਬੀ ਵਿਚ 'ਨਿਰਭੈ' ਹੈ। ਇਹ 'ਭੈ' ਦਾ ਹੀ ਪ੍ਰਾਕ੍ਰਿਤ ਰੂਪ 'ਭਉ' ਹੈ। ਇਸ ਦੇ ਮਹਾਨ ਕੋਸ਼ ਵਿਚ ਅਰਥ ਡਰ ਰਹਿਤ, ਬੇਖੌਫ਼ ਹਨ। ਗੁਰਬਾਣੀ ਵਿਚ ਨਿਰਭਉ, ਨਿਰਭਯ ਨਿਰਭਯਹ ਆਦਿ ਰੂਪਾਂ ਵਿਚ ਆਇਆ ਹੈ।

ਗੁਰਮਤਿ ਵਿਚ ਨਿਰਭਉ ਦਾ ਅਰਥ ਸਰਬ-ਵਿਦਮਾਨ ਪਰਮਾਤਮਾ ਹਰ ਤਰ੍ਹਾਂ ਦੇ ਵਿਰੋਧ ਤੋਂ ਮੁਕਤ ਹੈ।

3.1 **ਭਉ ਦੀ ਸਰਬ-ਵਿਆਪਕਤਾ:-** ਇਸ ਵਿਚ ਭਉ ਸ਼ਬਦ ਦੀ ਮਨੋਵਿਗਿਆਨਿਕ ਤੌਰ ਤੇ ਸਰਵ ਵਿਆਪਕਤਾ ਨੂੰ ਦਰਸਾਇਆ ਗਿਆ ਹੈ। ਡਰ ਮਨੁੱਖ ਵਿਚ ਸ਼ੁਰੂ ਤੋਂ ਰਿਹਾ ਹੈ। ਇਹ ਜੀਵਨ ਦੇ ਸਾਰੇ ਪੜਾਅ ਨਾਲ ਸੰਬੰਧਿਤ ਹੈ। ਬੱਚਿਆਂ ਵਿਚ ਸ਼ੋਰ ਦਾ ਡਰ, ਗਿਰਨ ਦਾ ਡਰ, ਓਪਰੀਆਂ ਵਸਤੂਆਂ ਡਰ, ਨੌਜਵਾਨ ਵਿਚ ਸਮਾਜਿਕ ਸੰਬੰਧ, ਕਾਮ, ਰੋਜ਼ਗਾਰ, ਵਡੇਰੀ ਉਮਰ, ਤਰੱਕੀ, ਪਰਿਵਾਰ, ਪਰਵਰਿਸ਼, ਸੰਭਾਲ ਸੁਰੱਖਿਆ, ਸਾਕ ਸੰਬੰਧ ਆਦਿ ਦਾ ਜ਼ਿਕਰ ਕੀਤਾ ਹੈ। ਵਿਦਵਾਨਾਂ ਦੁਆਰਾ ਕੀਤੇ ਡਰਾਂ ਉੱਤੇ ਖੋਜ ਸੰਬੰਧੀ ਵਿਚਾਰ ਵੀ ਪੇਸ਼ ਕੀਤੇ ਹਨ ਜਿਵੇਂ ਲਾਇਡ ਮੋਰਗਾਨ ਦਾ ਪਸ਼ੂ ਵਿਗਿਆਨ ਵਿਚ ਅੰਡੇ ਵਿਚਲਾ ਬੱਚਾ ਮਾਂ ਦੀ ਆਵਾਜ਼ ਸੁਣ ਚੁੱਪ ਕਰ ਜਾਂਦਾ ਹੈ। ਬਾਲ-ਮਨੋਵਿਗਿਆਨ ਵਿਚ ਐਸ. ਸੈਲੀ ਦੁਆਰਾ ਛੋਟੇ ਬੱਚਿਆਂ ਵਿਚ ਨਵੀਂ ਆਵਾਜ਼, ਮਨੁੱਖ, ਜਾਨਵਰ, ਇਕੱਲਤਾ ਆਦਿ ਦਾ ਡਰ ਹੁੰਦਾ ਹੈ। ਡਾਰਵਨ ਦੁਆਰਾ ਡਰ ਮਨੁੱਖ ਨੂੰ ਵਿਰਸੇ ਤੋਂ ਪ੍ਰਾਪਤ ਹੁੰਦੇ ਹਨ। ਜੇ.ਐਲ.ਮੈਕਨਾਟਾਇਰ ਦੁਆਰਾ ਡਰ ਮਨੱਖ ਨੂੰ ਪਿਤਾ-ਪਿਤਾਮਿਆਂ ਦੇ ਅਨੁਭਵ ਤੋਂ ਹੀ ਪ੍ਰਾਪਤ ਹੁੰਦੇ ਹਨ। ਇਨ੍ਹਾਂ ਤੋਂ ਇਲਾਵਾ ਮਨੁੱਖੀ ਸਮਾਜ ਵਿਚ ਪਸਰੇ ਤਰਕ-ਹੀਣ ਡਰ ਜਿਵੇਂ ਜਾਦੂ-ਮੰਤਰ, ਟੂਣੇ, ਤਵੀਤ ਆਦਿ। ਇਹ ਡਰ ਧਾਰਮਿਕ, ਰਾਜਨਿਤਕ, ਮਾਨਸਿਕ ਹੁੰਦੇ ਹਨ। ਆਧੁਨਿਕ ਰੂਪ ਚਿੰਤਾ ਨੇ ਲੈ ਲਿਆ ਹੈ।

3.2 **ਡਰ ਦੇ ਚਿੰਨ੍ਹ:-** ਇਸ ਉੱਤੇ ਕੇਵਲ ਇਕ ਪਹਿਰਾ ਹੀ ਦੇ ਕੇ ਇਸ ਦੇ ਪ੍ਰਗਟਾਅ ਰੂਪੀ ਚਿੰਨ੍ਹ ਨੂੰ ਘਬਰਾਹਟ ਚਿੰਤਾ, ਹੈਰਾਨੀ, ਤੌਖਲਾ, ਫ਼ਿਕਰ, ਭੈਭੀਤ ਹੋਣਾ ਆਦਿ ਸਰੀਰਕ ਚਿੰਨ੍ਹਾਂ ਤੋਂ ਪਤਾ ਲੱਗਣ ਦੀ ਗੱਲ ਕੀਤੀ ਗਈ ਹੈ।

4. **ਡਰ ਤੋਂ ਉਪਜੇ ਪ੍ਰਭਾਵ:-** ਮਨੁੱਖ ਵਿਚ ਡਰ ਦੀ ਭਾਵਨਾ ਹੋਣ ਉੱਤੇ ਕਿ ਪ੍ਰਭਾਅ ਪੈਂਦਾ ਹੈ ਇਸ ਵਿਚ ਵਿਦਵਾਨਾਂ ਦੇ ਵਿਚਾਰ ਪੇਸ਼ ਕਰਦੇ ਹੋਏ ਚਰਚਾ ਕੀਤੀ ਗਈ ਹੈ। ਡਰ ਤੋਂ ਮਾਨਸਿਕ ਰੋਗ ਦੇ ਨਾਲ-ਨਾਲ ਸਰੀਰਕ ਤੌਰ ਉੱਤੇ ਵੀ ਖਰਾਬੀਆਂ ਹੁੰਦੀਆਂ ਹਨ। ਜਿਵੇਂ ਮੈਕਨਾਟਾਇਰ ਅਨੁਸਾਰ ਸਾਹ ਪ੍ਰਣਾਲੀ ਤੇ ਅਸਰ, ਖ਼ੂਨ ਦੀਆਂ ਨਾੜਾਂ ਦਾ ਸੁਕੜ ਜਾਣਾ, ਤਾਪਮਾਨ ਘੱਟਣਾ-ਵੱਧਣਾ, ਪੱਠਿਆਂ ਉੱਤੇ

ਅਸਰ, ਦਿਮਾਗੀ ਸ਼ਕਤੀ ਦਾ ਘੱਟਣਾ ਆਦਿ। ਵ.ਬ.ਕੈਨਨ ਅਨੁਸਾਰ ਡਰ ਤੋਂ ਸਰੀਰਕ ਰੋਗ ਜਿਵੇਂ-ਪੈਪਟਿਕ ਅਲਸਰ, ਅਸਥਮਾ, ਦੀਰਘ ਕਬਜ, ਚਮੜੀ ਦੇ ਕਈ ਰੋਗ ਪੈਦਾ ਹੁੰਦੇ ਹਨ। ਫਰਾਇਡ ਅਨੁਸਾਰ ਚਿੰਤਾ ਦੀ ਮਾਤਰਾ ਵਧਣ ਨਾਲ 'ਹਾਈਪਰ ਟੈਨਸ਼ਨ' ਹੁੰਦੀ ਹੈ।

5. **ਡਰ ਦੇ ਸੋਮੇ:-** ਡਰ ਦੇ ਕਈ ਸੋਮੇ ਹਨ ਜਿਸ ਤੋਂ ਡਰ ਦੀ ਉਤਪਤੀ ਹੁੰਦੀ ਹੈ। ਦੁੱਖ, ਦੁੱਖ ਰੂਪੀ ਘਟਨਾਵਾਂ ਅਤੇ ਮੌਤ। ਗੁਰੂ ਨਾਨਕ ਦੇਵ ਜੀ ਅਨੁਸਾਰ ਮਨੁੱਖ ਦਾ ਅਸਲ ਸੋਮੇ ਪਰਮ-ਆਤਮਾ ਤੋਂ ਵਿਛੋੜਾ ਹੀ ਡਰ ਦਾ ਅਸਲ ਕਾਰਨ ਹੈ।

5.1. **ਮੌਤ ਦਾ ਡਰ:-** ਮਨੁੱਖ ਦੇ ਵੱਡੇ ਡਰ ਮੌਤ ਉੱਤੇ ਵਿਚਾਰ ਕਰ ਇਹ ਦੱਸਿਆ ਹੈ ਕਿ ਮਨੁੱਖ ਆਪਣੇ ਨਿੱਜਤਵ ਦੀ ਹੋਂਦ ਨੂੰ ਬਣਾਈ ਰੱਖਣਾ ਚਾਹੁੰਦਾ ਹੈ। ਇਸ ਨਾਲ ਹਉਮੈ ਉਤਪੰਨ ਹੁੰਦੀ ਹੈ। ਹਉਮੈ ਨਾਲ ਹੀ ਉਹ ਵਿਕਾਸ ਕਰਦਾ ਹੈ ਅਤੇ ਦੁਨੀਆਂ ਦੀ ਸਿਰਜਣਾ ਹੁੰਦੀ ਹੈ। ਇਹ ਚਿੰਤਾ ਹਮੇਸ਼ਾ ਮਨੁੱਖ ਨੂੰ ਰਹਿੰਦੀ ਹੈ ਕਿ ਉਸ ਦੀ ਹਉਮੈ ਖ਼ਤਮ ਨਾ ਹੋ ਜਾਵੇ। ਗੁਰਮਤਿ ਵਿਚ ਇਸ ਨੂੰ ਦੀਰਘ ਰੋਗ ਕਿਹਾ ਹੈ ਅਤੇ ਮੌਤ ਤੋਂ ਬਚਣ ਲਈ ਭੁੱਖ ਦੀ ਭਾਵ ਤ੍ਰਿਸ਼ਣਾ ਦੀ ਨਵਿਰਤੀ ਜ਼ਰੂਰੀ ਦੱਸੀ ਹੈ। ਸਾਰੀ ਰਚਨਾ ਕਾਲ ਅਧੀਨ ਹੈ ਅਤੇ ਇਸ ਕਾਲ ਤੋਂ ਹੀ ਮਨੁੱਖ ਡਰਦਾ ਹੈ। ਅਕਾਲ ਪੁਰਖ ਦੀ ਅਰਾਧਨਾ ਕਰਕੇ ਹੀ ਨਿਰਭਉ ਹੋ ਸਕਦਾ ਹੈ।

**ਨਿਰਵੈਰ:-** 'ਨਿਰਵੈਰ' ਸਿਰਲੇਖ ਦੇ ਕੇ ਇਸ ਦਾ ਅੱਗੇ ਵਰਗੀਕਰਨ ਕੀਤਾ ਗਿਆ ਹੈ ਜੋ ਕਿ ਇਸ ਪ੍ਰਕਾਰ ਹੈ:

6. **ਸ਼ਾਬਦਿਕ ਅਰਥ:-** ਇਸ ਵਿਚ ਦੱਸਿਆ ਹੈ ਕਿ ਸੰਸਕ੍ਰਿਤ ਦੇ 'ਨਿਰਵੈਰ' ਦਾ ਤਤਸਮ ਰੂਪ ਪੰਜਾਬੀ ਵਿਚ ਪ੍ਰਚਲਿਤ ਹੈ। ਮਹਾਨ ਕੋਸ਼ ਅਨੁਸਾਰ ਨਿਰਵੈਰ ਦੇ ਅਰਥ ਵੈਰ ਰਹਿਤ, ਦ੍ਵੈਸ਼ ਬਿਨ੍ਹਾਂ ਕਰਤਾਰ ਹਨ। ਇਸ ਵਿਚ ਨਿਰਵੈਰ ਦੇ ਨਿਕਟਵਰਤੀ ਸ਼ਬਦ ਈਰਖਾ, ਘਿਰਣਾ, ਦੁਸ਼ਮਣੀ, ਨਫ਼ਰਤ ਦੀ ਭਾਵਨਾ ਵੀ ਸ਼ਾਮਿਲ ਹਨ। ਜੇ ਭਉ ਨਹੀਂ ਤਾਂ ਵੈਰ ਵੀ ਨਹੀਂ। ਲੇਖਕ ਨੇ ਨਿਰਵੈਰ ਦੇ ਅਰਥ ਇਕਸਮਾਨਤਾ ਅਤੇ ਸੰਤੁਲਨ ਕੀਤੇ ਹਨ।

7. **ਵੈਰ ਵਿਰੋਧ ਦੇ ਕਾਰਨ:-** ਵਿਚਾਰ ਸ਼ਾਸਤਰੀਆਂ ਨੇ ਵੈਰ ਦੇ ਕਈ ਕਾਰਨ ਦੱਸੇ ਹਨ। ਉਨ੍ਹਾਂ ਅਨੁਸਾਰ ਧਨ, ਦੌਲਤ, ਆਰਥਿਕਤਾ, ਰਾਜਸੀ ਮੰਤਵ ਵੈਰ ਦਾ ਕਾਰਨ ਹਨ। ਮਾਰਕਸ ਅਨੁਸਾਰ

ਆਰਥਿਕ ਤੇ ਪਦਾਰਥਕ ਨਾ ਬਰਾਬਰੀ, ਵੈਰ ਦਾ ਕਾਰਨ ਹਨ। ਕਿੰਗਸਲੇ ਮਾਰਟਿਨ ਅਨੁਸਾਰ ਕੁੱਤਿਆਂ ਦੀ ਵੈਰ ਦੀ ਉਦਾਹਾਰਣ ਰਾਹੀਂ ਮਨੁੱਖਾਂ ਵਿਚਲੇ ਵੈਰ ਦੇ ਕਾਰਨ ਦਾ ਪਤਾ ਲਗਾਇਆ ਜਾ ਸਕਦਾ ਹੈ। ਕੁੱਤਿਆਂ ਨੂੰ ਸੰਗਲਾ ਵਿਚ ਰੱਖਿਆ ਨਹੀਂ ਜਾ ਸਕਦਾ, ਲੜਾਈ ਤੋਂ ਆਨੰਦ ਮਿਲਣਾ, ਖਾਣ-ਪੀਣ ਲਈ ਕੁਝ ਨਾ ਹੋਣ ਆਦਿ ਵੈਰ ਦੇ ਕਾਰਨ ਹਨ। ਇਸ ਤੋਂ ਮਨੁੱਖੀ ਵੈਰ ਦੇ ਕਾਰਨ ਦਾ ਅੰਦਾਜਾ ਲਗਾਇਆ ਜਾ ਸਕਦਾ ਹੈ। ਵੈਰ ਦੇ ਕਾਰਨ ਸਮੇਂ ਅਨੁਸਾਰ ਬਦਲਦੇ ਹਨ। ਓਪਰੇ ਵਿਅਕਤੀ ਨੂੰ ਵੈਰੀ ਸਮਝਣਾ, ਭਾਰਤ ਵਿਚ ਵਿਦੇਸ਼ੀਆਂ ਨੂੰ 'ਮਲੇਛ' ਕਹਿਣਾ, ਮੁਸਲਮਾਨਾਂ ਦਾ ਗੈਰ ਮੁਸਲਮਾਨਾਂ ਨੂੰ 'ਕਾਫ਼ਰ' ਕਹਿਣਾ ਆਦਿ। ਕਈ ਰਾਜੀਨਤਕ ਅਤੇ ਧਾਰਮਿਕ ਵੈਰ ਵੀ ਸਮਾਜ ਵਿਚ ਉਤਪੰਨ ਹੁੰਦੇ ਹਨ।

8. **ਗੁਰਮਤਿ ਵਿਚਾਰਧਾਰਾ:-** ਗੁਰਮਤਿ ਵਿਚਾਰਧਾਰਾ ਦਾ ਸਿਰਲੇਖ ਦੇ ਕੇ ਇਸ ਵਿਚ ਨਿਰਭਉ ਨਿਰਵੈਰ ਸੰਕਲਪ ਦੀ ਗੁਰਮਤਿ ਵਿਚਾਰਧਾਰਾ ਅਨੁਸਾਰ ਚਾਰ ਪੰਨਿਆਂ ਵਿਚ ਚਰਚਾ ਕੀਤੀ ਗਈ ਹੈ। ਅਕਾਲ ਪੁਰਖ ਹੀ ਨਿਰਭਉ ਨਿਰਵੈਰ ਹੈ। ਉਹ ਮਿਠ-ਬੋਲੜਾ ਹੈ। ਉਹੀ ਕੇਵਲ ਇਕ ਪਿਤਾ ਹੈ ਬਾਕੀ ਸਭ ਉਸ ਦੀ ਸੰਤਾਨ ਹਨ। 'ਏਕੁ ਪਿਤਾ ਏਕਸ ਕੇ ਹਮ ਬਾਰਿਕ' ਇਹ ਸੰਕਲਪ ਸਰਬ ਮਨੁੱਖਤਾ ਦਾ ਸੰਕਲਪ ਹੈ। ਪਰਮਾਤਮਾ ਨੂੰ ਮੰਨਣ ਵਾਲੇ ਹੀ ਨਿਰਭਉ ਨਿਰਵੈਰ ਹੁੰਦੇ ਹਨ। ਮੌਤ ਦਾ ਡਰ ਮੂਲ ਡਰ ਹੈ। ਮਨੁੱਖ ਦੀ ਹਉਮੈ ਤੋਂ ਛੁਟਕਾਰਾ ਹੀ ਉਸ ਦੇ ਸਾਰੇ ਡਰਾਂ ਤੋਂ ਛੁਟਕਾਰਾ ਹੈ। ਨਾਮ ਤੋਂ ਹੀ ਹਉਮੈ ਦੀ ਨਵਿਰਤੀ ਹੁੰਦੀ ਹੈ। ਹੁਕਮ ਵਿਚ ਆ ਕੇ ਮਨੁੱਖ ਨਾਮ ਜਪਦਾ ਹੈ ਅਤੇ ਨਿਰਮਲ ਭੈ ਵਿਚ ਰਹਿਦਾ ਹੈ। 'ਭੈ ਤੇ ਨਿਰਭਉ ਪਾਈਐ' ਭੈ ਹੀ ਪਰਮਾਤਮਾ ਦੇ ਪਿਆਰ ਤੇ ਰੱਬੀ ਹੁਕਮ ਦੀ ਪਾਲਣਾ ਦੀ ਪਰਵਾਨਗੀ ਦਾ ਸੰਕੇਤ ਹੈ।

2. **' ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੰਗਲ-ਪ੍ਰਬੰਧ '** ਮਨਿੰਦਰ ਸਿੰਘ ਦਾ ਖੋਜ-ਪ੍ਰੰਬਧ ਜੋ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ 2019 ਵਿਖੇ ਸੰਪੰਨ ਹੋਇਆ ਹੈ। ਮੂਲ ਮੰਤਰ ਉੱਤੇ ਪੇਸ਼ ਕੀਤਾ ਇਹ ਦੂਜਾ ਖੋਜ-ਪ੍ਰਬੰਧ ਹੈ। ਇਸ ਦਾ ਚੌਥਾ ਅਧਿਆਇ *'ਮੰਗਲ-ਪ੍ਰਬੰਧ ਮੂਲ ਮੰਤਰ : ਸਤਿਨਾਮੁ ਤੋਂ ਗੁਰਪ੍ਰਸਾਦਿ'* ਹੈ। ਇਸ ਵਿਚ ਸਤਿਨਾਮ ਤੋਂ ਲੈ ਕੇ ਗੁਰਪ੍ਰਸਾਦਿ ਤੱਕ ਦਾ ਸਰਵੇਖਣ ਕੀਤਾ ਗਿਆ ਹੈ। ਇਸ ਵਿਚ ਨਿਰਭਉ ਨਿਰਵੈਰ ਦੀ ਗੱਲ ਕੀਤੀ ਗਈ ਹੈ ਜਿਸ ਵਿਚ ਕੇਵਲ ਇਨ੍ਹਾਂ

ਦੇ ਗੁਰਬਾਣੀ ਵਿਚਲੇ ਸ਼ਬਦ ਰੂਪਾਂ ਦੇ ਅਰਥਾਂ ਨੂੰ ਕੋਸ਼ਾ ਰਾਹੀਂ ਦਰਸਾਇਆ ਗਿਆ ਹੈ ਅੰਤ ਗੁਰਬਾਣੀ ਦੀਆਂ ਤੁੱਕਾਂ ਦੇ ਕੇ ਇਸ ਦੇ ਭਾਵ ਅਰਥਾਂ ਨੂੰ ਸਪਸ਼ਟ ਕੀਤਾ ਗਿਆ ਹੈ। ਇਸ ਅਧਿਆਇ ਦਾ ਹੇਠ ਲਿਖੇ ਅਨੁਸਾਰ ਮੁਲਾਂਕਣ ਕੀਤਾ ਗਿਆ ਹੈ:

1. ਸੰਬੰਧਿਤ ਹਵਾਲੇ ਦੀ ਬਾਣੀ ਵਿਚ ਵਰਤੋਂ ਸਥਿਤੀ।
2. ਸੰਬੰਧਿਤ ਹਵਾਲੇ ਦੇ ਵਿਆਕਰਨਕ ਰੂਪਾਂ ਦੇ ਵੇਰਵੇ।
3. ਗੁਰਬਾਣੀ ਵਿਚ ਸੰਬੰਧਿਤ ਸੰਕਲਪ ਦੇ ਜਿੰਨੇ ਵੀ ਹਵਾਲੇ ਆਏ, ਉਨ੍ਹਾਂ ਸਭ ਦਾ ਸਾਂਝਾ ਭਾਵ ਪੇਸ਼ ਕਰਨ ਹਿਤ ਬਾਣੀ ਵਿਚੋਂ ਹਵਾਲੇ।

**1.** **ਨਿਰਭਉ:-** ਨਿਰਭਉ ਨੂੰ 4 ਇਕਾਈ ਨੰਬਰ ਦੇ ਕੇ ਸਿਰਲੇਖ ਦਿੱਤਾ ਗਿਆ ਹੈ ਫਿਰ ਉਸ ਦਾ ਵਰਗੀਕਰਨ ਇਸ ਤਰ੍ਹਾਂ ਕੀਤਾ ਗਿਆ ਹੈ:

**1.1** **ਪਹਿਲਾ ਪੜਾਅ: ਮੂਲ ਮੰਤ੍ਰ ਅਧਿਐਨ ਪਰੰਪਰਾ:-** ਇਸ ਵਿਚ ਵੱਖ-ਵੱਖ ਕੋਸ਼ਾਂ ਅਤੇ ਵਿਦਵਾਨਾਂ ਦੀਆਂ ਪੁਸਤਕਾਂ ਤੋਂ ਮਿਲਦੇ ਸ਼ਬਦ ਅਰਥਾਂ ਨੂੰ ਪੇਸ਼ ਕੀਤਾ ਗਿਆ ਹੈ ਜਿਵੇਂ ਕਾਨ੍ਹ ਸਿੰਘ ਨਾਭਾ *ਮਹਾਨ ਕੋਸ਼* ਵਿਚ ਨਿਰਭਉ ਦੇ ਅਰਥ ਡਰ ਰਹਿਤ, ਬੇਖੌਫ਼ ਆਦਿ। ਡਾ. ਸ਼ੇਰ ਸਿੰਘ *ਜਪੁ ਜੀ ਦਰਸ਼ਨ* ਵਿਚ 'ਨਿਰਭਉ' ਸਫਾਤੀ ਭਾਵ ਗੁਣਵਾਚੀ ਨਾਉਂ ਹੈ। ਭਉ ਤੇ ਵੈਰ ਦੂਜੇ ਤੋਂ ਉਤਪੰਨ ਹੁੰਦੇ ਹਨ ਭਾਵ ਆਪਣੇ ਤੋਂ ਬਿਨ੍ਹਾਂ ਕਿਸੇ ਹੋਰ ਤੋਂ,ਪਰ ਅਕਾਲ ਪੁਰਖ ਲਈ ਦੂਜਾ ਕੋਈ ਨਹੀਂ ਹੈ। *ਜਪੁ-ਜੀ (ਪਾਠ-ਪ੍ਰਸੰਗ ਅਤੇ ਅਰਥਾਵਲੀ)* ਦੇ ਕਰਤਾ ਡਾ. ਕੁਲਵੰਤ ਸਿੰਘ ਨੇ ਆਪਣੀ ਰਚਨਾ ਵਿਚ ਨਿਰ-ਭਉ ਦੇ ਅਰਥ ਭੈ ਤੋਂ ਰਹਿਤ ਕੀਤੇ ਹਨ। ਰਤਨ ਸਿੰਘ ਜੱਗੀ ਨੇ ਨਿਰਭਉ ਦੇ ਅਰਥ ਭੈ ਰਹਿਤ ਸਰਵ ਸ਼ਕਤੀਮਾਨ ਪਰਮਾਤਮਾ ਕੀਤੇ ਹਨ। ਪਰਮਾਤਮਾ ਦਾ ਭੈ ਸਭ ਤੋਂ ਉੱਪਰ ਹੈ। *ਗੁਰੂ-ਬਾਬੇ ਦੀ ਬਾਣੀ (ਭਾਗ ਪਹਿਲਾ)* ਦੇ ਕਰਤਾ ਡਾ. ਹਰਨਾਮ ਸਿੰਘ ਸ਼ਾਨ ਅਨੁਸਾਰ ਨਿਰਭਉ ਪਰਮਾਤਮਾ ਦੀ ਅਨੂਪਤਾ ਦਾ ਸੂਚਕ ਹੈ। ਤਾਰਨ ਸਿੰਘ ਨੇ ਨਿਰਭਉ ਦੇ ਅਰਥ ਬਰਾਬਰਤਾ, ਮਾਣਤਾ, ਵਿਵਾਦ ਰਹਿਤ ਪਰਮਾਤਮਾ ਕੀਤੇ ਹਨ। ਕ੍ਰਿਸ਼ਨ ਲਾਲ ਅਤੇ ਪ੍ਰਿੰ. ਹਰਿਭਜਨ ਸਿੰਘ ਨੇ ਨਿਰਭਉ ਦੇ ਅਰਥ ਭੈ ਰਹਿਤ ਪਰਮਾਤਮਾ ਕੀਤੇ ਹਨ।

**1.2 ਦੂਜਾ ਪੜਾਅ: 'ਮੂਲ ਮੰਤ੍ਰ' ਟੀਕਾ ਪਰੰਪਰਾ:-** ਇਸ ਵਿਚ ਮੂਲ ਮੰਤ੍ਰ ਉੱਤੇ ਕੀਤੇ ਗਏ ਟੀਕੇ ਦੇ ਅਨੁਸਾਰ ਨਿਰਭਉ ਦੇ ਅਰਥਾਂ ਨੂੰ ਵਾਚਿਆ ਗਿਆ ਹੈ। ਡਾ. ਅਰਨੈਸਟ ਟਰੰਪ ਨੇ ਨਿਰਭਉ ਦੇ ਅਰਥ the spirit without Fear ਕੀਤੇ ਹਨ। ਗੋਪਾਲ ਸਿੰਘ ਨੇ without fear, ਸੰਤ ਗੁਰਬਚਨ ਸਿੰਘ ਨੇ ਭੈ ਰਹਿਤ ਰੱਬ, ਗੁਰਬਚਨ ਸਿੰਘ ਤਾਲਿਬ ਨੇ without fear, ਡਾ. ਰਤਨ ਸਿੰਘ ਜੱਗੀ ਨੇ ਭੈ ਤੋਂ ਪਰੇ, ਭੈ-ਅਤੀਤ, ਸੰਸਾਰਿਕ ਭੈ ਦਾ ਪ੍ਰਭਾਵ ਨਹੀਂ ਅਰਥ ਕੀਤੇ ਹਨ। ਪ੍ਰਿੰ. ਤੇਜਾ ਸਿੰਘ ਨੇ ਨਿਰਭਉ ਦੇ ਅਰਥ ਨਾ ਮਰਨ ਵਾਲੀ ਹਸਤੀ, ਭਾਈ ਵੀਰ ਸਿੰਘ ਨੇ ਡਰ ਤੋਂ ਰਹਿਤ, ਕਰਤਾਰ ਸਿੰਘ ਦੁਗਲ ਨੇ unfraid, ਡਾ. ਦਰਸ਼ਨ ਸਿੰਘ ਨੇ beyond fear, ਡਾ. ਜੋਧ ਸਿੰਘ ਨੇ ਨਿਰਭਯ, ਮਨਮੋਹਨ ਸਹਿਗਲ ਨੇ ਭਯ ਤੋਂ ਰਹਿਤ ਅਰਥ ਦੱਸੇ ਹਨ।

**1.3 ਤੀਜਾ ਪੜਾਅ: 'ਮੂਲ ਮੰਤ੍ਰ' ਗੁਰਬਾਣੀ ਵਿਚੋਂ :-** ਇਸ ਵਿਚ ਨਿਰਭਉ ਦੇ ਗੁਰਬਾਣੀ ਵਿਚੋਂ ਆਏ ਸਾਰੇ ਰੂਪਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਹਰੇਕ ਰੂਪ ਨੂੰ ਨੰਬਰ ਪਾ ਕੇ ਉਸ ਦੀ ਗੁਰਬਾਣੀ ਦੀਆਂ ਤੁਕਾਂ ਦੇ ਕੇ ਵਿਆਖਿਆ ਕੀਤੀ ਗਈ ਹੈ। ਇਹ ਰੂਪ ਹੇਠ ਲਿਖੇ ਅਨੁਸਾਰ ਹਨ:

1.3.1 ਨਿਰਭਉ

1.3.2 ਨਿਰਭਇਆ

1.3.3 ਨਿਰਭਏ

1.3.4 ਨਿਰਭਯੰ

1.3.5 ਨਿਰਭਯਹ

1.3.6 ਨਿਰਭਵਹ

1.3.7 ਨਿਰਭੈ

ਇਨ੍ਹਾਂ ਦੇ ਅਰਥ ਦੱਸ ਕੇ ਫਿਰ ਗੁਰਬਾਣੀ ਦੀਆਂ ਤੁਕਾਂ ਰਾਹੀਂ ਸ਼ਬਦ ਅਰਥ ਕੀਤੇ ਗਏ ਹਨ।

**2. ਨਿਰਵੈਰ:-** ਨਿਰਵੈਰ ਨੂੰ 5 ਇਕਾਈ ਨੰਬਰ ਦੇ ਕੇ ਸਿਰਲੇਖ ਦਿੱਤਾ ਗਿਆ ਹੈ ਫਿਰ ਉਸ ਦਾ ਵਰਗੀਕਰਨ ਇਸ ਤਰ੍ਹਾਂ ਕੀਤਾ ਗਿਆ ਹੈ:

2.1 **ਪਹਿਲਾ ਪੜਾਅ: 'ਮੂਲ ਮੰਤ੍ਰ' ਅਧਿਐਨ ਪਰੰਪਰਾ:-** ਇਸ ਵਿਚ ਵੱਖ-ਵੱਖ ਕੋਸ਼ਾਂ ਅਤੇ ਵਿਦਵਾਨਾਂ ਦੁਆਰਾ ਨਿਰਵੈਰ ਸੰਬੰਧੀ ਕੀਤੇ ਗਏ ਸ਼ਬਦ ਅਰਥ ਪੇਸ਼ ਕੀਤੇ ਗਏ ਹਨ। ਭਾਈ ਕਾਨ੍ਹ ਸਿੰਘ ਅਨੁਸਾਰ ਨਿਰਵੈਰ ਤੋਂ ਭਾਵ ਵੈਰ ਰਹਿਤ, ਦ੍ਵੈਸ਼ ਰਹਿਤ। ਡਾ. ਸ਼ੇਰ ਸਿੰਘ ਅਨੁਸਾਰ ਭਉ ਤੇ ਵੈਰ ਦੂਜੇ ਤੋਂ ਉਤਪੰਨ ਹੁੰਦੇ ਹਨ ਭਾਵ ਆਪਣੇ ਤੋਂ ਬਿਨ੍ਹਾਂ ਕਿਸੇ ਹੋਰ ਤੋਂ,ਪਰ ਅਕਾਲ ਪੁਰਖ ਲਈ ਦੂਜਾ ਕੋਈ ਨਹੀਂ ਹੈ। ਉਹ ਆਪ ਹੀ ਆਪ ਹੈ, ਜੋ ਕੁਝ ਦੂਜਾ ਹੈ ਉਹ ਵੀ ਪਰਮਾਤਮਾ ਨੇ ਆਪਣੇ ਆਪ ਵਿਚੋਂ ਪੈਦਾ ਕੀਤਾ ਹੈ। ਇਸੇ ਲਈ ਉਸ ਦਾ ਕੋਈ ਮਾਤਾ-ਪਿਤਾ, ਦੁਸ਼ਮਣ ਨਹੀਂ, ਉਹ ਨਿਰਵੈਰ ਹੈ। ਡਾ. ਵਿਕਰਮ ਸਿੰਘ ਨੇ ਨਿਰਵੈਰ ਦੇ ਇਕੋ ਇਕ ਪਰਮਸਤ ਏਕੰਕਾਰ ਦੀ ਵਿਸ਼ੇਸਤਾ ਨੂੰ ਦਰਸਾਉਣ ਵਾਲਾ ਅਤੇ ਵੈਰ ਭਾਵ ਤੋਂ ਰਹਿਤ, ਕਿਸੇ ਨਾਲ ਵੈਰ ਨਹੀਂ ਅਰਥ ਕੀਤੇ ਹਨ। ਡਾ. ਰਤਨ ਸਿੰਘ ਜੱਗੀ ਨੇ ਕਿਸੇ ਪ੍ਰਤੀ ਵੈਰ ਦੀ ਭਾਵਨਾ ਦਾ ਨਾ ਹੋਣਾ, ਜਿਹੜਾ ਪਰਮਾਤਮਾ ਭੈ ਤੋਂ ਰਹਿਤ, ਜਿਸ ਦੀ ਸਭ ਉੱਪਰ ਛਾਇਆ ਹੈ ਅਤੇ ਜਿਸ ਦੀ ਸਭ ਨੂੰ ਸਰਪ੍ਰਸਤੀ ਪ੍ਰਾਪਤ ਹੈ, ਅਰਥ ਕੀਤੇ ਹਨ। ਦਇਆਬੀਰ ਸਿੰਘ ਨੇ ਨਿਰਵੈਰ ਤੋਂ ਭਾਵ ਵੈਰ ਰਹਿਤ, ਡਾ. ਕੁਲਵੰਤ ਸਿੰਘ ਨੇ ਵੈਰ ਰਹਿਤ ਰੱਬ ਜੋ ਸਭ ਉੱਤੇ ਕਿਰਪਾ ਦ੍ਰਿਸ਼ਟੀ ਰੱਖਦਾ ਅਰਥ ਕੀਤੇ ਹਨ। ਡਾ. ਹਰਨਾਮ ਸਿੰਘ ਸ਼ਾਨ ਨੇ ਆਪਣੀ ਰਚਨਾ ਵਿਚ ਸਪਸ਼ਟ ਕੀਤਾ ਹੈ ਕਿ ਨਿਰਵੈਰ ਪਰਮਾਤਮਾ ਦੀ ਅਨੂਪਤਾ ਦਰਸਾਉਂਦਾ ਹੈ, ਡਾ. ਤਾਰਨ ਸਿੰਘ ਨੇ ਨਿਰਵੈਰ ਦੇ ਬਰਾਬਰਤਾ, ਵਿਵਾਦ ਰਹਿਤ, ਮਾਣਤਾ ਅਰਥ ਕੀਤੇ ਹਨ। ਕ੍ਰਿਸ਼ਨ ਲਾਲ ਸ਼ਰਮਾ ਨੇ ਨਿਰਵੈਰ ਦੇ ਅਰਥ ਵੈਰ ਰਹਿਤ ਰੱਬ, ਪ੍ਰਿੰ. ਹਰਭਜਨ ਸਿੰਘ ਨੇ ਜਿਸ ਦਾ ਕਿਸੇ ਨਾਲ ਵੈਰ ਨਹੀਂ ਅਰਥ ਕੀਤੇ ਹਨ।

2.2 **ਦੂਜਾ ਪੜਾਅ: 'ਮੂਲ ਮੰਤ੍ਰ' ਪਰੰਪਰਾ:-** ਇਸ ਵਿਚ ਮੂਲ ਮੰਤ੍ਰ ਉੱਤੇ ਕੀਤੇ ਗਏ ਟੀਕੇ ਦੇ ਅਨੁਸਾਰ ਨਿਰਵੈਰ ਦੇ ਅਰਥਾਂ ਨੂੰ ਵਾਚਿਆ ਗਿਆ ਹੈ। ਡਾ. ਅਰਨੈਸਟ ਟਰੰਪ ਨੇ ਨਿਰਵੈਰ ਦੇ ਅਰਥ without enmity, ਗੋਪਾਲ ਸਿੰਘ ਨੇ without hate, ਡਾ. ਗੁਰਬਚਨ ਸਿੰਘ ਤਾਲਿਬ ਨੇ without rancour ਅਰਥ ਕੀਤੇ ਹਨ। ਅਕਾਲੀ ਨਿਹਾਲ ਸਿੰਘ ਸੂਰੀ ਨੇ ਨਿਰਵੈਰ ਦੇ ਅਰਥ ਕਰਦੇ ਹੋਏ ਕਿਹਾ ਹੈ ਕਿ ਵੈਰ ਦਾ ਵਿਕਾਰ ਉਥੇ ਹੁੰਦਾ ਹੈ ਜਿਥੇ ਕੋਈ ਮੁਕਾਬਲੇ ਦਾ ਹੋਵੇ। ਜਿਹੜਾ ਪਰਮਾਤਮਾ ਆਪ ਹੀ ਹੈ, ਸਮੂਹ ਰਚਨਾ ਉਸਦੀ ਕ੍ਰਿਤ ਹੈ, ਉਸ ਦਾ ਵੈਰ ਕਿਸ ਨਾਲ ਹੋ ਸਕਦਾ ਹੈ। ਗਿਆਨੀ

ਹਰਬੰਸ ਸਿੰਘ ਨੇ ਨਿਰਵੈਰ ਦੇ ਅਰਥ ਵੈਰ ਭਾਵਨਾ ਤੋਂ ਰਹਿਤ, ਡਾ. ਰਤਨ ਸਿੰਘ ਜੱਗੀ ਅਨੁਸਾਰ ਵੈਰ ਪ੍ਰਭਾਵ ਤੋਂ ਅਤੀਤ ਹੋਣ ਕਰਕੇ ਪਰਮਾਤਮਾ ਨਿਰਵੈਰ ਹੈ, ਡਾ. ਦਰਸ਼ਨ ਸਿੰਘ ਨੇ animosity (all love ), ਡਾ. ਜੋਧ ਸਿੰਘ ਨੇ ਨਿਰਵੈਰ (ਸ਼ੁਰੂਆਤ ਤੋਂ ਮੁਕਤੀ) ਅਤੇ ਮਨਮੋਹਨ ਸਹਿਗਲ ਨੇ ਨਿਰਵੈਰ ਤੋਂ ਭਾਵ ਵੈਰ ਨਹੀਂ ਅਰਥ ਕੀਤੇ ਹਨ।

**2.3 ਤੀਜਾ ਪੜਾਅ: 'ਮੂਲ ਮੰਤ੍ਰ' ਗੁਰਬਾਣੀ ਵਿਚੋਂ :-** ਇਸ ਵਿਚ ਗੁਰਬਾਣੀ ਵਿਚ ਆਏ ਸਾਰੇ ਨਿਰਵੈਰ ਦੇ ਰੂਪਾਂ ਨੂੰ ਪੇਸ਼ ਕੀਤਾ ਗਿਆ ਹੈ ਅਤੇ ਨਾਲ ਹੀ ਨੰਬਰ ਦੇ ਕੇ ਉਨ੍ਹਾਂ ਦੇ ਸ਼ਬਦ ਅਰਥਾਂ ਦੇ ਨਾਲ-ਨਾਲ ਗੁਰਬਾਣੀ ਦੀਆਂ ਤੁੱਕਾਂ ਵੀ ਦਿੱਤੀਆਂ ਹਨ। ਇਹ ਰੂਪ ਹੇਠ ਲਿਖੇ ਅਨੁਸਾਰ ਹਨ:

2.3.1 ਨਿਰਵੈਰ

2.3.2 ਨਿਰਵੈਰਣਹ

2.3.3 ਨਿਰਵੈਰਾ

2.3.4 ਨਿਰਵੈਰਿ

2.3.5 ਨਿਰਵੈਰੁ

2.3.6 ਨਿਰਵੈਰੇ

2.3.7 ਨਿਰਵੈਰੈ

ਇਸ ਤਰ੍ਹਾਂ ਇਸ ਖੋਜ-ਪ੍ਰਬੰਧ ਵਿਚ ਨਿਰਭਉ ਨਿਰਵੈਰ ਦੇ ਕੇਵਲ ਕੋਸ਼ਾ, ਵਿਦਵਾਨਾਂ ਦੁਆਰਾ ਦੱਸੇ ਸ਼ਾਬਦਿਕ ਅਰਥਾਂ ਅਤੇ ਗੁਰਬਾਣੀ ਦੇ ਰੂਪਾਂ ਨੂੰ ਪੇਸ਼ ਕੀਤਾ ਗਿਆ ਹੈ।

**ਅ. ਖੋਜ-ਨਿਬੰਧ:-** ਖੋਜ-ਪ੍ਰਬੰਧਾਂ ਤੋਂ ਬਾਅਦ ਖੋਜ-ਨਿਬੰਧਾਂ ਦੀ ਵੀ ਜਾਂਚ ਕੀਤੀ ਗਈ ਪਰ ਇਸ ਸੰਬੰਧੀ ਕੋਈ ਵੀ ਖੋਜ-ਨਿਬੰਧ ਨਹੀਂ ਮਿਲਦਾ।

**ੲ. ਪੁਸਤਕਾਂ:-** ਨਿਰਭਉ ਨਿਰਵੈਰ ਵਿਸ਼ੇ ਬਾਰੇ ਕਈ ਪੁਸਤਕਾਂ ਵਿਚ ਜ਼ਿਕਰ ਮਿਲਦਾ ਹੈ। ਜਿਨ੍ਹਾਂ ਵਿਚੋਂ ਕੁਝ ਇਸ ਪ੍ਰਕਾਰ ਹਨ:-

**3.1 ਸਤਿਬੀਰ ਸਿੰਘ ਨੇ 'ਨਿਰਭਉ ਨਿਰਵੈਰ'** ਨੂੰ ਆਪਣੀ ਪੁਸਤਕ ਦੇ ਵਿਸ਼ੇ ਵਜੋਂ ਚੁਣਿਆ ਹੈ। ਇਹ ਨਿਊ ਬੁੱਕ ਕੰਪਨੀ ਮਾਈ ਹੀਰਾ ਗੇਟ, ਜਲੰਧਰ ਵਲੋਂ ਦੂਜੀ ਵਾਰ 1984 ਵਿਚ ਪ੍ਰਕਾਸ਼ਿਤ ਹੋਈ।

ਇਸ ਪੁਸਤਕ ਵਿਚ 13 ਸਿਰਲੇਖ ਧੰਨ ਪਿਤਾ ਪਰਧਾਨ, ਪ੍ਰਕਾਸ਼ ਤੇ ਪਾਲਣ-ਪੋਸ਼ਣ, ਪੋਤਰਾ ਪਰਵਾਣ, ਬਖਸ਼ਾਂ, ਕੌਤਕ ਆਦਿ ਦੇ ਕੇ ਸੱਤਵੇਂ ਗੁਰੂ ਸਾਹਿਬ ਸ੍ਰੀ ਗੁਰੂ ਹਰਿ ਰਾਇ ਜੀ ਦਾ ਜੀਵਨ ਲਿਖਿਆ ਹੈ। ਉਨ੍ਹਾਂ ਨੇ ਸੱਤਵੇਂ ਗੁਰੂ ਸਾਹਿਬ ਦੇ ਜੀਵਨ ਦੀ ਝਲਕ ਨੂੰ ਬਹੁਤ ਹੀ ਸੁੰਦਰ ਤਰੀਕੇ ਨਾਲ ਪੇਸ਼ ਕੀਤਾ ਹੈ ਅਤੇ ਅੰਤ ਵਿਚ ਛੇ ਸੱਤ ਪੰਨਿਆਂ ਉੱਤੇ ਨਿਰਭਉ ਨਿਰਵੈਰ ਸਿਰਲੇਖ ਦੇ ਕੇ ਉਨ੍ਹਾਂ ਦੀ ਨਿਰਭਉ ਨਿਰਵੈਰ ਸ਼ਖਸੀਅਤ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਵਿਚ ਉਹ ਦਸਦੇ ਹਨ ਬਚਪਨ ਤੋਂ ਹੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਬਹੁਤ ਹੀ ਕੋਮਲ ਦਿਲ ਦੇ ਸਨ। ਉਨ੍ਹਾਂ ਦੇ ਚੋਲੇ ਨਾਲ ਲਗ ਕੇ ਫੁੱਲ ਟੁੱਟ ਜਾਣਾ ਅਤੇ ਉਨ੍ਹਾਂ ਦਾ ਇਸ ਗੱਲ ਤੋਂ ਉਦਾਸ ਹੋ ਜਾਣਾ, ਇਹ ਉਨ੍ਹਾਂ ਦੇ ਅੱਤ ਹੀ ਕੋਮਲ ਹਿਰਦੇ ਦੀ ਨਿਸ਼ਾਨੀ ਨੂੰ ਮੂਰਤੀਮਾਨ ਕਰਦਾ ਹੈ। ਸ੍ਰੀ ਗੁਰੂ ਹਰਿ ਰਾਇ ਸਾਹਿਬ ਕੋਲ ਘੋੜਸਵਾਰ, ਤੋਪਖਾਨਾ ਆਦਿ ਹਥਿਆਰ ਬੰਦ ਸੈਨਾ ਹੋਣ ਦੇ ਬਾਵਜੂਦ ਕਿਸੇ ਨਾਲ ਜੰਗ ਨਾ ਲੜਨਾ ਵੀ ਨਿਰਵੈਰਤਾ ਦਾ ਸਿਖਰ ਸੀ। ਇਸੇ ਤਰ੍ਹਾਂ ਹੀ ਮੁਗਲ ਰਾਜ ਵਿਚ ਆਪਣੀ ਹਥਿਆਰਬੰਦ ਸੈਨਾ ਰੱਖਣੀ ਵੀ ਉਨ੍ਹਾਂ ਦੇ ਨਿਰਭਉ ਹੋਣ ਦਾ ਸਬੂਤ ਦਿੰਦੀ ਹੈ। ਦਾਰਾ ਸ਼ਿਕੋਹ ਗੁਰੂ ਜੀ ਦੀ ਸ਼ਰਨ ਆਇਆ ਤਾਂ ਆਪ ਜੀ ਨੇ ਉਸ ਦੀ ਬਾਂਹ ਪਕੜ ਛੱਡੀ ਨਹੀਂ, ਬੇਆਸਰਿਆਂ ਦੇ ਆਸਰੇ ਬਣੇ। ਔਰੰਗਜ਼ੇਬ ਦੇ ਹਮਲਿਆਂ ਅਤੇ ਜ਼ਮੀਨਾ ਜਾਂ ਜਗੀਰਾਂ ਤੇ ਕਬਜ਼ੇ ਆਦਿ ਤੋਂ ਗੁਰੂ ਜੀ ਘਬਰਾਏ ਨਹੀਂ। ਆਪ ਬੇਮੁਹਤਾਜ ਹੋ ਕੇ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ। ਮਨੁੱਖਤਾ ਦੀ ਸੇਵਾ ਲਈ ਦਵਾਖ਼ਾਨਾ ਖੋਲਣਾ ਵੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਦਾ ਬਹੁਤ ਵੱਡਾ ਪਰਉਪਕਾਰੀ ਕਾਰਜ ਸੀ। ਲੰਗਰ ਸ਼ੁਰੂ ਹੋਣ ਤੇ ਨਗਾਰਾ ਵਜਾਉਣਾ, ਖਲੋ ਕੇ ਅਰਦਾਸ ਕਰਨ ਅਤੇ ਸਿੱਖਾਂ ਨੂੰ ਇਕ ਚੁੱਟਕੀ ਆਟੇ ਦੀ ਆਏ ਲੰਗਰ ਵਿਚ ਪਾਉਣਾ ਆਖ, ਉਨ੍ਹਾਂ ਵਿਚ ਦੇਣ ਦੀ ਬਿਰਤੀ ਬਣਾਈ। ਸ੍ਰੀ ਗੁਰੂ ਹਰਿ ਰਾਇ ਜੀ ਨੇ ਸਾਰੀ ਉਮਰ ਨਿਰਭੈ ਅਤੇ ਨਿਰਵੈਰ ਹੋ ਕੇ ਗੁਜਾਰੀ।

3.2 **ਕਰਤਾਰ ਸਿੰਘ ਸੁਹੋਦੀ ਦੀ ਪੁਸਤਕ 'ਮੂਲ ਮੰਤ੍ਰ ਫ਼ਿਲਾਸਫ਼ੀ'** ਸਿੰਘ ਬ੍ਰਦਰਜ਼, ਅੰਮ੍ਰਿਤਸਰ ਦੁਆਰਾ 1989 ਵਿਚ ਪ੍ਰਕਾਸ਼ਿਤ ਹੋਈ ਸੀ। ਇਸ ਵਿਚ ਸਿਰਲੇਖ '*ਨਿਰਭਉ ਦਰਸ਼ਨ*' ਅਤੇ '*ਨਿਰਵੈਰ ਦਰਸ਼ਨ*' ਦੇ ਕੇ ਇਨ੍ਹਾਂ ਦੋਹਾਂ ਗੁਣਾਂ ਉੱਤੇ ਵਿਚਾਰ ਪੇਸ਼ ਕੀਤੀ ਹੈ। ਉਨ੍ਹਾਂ ਨੇ ਪੰਨਾ ਨੰ:113 ਤੋਂ 155 ਤੱਕ ਗੁਰਮਤਿ ਵਿਚ ਪੰਜ ਵਿਕਾਰਾਂ ਦੀ ਗੱਲ ਕਰਦੇ ਹੋਏ ਇਨ੍ਹਾਂ ਤੋਂ ਉੱਪਰ ਉੱਠ ਗੁਰੂ ਦੀ

ਕਿਰਪਾ ਤੇ ਹੁਕਮ ਵਿਚ ਰਹਿ ਕੇ ਨਿਰਭਉ ਨਿਰਵੈਰ ਹੋਣ ਦੀ ਅਵਸਥਾ ਬਾਰੇ ਚਰਚਾ ਕੀਤੀ ਹੈ। ਇਸ ਨਾਲ ਹੀ ਰਾਜਨੀਤਿਕ, ਸਮਾਜਿਕ, ਧਾਰਮਿਕ ਵੈਰ ਦੀ ਗੱਲ ਕਰਦੇ ਹੋਏ ਗੁਰਬਾਣੀ ਵਿਚਲੇ ਮਨੁੱਖਤਾ ਦੇ ਸਿਧਾਂਤ ਨੂੰ ਪੇਸ਼ ਕੀਤਾ ਹੈ। ਇਹ ਪਹਿਲੀ ਕਿਤਾਬ ਹੈ ਜਿਸ ਵਿਚ ਨਿਰਭਉ ਨਿਰਵੈਰ ਬਾਰੇ ਕਾਫ਼ੀ ਵਿਸਥਾਰ ਨਾਲ ਗੁਰਮਤਿ ਵਿਚਾਰਧਾਰਾ ਅਨੁਸਾਰ ਜ਼ਿਕਰ ਕਰਿਆ ਮਿਲਦਾ ਹੈ।

1. **ਨਿਰਭਉ ਦਰਸ਼ਨ:-** ਇਸ ਵਿਚ ਦੱਸਿਆ ਹੈ ਕਿ ਅਕਾਲ ਪੁਰਖ ਨਿਰਭਉ ਹੈ ਕਿਉਂਕਿ ਉਹ ਇਕ ਹੈ, ਉਸ ਵਰਗਾ ਹੋਰ ਕੋਈ ਨਹੀਂ, ਉਹੀ ਕਰਤਾ ਹੈ। ਡਰ ਉਸ ਨੂੰ ਹੁੰਦਾ ਹੈ ਜਿਸ ਦਾ ਕੋਈ ਵੈਰੀ ਹੋਵੇ। ਪਿਆਰੇ ਨਿਰੰਕਾਰ ਪਿਤਾ ਜੀ ਨੂੰ ਕੋਈ ਵੀ ਡਰ ਨਹੀਂ। ਅੱਜ ਦਾ ਮਨੁੱਖ ਰੱਬ ਤੋਂ ਦੂਰ ਹੋ ਗਿਆ ਹੈ। ਗੁਰੂ ਸਾਹਿਬ ਅੰਮ੍ਰਿਤ ਵੇਲੇ ਸਿਮਰਨ ਕਰਨ ਦੀ ਤਾਕੀਦ ਕਰਦੇ ਹਨ। ਅੰਮ੍ਰਿਤ ਵੇਲੇ ਸਰੀਰਕ ਤੇ ਮਾਨਸਿਕ ਤੌਰ ਤੇ ਜੋ ਊਰਜਾ ਮਿਲਦੀ ਹੈ ਉਹ ਹੋਰ ਕਿਸੇ ਸਮੇਂ ਨਹੀਂ ਮਿਲਦੀ। ਅੱਜ ਕੱਲ ਅੰਮ੍ਰਿਤ ਵੇਲਾ ਨਾ ਸੰਭਾਲਣ, ਸਵੇਰੇ ਅਖਬਾਰ ਦੀਆਂ ਖ਼ਬਰਾਂ ਵਿਚ ਮਨੁੱਖ ਸਮਾਂ ਬਤੀਤ ਕਰਦਾ ਹੈ ਜਦਕਿ ਮਨੁੱਖ ਨੂੰ ਪਰਮਾਤਮਾ ਦਾ ਸਿਮਰਨ ਕਰਨਾ ਚਾਹੀਦਾ ਹੈ। ਕਰਤਾ ਪੁਰਖ ਇਕ ਹੈ ਅਤੇ ਉਸ ਦਾ ਨਿਵਾਸ ਸਰੀਰ ਵਿਚ ਹੀ ਹੈ। ਮਨੁੱਖ ਨਿਰਭਉ ਨੂੰ ਜਪ ਕੇ ਹੀ ਸਾਰੇ ਡਰਾਂ ਤੋਂ ਮੁਕਤ ਹੋ ਸਕਦਾ ਹੈ। ਸਾਰੇ ਡਰਾਂ ਦਾ ਸੋਮਾ ਅਕਾਲ ਪੁਰਖ ਤੋਂ ਭਾਵ ਸਭ ਡਰ ਉਸ ਵਿਚ ਸਮਾਅ ਜਾਂਦੇ ਹਨ। ਕੁਦਰਤ ਵੀ ਉਸ ਦੇ ਡਰ ਵਿਚ ਹੈ। ਦੁਨਿਆਵੀ ਸਾਰੀ ਤਾਕਤ ਵਾਹਿਗੁਰੂ ਦੇ ਡਰ ਵਿਚ ਹੈ। ਉਹ ਰਿਜ਼ਕ ਦੇਣ ਵਾਲਾ ਹੈ। ਉਸ ਦਾ ਸਿਮਰਨ ਕਰਨ ਵਾਲਾ ਨਿਡਰ ਹੋ ਜਾਂਦਾ ਹੈ। ਨਿਰਮਲ ਭਉ ਰਾਹੀਂ ਸਾਰੀਆਂ ਵਾਸ਼ਨਾਵਾਂ ਦਾ ਤਿਆਗ ਕਰ ਮਨੁੱਖ ਨਿਰਭਉ ਹੁੰਦਾ ਹੈ। ਅਜਿਹਾ ਨਿਰਭਉ ਮਨੁੱਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸੀ ਸ੍ਰੀ ਸਾਹਿਬ ਰਾਹੀਂ ਕੌਮ ਲਈ ਜ਼ੁਲਮ ਖਿਲਾਫ਼ ਲੜਨ ਲਈ ਤਿਆਰ ਰਹਿੰਦਾ ਹੈ। ਸਾਰੇ ਲੇਖ ਦਾ ਨਿਚੋੜ ਕਰਦੇ ਹੋਏ ਲੇਖਕ ਨੇ ਨਿਰਭਉ ਕੌਣ ਹੋ ਸਕਦਾ ਹੈ ਉਸ ਦੇ ਇਕਾਈਆਂ ਦੇ ਕੇ ਅਰਥ ਕੀਤੇ ਹਨ ਜੋ ਕਿ ਇਸ ਪ੍ਰਕਾਰ ਹਨ:

    1. ਜੋ ਕੇਵਲ ਨਿਰੰਕਾਰ ਦਾ ਪੂਜਾਰੀ ਹੈ।
    2. ਜੋ ਅੰਤਰਮੁਖੀ ਤੇ ਬਾਹਰਮੁਖੀ ਬੁਰਾਈਆਂ ਨਾਲ ਇਕੋ ਸਮੇਂ ਲੜ ਸਕਦਾ ਹੈ।
    3. ਜੋ ਨਿਰਭਉ ਦੇ ਮਜਬੂਤ ਡੰਡੇ ਨਿਰਵੈਰਤਾ ਨੂੰ ਧਾਰਨ ਕਰ ਸਕਦਾ ਹੈ।

4. ਜੋ ਦੀਨ ਲਈ ਸੀਸ ਕੁਰਬਾਨ ਕਰ ਸਕਦਾ ਹੋਵੇ।

5. ਜੋ ਆਪਣੇ ਐਸ਼ ਆਰਾਮ ਨੂੰ ਲੋਕ ਭਲਾਈ ਲਈ ਕੁਰਬਾਨ ਕਰ ਸਕਦਾ ਹੈ।

6. ਜੋ ਦੀਨ ਲਈ ਲੜਨ ਨੂੰ ਸੱਚੀ ਭਗਤੀ ਸਮਝਦਾ ਹੈ।

7. ਜੋ ਈਸ਼ਵਰ ਦੀ ਪ੍ਰਾਪਤੀ ਲਈ ਹਮੇਸ਼ਾ ਯਤਨ ਕਰਦਾ ਹੈ।

8. ਜੋ ਦੇਸ਼ ਦੀ ਅਣਖ ਨੂੰ ਕਾਇਮ ਰੱਖਣ ਲਈ ਦੇਸ਼ ਦੀ ਔਕੜ ਸਮੇਂ ਸ਼ਸਤਰਧਾਰੀ ਹੋ ਕੇ ਲੜਣ ਦੀ ਸਮਰੱਥਾ ਰੱਖਦਾ ਹੈ।

9. ਜੋ ਦੀਨ ਲਈ ਲਹੂ ਦਾ ਆਖਰੀ ਕਤਰਾ ਤੱਕ ਬਹਾ ਦੇਵੇ।

10. ਜੋ ਖੰਡੇ ਬਾਟੇ ਦੀ ਪਹੁਲ ਛਕ ਕੇ ਅੰਮ੍ਰਿਤਧਾਰੀ ਹੋਵੇ।

ਅੰਤ ਵਿਚ ਇਕ ਪ੍ਰਸ਼ਨ ਕਿ ਨਿਰਭਉ ਮਨੁੱਖੀ ਮਨ ਬੁਜ਼ਦਿਲ ਕਿਉਂ ਨਹੀ ਹੁੰਦਾ ਹੈ। ਉਸ ਦਾ ਉੱਤਰ ਦੋ ਸਤਰਾਂ ਵਿਚ ਇਸ ਤਰ੍ਹਾਂ ਦਿੱਤਾ ਹੈ ਕਿ ਨਿਰਭਉ ਦਾ ਉਪਾਸ਼ਕ ਉਸ ਵਰਗਾ ਹੀ ਹੋ ਜਾਂਦਾ ਹੈ ਅਤੇ ਸਵਾਸ-ਸਵਾਸ ਰੱਬ ਦਾ ਨਾਮ ਜਪਣ ਨਾਲ ਉਸ ਦਾ ਹੀ ਰੂਪ ਹੋ ਜਾਂਦਾ ਹੈ। ਇਸ ਲਈ ਉਹ ਕਮਜ਼ੋਰ ਤੇ ਬੁਜ਼ਦਿਲ ਨਹੀਂ ਹੁੰਦਾ।

2. **ਨਿਰਵੈਰ ਦਰਸ਼ਨ:-** ਨਿਰਵੈਰਤਾ ਵਿਸ਼ਵ ਪਿਆਰ ਤੇ ਏਕਤਾ ਦਾ ਸੰਦੇਸ਼ ਹੈ। ਨਿਰਵੈਰ ਤੋਂ ਭਾਵ ਵੈਰ ਤੋਂ ਬਿਨ੍ਹਾਂ। ਅਕਾਲ ਪੁਰਖ ਨਿਰਵੈਰ ਹੈ, ਉਹ ਮਿਹਰਬਾਨ ਹੈ। ਉਸ ਤੋਂ ਬਿਨ੍ਹਾਂ ਹੋਰ ਕੋਈ ਨਹੀਂ ਹੈ ਅਤੇ ਸਾਰੀ ਰਚਨਾ ਉਸ ਦਾ ਆਪਾ ਹੀ ਹੈ। ਫਿਰ ਪ੍ਰਸ਼ਨ ਉਠਦਾ ਹੈ ਕਿ ਵੈਰ ਵਿਰੋਧ ਕਿਵੇਂ ਪੈਂਦਾ ਹੋਇਆ ਵੈਰ ਦਾ ਪਿਤਾ ਹੰਕਾਰ ਤੇ ਮਾਤਾ ਗਰਜ ਹੈ। ਜਦੋਂ ਇਹ ਆਪਸ ਵਿਚ ਮਿਲਦੇ ਹਨ ਤਾ ਵੈਰ ਪੈਦਾ ਹੁੰਦਾ ਹੈ। ਅੱਜ ਸੰਸਾਰ ਵਿਚ ਇਹ ਵੈਰ ਦੀ ਹਨ੍ਹੇਰੀ ਹਰ ਜਗ੍ਹਾ ਹੈ। ਕੁਦਰਤ ਦੇ ਜੀਵ-ਜੰਤੂਆਂ, ਸਭ ਵਿਚ ਇਹ ਭਾਵਨਾ ਹੈ ਫਿਰ ਲੇਖਕ ਪੰਜ ਤੱਤਾ ਦੀ ਮਿਸਾਲ ਦਿੰਦਾ ਕਹਿੰਦਾ ਹੈ ਕਿ ਉਨ੍ਹਾਂ ਵਿਚ ਇਹ ਭਾਵਨਾ ਨਹੀਂ ਹੁੰਦੀ। ਹਵਾ, ਪਾਣੀ, ਧਰਤੀ, ਅਕਾਸ਼ ਆਦਿ ਸਭ ਵਿਚ ਵੈਰ ਭਾਵਨਾ ਨਹੀਂ ਹੈ। ਇਨਸਾਨ ਇਹ ਗਲਤੀ ਕਰਦਾ ਹੈ, ਉਹ ਹਉਮੈ ਵਿਚ ਆਉਂਦਾ ਹੈ ਅਤੇ ਕਰਤਾਰ ਨੂੰ ਕਰਤਾ ਮੰਨਣ ਦੀ ਬਜਾਇ ਆਪਣੇ ਆਪ ਨੂੰ ਕਰਤਾ ਮੰਨਦਾ ਹੈ। ਮਨੁੱਖ ਨੂੰ ਆਪਣੇ ਕਰਮਾਂ ਦਾ ਫਲ ਮਿਲਦਾ ਹੈ ਜਿਸ ਨਾਲ ਅਮਨ ਕਾਇਮ ਰਹਿੰਦਾ ਹੈ। ਅਕਾਲ ਪੁਰਖ ਵੀ ਪਿਤਾ ਦੀ ਤਰ੍ਹਾਂ ਅੰਦਰੋ ਨਿਰਵੈਰ ਹੋ ਕੇ

ਮਨੁੱਖ ਨੂੰ ਆਪਣੇ ਬੇਟੇ ਦੀ ਤਰ੍ਹਾਂ ਕਰਮਾਂ ਦਾ ਫਲ ਦੇ ਕੇ ਚੰਗੇ ਰਾਹ ਲਈ ਸੁਚੇਤ ਕਰਦਾ ਹੈ ਅਤੇ ਮਨੁੱਖ ਨੂੰ ਨਿਮਰਤਾ ਧਾਰਨ ਕਰਨ ਲਈ ਪ੍ਰੇਰਦਾ ਹੈ। ਲੇਖਕ ਨੇ ਕਈ ਤਰ੍ਹਾਂ ਦੇ ਵੈਰ ਦੀ ਗੱਲ ਵੀ ਕੀਤੀ ਹੈ ਜੋ ਇਸ ਪ੍ਰਕਾਰ ਹਨ:

1. **ਰੱਬ ਦੇ ਨਾਵਾਂ ਤੋਂ ਵੈਰ:-** ਕੋਈ 'ਰਾਮ' ਕਹਿੰਦਾ, ਕੋਈ 'ਗਾਡ' ਕੋਈ 'ਅੱਲ੍ਹਾ' ਪਰ ਹਰ ਇਕ ਦੂਸਰੇ ਦੇ ਨਾਂ ਤੋਂ ਵੈਰ ਰੱਖਦਾ ਹੈ। ਰੱਬ ਦੇ ਅਨੇਕਾਂ ਨਾਮ ਹਨ। ਇਨ੍ਹਾਂ ਨਾਵਾਂ ਕਰਕੇ ਹੀ ਕਈ ਝਗੜੇ ਪੈਦਾ ਹੁੰਦੇ ਹਨ ਪਰ ਗੁਰਮਤਿ ਵਿਚ ਰੱਬ ਦੇ ਹਰੇਕ ਨਾਮ ਨੂੰ ਬੜੇ ਸਤਿਕਾਰ ਤੇ ਆਦਰ ਨਾਲ ਵਰਤਿਆ ਗਿਆ ਹੈ ਤਾਂ ਜੋ ਆਪਸ ਵਿਚ ਵੈਰ ਨਾ ਹੋ ਸਕੇ। ਗੁਰਮਤਿ ਅਨੁਸਾਰ ਰੱਬ ਦੇ ਸਾਰੇ ਨਾਮ ਹੀ ਪਵਿੱਤਰ ਹਨ।

2. **ਧਰਮ ਅਸਥਾਨਾਂ ਤੋਂ ਵੀ ਵੈਰ:-** ਕਈ ਵਾਰੀ ਧਾਰਮਿਕ ਅਸਥਾਨਾਂ ਤੋਂ ਵੀ ਵੈਰ ਉਪਜਦੇ ਹਨ। ਨੀਵੀਆਂ ਜਾਤਾਂ ਨੂੰ ਧਰਮ ਅਸਥਾਨਾਂ ਤੋਂ ਦੁਰਕਾਰਿਆ ਗਿਆ। ਇਸ ਤੋਂ ਨਫ਼ਰਤ ਇੰਨੀ ਵਧੀ ਕਿ ਗੈਰ ਧਰਮ ਦੇ ਵਿਅਕਤੀ ਦੇ ਪਰਛਾਵੇ ਨਾਲ ਵੀ ਧਰਮ ਸਥਾਨ ਅਪਵਿੱਤਰ ਸਮਝਿਆ ਜਾਣ ਲੱਗਾ। ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਸਾਈ ਮੀਆਂ ਮੀਰ ਜੀ ਤੋਂ ਰਖਵਾਈ। ਇਹ ਅਸਥਾਨ ਹਰ ਇਕ ਲਈ ਖੁਲ੍ਹਾ ਹੈ। ਇਥੇ ਹਰ ਇਕ ਮਜ਼ਹਬ, ਜਾਤੀ ਦਾ ਵਿਅਕਤੀ ਆ ਸਕਦਾ ਹੈ।

3. **ਖਾਣ ਪੀਣ ਦਾ ਵੈਰ:-** ਆਪਸੀ ਵਰਤਣ ਵਰਤਾਉਣ ਤੇ ਆਪਸੀ ਖਾਣ-ਪੀਣ ਵਿਚ ਵੀ ਮਨੁੱਖ ਨਫ਼ਰਤ ਕਰਦਾ ਹੈ। ਜਾਤ-ਪਾਤ ਤੇ ਮਜ਼ਹਬੀ ਵਿਤਕਰੇ ਕਾਰਨ ਮਨੁੱਖ ਮਨੁੱਖਾਂ ਨਾਲ ਹੀ ਨਫ਼ਰਤ ਕਰਦੇ ਸਨ। ਗੁਰੂ ਸਾਹਿਬ ਨੇ ਸੰਗਤ, ਪੰਗਤ ਅਤੇ ਲੰਗਰ ਸੰਸਥਾਵਾਂ ਰਾਹੀਂ ਇਨ੍ਹਾਂ ਵਿਤਕਰਿਆਂ ਨੂੰ ਦੂਰ ਕੀਤਾ।

4. **ਧਰਮ ਦੇ ਗ੍ਰੰਥਾਂ ਰਾਹੀ ਵੈਰ:-** ਧਾਰਮਿਕ ਗ੍ਰੰਥ ਪ੍ਰੇਮ ਪੈਦਾ ਕਰਦੇ ਹਨ ਪਰ ਇਹ ਵੈਰ ਵਿਰੋਧ ਦਾ ਕਾਰਨ ਬਣੇ ਹੋਏ ਹਨ। ਇਨ੍ਹਾਂ ਵਿਚ ਖਾਸ ਸ਼੍ਰੇਣੀਆਂ ਤੋਂ ਬਿਨ੍ਹਾਂ ਕਿਸੇ ਹੋਰ ਨੂੰ ਪੜ੍ਹਨ ਜਾਂ ਸੁਣਨ ਦੀ ਆਗਿਆ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਦਨ ਕਲਾ ਦੀ ਵਿਭਿੰਨਤਾ ਅਤੇ ਹਰ ਇਕ ਨੂੰ ਪੜ੍ਹਨ ਸੁਣਨ ਦੀ ਇਜ਼ਾਜਤ ਨੇ ਇਸ ਵੈਰ ਨੂੰ ਖ਼ਤਮ ਕੀਤਾ।

5. **ਸੁਆਰਥ ਤੋਂ ਵੈਰ:-** ਸੰਸਾਰ ਵਿਚ ਪਦਾਰਥੀ ਸੋਚ ਕਾਰਨ ਵੈਰ ਵਧ ਗਿਆ ਹੈ। ਹਰ ਕੋਈ ਆਪਣੇ ਆਪ ਨੂੰ ਲੋਚਦਾ ਹੈ। ਇਸ ਨਾਲ ਵੈਰ ਦੀ ਭਾਵਨਾ ਉਤਪੰਨ ਹੁੰਦੀ ਹੈ ਜੋ ਰਿਸ਼ਤਿਆਂ, ਸਮਾਜ ਅਤੇ ਜੀਵਨ ਦੇ ਹਰ ਪੱਖ ਵਿਚ ਵਿਰੋਧਤਾ ਪੈਦਾ ਕਰਦੀ ਹੈ। ਗੁਰਬਾਣੀ ਵਿਚ ਇਨ੍ਹਾਂ ਨੂੰ ਹਉਮੈ ਦੇ ਤਿਆਗ ਰਾਹੀਂ ਖ਼ਤਮ ਕਰਨ ਦੀ ਗੱਲ ਕੀਤੀ ਗਈ ਹੈ ਜਿਸ ਨਾਲ ਇਹ ਸਭ ਵੈਰ ਖ਼ਤਮ ਹੁੰਦੇ ਹਨ ਅਤੇ ਸਭ ਲਈ ਪਿਆਰ ਸਤਿਕਾਰ ਪੈਦਾ ਹੁੰਦਾ ਹੈ।

3.3 **ਭਗਤ ਸਿੰਘ ਵੇਦੀ ਦੀ ਪੁਸਤਕ 'ਮੂਲ ਮੰਤਰ ਦੀ ਪੁਨਰ ਵਿਆਖਿਆ** ਪੰਜਾਬੀ ਪਬਲੀਕੇਸ਼ਨ, ਪਟਿਆਲਾ ਦੁਆਰਾ 1994 ਵਿਚ ਪ੍ਰਕਾਸ਼ਿਤ ਹੋਈ ਸੀ। ਇਸ ਪੁਸਤਕ ਦੇ ਸੱਤਵੇਂ ਤੇ ਅੱਠਵੇਂ ਅਧਿਆਇ ਨੂੰ *'ਨਿਰਭਉ ਤੇ ਨਿਰਵੈਰ'* ਦਾ ਸਿਰਲੇਖ ਦੇ ਕੇ ਇਸ ਵਿਚ ਮੂਲ ਮੰਤਰ ਦੇ ਇਨ੍ਹਾਂ ਗੁਣਾਂ ਦਾ ਮਨੋਵਿਗਿਆਨ ਅਤੇ ਗੁਰਬਾਣੀ ਅਨੁਸਾਰ ਮੁਲਾਂਕਣ ਕੀਤਾ ਗਿਆ ਹੈ। ਉਨ੍ਹਾਂ ਅਨੁਸਾਰ ਮਨੁੱਖ ਨੂੰ ਸਮਾਜ ਵਿਚ ਬਹੁਪੱਖੀ ਵਿਕਾਸ, ਆਪਸੀ ਮਿਲਵਰਤਨ ਅਤੇ ਸਰਬ ਸਾਂਝੀਵਾਲਤਾ ਲਈ ਇਹ ਗੁਣ ਉਤਸ਼ਾਹਿਤ ਕਰਦੇ ਹਨ।

3.4 **ਪ੍ਰਿਤਪਾਲ ਸਿੰਘ ਦੀ 'ਜਪੁ ਜੀ ਵਿਵੇਚਨ'** ਪੁਸਤਕ ਜੋ ਕਿ ਮੋਹਿਤ ਇੰਟਰਪ੍ਰਾਇਜ਼ਿਜ ਪਟਿਆਲਾ, ਦੁਆਰਾ ਤੀਜੀ ਵਾਰ 1996 ਵਿਚ ਪ੍ਰਕਾਸ਼ਿਤ ਹੋਈ ਹੈ। ਇਸ ਪੁਸਤਕ ਵਿਚ ਸੱਤ ਕਾਂਡ ਹਨ ਅਤੇ ਇਸ ਵਿਚ ਲੇਖਕ ਨੇ ਜਪੁ ਜੀ ਸਾਹਿਬ ਬਾਣੀ ਦਾ ਰਚਨਾ ਕਾਲ, ਵਿਸ਼ੇ ਵਿਸਥਾਰ, ਰੂਪ ਵਿਧਾਨ, ਭਾਸ਼ਾ, ਸ਼ਬਦਾਵਲੀ, ਸ਼ਬਦਾਰਥ ਅਤੇ ਵਿਆਖਿਆ ਉੱਤੇ ਵਿਚਾਰ ਪੇਸ਼ ਕੀਤੇ ਹਨ। ਇਸ ਪੁਸਤਕ ਦੇ ਚੌਥੇ ਕਾਂਡ *'ਜਪੁ ਜੀ: ਵਿਸ਼ੈ-ਵਿਸਥਾਰ ਤੇ ਵੀਚਾਰ-ਪ੍ਰਬੰਧ'* ਵਿਚ 53 ਪੰਨੇ ਉੱਤੇ ਕੇਵਲ ਦੋ ਸਤਰਾਂ ਵਿਚ ਲਿਖਿਆ ਹੈ ਕਿ ਮਨੁੱਖ ਦੀ ਮੁਕਤੀ ਦਾ ਦੁਆਰ ਕੇਵਲ ਉਸ ਨਿਰਭਉ ਨਿਰਵੈਰ ਪਾਰਬ੍ਰਹਮ ਦੀ ਕ੍ਰਿਪਾ-ਦ੍ਰਿਸ਼ਟੀ ਨਾਲ ਖੁੱਲ੍ਹਦਾ ਹੈ ਜਿਸ ਦਾ ਆਧਾਰ ਪ੍ਰੇਮ ਤੇ ਸ਼ਰਧਾ ਹੈ। ਇਸ ਵਿਚ ਹੀ ਅੱਗੇ 'ਅਕਾਲ ਪੁਰਖ ਦਾ ਸਰੂਪ' ਸਿਰਲੇਖ ਦੇ ਕੇ 58 ਪੰਨੇ ਉੱਤੇ ਤਿੰਨ ਸਤਰਾਂ ਵਿਚ ਅਕਾਲ ਪੁਰਖ ਦੇ ਨਿਰਭਉ ਨਿਰਵੈਰ ਸਰੂਪ ਦੀ ਗੱਲ ਕਰਦਿਆ ਕਿਹਾ ਹੈ ਕਿ ਉਹ ਹਰ ਪ੍ਰਕਾਰ ਦੇ ਡਰਾਂ-ਸ਼ੰਕਿਆਂ, ਵੈਰ-ਵਿਰੋਧ ਤੇ ਭੈ-ਭ੍ਰਮ ਤੋਂ ਮੁਕਤ ਹੈ। ਉਹ ਅਜਿਹਾ ਨਿਰਵੈਰ ਪੁਰਖ ਹੈ ਜੋ ਕਿ ਘੋਰ ਅਪਰਾਧੀਆਂ ਉੱਤੇ ਵੀ ਮਿਹਰ ਕਰਦਾ ਹੈ। ਇਸ ਪੁਸਤਕ ਦੇ 7ਵੇਂ ਕਾਂਡ 'ਜੁਪ ਜੀ : ਸ਼ਬਦਾਰਥ ਤੇ

ਵਿਆਖਿਆ' ਵਿਚ 112 ਪੰਨੇ ਉੱਤੇ ਕੇਵਲ ਇਕ-ਇਕ ਪਹਿਰਾ ਨਿਰਭਉ ਨਿਰਵੈਰ ਦੀ ਸ਼ਬਦਾਰਥ ਅਤੇ ਵਿਆਖਿਆ ਕੀਤੀ ਗਈ ਹੈ। ਇਸ ਵਿਚ ਨਿਰਭਉ ਤੋਂ ਭਾਵ ਇਕ ਨਿਯਮ ਜਾਂ ਵਿਧਾਨ ਹੈ ਜੋ ਸਭ ਤੋਂ ਉਚੇਰਾ ਹੈ। ਨਿਰਵੈਰ ਤੋਂ ਭਾਵ ਉਹ ਹਰ ਪ੍ਰਕਾਰ ਦੇ ਵੈਰ-ਵਿਰੋਧ, ਪੱਖ ਪਾਤ ਜ਼ਾਂ ਵਿਤਕਰੇ ਆਦਿ ਤੋਂ ਮੁਕਤ ਸਮਦ੍ਰਿਸ਼ਟੀ ਵਾਲਾ ਹੈ।

3.5 **ਤਾਰਨ ਸਿੰਘ ਦੀ ਸੰਪਾਦਿਤ ਪੁਸਤਕ'ਭਗਤੀ ਤੇ ਸ਼ਕਤੀ '** ਸਿੰਘ ਬ੍ਰਦਰਜ਼, ਅੰਮ੍ਰਿਤਸਰ ਦੁਆਰਾ ਪੰਜਵੀਂ ਵਾਰ 2005 ਵਿਚ ਪ੍ਰਕਾਸ਼ਿਤ ਹੋਈ ਸੀ। ਇਸ ਪੁਸਤਕ ਦੇ ਪੰਜ ਭਾਗ ਹਨ ਅਤੇ ਪਹਿਲੇ ਭਾਗ ਵਿਚ 224 ਪੰਨੇ ਉੱਤੇ '*ਗੁਰੂ ਨਾਨਕ ਦਾ ਧਰਮ ਨਿਰਵੈਰਤਾ'* ਸਿਰਲੇਖ ਦਿੱਤਾ ਹੈ। ਇਸ ਲੇਖ ਵਿਚ ਉਨ੍ਹਾਂ ਨੇ ਮੂਲ ਮੰਤਰ ਦੇ ਪੰਜ ਹਿੱਸੇ ਕੀਤੇ ਹਨ ਅਤੇ ਉਨ੍ਹਾਂ ਪੰਜ ਹਿੱਸਿਆ ਵਿਚੋਂ ਤੀਜੇ ਹਿੱਸੇ ਨੂੰ *ਨਿਰਭਉ ਨਿਰਵੈਰ* ਦਾ ਨਾਮ ਦਿੱਤਾ ਹੈ। ਇਸ ਤੀਜੇ ਹਿੱਸੇ ਉੱਤੇ ਫਿਰ ਉਨ੍ਹਾਂ ਵਲੋਂ ਵਿਚਾਰ, ਸੁਝਾਅ ਪੇਸ਼ ਕੀਤੇ ਗਏ ਹਨ। ਇਸ ਵਿਚ ਉਨ੍ਹਾਂ ਨੇ ਦੱਸਿਆ ਹੈ ਕਿ ਨਿਰਭਉ ਨਿਰਵੈਰ ਗੁਣ ਉਸ ਸਮੇਂ ਦੀ ਲੋੜ ਸੀ ਤਾਂ ਕਿ ਲੋਕਾਂ ਵਿਚ ਇਨ੍ਹਾਂ ਨੂੰ ਪ੍ਰਫੁੱਲਿਤ ਕੀਤਾ ਜਾਵੇ। ਇਹ ਗੁਣ ਕੌਮ ਵਿਚ ਤਾਂ ਪੈਦਾ ਹੋ ਸਕਦੇ ਹਨ ਜੇਕਰ ਰੱਬ ਵਿਚ ਇਹ ਗੁਣ ਹੋਣ। ਇਸ ਲਈ ਇਨ੍ਹਾਂ ਗੁਣਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੁਨਿਆਦੀ ਮੂਲ ਮੰਤਰ ਵਿਚ ਰੱਖਿਆ ਹੈ। ਇਸ ਵਿਚ ਲੇਖਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲ੍ਹਾ ਦੀ ਵਿਭਿੰਨਤਾ ਦੀ ਗੱਲ ਕਰਦੇ ਹੋਏ ਨਿਰਭਉ ਨਿਰਵੈਰ ਗੁਣਾਂ ਦੀ ਪ੍ਰੋੜਤਾ ਕੀਤੀ ਹੈ। ਇਸ ਵਿਚ ਨਿਰਭਉ ਨਿਰਵੈਰ ਹੌਸਲੇ ਅਤੇ ਸਹਿਨਸ਼ੀਲਤਾ ਦੇ ਗੁਣ ਦੱਸਦੇ ਹੋਏ ਅੱਜ ਦੇ ਸਮੇਂ ਵੀ ਇਸ ਦੀ ਲੋੜ ਤੇ ਚਾਨਣਾ ਪਾਇਆ ਹੈ ਕਿ ਅੱਜ ਪਦਾਰਥਕ ਸੋਚ ਕਾਰਨ ਮਨੁੱਖ ਅੰਦਰ ਜੋ ਨੈਤਿਕ ਪੱਧਰ ਦਾ ਨਿਘਾਰ ਹੋ ਰਿਹਾ ਹੈ ਉਸ ਨੂੰ ਇਨ੍ਹਾਂ ਗੁਣਾਂ ਰਾਹੀਂ ਠੀਕ ਕਰ ਆਤਮਿਕ ਤੌਰ ਉੱਤੇ ਉੱਪਰ ਚੁੱਕਿਆ ਜਾ ਸਕਦਾ ਹੈ।

3.6 **ਮਹਿੰਦਰ ਕੌਰ ਗਿੱਲ ਦੀ ਪੁਸਤਕ ' ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ '** ਜੋ ਕਿ ਐਮ. ਪੀ. ਪ੍ਰਕਾਸ਼ਨ, ਦਿੱਲੀ ਦੁਆਰਾ 2007 ਵਿਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ 'ਮੰਗਲ ਪ੍ਰੰਬਧ' ਲੇਖ ਮਿਲਦਾ ਹੈ। ਜਿਸ ਵਿਚ ਗੁਰਬਾਣੀ ਵਿਚ ਆਏ ਮੰਗਲ ਪ੍ਰਬੰਧ ਬਾਰੇ ਵਿਚਾਰ ਚਰਚਾ ਕੀਤੀ ਗਈ ਹੈ। ਇਸ ਲੇਖ ਵਿਚ 68 ਪੰਨੇ ਉੱਤੇ ਕੇਵਲ ਇਕ ਪਹਿਰੇ ਵਿਚ ਇਨ੍ਹਾਂ ਗੁਣਾਂ ਦੀ ਗੱਲ ਕੀਤੀ

ਗਈ ਹੈ। ਇਸ ਵਿਚ ਦੱਸਿਆ ਹੈ ਕਿ ਨਿਰਭਉ ਤੋਂ ਭਾਵ ਉਹ ਬ੍ਰਹਮ ਸਰਬਕਾਲੀ ਸਮੇਂ ਸਥਾਨ ਤੋਂ ਮੁਕਤ ਹੈ। ਇਸ ਲਈ ਉਹ ਨਿਰਭਉ ਹੈ। ਨਿਰਵੈਰ ਬਾਰੇ ਲਿਖਦੇ ਹਨ ਉਹ ਜਗਤ ਦਾ ਕਰਤਾ ਹੈ। ਵੈਰ ਆਪਣੇ ਵਰਗੇ ਜਾਂ ਆਪਣੇ ਤੋਂ ਵੱਡੇ ਛੋਟੇ ਨਾਲ ਹੁੰਦਾ ਹੈ ਪਰ ਨਾ ਹੀ ਕੋਈ ਉਸ ਤੋਂ ਵੱਡਾ ਛੋਟਾ ਹੈ ਨਾ ਹੀ ਉਸ ਵਰਗਾ ਕੋਈ ਹੋਰ ਹੈ। ਜੀਵ ਨਾਮ ਜਪ ਕੇ ਉਸ ਵਿਚ ਸਮਾ ਜਾਂਦਾ ਹੈ। ਇਸ ਲਈ ਉਹ ਨਿਰਵੈਰ ਹੈ।

**3.7** **'ਗੁਰੂ-ਬਾਬੇ ਦੀ ਬਾਣੀ'** ਭਾਗ ਪਹਿਲਾ ਡਾ. ਹਰਨਾਮ ਸਿੰਘ ਸ਼ਾਨ ਦੀ ਰਚਨਾ ਹੈ ਜੋ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੁਆਰਾ ਚੌਥੀ ਵਾਰ ਫਰਵਰੀ 2007 ਵਿਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ ਤੇ ਸਿੱਖਿਆਵਾਂ, ਮੂਲ ਮੰਤਰ, ਜਪੁ ਜੀ ਸਾਹਿਬ, ਸੋਦਰੁ ਰਹਿਰਾਸ, ਸੋਹਿਲਾ, ਸਿਰੀ ਰਾਗ ਵਿਚਲੀ ਬਾਣੀ ਦਾ ਵੇਰਵਾ ਦਰਜ ਕੀਤਾ ਗਿਆ ਹੈ। ਇਸ ਵਿਚ 54 ਪੰਨੇ ਉੱਪਰ '*ਮੂਲ ਮੰਤਰ*' ਲੇਖ ਵਿਚ 'ਰੱਬ ਦਾ ਸਰੂਪ' ਸਿਰਲੇਖ ਹੇਠ ਮੂਲ ਮੰਤਰ ਦੀ ਸ਼ਬਦਾਰਥ ਵਿਆਖਿਆ ਮਿਲਦੀ ਹੈ ਜਿਸ ਵਿਚ ਕੇਵਲ ਇਕ ਦੋ ਸਤਰ ਵਿਚ ਨਿਰਭਉ ਨਿਰਵੈਰ ਦੇ ਅਰਥ ਕੀਤੇ ਹਨ। ਨਿਰਭਉ ਤੋਂ ਭਾਵ ਭੈ-ਰਹਿਤ, ਨਿਡਰ, ਭਾਵ ਉਸ ਨੂੰ ਕਿਸੇ ਦਾ ਡਰ ਨਹੀਂ ਅਤੇ ਨਿਰਵੈਰ ਤੋਂ ਭਾਵ ਵੈਰ-ਰਹਿਤ, ਉਸ ਦਾ ਕਿਸੇ ਨਾਲ ਕੋਈ ਵੈਰ ਨਹੀਂ।

**3.8** **ਗਿ: ਜਗਤਾਰ ਸਿੰਘ ਦੀ ਪਸਤਕ 'ੴ ਦਰਪਣ'** ਜਿਸ ਵਿਚ '*ਨਿਰਭਉ ਨਿਰਵੈਰੁ*' ਸਿਰਲੇਖ ਦਰਜ ਹੈ। ਇਹ ਸਿੰਘ ਬ੍ਰਦਰਜ਼, ਅੰਮ੍ਰਿਤਸਰ ਦੁਆਰਾ 2008 ਵਿਚ ਪ੍ਰਕਾਸ਼ਿਤ ਹੋਈ ਸੀ। ਇਸ ਪੁਸਤਕ ਵਿਚ ਉਨ੍ਹਾਂ ਨੇ ਮੂਲ ਮੰਤਰ ਦੇ ਗੁਰਮਤਿ ਵਿਚਾਰਧਾਰਾ ਅਨੁਸਾਰ ਵਿਚਾਰ ਪੇਸ਼ ਕੀਤੇ ਹਨ। ਇਨ੍ਹਾਂ ਨੇ ਮੂਲ ਮੰਤਰ ਦੇ ਸੱਤ ਭਾਗ ਕਰ ਫਿਰ ਹਰ ਇਕ ਉੱਤੇ ਲੇਖ ਲਿਖਿਆ ਹੈ। ਉਨ੍ਹਾਂ ਨੇ ਨਿਰਭਉ ਨਿਰਵੈਰ ਨੂੰ ਚੌਥੇ ਭਾਗ ਵਿਚ 156 ਪੰਨੇ ਉਤੇ ਪੇਸ਼ ਕੀਤਾ ਹੈ। ਜਿਸ ਵਿਚ ਉਨ੍ਹਾਂ ਨੇ ਪੁਰਾਤਨ ਸਮੇਂ ਵਿਚ ਭਾਰਤੀ ਦਰਸ਼ਨ ਦੇ ਸੰਦਰਭ ਵਿਚ ਦੇ ਡਰ ਅਤੇ ਵੈਰ ਨੂੰ ਦੱਸਦੇ ਹੋਏ ਗੁਰਮਤਿ ਵਿਚਲੇ ਨਿਰਭਉ ਨਿਰਵੈਰ ਨੂੰ ਦਰਸਾਇਆ ਹੈ। ਇਸ ਵਿਚ ਉਨ੍ਹਾਂ ਨੇ ਗੁਰੂ ਸਾਹਿਬ ਦੁਆਰਾ ਨਿਰਭਉ ਨਿਰਵੈਰ ਦੀ ਮੂਲ ਮੰਤਰ ਵਿਚ ਵਰਤੋਂ ਇੱਕਠੇ ਕੀਤੀ ਗਈ ਦੱਸਦੇ ਹੋਏ ਕਿਹਾ ਹੈ ਕਿ ਰੱਬ ਇਕ ਹੈ, ਸ੍ਰਿਸ਼ਟੀ ਦਾ ਕਰਤਾ ਹੈ, ਰੱਬ ਦਾ ਸ਼ਰੀਕ ਕੋਈ ਨਹੀਂ। ਇਹ ਉਸ ਦੇ ਨਿਰਭਉ

ਹੋਣ ਦੇ ਕਾਰਨ ਹਨ। ਉਹ ਜਾਬਰ ਕਹਾਰ ਨਹੀ ਬਲਕਿ ਸਹਾਇਕ, ਬਖਸ਼ਿੰਦ, ਨਿਰਵੈਰ ਹੈ। ਇਸ ਵਿਚ ਨਿਰਮਲ ਭਉ ਦੀ ਗੱਲ ਕਰਦਿਆਂ ਨਿਰਵੈਰਤਾ ਦੀ ਭਾਵਨਾ ਨੂੰ ਗੁਰਬਾਣੀ ਦੀਆਂ ਤੁੱਕਾਂ ਰਾਹੀਂ ਪੇਸ਼ ਕਰ, ਵਿਚਾਰ ਚਰਚਾ ਕੀਤੀ ਗਈ ਹੈ। ਉਨ੍ਹਾਂ ਨੇ ਇਤਿਹਾਸ ਦੀਆਂ ਕੁਝ ਘਟਨਾਵਾਂ ਰਾਹੀਂ ਨਿਰਵੈਰਤਾ ਦੀ ਭਾਵਨਾ ਨੂੰ ਪੇਸ਼ ਕੀਤਾ ਹੈ।

3.9 **ਭਾਈ ਵੀਰ ਸਿੰਘ ਦੀ ਰਚਨਾ 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ '** ਹੈ।।ਇਹ ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਦੁਆਰਾ 2009 ਵਿਚ ਪ੍ਰਕਾਸ਼ਿਤ ਹੋਈ ਸੀ। ਇਸ ਵਿਚ ਪੰਨਾ ਨੰ: 21 ਤੋਂ 27 ਪੰਨੇ ਤੱਕ ਨਿਰਭਉ ਨਿਰਵੈਰ ਦੇ ਅਰਥਾਂ ਬਾਰੇ ਲਿਖਿਆ ਹੈ। ਇਸ ਵਿਚ ਨਿਰਭਉ ਨਿਰਵੈਰ ਦੇ ਅਰਥਾਂ ਨੂੰ ਗੁਰਮਤਿ ਦੀਆਂ ਪੰਕਤੀਆਂ ਰਾਹੀਂ ਸਾਧਨ ਪੱਖ ਤੋਂ ਸਮਝਾਉਣ ਦਾ ਯਤਨ ਕੀਤਾ ਗਿਆ ਹੈ।

3.10 **ਜਸਵੰਤ ਸਿੰਘ ਨੇਕੀ ਦੀ ਪੁਸਤਕ 'ਵਿਸ਼ਵ ਅਰਦਾਸ'** ਜੋ ਕਿ ਸਿੰਘ ਬ੍ਰਦਰਜ਼, ਅੰਮ੍ਰਿਤਸਰ ਦੁਆਰਾ 2010 ਵਿਚ ਪ੍ਰਕਾਸ਼ਿਤ ਹੋਈ ਹੈ। ਇਸ ਪੁਸਤਕ ਵਿਚ '*ਭੈ ਤੇ ਨਿਰਭਉ ਹੋਇ ਬਸਾਨਾ*' 203 ਪੰਨੇ ਉੱਤੇ ਲੇਖ ਮਿਲਦਾ ਹੈ। ਇਸ ਨੂੰ 16 ਇਕਾਈ ਦੇ ਕੇ ਫਿਰ 'ਭੈ ਤੇ ਨਿਰਭਉ ਹੋਇ ਬਸਾਨਾ' ਨਾਂ ਦਿੱਤਾ ਹੈ। ਇਸ ਵਿਚ ਭਉ ਦੇ ਤਿੰਨ ਪੱਧਰ ਦੱਸ ਗਏ ਹਨ ਦੁਨਿਆਈ ਡਰ, ਦੀਨੀ ਅਤੇ ਦੈਵੀ। ਗੁਰਮਤਿ ਅਨੁਸਾਰ ਨਿਰਭਉ ਦੀ ਤਿੰਨ ਪੰਨਿਆਂ ਉੱਤੇ ਵਿਚਾਰ ਕੀਤੀ ਗਈ ਹੈ ਅਤੇ ਗੁਰਬਾਣੀ ਦੀਆਂ ਤੁੱਕਾਂ ਦਿੱਤੀਆਂ ਗਈਆਂ ਹਨ। ਬਾਅਦ ਵਿਚ ਕੁਝ-ਕੁ ਕਵਿਤਾਵਾਂ ਦੇ ਕੇ ਡਰ ਬਾਰੇ ਚਰਚਾ ਕੀਤੀ ਹੈ ਕਿ ਰੱਬ ਦੇ ਨਾਮ ਨਾਲ ਸਭ ਡਰ ਚਲੇ ਜਾਂਦੇ ਹਨ।

3.11 **ਪਰਮਵੀਰ ਸਿੰਘ ਦੀ 'ਸ੍ਰੀ ਗੁਰੂ ਗ੍ਰੰਥ ਸਾਹਿਬ ਚਿੰਤਨ ਅਤੇ ਵਿਚਾਰਧਾਰਾ'** ਪੁਸਤਕ ਜੋ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ 2010 ਵਿਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਵਿਚ ਲੇਖਕ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਗੁਰਮਤਿ ਮੂਲ ਸਿਧਾਤਾਂ, ਵਿਸ਼ਵ ਭਾਈਚਾਰਾ, ਨੈਤਿਕਤਾ ਦੇ ਮੁਢਲੇ ਅਧਾਰ, ਸੇਵਾ, ਅੰਤਰ ਧਰਮ ਸੰਵਾਦ, ਧਾਰਮਿਕ ਸਹਿਣਸ਼ੀਲਤਾ ਗੁਰਬਾਣੀ ਦੇ ਕਾਵਿ ਰੂਪ ਆਦਿ ਵਿਸ਼ਿਆ ਉੱਤੇ ਚਰਚਾ ਕੀਤੀ ਹੈ। ਇਸ ਵਿਚਲੇ ਦੂਜੇ ਲੇਖ *ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਢਲੇ ਆਧਾਰ* ਵਿਚ 10 ਤੋਂ 11 ਪੰਨੇ ਉੱਤੇ ਇਕ-ਇਕ ਪਹਿਰੇ ਵਿਚ ਨਿਰਭਉ

ਨਿਰਵੈਰ ਦੇ ਸ਼ਬਦ ਅਰਥ ਕੀਤੇ ਮਿਲਦੇ ਹਨ। ਉਨ੍ਹਾਂ ਅਨੁਸਾਰ ਨਿਰਭਉ ਤੋਂ ਭਾਵ ਜਿਸਨੂੰ ਕਿਸੇ ਦਾ ਡਰ ਜਾਂ ਭੈਅ ਨਾ ਹੋਵੇ। ਜਗਤ ਵਿਚ ਕੇਵਲ ਉਹੀ ਨਿਰਭਉ ਹੈ ਜੋ ਜਨਮ-ਮਰਨ ਤੋਂ ਮੁਕਤ ਹੈ। ਗੁਰੂ ਸਾਹਿਬ ਅਨੁਸਾਰ ਅਕਾਲ ਪੁਰਖ ਸਰਵਸ਼ਕਤੀਮਾਨ ਹੈ। ਸਾਰੀ ਸ੍ਰਿਸ਼ਟੀ ਉਸ ਅਧੀਨ ਹੈ, ਉਹ ਸੱਚ ਹੈ, ਉਸ ਨੂੰ ਕਿਸੇ ਦਾ ਭੈਅ ਨਹੀਂ। ਜੋ ਨਿਰੰਕਾਰ ਦੀ ਬੰਦਗੀ ਕਰਦੇ ਹਨ ਉਸ ਨੂੰ ਕਿਸੇ ਦਾ ਡਰ ਨਹੀਂ। ਉਸ ਦੀ ਬੰਦਗੀ ਨਾਲ ਹੀ ਮਨੁੱਖੀ ਮਨ ਵਿਚ ਨਿਰਭਉ ਗੁਣਾਂ ਦਾ ਸੰਚਾਰ ਹੁੰਦਾ ਹੈ। ਨਿਰਭਉ ਦੇ ਨਾਲ ਹੀ ਪਰਮਾਤਮਾ ਵੈਰ ਵਿਰੋਧ ਦੀ ਭਾਵਨਾ ਤੋਂ ਮੁਕਤ ਹੈ, ਉਸ ਦਾ ਕੋਈ ਸ਼ਰੀਕ ਨਹੀਂ, ਉਸ ਦੀ ਕਿਸੇ ਨਾਲ ਬਰਾਬਰੀ ਨਹੀਂ, ਉਸ ਦੇ ਅੱਗੇ ਲੰਘਣ ਦੀ ਕਿਸੇ ਵਿਚ ਤਾਕਤ ਨਹੀਂ। ਸਭ ਦਾ ਕਰਤਾ ਹੋਣ ਕਰਕੇ ਉਹ ਪਿਤਾ ਸਰੂਪ ਹੈ, ਉਸ ਦੀ ਬੰਦਗੀ ਕਰਕੇ ਗੁਰਮੁਖ ਮਨੁੱਖ ਨਿਰਵੈਰ ਹੋ ਜਾਂਦਾ ਹੈ।

3.12 **'ਨਾਨਕਬਾਣੀ ਕਾ ਭਾਸ਼ਾਈ ਅਧਿਐਨ ਅਤੇ ਦਾਰਸ਼ਨਿਕ ਨਿਰੂਪਣ'** ਪੁਸਤਕ ਜੋ ਕਿ ਡਾ. ਚਮਨ ਲਾਲ ਅਗਰਵਾਲ, ਦੀ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਪ੍ਰਕਾਸ਼ਿਤ ਹੋਈ ਹੈ। ਇਸ ਦੇ ਤੀਜੇ ਅਧਿਆਇ *'ਜਪੁ'* ਜੀ ਵਿਚ ਉਨ੍ਹਾਂ ਨੇ ਬ੍ਰਹਮ ਦੇ ਨਿਰਭਉ ਨਿਰਵੈਰ ਸਰੂਪ ਦੀ ਗੱਲ ਚਾਰ-ਪੰਜ ਸਤਰਾਂ ਵਿਚ ਕੀਤੀ ਹੈ। ਜਿਸ ਵਿਚ ਉਨ੍ਹਾਂ ਨੇ ਇਹ ਕਿਹਾ ਹੈ ਕਿ ਜੋ ਬ੍ਰਹਮ ਸਾਰੀ ਸ੍ਰਿਸ਼ਟੀ ਦਾ ਰਚੈਤਾ, ਸਰਵਸ਼ਕਤੀਮਾਨ ਅਤੇ ਸੱਚ ਹੈ ਉਹ ਸਾਰੇ ਤਰ੍ਹਾਂ ਦੇ ਭੈਅ ਤੋਂ ਮੁਕਤ ਹੈ। ਉਹ ਆਪਣੀ ਰਚਨਾ ਨੂੰ ਪਿਆਰ ਕਰਦਾ ਹੈ ਅਤੇ ਸਭ ਪ੍ਰਕਾਰ ਦੀ ਦ੍ਵੈਸ਼ ਅਤੇ ਘ੍ਰਿਣਾ ਤੋਂ ਰਹਿਤ ਹੈ।

3.13 **'ਬਾਣੀ ਸਿਧਾਂਤ ਇਤਿਹਾਸ'** ਪੁਸਤਕ ਜਿਸ ਨੂੰ ਗੁਰਸ਼ਰਨ ਜੀਤ ਸਿੰਘ ਨੇ ਸੰਪਾਦਿਤ ਕੀਤਾ ਹੈ ਅਤੇ ਜੋ ਏਕਲ ਪਬਲੀਕੇਸ਼ਨਜ, ਅੰਮ੍ਰਿਤਸਰ ਦੁਆਰਾ 2012 ਵਿਚ ਪ੍ਰਕਾਸ਼ਿਤ ਹੋਈ ਹੈ। ਇਸ ਵਿਚ ਹਰਵੰਤ ਕੌਰ ਦਾ *'ਜਪੁ ਜੀ ਇਕ ਚਿੰਤਨ'* ਵਿਸ਼ੇ ਉੱਤੇ ਲੇਖ ਮਿਲਦਾ ਹੈ। ਜਿਸ ਵਿਚ ਉਨ੍ਹਾਂ ਨੇ ਕੇਵਲ ਦੋ ਚਾਰ ਸਤਰਾਂ ਵਿਚ ਪਰਮਾਤਮਾ ਦੇ ਨਿਰਭਉ ਸਰੂਪ ਦੀ ਨਿਡਰ, ਬੇਪਰਵਾਹ, ਸੁਤੰਤਰ ਅਤੇ ਨਿਰਵੈਰ ਦੀ ਨਿਰਬਾਨ, ਕ੍ਰਿਪਾਲੂ, ਭਾਸ਼ਾ ਪ੍ਰੇਮ ਤੇ ਮਿਹਰਾਂ ਦਾ ਬੇਹਿਸਾਬ ਸਮੁੰਦਰ ਕਹਿ ਕੇ ਮਹਿਮਾ ਗਾਈ ਹੈ।

3.14 **'ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ'** ਰੂਪ ਸਿੰਘ ਦੁਆਰਾ ਸੰਪਾਦਿਤ ਪੁਸਤਕ ਹੈ ਜੋ ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ ਦੁਆਰਾ ਜਨਵਰੀ 2015 ਵਿਚ ਪ੍ਰਕਾਸ਼ਿਤ ਹੋਈ। ਇਸ ਪੁਸਤਕ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ ਸੰਕਲਪ, ਸਿਧਾਂਤ ਅਤੇ ਸੰਸਥਾਵਾਂ । ਇਸ ਦੇ 'ਸਿਧਾਂਤ' ਭਾਗ ਵਿਚ ਪ੍ਰੋ: ਪਿਆਰਾ ਸਿੰਘ ਪਦਮ ਦਾ ਪੰਨਾ ਨੰ: 319 ਉੱਤੇ *'ਮੂਲ ਮੰਤਰ'* ਲੇਖ ਮਿਲਦਾ ਹੈ। ਜਿਸ ਵਿਚ ਉਨ੍ਹਾਂ ਨੇ ਮੂਲ ਮੰਤਰ ਦੀ ਵਿਆਖਿਆ ਕੀਤੀ ਹੈ। ਇਸ ਵਿਚ ਉਨ੍ਹਾਂ ਨੇ ਵੇਦਾਂ, ਉਪਨਿਸ਼ਦਾ ਵਿਚਲੇ ੧ਓਂ ਪੱਖ ਉੱਤੇ ਵਿਚਾਰ ਪੇਸ਼ ਕਰਦੇ ਹੋਏ ਮੂਲ ਮੰਤਰ ਦੇ ਵਿਸ਼ੇਸ਼ਣਾਂ ਬਾਰੇ ਵਿਚਾਰ ਚਰਚਾ ਕੀਤੀ ਹੈ। ਇਸ ਵਿਚ ਨਿਰਭਉ ਨਿਰਵੈਰ ਬਾਰੇ ਉਹ ਲਿਖਦੇ ਹਨ ਨਿਰਭਉ ਤੋਂ ਭਾਵ ਸਾਰੀ ਰਚਨਾ ਭੈ ਅਧੀਨ ਹੈ ਉਹ ਸਰਬ ਸ਼ਕਤੀਮਾਨ ਹੋਣ ਕਰਕੇ ਨਿਰਭਉ ਹੈ। ਦਵੈਤ ਕਾਰਨ ਸਾਰੀ ਰਚਨਾ ਦ੍ਵੈਸ਼ ਵਿਚ ਹੈ। ਸਾਰੀ ਰਚਨਾ ਉਸ ਦੇ ਆਪੇ ਦੇ ਵਿਸਥਾਰ ਵਿਚ ਹੈ ਇਸ ਲਈ ਉਹ ਨਿਰਵੈਰ ਵੀ ਹੈ। ਇਨ੍ਹਾਂ ਵਿਸ਼ੇਸ਼ਣਾ ਦੀ ਅੱਗੇ 1-1 ਪਹਿਰੇ ਵਿਚ ਵਿਆਖਿਆ ਕੀਤੀ ਗਈ ਹੈ। ਜਿਸ ਵਿਚ ਉਹ ਲਿਖਦੇ ਹਨ, ਭੈ ਆਪਣੇ ਤੋਂ ਵੱਧ ਸ਼ਕਤੀਵਾਨ ਤੋਂ ਲਗਦਾ ਹੈ ਅਤੇ ਵੈਰ ਬਰਾਬਰ ਵਾਲੇ ਤੋਂ ਹੁੰਦਾ ਹੈ ਕਿਉਂਕਿ ਉਸ ਦੇ ਤੁਲ ਕੋਈ ਨਹੀਂ। ਇਸ ਲਈ ਉਹ ਦ੍ਵੈਸ਼-ਰਹਿਤ ਹੈ। ਸਮਾਜਿਕ ਅਵਸਥਾ ਵਿਚ ਸੰਤੁਲਨ ਲਈ ਗੁਰੂ ਸਾਹਿਬ ਨੇ ਇਹ ਦੋਨੋ ਵਿਸ਼ੇਸ਼ਣ ਸੰਯੁਕਤ ਰੱਖ ਸਿੱਖ ਆਚਾਰ ਸ਼ਾਸਤਰ ਦੀ ਬੁਨਿਆਦ ਪੱਕੀ ਕੀਤੀ ਹੈ।

4. **ਖੋਜ-ਪੱਤ੍ਰਿਕਾਵਾਂ ਅਤੇ ਰਸਾਲੇ: -**

4.1 **ਗੁਰਦੁਆਰਾ ਗਜ਼ਟ:-** ਜੋ ਕਿ ਅੰਮ੍ਰਿਤਸਰ ਦਾ ਮਾਸਿਕ ਰਸਾਲਾ ਹੈ ਇਸ ਦੇ ਕਈ ਅੰਕਾਂ ਵਿਚ ਨਿਰਭਉ ਨਿਰਵੈਰ ਸੰਬੰਧੀ ਸਾਨੂੰ ਪੇਪਰ ਮਿਲੇ ਜੋ ਕਿ ਇਸ ਪ੍ਰਕਾਰ ਹਨ :-

4.1.1 ਜੋਗਿੰਦਰ ਸਿੰਘ, ਐਮ.ਏ ਦੀ ਸੰਪਾਦਕੀ ਹੇਠ ਸਤੰਬਰ 1991 ਵਿਚ ਅੰਕ 9 ਜਿਲਦ 83 ਵਿਚ ਅਜਮੇਰ ਸਿੰਘ ਲੋਹਗੜ੍ਹ ਦਾ 52 ਪੰਨੇ ਉੱਤੇ ਇਕ ਲੇਖ *'ਕਰੋਧ ਕਦੀ ਨਾ ਕਰੋ !'* ਤਿੰਨ ਪੰਨਿਆ ਵਿਚ ਛਪਿਆ ਹੈ। ਜਿਸ ਵਿਚ ਉਨ੍ਹਾਂ ਨੇ ਕ੍ਰੋਧ ਤੋਂ ਬਚਣ, ਇਸ ਤੋਂ ਹੋਣ ਵਾਲੇ ਸਰੀਰਕ, ਮਾਨਸਿਕ ਤੇ ਜਨਤਕ ਵੈਰ ਵਿਰੋਧ ਦੇ ਵੱਧਣ ਦੀ ਗੱਲ ਕੀਤੀ ਹੈ ਅਤੇ ਇਸ ਤੋਂ ਬਚਣ ਲਈ ਕੁਝ ਨੁਸਖੇ ਦੱਸ ਸਭ ਦਾ ਭਲਾ ਕਰਨ ਦੀ ਗੱਲ ਆਖੀ ਹੈ। ਲੇਖਕ ਨੇ ਦੱਸਿਆ ਹੈ ਕਿ ਗੁੱਸਾ ਮਨ ਲਈ ਘਾਤਕ ਹੈ,

ਇਹ ਬਿਮਾਰੀਆ ਦੀ ਜੜ੍ਹ ਹੈ। ਮਿੱਠਾ ਬੋਲੋ ਅਤੇ ਮਿੱਤਰਤਾ ਧਾਰਨ ਕਰੋ, ਇਸ ਨਾਲ ਆਪਸੀ ਪਿਆਰ ਤੇ ਭਾਈਚਾਰਕ ਸਾਂਝ ਪੈਦਾ ਹੁੰਦੀ ਹੈ। ਗੁਰਬਾਣੀ ਦੀਆਂ ਤੁਕਾਂ ਰਾਹੀਂ ਕ੍ਰੋਧ ਦੇ ਸਰੀਰਕ ਅਸਰ ਅਤੇ ਮਾਨਸਿਕ ਪੱਧਰ ਉੱਤੇ ਇਸ ਨੂੰ ਖ਼ਤਮ ਕਰਨ ਪ੍ਰਤੀ ਸੁਚੇਤ ਵੀ ਕੀਤਾ ਗਿਆ ਹੈ।

**4.1.2** *ਗੁਰਦੁਆਰਾ ਗਜਟ* ਮਈ 2013 ਜਿਲਦ 90 ਦੇ ਅੰਕ 5, ਜਿਸ ਦੀ ਸੰਪਾਦਕੀ ਦਲਮੇਘ ਸਿੰਘ ਨੇ ਕੀਤੀ ਹੈ। ਇਸ ਵਿਚ ਜਸਬੀਰ ਸਿੰਘ ਸਰਨਾ ਦਾ ਲੇਖ *'ਚੜ੍ਹਦੀ ਕਲਾ ਦਾ ਸੰਕਲਪ'* ਹੈ। ਇਸ ਵਿਚ ਸਿੱਖ ਇਤਿਹਾਸ ਦੇ ਚੜ੍ਹਦੀ ਕਲਾ ਦੇ ਬੋਲ-ਬਾਲੇ ਨੂੰ ਮਨੁੱਖ ਦੀ ਮਾਨਸਿਕ ਚੇਤਨਾ ਨੂੰ ਨਿਰਭੈਅਤਾ ਵੱਲ ਲੈ ਜਾਣ ਦੀ ਗੱਲ ਆਖੀ ਹੈ। ਚੜ੍ਹਦੀ ਕਲਾ ਨੂੰ ਸਿੱਖ ਇਤਿਹਾਸ ਦੀਆਂ ਝਲਕੀਆਂ ਰਾਹੀਂ ਅਤੇ ਗੁਰਬਾਣੀ ਦੀਆਂ ਤੁਕਾਂ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਵਿਚ ੪ ਪੰਨਿਆਂ ਵਿਚ ਚੜ੍ਹਦੀ ਕਲਾ ਦੇ ਸੰਕਲਪ ਨੂੰ ਰੂਪਮਾਨ ਕੀਤਾ ਗਿਆ ਹੈ। ਜਿਸ ਵਿਚ ਦੱਸਿਆ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਬਾਬਰ ਨੂੰ ਜ਼ਾਲਮ ਕਹਿਣਾ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਗੁਰੂ ਹਰਗੋਬਿੰਦ ਸਿੰਘ ਜੀ ਦੇ ਜ਼ੁਲਮੀ ਕੰਡੇ ਛਾਗਣੇ ਅਤੇ ਨੌਵੇਂ ਪਾਤਸ਼ਾਹ ਜੀ ਦੀ ਮਨੁੱਖੀ ਅਧਿਕਾਰਾਂ ਲਈ ਸ਼ਹੀਦੀ, ਦਸਮੇਂ ਪਾਤਸ਼ਾਹ ਦੁਆਰਾ ਸਰਬੰਸ਼ ਵਾਰ ਕੇ ਵੀ ਚੜ੍ਹਦੀ ਕਲਾ, ਸਵੈਮਾਣ ਨਾਲ ਜਿਉਣਾ ਲੋਕਾਈ ਵਿਚ ਨਿਰਭਉ ਦੀ ਭਾਵਨਾ ਨੂੰ ਪ੍ਰਫੁੱਲਿਤ ਕਰਦਾ ਹੈ। ਅਰਦਾਸ ਵਿਚ ਸਰਬੱਤ ਦੇ ਭਲੇ ਦੀ ਗੱਲ ਮਨੁੱਖ ਨੂੰ ਭਾਈਚਾਰਕ ਸਾਂਝ ਨਾਲ ਜੋੜਦੀ ਹੈ।

**4.2** **ਗੁਰਮਤਿ ਪ੍ਰਕਾਸ਼**:- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦਾ ਮਾਸਿਕ ਰਸਾਲਾ ਹੈ। ਇਸ ਦੇ ਵੀ ਕਈ ਅੰਕਾਂ ਵਿਚ ਸਾਨੂੰ ਨਿਰਭਉ ਨਿਰਵੈਰ ਸੰਬੰਧੀ ਪੇਪਰ ਮਿਲੇ ਜੋ ਕਿ ਇਸ ਪ੍ਰਕਾਰ ਹਨ :-

**4.2.1** *ਗੁਰਮਤਿ ਪ੍ਰਕਾਸ਼* ਜਿਲਦ 10 ਅੰਕ 8, 9, ਅਕਤੂਬਰ ਸਤੰਬਰ 1965 ਜਿਸ ਦੀ ਸੰਪਾਦਕੀ ਪ੍ਰਕਾਸ਼ ਸਿੰਘ ਐਮ. ਏ. ਨੇ ਕੀਤੀ ਹੈ। ਇਸ ਵਿਚ ਡਾ. ਤਾਰਨ ਸਿੰਘ ਦਾ 1965 ਦੇ 'ਗੁਰੂ ਨਾਨਕ ਅੰਕ' ਵਿਚ ਛਪਿਆ ੩੪ ਪੰਨੇ ਉੱਤੇ *'ਭੰਗਾਣੀ'* ਲੇਖ ਮਿਲਦਾ ਹੈ। ਇਸ ਵਿਚ ਭੰਗਾਣੀ ਦੀ ਲੜਾਈ ਦਾ ਜ਼ਿਕਰ ਕੀਤਾ ਗਿਆ ਹੈ। ਜਿਸ ਵਿਚ ਦੱਸਿਆ ਹੈ ਕਿ ਗੁਰੂ ਸਾਹਿਬ ਜੀ ਨੇ ਭੰਗਾਣੀ ਨਾਂ ਦੇ ਸਥਾਨ ਤੇ ਜੰਗ ਕੀਤਾ ਜੋ 1690 ਈ: ਵਿਚ ਹੋਇਆ। ਇਸ ਵਿਚ ਗੁਰੂ ਜੀ ਨੇ ਅਲਖ ਖਾਂ ਵਿਰੁੱਧ

ਪਹਾੜੀ ਰਾਜੇ ਭੀਮ ਚੰਦ ਦੀ ਸਹਾਇਤਾ ਕੀਤੀ। ਇਹ ਬਚਿੱਤਰ ਨਾਟਕ ਵਿਚ ਅੰਕਿਤ ਹੈ ਇਸ ਲਈ ਬਚਿੱਤਰ ਨਾਟਕ ਦੀਆਂ ਤੁਕਾਂ ਦੇ ਕੇ ਇਸ ਯੁੱਧ ਦਾ ਵਰਣਨ ਕੀਤਾ ਹੈ। ਇਨ੍ਹਾਂ ਯੁੱਧਾਂ ਪਿੱਛੇ ਕੀ ਭਾਵਨਾ ਹੈ ਇਸ ਬਾਰੇ ਲੇਖਕ ਨੇ ਵਿਚਾਰ ਕੀਤੀ ਹੈ ਕਿ ਦਸਮ ਪਾਤਸ਼ਾਹ ਤੇ ਛੇਵੇਂ ਪਾਤਸ਼ਾਹ ਜ਼ੁਲਮ ਵਿਰੁੱਧ ਲੜੇ। ਸਿੱਖ ਜਿਨ੍ਹਾਂ ਸੱਤ ਪੱਧਰੀ ਆਦਰਸ਼ਾ ਲਈ ਲੜਦਾ ਹੈ। ਉਹ ਹਨ :

1. ੧ਓ ( ਮਾਨਵੀ ਏਕਤਾ)
2. ਸਤਿਨਾਮੁ ( ਸਚ ਆਚਾਰ)
3. ਕਰਤਾ ਪੁਰਖੁ (ਕਰਤਾਰੀ ਤੇ ਉਸਾਰੂ)
4. ਨਿਰਭਉ ਨਿਰਵੈਰੁ (ਪੂਰਨ ਬਰਾਬਰੀ)
5. ਅਕਾਲ ਮੂਰਤਿ (ਸਦੀਵੀ ਸੁੰਦਰਤਾ)
6. ਅਜੂਨੀ ਸੈਭੰ (ਪੂਰਨ ਸੁਤੰਤਰਤਾ, ਅਧੀਨ ਨਾ ਹੋਣਾ)
7. ਗੁਰ ਪ੍ਰਸਾਦਿ (ਪ੍ਰਕਾਸ਼ ਤੇ ਸਾਊਪਣਾ)

ਸਿੱਖ ਇਨ੍ਹਾਂ ਸੱਤ ਪੱਧੀ ਆਦਰਸ਼ਾ ਉੱਤੇ ਖਰਾ ਉਤਰਦਾ ਹੈ ਅਤੇ ਸੱਚ ਲਈ ਲੜਦਾ ਹੈ। ਯੁੱਧ ਕੇਵਲ ਧਰਮ ਲਈ ਅਧਰਮ ਨੂੰ ਰੋਕਣ ਹਿੱਤ ਕੀਤਾ ਜਾਂਦਾ ਹੈ।

**4.2.2** *ਗੁਰਮਤਿ ਪ੍ਰਕਾਸ਼* ਦੇ ਜਿਲਦ 16, ਅੰਕ 10, ਜਨਵਰੀ 1973 ਮਾਸਿਕ ਪੱਤਰ ਜਿਸ ਦੀ ਸੰਪਾਦਕੀ ਅਜੀਤ ਸਿੰਘ 'ਅੰਬਾਲਵੀ' ਨੇ ਕੀਤੀ ਹੈ। ਇਸ ਵਿਚ ਪ੍ਰੋ: ਗੁਰਦੀਪ ਕੌਰ ਦਾ 4 ਪੰਨਿਆ ਵਿਚ *'ਗੁਰਬਾਣੀ ਵਿਚ ਭੈ ਦਾ ਸੰਕਲਪ'* ਦਰਜ ਹੈ। ਜਿਸ ਵਿਚ ਦੱਸਿਆ ਹੈ ਕਿ ਦੁਨੀਆਂ ਵਿਚ ਅਨੇਕਾਂ ਪ੍ਰਕਾਰ ਦੇ ਡਰ ਤੇ ਵਹਿਮ ਹਨ। ਸਾਰੇ ਡਰਾਂ ਦਾ ਇਕ ਹੀ ਇਲਾਜ ਹੈ, ਉਹ ਹੈ ਸਿਮਰਨ। ਪਿਆਰ ਦਾ ਅਨੁਭਵ ਰੱਬੀ ਸਿਮਰਨ ਰਾਹੀਂ ਕੀਤਾ ਜਾਂਦਾ ਹੈ। ਜਿਸ ਤੋਂ ਰੱਬ ਦੇ ਮਿਲਾਪ ਵਿਚ ਮਨੁੱਖ ਦੇ ਮਨ ਦੀ ਮੈਲ ਕੱਟਦੀ ਹੈ ਅਤੇ ਅਗਿਆਨ ਤੇ ਹੰਕਾਰ ਖ਼ਤਮ ਹੋ ਜਾਂਦੇ ਹਨ। ਭੈ ਇਕ ਨਿਯਮ ਜਾਂ ਹੁਕਮ ਹੈ ਜਿਸ ਵਿਚ ਸਭ ਕੁਝ ਇਕ ਗਤੀ ਵਿਚ ਚਲਦਾ ਹੈ। ਇਸ ਹੁਕਮ ਵਿਚ ਹੀ ਰਹਿਣਾ ਪ੍ਰਾਣੀ ਦਾ ਫਰਜ਼ ਹੈ। ਜਿੰਦਗੀ ਦੀ ਉਸਾਰੀ ਲਈ ਭੈ ਜ਼ਰੂਰੀ ਹੈ।

**4.2.3** *ਗੁਰਮਤਿ ਪ੍ਰਕਾਸ਼* ਦੇ ਜਿਲਦ 16, ਅੰਕ 14, ਮਈ 1973 ਵਿਚ ਪ੍ਰਿੰ. ਪ੍ਰੀਤਮ ਸਿੰਘ ਜਲੰਧਰ ਦਾ ਪੰਨਾ ਨੰ: 9 ਉੱਤੇ '*ਨਿਰਭਉ ਨਿਰਵੈਰ'* ਲੇਖ ਅੰਕਿਤ ਹੈ। ਜਿਸ ਵਿਚ ਤਿੰਨ ਸਿਰਲੇਖ ਬਣਾ ਉਨ੍ਹਾਂ ਦਾ ਵਰਗੀਕਰਨ ਕਰਕੇ ਨਿਰਭਉ ਨਿਰਵੈਰ ਉੱਪਰ ਵਿਚਾਰ ਚਰਚਾ ਕੀਤੀ ਗਈ ਮਿਲਦੀ ਹੈ। ਸਿਰਫ਼ ਦੋ ਕੁ ਵਾਕਾਂ ਵਿਚ ਲੇਖਕ ਨੇ ਆਪਣੀ ਗੱਲ ਕੀਤੀ ਹੈ।

1. **ਪ੍ਰਸਤਾਵ ਤੇ ਵਿਰੋਧ:-** ਇਸ ਵਿਚ ਦੱਸਿਆ ਹੈ ਕਿ ਰੱਬ ਇਕ ਹੈ। ਉਸ ਵਰਗ ਕੋਈ ਨਹੀਂ। ਸਭ ਉਸ ਦੇ ਨਿਯਮ ਵਿਚ ਹੈ। ਫਿਰ ਗੁਰਬਾਣੀ ਦੀਆਂ ਤੁਕਾਂ ਦਿੱਤੀਆਂ ਹਨ।

2. **ਪ੍ਰਸਤਾਵ ਦੇ ਵਿਰੋਧ ਦੀ ਅਣਹੋਂਦ:-** ਇਸ ਵਿਚ ਦੱਸਿਆ ਹੈ ਕਿ ਰੱਬ ਇਕ ਹੈ। ਉਸ ਵਰਗ ਕੋਈ ਨਹੀਂ ਇਸ ਲਈ ਕੋਈ ਵਿਰੋਧ ਵੀ ਨਹੀਂ, ਰੱਬ ਕਿਸੇ ਬਹਿਸਵਾਦ-ਵਿਵਾਦ ਦਾ ਵਿਸ਼ਾ ਨਹੀਂ।

3. **ਸਤਿ:-** ਬ੍ਰਹਿਮੰਡ ਦੀਆ ਚਾਰ ਸਥਿਤੀਆ ਹਨ-:

3.1 **ਮਾਦਾ:-** ਮਨੁੱਖ ਤੇ ਬ੍ਰਹਿਮੰਡ ਨਿਰੇ ਮਾਦਾ ਹਨ,ਇਹ ਭੌਤਿਕ ਵਾਦੀਆਂ ਦਾ ਯਕੀਨ ਹੈ। ਇਸਨੂੰ ਬਣਾਉਣ ਵਾਲਾ ਕੋਈ ਵੀ ਨਹੀਂ। ਰੱਬ ਆਪ ਹੀ ਹੈ।

3.2 **ਮਨ:-** ਮਨ ਵਿਚ ਚੇਤੰਨਤਾ ਹੈ ਅਤੇ ਇਹ ਬ੍ਰਹਿਮੰਡ ਵਿਚ ਵੀ ਹੈ। ਰੱਬ ਪਰਮ ਚੇਤੰਨ ਹੈ। ਮਨੁੱਖੀ ਚੇਤਨਾ ਕੇਵਲ ਬ੍ਰਹਿਮੰਡ ਦਾ ਅੰਸ਼ ਮਾਤਰ ਹੈ।

3.3 **ਬੁੱਧੀ:-** ਮਨੁੱਖੀ ਬੁੱਧੀ ਤਰਕਸ਼ੀਲ ਹੈ। ਬ੍ਰਹਿਮੰਡ ਵਿਚ ਵੀ ਬੁੱਧੀ ਪਾਈ ਜਾਂਦੀ ਹੈ ਜੋ ਉਸ ਦੀ ਤਰਕਸ਼ੀਲ ਤਰਤੀਬ ਹੈ। ਰੱਬ ਪਰਮ ਬੁੱਧੀ ਹੈ। ਇਹ ਦੋਨੋ ਕੇਵਲ ਅੰਸ਼ ਹਨ।

3.4 **ਆਤਮਾ:-** ਬ੍ਰਹਿਮੰਡ ਵਿਚ ਪਰਮ ਆਤਮਾ ਵਿਦਮਾਨ ਹੈ। ਮਨੁੱਖ ਆਤਮਾ ਹੈ। ਪੱਛਮੀ ਫ਼ਲਸਫਾ ਪਹਿਲੀਆਂ ਤਿੰਨ ਤਕ ਸੀਮਿਤ ਹੈ ਪਰ ਪੂਰਬੀ ਚੌਥੀ ਸਥਿਤੀ ਨੂੰ ਨਾਲ ਰਲਾਉਂਦਾ ਹੈ। ਰੱਬ ਦੇ ਨਿਰਭਉ ਨਿਰਵੈਰ ਦਾ ਗੁਣ ਤੀਸਰੀ ਸਥਿਤੀ ਨਾਲ ਹੈ।

4. **ਰੱਬ ਦੇ ਨਿਰਭਉ ਨਿਰਵੈਰ ਹੋਣ ਦਾ ਅੰਦਰੂਨੀ ਭਾਵ :-** ਇਸ ਵਿਚ ਦੱਸਿਆ ਹੈ ਕਿ ਧਰਮ ਸੱਚ ਦੀ ਭਾਲ ਹੈ। ਮਨੁੱਖ ਸੱਚ ਝੂਠ, ਨੇਕੀ ਬਦੀ ਦੇ ਘੋਲ ਵਿਚ, ਆਪਣੇ ਸਹੀ ਆਪੇ ਦੀ ਪਛਾਣ ਕਰਦਾ ਹੈ। ਰੱਬ ਹੀ ਅੰਤਿਮ ਮੇਲ ਹੈ ਜਿਸ ਵਿਚ ਉਨ੍ਹਾਂ ਨੇ ਨਿਰਭਉ ਨੂੰ ਨਾ ਪ੍ਰਸਤਾਵ ਅਤੇ ਨਿਰਵੈਰ ਨੂੰ ਨਾ ਵਿਰੋਧ ਆਖਿਆ ਹੈ। ਉਨ੍ਹਾਂ ਨੇ ਬ੍ਰਹਿਮੰਡ ਦੀਆਂ ਚਾਰ ਸਥਿਤੀਆਂ ਸਤਿ, ਮਨ, ਬੁੱਧੀ, ਅਤੇ ਆਤਮਾ

ਦੀ ਗੱਲ ਕੀਤੀ ਹੈ। ਨਿਰਭਉ ਨਿਰਵੈਰ ਨੂੰ ਤੀਜੀ ਸਥਿਤੀ ਭਾਵ ਪਰਮ ਬੁੱਧੀ ਨਾਲ ਰਲਾਉਂਦੇ ਹੋਏ ਇਸ ਤੋਂ ਖਿਆਲਾਂ ਦੇ ਝਗੜੇ ਨੂੰ ਖ਼ਤਮ ਕਰ ਅੰਤਿਮ ਸਤਿ ਤੱਕ ਪਹੁੰਚਣਾ ਹੀ ਨਿਰਭਉ ਨਿਰਵੈਰ ਹੋਣਾ ਦੱਸਿਆ ਹੈ।

**4.2.4** *ਗੁਰਮਤਿ ਪ੍ਰਕਾਸ਼* ਜਿਲਦ 38, ਅੰਕ 9, ਦਸੰਬਰ 1994 ਰੂਪ ਸਿੰਘ ਦੀ ਸੰਪਾਦਕੀ ਹੇਠ ਗੁਰਬਖ਼ਸ਼ ਸਿੰਘ ਅਨੰਦਪੁਰੀ ਦੇ *'ਹਮ ਸਭਨਾ ਕੇ ਸਾਜਨ'* ਸਿਰਲੇਖ ਪੰਨੇ ਨੰ: 35 ਉੱਤੇ ਦਰਜ ਹੈ। ਇਸ ਵਿਚ ਚੰਗੇ ਗੁਣ ਗ੍ਰਹਿਣ ਕਰ ਗੁਰਮੁਖ ਜਨ ਬਣਨ ਦੀ ਤਾਕੀਦ ਕੀਤੀ ਹੈ ਤਾਂ ਜੋ ਸਮਾਜ ਵਿਚ ਭਾਈਚਾਰਾ ਰਹੇ ਅਤੇ ਪਦਾਰਥਵਾਦੀ ਸੋਚ ਹਟ ਕੇ ਮਨੁੱਖਤਾ ਦੀ ਭਾਵਨਾ ਪੈਦਾ ਹੋ ਸਕੇ। ਇਸ ਵਿਚ ਦੱਸਿਆ ਹੈ ਕਿ ਗੁਰਬਾਣੀ ਵਿਚ ਸਾਜਨ ਦੇ ਬਹੁਪੱਖੀ ਵਿਸ਼ੇਸ਼ ਵਿਅਕਤੀਤਵ ਨੂੰ ਨਿਰੂਪਣ ਗੁਰਮੁਖ, ਸੱਜਣ, ਸਿੱਖ, ਸਿੱਖੜਾ, ਸਖਾ, ਸੰਤ, ਭਾਈ, ਮੀਤ, ਮਿੱਤਰ, ਜਾਨੀਅੜਾ ਆਦਿ ਸ਼ਬਦ ਵਰਤੇ ਹਨ। ਇਨ੍ਹਾਂ ਸਬਦਾਂ ਦੇ ਅਰਥ ਦਸਦੇ ਹੋਏ ਗੁਰਬਾਣੀ ਦੀਆਂ ਤੁਕਾਂ ਦੇ ਕੇ ਵੈਰ ਭਾਵ ਨੂੰ ਖ਼ਤਮ ਕਰਨ ਦੀ ਗੱਲ ਕੀਤੀ ਗਈ ਹੈ। ਗੁਰੂ ਸਾਹਿਬ ਮਨੁੱਖ ਨੂੰ ਵੰਡ ਵਰਗ, ਜਾਤ ਪਾਤ, ਰੰਗ, ਨਸਲ ਆਦਿ ਵਿਤਕਰੇ ਛੱਡ ਕੇ ਸੱਜਣ ਬਣਨ ਦੀ ਤਾਕੀਦ ਦਿੰਦੇ ਹਨ। ਇਸ ਵਿਚ ਸੱਜਣ ਬਣ ਪਦਾਰਥਵਾਦੀ ਸੋਚ ਨੂੰ ਖ਼ਤਮ ਕਰ, ਭਾਈ ਘਨ੍ਹਈਆ ਜੀ ਦੇ ਵਾਗੂੰ ਵਿਚਰਨ ਦਾ ਸੁਝਾਅ ਦਿੱਤਾ ਹੈ।

**4.2.5** *ਗੁਰਮਤਿ ਪ੍ਰਕਾਸ਼* ਦੇ ਜਿਲਦ 52, ਅੰਕ 10, ਜਨਵਰੀ 2009, ਸਿਮਰਜੀਤ ਸਿੰਘ ਦੀ ਸੰਪਾਦਕੀ ਹੇਠ ਪ੍ਰਿ. ਸਤਿਨਾਮ ਸਿੰਘ ਦਾ *'ਨਿਰਮਲ ਭਉ'* ਸਿਰਲੇਖ ਹੇਠ ਪੰਨਾ ਨੰ: 77 ਉੱਤੇ ਪਰਚਾ ਛਪਿਆ ਮਿਲਦਾ ਹੈ। ਇਸ ਵਿਚ ਉਨ੍ਹਾਂ ਦੱਸਿਆ ਹੈ ਕਿ ਭੈ ਭਗਤੀ ਲਈ ਜ਼ਰੂਰੀ ਹੈ। ਰੱਬ ਦੇ ਡਰ ਨਾਲ ਮਨੁੱਖ ਪਾਪ ਕਰਨ ਤੋਂ ਡਰਦਾ ਹੈ ਅਤੇ ਸੱਭਿਅਕ ਬਣਦਾ ਹੈ। ਉਹ ਨਿਰਮਲ ਭਉ ਨੂੰ ਮਨ ਵਿਚ ਵਸਾ ਕੇ ਹੀ ਨਿਰਭਉ ਹੁੰਦਾ ਹੈ। ਜਿਸ ਵਿਚ ਉਨ੍ਹਾਂ ਨੇ ਭਗਤੀ ਲਈ ਨਿਰਮਲ ਭਉ ਦੀ ਮਹੱਤਤਾ ਨੂੰ ਉਜਾਗਰ ਕੀਤਾ ਹੈ। ਭਗਤੀ ਕਰਨ ਲਈ ਅਤੇ ਅਧਰਮ ਦੇ ਨਾਸ਼ ਲਈ ਰੱਬ ਦਾ ਨਿਰਮਲ ਭਉ ਬਹੁਤ ਹੀ ਜ਼ਰੂਰੀ ਹੈ।

ਉਪਰੋਕਤ ਖੋਜ ਸਰਵੇਖਣ ਤੋਂ ਬਾਦ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰੂ ਸਾਹਿਬ ਨੇ ਮੂਲ ਮੰਤਰ ਵਿਚ ਨਿਰਭਉ ਨਿਰਵੈਰ ਸ਼ਬਦਾਂ ਨੂੰ ਇਸ਼ਟ ਦੇ ਸਰੂਪ ਵਜੋਂ ਵਰਤਿਆ ਹੈ, ਇਹ ਆਪਣੇ ਆਪ ਵਿਚ ਹੀ

ਗਹਿਨ ਖੋਜ ਦਾ ਹਿੱਸਾ ਹੈ। ਇਸ ਸੰਬੰਧੀ ਜਾਣਕਾਰੀ ਬਹੁਤ ਘੱਟ ਮਿਲਦੀ ਹੈ ਅਤੇ ਜੇਕਰ ਮਿਲਦੀ ਵੀ ਹੈ ਤਾਂ ਜਿਆਦਾਤਰ ਪੁਸਤਕਾਂ ਵਿਚੋਂ ਕੋਸ਼ਾਂ ਦੇ ਸ਼ਬਦੀ ਅਰਥ ਹੀ ਸ਼ਾਮਿਲ ਹਨ। ਕਿਤੇ-ਕਿਤੇ ਕੇਵਲ ਦੋ ਵਾਕਾਂ ਵਿਚ ਹੀ ਇਨ੍ਹਾਂ ਗੁਣਾਂ ਦੀ ਗੱਲ ਕੀਤੀ ਗਈ ਹੈ। ਅਗਲੇ ਅਧਿਆਇ ਵਿਚ ਅਸੀਂ ਨਿਰਭਉ ਨਿਰਵੈਰ ਦੇ ਕੋਸ਼ਾਂ, ਟੀਕੇ ਅਤੇ ਪੁਸਤਕਾਂ ਵਿਚਲੇ ਅਰਥਾਂ ਨੂੰ ਵਾਚਣ ਦਾ ਯਤਨ ਕਰਾਂਗੇ। ਇਸ ਨਾਲ ਹੀ ਹੋਰਨਾਂ ਧਰਮਾਂ ਵਿਚਲੇ ਇਸ ਦੇ ਸਰੂਪ ਦਾ ਵੀ ਮੁਲਾਂਕਣ ਕਰਾਂਗੇ।

# ਅਧਿਆਇ ਦੂਜਾ

# ਨਿਰਭਉ ਨਿਰਵੈਰ : ਅਰਥ, ਪਰਿਭਾਸ਼ਾ ਅਤੇ ਸਰੂਪ

ਮੁੱਢ ਤੋਂ ਹੀ ਧਰਮ ਦਾ ਜੀਵਨ ਨਾਲ ਅਨਿਖੜਵਾ ਸੰਬੰਧ ਰਿਹਾ ਹੈ। ਮਨੁੱਖ ਸਮਾਜਿਕ ਪ੍ਰਾਣੀ ਹੈ ਜਿਸ ਕਰਕੇ ਮਨੁੱਖ, ਧਰਮ ਅਤੇ ਸਮਾਜ ਦਾ ਆਪਸੀ ਰਿਸ਼ਤਾ ਬਹੁਤ ਗੂੜ੍ਹ ਹੈ। ਇਨ੍ਹਾਂ ਨੂੰ ਇਕ ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਪਾਲ ਟਿਲਚ ਨੇ ਕਿਹਾ ਹੈ ਕਿ ਧਰਮ ਮਨੁੱਖ ਦਾ ਬੁਨਿਆਦੀ ਸਰੋਕਾਰ ਹੈ।[1] ਮਨੁੱਖ ਧਰਮ ਤੋਂ ਚੰਗੇ ਗੁਣ ਸਿੱਖ, ਸਚਿਆਰ ਬਣਦਾ ਹੈ ਅਤੇ ਫਿਰ ਸਮਾਜ ਵਿਚ ਇਨ੍ਹਾਂ ਗੁਣਾਂ ਦਾ ਪ੍ਰਸਾਰ ਕਰਦਾ ਹੈ। ਪ੍ਰਾਚੀਨ ਸਮੇਂ ਵਿਚ ਮਨੁੱਖ ਗੈਬੀ ਸ਼ਕਤੀ ਵਿਚ ਵਿਸ਼ਵਾਸ ਰੱਖਦਾ ਸੀ। ਇਸ ਤਰ੍ਹਾਂ ਮਨੁੱਖ ਕੁਦਰਤ ਵਿਚ ਰਹਿੰਦਾ ਹੋਇਆ ਡਰ ਦੀ ਭਾਵਨਾ ਨਾਲ ਭਰਪੂਰ ਸੀ। ਈ. ਬੀ. ਟਾਈਲਰ ਅਨੁਸਾਰ ਪਹਿਲਾਂ ਮਨੁੱਖ ਆਤਮਾਵਾਂ ਵਿਚ ਵਿਸ਼ਵਾਸ ਰੱਖਦਾ ਅਤੇ ਕਰੋਪੀਆਂ ਤੋਂ ਬਚਣ ਲਈ ਪੂਜਾ ਕਰਦਾ, ਫਿਰ ਉਹ ਦੇਵਤਿਆਂ ਵਿਚ ਵਿਸ਼ਵਾਸ ਕਰਨ ਲੱਗਾ। ਉਨ੍ਹਾਂ ਦੀ ਕਰੋਪੀ ਤੋਂ ਬਚਣ ਅਤੇ ਖੁਸ਼ੀ ਲੈਣ ਲਈ ਪੂਜਾ ਕਰਨ ਲੱਗਾ, ਅੰਤ ਫਿਰ 'ਮਾਨਾ' ਵਿਚ ਵਿਸ਼ਵਾਸ ਕਰਕੇ ਇਕ ਸ਼ਕਤੀ ਅਧੀਨ ਹੋ ਗਿਆ। ਇਹ ਕੇਵਲ ਉਸ ਦਾ ਡਰ ਹੀ ਸੀ ਜਿਸ ਨੇ ਮਾਨਾ ਨੂੰ ਜਨਮ ਦਿੱਤਾ। ਕੁਦਰਤੀ ਕਰੋਪੀਆਂ ਅਤੇ ਸ਼ਕਤੀਆਂ ਵਿਚ ਉਹ ਭੈਅ ਕਾਰਨ ਵਿਸ਼ਵਾਸ਼ ਕਰਦਾ ਸੀ। ਮਨੁੱਖੀ ਮਨ ਵਿਚਲੇ ਡਰ ਨੇ ਹੀ ਉਸ ਨੂੰ ਦੇਵਵਾਦ, ਬਹੁਦੇਵਵਾਦ ਅਤੇ ਇਕ ਈਸ਼ਵਰਵਾਦ ਦੀ ਰਚਨਾ ਲਈ ਉਤਸ਼ਾਹਿਤ ਕੀਤਾ।[2] ਮਿਸ ਕਿੰਗਸਲੇ ਨੇ ਜੜ੍ਹ ਵਸਤੂਆਂ ਨਾਲ ਸੰਬੰਧਿਤ ਡਰ, ਵਿਸ਼ਵਾਸ ਰੱਖਣ ਬਾਰੇ ਆਪਣੇ ਨਿਰਣੇ ਦਿੱਤੇ ਹਨ ।[3] ਟੈਬੂ ਅਤੇ ਟੋਟਮ ਦੀ ਉਤਪਤੀ ਵੀ ਇਸ ਤਰ੍ਹਾਂ ਹੀ ਕਬੀਲੇ ਵਿਚ ਰਹਿੰਦੇ ਮਨੁੱਖਾਂ ਦੁਆਰਾ ਆਪਣੀਆਂ ਸੀਮਾਵਾਂ ਨਿਰਧਾਰਿਤ ਕਰਨ ਸਮੇਂ ਹੋਈ, ਪੱਛਮੀ ਵਿਦਵਾਨਾਂ ਦੇ ਇਨ੍ਹਾਂ ਵਿਚਾਰਾਂ ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਹ ਮੰਨਦੇ ਹਨ ਧਰਮ ਦੀ ਉਤਪਤੀ ਡਰ ਵਿਚੋਂ ਹੌਲੀ–ਹੌਲੀ ਹੋਈ। ਮਨੁੱਖੀ ਸੱਭਿਅਤਾ ਦੇ ਵਿਕਾਸ ਨਾਲ ਆਪਣੀ ਹੋਂਦ ਦੀ ਰੱਖਿਆ ਨੇ ਵੈਰ ਨੂੰ ਜਨਮ ਦਿੱਤਾ। ਇਸ ਵੈਰ ਦੇ ਚੱਲਦੇ ਹੋਏ ਜਾਦੂ ਅਤੇ ਵਹਿਮਾਂ ਭਰਮਾਂ ਦਾ ਜਨਮ ਹੋਇਆ।[4] ਇਸ ਤਰ੍ਹਾਂ ਡਰ ਅਤੇ ਵੈਰ ਦੀ ਭਾਵਨਾ ਮਨੁੱਖ ਵਿਚ ਸ਼ੁਰੂ ਤੋਂ ਹੀ ਮੌਜੂਦ ਸੀ।

ਭੈ ਤੋਂ ਭਾਵ ਸੰਸਕ੍ਰਿਤ ਵਿਚ ਭਯ, ਪੰਜਾਬੀ ਵਿਚ ਭੈ, ਭਯ, ਭਉ, ਡਰ, ਖੌਫ਼ ।[5] ਵੈਰ ਤੋਂ ਭਾਵ ਵਿਰੋਧ, ਦ੍ਵੈਸ਼, ਦੁਸ਼ਮਣੀ।[6] ਭਉ ਸ਼ਬਦ ਦਾ ਅਰਥ ਹੈ ਡਰ, ਭੈਅ ਦੀ ਭਾਵਨਾ ਦਾ ਹੋਣਾ। ਮਨੋਵਿਗਿਆਨ ਅਨੁਸਾਰ ਬੱਚਾ ਮਾਂ ਦੇ ਪੇਟ ਵਿਚੋਂ ਹੀ ਮਾਂ ਦੇ ਡਰ ਨੂੰ ਗ੍ਰਹਿਣ ਕਰਦਾ ਹੈ। ਡਰ ਮਨੁੱਖ ਵਿਚ ਬਚਪਨ ਤੋਂ ਹੀ ਪੈਦਾ ਹੋ ਜਾਂਦਾ ਹੈ। ਛੋਟਾ ਜਿਹਾ ਬੱਚਾ ਵੀ ਡਰ ਜਾਂਦਾ ਹੈ। ਇਸ ਤਰ੍ਹਾਂ ਡਰ ਮਨੁੱਖ ਦੀ ਮੂਲ ਪ੍ਰਵਿਰਤੀ ਹੈ ਅਤੇ ਮਨੁੱਖ ਦੇ ਵਿਕਾਸ ਦੇ ਨਾਲ-ਨਾਲ ਉਸ ਵਿਚ ਵਿਕਸਿਤ ਹੁੰਦਾ ਰਹਿੰਦਾ ਹੈ। ਡਰ ਦੀ ਭਾਵਨਾ ਜੀਵਨ ਦੇ ਸਾਰੇ ਪੜਾਵਾਂ ਵਿਚ ਸ਼ਾਮਿਲ ਹੁੰਦੀ ਹੈ। ਬੱਚੇ, ਨੌਜਵਾਨ ਜਾਂ ਬਜ਼ੁਰਗ ਹਰੇਕ ਅਵਸਥਾ ਦੇ ਆਪਣੇ-ਆਪਣੇ ਡਰ ਹੁੰਦੇ ਹਨ। ਡਰ ਦੀ ਭਾਵਨਾ ਕੇਵਲ ਮਨੁੱਖਾਂ ਵਿਚ ਹੀ ਨਹੀਂ ਬਲਕਿ ਪਸ਼ੂ ਪੰਛੀਆਂ ਤੇ ਜਾਨਵਰਾਂ ਵਿਚ ਵੀ ਮੌਜੂਦ ਹੁੰਦੀ ਹੈ।

ਲਾਇਡ ਮੋਰਗਾਨ ਨੇ ਪਸ਼ੂ ਵਿਗਿਆਨ ਦੇ ਵਿਸ਼ੇਸ਼ ਅਧਿਐਨ ਤੇ ਨਿਰਣਾ ਦਿੱਤਾ ਹੈ ਕਿ ਅੰਡੇ ਵਿਚੋਂ ਨਿਕਲਦਾ ਪਰਿੰਦਾ (ਬੱਚਾ) ਮਾਂ ਦੀ ਖਤਰੇ ਦੀ ਚਿਤਾਵਨੀ ਮਿਲਣ ਤੇ ਬੋਲਣਾ ਬੰਦ ਕਰ ਦਿੰਦਾ ਹੈ।[7] ਇਸ ਤਰ੍ਹਾਂ ਡਰ ਦੀ ਭਾਵਨਾ ਸਰਬ ਵਿਆਪਕ ਹੈ। ਜੇ. ਐਲ. ਮੈਕਨਾਟਾਇਰ ਅਨੁਸਾਰ ਡਰ ਕਿਸੇ ਵਿਅਕਤੀ ਦਾ ਨਿਜੀ ਅਨੁਭਵ ਨਹੀਂ ਹੁੰਦੇ ਸਗੋਂ ਬਜ਼ੁਰਗ ਪਿਤਾ-ਪਿਤਾਮਿਆਂ ਦੇ ਅਨੁਭਵ ਹੁੰਦੇ ਹਨ।[8] ਡਰ ਦੀ ਭਾਵਨਾ ਸਰੀਰ ਅਤੇ ਮਨ ਤੇ ਬਹੁਤ ਵੱਡਾ ਅਸਰ ਕਰਦੀ ਹੈ। ਜਿਸ ਵਿਚ ਸਰੀਰ ਦੀਆਂ ਨਾੜੀਆਂ ਸੁਕੜ ਜਾਂਦੀਆਂ ਹਨ, ਤਾਪਮਾਨ ਘੱਟ ਜਾਂਦਾ ਹੈ, ਸਾਹ-ਪ੍ਰਣਾਲੀ ਆਂਦਰਾਂ ਅਤੇ ਪਠਿਆਂ ਉੱਤੇ ਬਹੁਤ ਬੁਰਾ ਅਸਰ ਹੋਣਾ, ਦਿਮਾਗੀ ਸ਼ਕਤੀ ਘੱਟ ਹੋਣਾ ਆਦਿ ਸਰੀਰਕ ਨਿਸ਼ਾਨੀਆਂ ਦੇਖੀਆਂ ਜਾ ਸਕਦੀਆਂ ਹਨ।[9] ਜੀ. ਸਟੈਨਲੇ ਹਾਲ ਨੇ ਡਰ ਬਾਰੇ ਅਧਿਐਨ ਕਰਕੇ ਇਹੀ ਨਿਰਣਾ ਦਿੱਤਾ ਕਿ ਹਵਾ, ਪਾਣੀ, ਅੱਗ, ਅਨ੍ਹੇਰਾ, ਇਕੱਲ, ਓਪਰੇ ਮਨੁੱਖ, ਜਾਨਵਰ ਆਦਿ ਸਭ ਡਰ ਪੁਰਾਤਨ ਬਜ਼ੁਰਗਾਂ ਤੋਂ ਪ੍ਰਾਪਤ ਹੋਏ ਵਿਰਸੇ ਵਿਚ ਮਿਲੇ ਡਰ ਹਨ।[10]

ਡਰ ਮਨੁੱਖ ਦੇ ਧਾਰਮਿਕ ਅਤੇ ਸਮਾਜਿਕ ਖੇਤਰ ਤੋਂ ਇਲਾਵਾ ਰਾਜਨੀਤਿਕ ਖੇਤਰ ਵਿਚ ਵੀ ਦੇਖਣ ਨੂੰ ਮਿਲਦਾ ਹੈ। ਕੋਟੱਲਿਆ ਦੇ ਅਰਥ ਸ਼ਾਸ਼ਤਰ ਵਿਚ ਬਾਦਸ਼ਾਹਾਂ ਵਿਰੁੱਧ ਸਾਜਸ਼ਾਂ, ਵਿਦਰੋਹਾਂ ਤੇ ਹਮਲਿਆਂ ਦੇ ਡਰ ਬਾਰੇ ਲਿਖਿਆ ਹੈ।[11] ਦੇਸ਼ਾਂ ਵਿਚਲੀ ਆਪਸੀ ਲੜਾਈ ਤੋਂ ਲੋਕਾਂ ਵਿਚ ਡਰ ਆਮ ਦੇਖਣ ਨੂੰ ਮਿਲਦਾ ਹੈ। ਡਰ ਮਨੁੱਖ ਦੀ ਮਾਨਸਿਕ ਪ੍ਰਵਿਰਤੀ ਦਾ ਅੰਗ ਹੈ। ਨੇਪੋਲੀਅਨ ਹਿੱਲ ਅਨੁਸਾਰ ਕਿਸੇ ਵੀ ਚੀਜ ਤੋਂ ਡਰਨ ਵਾਲੇ ਨੂੰ ਸੁਤੰਤਰ ਨਹੀਂ ਕਿਹਾ ਜਾ ਸਕਦਾ। ਡਰ ਬੁਰਾਈ ਦਾ ਦੂਤ ਹੈ। ਇਹ ਜਿਥੇ ਹੋਵੇਗਾ, ਉਥੇ

ਕੋਈ ਨਾ ਕੋਈ ਅਜਿਹੀ ਬੁਰੀ ਚੀਜ਼ ਜ਼ਰੂਰ ਹੋਵੇਗੀ, ਜਿਸ ਨੂੰ ਹਟਾਉਣ ਪਿੱਛੋਂ ਹੀ ਅਸੀਂ ਸੱਚ-ਮੁੱਚ ਦੌਲਤਮੰਦ ਬਣ ਸਕਦੇ ਹਾਂ। ਸਾਡੇ ਦਿਮਾਗ ਵਿੱਚ ਇਹ ਸੱਤ ਮੁੱਢਲੇ ਡਰ ਹੁੰਦੇ ਹਨ[12] :

1. ਗਰੀਬੀ ਦਾ ਡਰ।
2. ਆਲੋਚਨਾ ਦਾ ਡਰ।
3. ਬਿਮਾਰੀ ਦਾ ਡਰ।
4. ਪ੍ਰੇਮ ਖ਼ਤਮ ਹੋਣ ਦਾ ਡਰ।
5. ਸੁਤੰਤਰਤਾ ਖੋ ਜਾਣ ਦਾ ਡਰ।
6. ਬੁਢਾਪੇ ਦਾ ਡਰ।
7. ਮੌਤ ਦਾ ਡਰ।

ਕਈ ਵਾਰ ਡਰ ਦੇ ਕਾਰਨ ਹੀ ਮਨੁੱਖ ਕੰਬਦੇ ਅੰਗ ਤੇ ਧੜਕਦੇ ਦਿਲਾਂ ਨਾਲ ਮੈਦਾਨ ਦੇ ਜੰਗ ਵਿਚ ਲੜਦੇ ਦੇਖੇ ਗਏ। ਉਨ੍ਹਾਂ ਨੇ ਮੌਤ ਦੇ ਡਰ ਕਾਰਨ ਕਾਂਬੇ ਨਾਲ ਆਪਣੇ ਕਾਰਨਾਮੇ ਤੇ ਕੁਰਬਾਨੀਆਂ ਦੇ ਕੇ ਕੰਮ ਸਿਰੇ-ਚਾੜ੍ਹੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਇਹ ਨਿਰਭਉ ਦੀ ਸਥਿਤੀ ਨਹੀਂ ਬਲਕਿ ਡਰ ਤੋਂ ਉਪਜੀ ਹੋਈ ਮਾਨਸਿਕ ਚਿੰਤਾ ਹੈ। ਮਨੁੱਖ ਦੀ ਇਹ ਚਿੰਤਾ ਜੋ ਡਰ ਤੋਂ ਉਤਪੰਨ ਹੁੰਦੀ ਹੈ, ਉਸ ਦੀ ਸਰੀਰਕ ਬਣਤਰ ਤੋਂ ਇਸ ਦਾ ਅੰਦਾਜਾ ਲਗਾਇਆ ਜਾ ਸਕਦਾ ਹੈ।

ਡਰ ਦੀ ਤਰ੍ਹਾਂ ਵੈਰ ਵੀ ਮਨੁੱਖੀ ਮਾਨਸਿਕ ਪ੍ਰਵਿਰਤੀ ਹੈ। 'ਵੈਰ' ਸ਼ਬਦ ਦੇ ਅਰਥ ਸਮੇਂ ਅਨੁਸਾਰ ਬਦਲਦੇ ਗਏ ਹਨ। ਵੈਰ, ਘ੍ਰਿਣਾ, ਦੁਸ਼ਮਣੀ, ਨਫ਼ਰਤ, ਈਰਖਾ, ਇਹ ਅਜੋਕੇ ਅਰਥ ਹਨ ਪਰ ਪੁਰਾਤਨ ਸਮੇਂ ਵਿਚ 'ਓਪਰਾ' ਆਦਮੀ ਹੀ ਵੈਰੀ ਸਮਝਿਆ ਜਾਂਦਾ ਸੀ। ਸਮਾਜ ਵਿਚਲੇ ਹਰੇਕ ਪੱਖ ਵਿਚ ਸਾਨੂੰ ਵੈਰ ਦੇਖਣ ਨੂੰ ਮਿਲਦਾ ਹੈ ਚਾਹੇ ਉਹ ਪੱਖ ਆਰਥਿਕ, ਸਮਾਜਿਕ, ਧਾਰਮਿਕ ਜਾਂ ਫਿਰ ਰਾਜਨੀਤਿਕ ਹੀ ਕਿਉਂ ਨਾ ਹੋਵੇ। ਭਾਰਤ ਵਿਚ ਵਿਦੇਸ਼ੀਆਂ ਨੂੰ 'ਮਲੇਛ' ਕਹਿਣਾ ਵੈਰ ਦੀ ਭਾਵਨਾ ਦਾ ਸੂਚਕ ਹੈ। ਡਰ ਅਤੇ ਵੈਰ ਇਹ ਦੋਵੇਂ ਆਪਸੀ ਨਿਕਟਵਰਤੀ ਸੰਬੰਧ ਰੱਖਣ ਵਾਲੀਆਂ ਮਨੁੱਖੀ ਪ੍ਰਵਿਰਤੀਆਂ ਹਨ। ਜੇ ਭਉ ਨਹੀਂ ਤਾਂ ਵੈਰ ਨਹੀਂ ਹੁੰਦਾ। ਇਸੇ ਤਰ੍ਹਾਂ ਜੇ ਵੈਰ ਨਹੀਂ ਤਾਂ ਭਉ ਪੈਦਾ ਨਹੀਂ ਹੋ ਸਕਦਾ।[13] ਜਸਵੰਤ ਸਿੰਘ ਨੇਕੀ ਅਨੁਸਾਰ ਅਹਿਖਰਵਾਦ ਤੇ ਈਰਖਾ ਦੋਵੇਂ ਮੰਦਭਾਵੀ ਮਨੁੱਖੀ ਭਾਵਨਾਵਾਂ ਹਨ। ਦੋਵੇਂ ਅਸਲੋਂ ਖ਼ੁਦਗਰਜ਼ੀ ਤੇ ਕੁਨੀਤੀ

ਨਾਲ ਭਰੀਆਂ ਹੁੰਦੀਆਂ ਹਨ। ਈਰਖਾ ਤੋਂ ਹੀ ਵੈਰ ਉਤਪੰਨ ਹੁੰਦਾ ਹੈ ਅਤੇ ਮਨੁੱਖ ਦੂਸਰੇ ਦਾ ਨੁਕਸਾਨ ਦੇਖ ਕੇ ਖੁਸ਼ ਹੁੰਦਾ ਹੈ।[14]

ਸਭ ਤੋਂ ਵੱਧ ਭਿਆਨਕ ਰਾਜਨੀਤਿਕ ਵੈਰ ਹੁੰਦਾ ਹੈ। ਦੇਸ਼ਾਂ ਦੇ ਦੂਸਰੇ ਦੇਸ਼ਾਂ ਤੋਂ ਉਪਜਦੇ ਡਰ, ਵੈਰ ਨੂੰ ਉਤਪੰਨ ਕਰਦੇ ਹਨ। ਉਹ ਹੋਰ ਜਿਆਦਾ ਸ਼ਕਤੀਸਾਲੀ ਹੋਣ ਦੀ ਹੋੜ ਵਿਚ ਬਾਰੂਦ, ਐਟਮੀਂ ਬੰਬ ਆਦਿ ਤੇ ਹੋਰ ਹਥਿਆਰ ਬਣਾਉਂਦੇ ਹਨ। ਵਿਸ਼ਵ ਦੇ ਦੋ ਮਹਾਂ ਯੁੱਧ ਵੈਰ ਦਾ ਹੀ ਕਾਰਨ ਸਨ। ਇਸ ਤਬਾਹੀ ਨੂੰ ਦੇਖ ਕੇ ਬੁਰਟੋਨ ਨੂੰ ਇਹ ਕਹਿਣਾ ਪਿਆ ਕਿ ਮਨੁੱਖ ਹੀ ਮਨੁੱਖ ਦਾ ਸਭ ਤੋਂ ਵੱਡਾ ਵੈਰੀ ਹੈ ਹੋਰ ਕੋਈ ਨਹੀਂ।[15] ਸਮਾਜ ਵਿਚ ਫੈਲੀ ਜਾਤ-ਪਾਤ ਦੇ ਅਭਿਮਾਨ ਤੋਂ ਮਨੁੱਖਤਾ ਵਿਚ ਆਪਸੀ ਵੈਰ ਦੀ ਭਾਵਨਾ ਪੈਦਾ ਹੁੰਦੀ ਹੈ। ਸਮਾਜ ਵਿਚ ਅਮੀਰੀ-ਗਰੀਬੀ ਦਾ ਫਰਕ ਦਿਨ-ਪ੍ਰਤੀਦਿਨ ਵਧ ਰਿਹਾ ਹੈ। ਅਮੀਰ ਹੋਣ ਦੀ ਹੋੜ ਵਿਚ ਮਨੁੱਖ ਨਿਰੰਤਰ ਯਤਨ ਕਰ ਰਿਹਾ ਹੈ। ਗਰੀਬ ਆਪਣੀਆਂ ਨਿਜੀ ਦੈਨਿਕ ਜ਼ਰੂਰਤਾਂ ਦੀ ਪੂਰਤੀ ਕਰਨ ਤੋਂ ਵੀ ਅਸਮਰਥ ਹੈ ਜਿਸ ਨਾਲ ਸਮਾਜ ਵਿਚ ਭੇਦ-ਭਾਵ ਦੀ ਪ੍ਰਵਿਰਤੀ ਵਧਦੀ ਜਾ ਰਹੀ ਹੈ। ਇਹ ਪ੍ਰਵਿਰਤੀ ਵੈਰ ਅਤੇ ਭੈ ਨੂੰ ਜਨਮ ਦਿੰਦੀ ਹੈ। ਮਨੁੱਖ ਨਿਰੰਤਰ ਕਾਰਜਸ਼ੀਲ ਹੈ। ਕਾਰਜਸ਼ੀਲਤਾ ਜ਼ਰੂਰੀ ਹੈ ਪਰ ਇਹ ਉਸ ਹੱਦ ਤਕ ਹੀ ਜ਼ਰੂਰੀ ਹੈ ਜਦ ਤੱਕ ਇਕ ਮਨੁੱਖ ਦੂਜੇ ਮਨੁੱਖ ਦੇ ਹੱਕਾਂ ਅਤੇ ਅਧਿਕਾਰਾਂ ਦਾ ਖਿਆਲ ਰੱਖਦੇ ਹੋਏ ਅੱਗੇ ਵਧੇ।

ਅਨੇਕਾਂ ਭਾਂਤੀ ਦੇ ਡਰ ਅਤੇ ਵੈਰ ਨੇ ਮਨੁੱਖੀ ਮਨ ਨੂੰ ਕਾਇਰ ਬਣਾ ਦਿੱਤਾ ਹੈ। ਮਨੁੱਖਤਾ ਵਿਚ ਆਪਸੀ ਮਿਲਵਰਤਨ, ਭਾਈਚਾਰਾ ਅਤੇ ਪ੍ਰੇਮ ਨੂੰ ਪੈਦਾ ਕਰਨ ਲਈ ਮਨ ਦੀਆਂ ਡਰ ਅਤੇ ਵੈਰ ਰੂਪੀ ਮਨੋ ਵਿਰਤੀਆਂ ਨੂੰ ਖ਼ਤਮ ਕਰਨਾ ਬਹੁਤ ਜ਼ਰੂਰੀ ਹੈ। ਇਸ ਲਈ ਸਾਰੀ ਮਨੁੱਖਤਾ ਨੂੰ ਗੁਰਮਤਿ ਦਾ ਨਿਰਭਉ ਨਿਰਵੈਰ ਸੰਕਲਪ ਬਹੁਤ ਵੱਡੀ ਦੇਣ ਹੈ। ਜਿਸ ਨਾਲ ਮਨੁੱਖੀ ਮਨ ਡਰ ਤੋਂ ਸੁਤੰਤਰ ਹੋ ਕੇ ਸਮਾਜ ਵਿਚ ਵਿਚਰਦਾ ਹੋਇਆ ਨਿਰਭਉ ਹੋ ਜਾਂਦਾ ਹੈ ਅਤੇ ਵੈਰ ਦੀ ਭਾਵਨਾ ਤੋਂ ਮੁਕਤ ਹੋ ਕੇ ਨਿਰਵੈਰਤਾ ਨਾਲ ਪਰਉਪਕਾਰ ਕਰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਭਉ ਨਿਰਵੈਰ ਨੂੰ ਅਕਾਲ ਪੁਰਖ ਦੇ ਗੁਣਾਂ ਵਜੋਂ ਵਰਤਿਆ ਗਿਆ ਹੈ।

**ਨਿਰਭਉ ਨਿਰਵੈਰੁ ਦੇ ਸ਼ਾਬਦਿਕ ਅਰਥ :-** ਸੰਸਕ੍ਰਿਤ ਦੇ 'ਨਿਰਭਯ' ਦਾ ਪੰਜਾਬੀ ਰੂਪ 'ਨਿਰਭਉ' ਹੈ। ਭਾਈ ਵੀਰ ਸਿੰਘ ਅਨੁਸਾਰ ਸੰਸਕ੍ਰਿਤ ਦਾ 'ਭੈ' ਪ੍ਰਾਕ੍ਰਿਤ ਵਿਚ 'ਭਉ' ਹੋ ਜਾਂਦਾ ਹੈ ਅਤੇ ਪੰਜਾਬੀ ਵਿਚ

'ਭੈ' ਅਤੇ 'ਭਉ' ਦੋਵੇਂ ਵਰਤੇ ਜਾਂਦੇ ਹਨ। 'ਭਉ' ਸ਼ਬਦ ਸੰਸਕ੍ਰਿਤ ਦੇ 'ਭਯ' ਸ਼ਬਦ ਦਾ ਹੀ ਪਰਾਕ੍ਰਿਤਕ ਰੂਪ ਹੈ।[16] ਗੁਰਬਾਣੀ ਵਿਚ ਗੁਰੂ ਨਾਨਕ ਦੇਵ ਜੀ ਨੇ 'ਭਯ' ਤੇ 'ਭਉ' ਦੋਵੇਂ ਹੀ ਸ਼ਬਦ ਵਰਤੇ ਹਨ। ਨਿਰਵੈਰ ਸ਼ਬਦ ਦੋ ਸ਼ਬਦਾਂ ਤੋਂ ਬਣਿਆ ਹੈ ਨਿਰ+ਵੈਰ।[17] ਗੁਰਬਾਣੀ ਸੰਬੰਧੀ ਲਿਖਣ ਵਾਲੇ ਬਹੁਤ ਸਾਰੇ ਵਿਦਵਾਨਾਂ ਨੇ ਨਿਰਭਉ ਦੇ ਅਰਥ ਡਰ ਰਹਿਤ, ਬੇਖੌਫ਼, ਨਿਡਰ, ਬੇਪਰਵਾਹ ਆਦਿ ਅਤੇ ਨਿਰਵੈਰ ਤੋਂ ਭਾਵ ਵੈਰ ਰਹਿਤ, ਦੁਸ਼ਮਣੀ ਰਹਿਤ, ਦ੍ਵੈਸ਼ ਦੀ ਭਾਵਨਾ ਤੋਂ ਰਹਿਤ, ਵਿਰੋਧ, ਭਿੰਨ-ਭੇਦਾਂ ਤੇ ਵਿਵਾਦਾਂ ਤੋਂ ਮੁਕਤ ਆਦਿ ਕੀਤੇ ਹਨ। ਨਿਰਭਉ ਨਿਰਵੈਰ ਦੇ ਕੋਸ਼ਾਂ, ਪੁਸਤਕਾਂ ਅਤੇ ਵਿਦਵਾਨਾਂ ਦੁਆਰਾ ਵੱਖਰੇ-ਵੱਖਰੇ ਅਰਥ ਕੀਤੇ ਗਏ ਮਿਲਦੇ ਹਨ ਜੋ ਕਿ ਇਸ ਪ੍ਰਕਾਰ ਹਨ।

**ਨਿਰਭਉ ਨਿਰਵੈਰੁ ਦੇ ਕੋਸ਼ਗਤ ਅਰਥ :-** *ਗੁਰਸ਼ਬਦ ਰਤਨਾਕਰ ਮਹਾਨ ਕੋਸ਼* ਅਨੁਸਾਰ, "ਨਿਰਭਉ ਤੋਂ ਭਾਵ ਬੇਖੌਫ਼, ਨਿਡਰ ਅਤੇ ਨਿਰਵੈਰ ਤੋਂ ਭਾਵ ਦੁਸ਼ਮਣੀ ਰਹਿਤ, ਦ੍ਵੈਸ਼ ਬਿਨਾਂ ਹੋਣਾ ਹੈ।"[18]

ਗੁਰਚਰਨ ਸਿੰਘ ਨੇ *'ਸ੍ਰੀ ਗੁਰੂ ਗ੍ਰੰਥ ਕੋਸ਼'* ਵਿਚ ਨਿਰਭਉ ਦੇ ਗੁਰਬਾਣੀ ਵਿਚਲੇ ਸਮਾਨ ਅਰਥੀ ਸਰੂਪਾਂ ਨਿਡਰ, ਨਿਰਭਉ, ਨਿਰਭੈ, ਨਿਰਭਏ, ਨਿਰਭਇਆ, ਨਿਰਭਯੰ, ਨਿਰਭਵਹ ਆਦਿ ਦੇ ਅਰਥ ਦਿੱਤੇ ਹਨ। ਉਸ ਵਿਚ ਇਨ੍ਹਾਂ ਦੇ ਅਰਥ ਡਰ ਰਹਿਤ, ਬਿਨਾਂ ਕਿਸੇ ਭੈ ਦੇ, ਨਿਡਰ, ਬੇਖੌਫ਼, ਡਰ ਰਹਿਤ ਹਰੀ, ਡਰ ਰਹਿਤ ਜੀਵ ਜੋ ਅਸਲ ਵਿਚ ਨਿਰਭੈਤਾ ਦਾ ਸਰੂਪ ਹੈ ਅਤੇ ਨਿਰਵੈਰ ਦੇ ਵੀ ਗੁਰਬਾਣੀ ਵਿਚਲੇ ਸਮਾਨ ਅਰਥੀ ਸ਼ਬਦ ਨਿਰਵੈਰ, ਨਿਰਵੈਰਣਹ, ਨਿਰਵੈਰਿ, ਨਿਰਵੈਰੁ, ਨਿਰਵੈਰੇ ਦੇ ਅਰਥ ਨਿਰਵੈਰ, ਵੈਰ ਰਹਿਤ, ਵੈਰ ਰਹਿਤ ਪ੍ਰਭੂ ਵਿਚ, ਕਿਸੇ ਨਾਲ ਵੈਰ ਨਾ ਕਰਨ ਵਾਲਾ ਕੀਤੇ ਹਨ।[19]

*ਪੰਜਾਬੀ ਕੋਸ਼* ਵਿਚ ਵੀ ਨਿਰਭਉ ਦੇ ਅਰਥ ਡਰ ਰਹਿਤ, ਨਿਰਭੈ, ਬੇਖੌਫ਼, ਨਿਡਰ, ਅਤੇ ਨਿਰਵੈਰ ਦੇ ਅਰਥ ਵੈਰ ਰਹਿਤ, ਦ੍ਵੈਸ਼ ਬਿਨ੍ਹਾਂ ਕੀਤੇ ਹਨ।[20]

*ਸਿੱਖਿਆਰਥੀ ਹਿੰਦੀ ਸ਼ਬਦ ਕੋਸ਼* ਵਿਚ ਹਰਦੇਵ ਬਾਹਰੀ ਲਿਖਦੇ ਹਨ ਨਿਡਰ ਤੋਂ ਭਾਵ ਨਿਰਭਯ, ਬਹਾਦੁਰੀ, ਹਿੰਮਤੀ, ਸਾਹਸ, ਭੈਅਹੀਣ ਅਤੇ ਨਿਰਵੈਰ ਦੇ ਅਰਥ ਵੈਰ ਦਾ ਅਭਾਵ ਅਤੇ ਵੈਰ ਭਾਵ ਤੋਂ ਰਹਿਤ ਹਨ।[21]

*ਲੰਹਿਦੀ ਕੋਸ਼* ਵਿਚ ਨਿਰਭਉ ਦੇ ਅਰਥ ਜੋ ਕਿਸੇ ਤੋਂ ਨਹੀਂ ਡਰਦਾ, ਬੇਖੌਫ਼, ਨਿਧੜਕ, ਦਲੇਰ ਕੀਤੇ ਹਨ।[22] ਇਸ ਵਿਚ ਨਿਰਵੈਰ ਦੇ ਅਰਥ ਨਹੀਂ ਕੀਤੇ।

*ਉਰਦੂ ਪੰਜਾਬੀ ਕੋਸ਼* ਵਿਚ ਆਜ਼ਾਦ ਮਰਦ ਨੂੰ 'ਨਿਰਭੈ' ਕਿਹਾ ਹੈ ਅਤੇ ਵੈਰ ਲਈ 'ਨਕੀਜ਼' ਸ਼ਬਦ ਵਰਤਿਆ ਹੈ। ਜਿਸ ਵਿਚ ਇਸ ਦੇ ਅਰਥ ਵਿਰੋਧ, ਉਲਟਾ, ਵੈਰ ਕੀਤੇ ਹਨ।[23]

*ਸੰਸਕ੍ਰਿਤ ਪੰਜਾਬੀ ਕੋਸ਼* ਵਿਚ ਨਿਰਭਉ ਦੇ ਅਰਥ ਨਿਰਭੈ, ਨਿਰਭਉ, ਬੇਖੌਫ਼, ਨਿਡਰ, ਸੁਰੱਖਿਅਤ ਅਤੇ ਨਿਰਵੈਰ ਦੇ ਅਰਥ ਵੈਰ ਰਹਿਤ, ਸ਼ਾਂਤੀ ਪ੍ਰਿਯ ਕੀਤੇ ਹਨ।[24]

ਰਤਨ ਸਿੰਘ ਜੱਗੀ ਦੇ *ਗੁਰੂ ਗ੍ਰੰਥ ਵਿਸ਼ਵਕੋਸ਼* ਅਨੁਸਾਰ,' ਨਿਰਭਉ ਤੋਂ ਭਾਵ ਜੋ ਭਉ (ਭੈ) ਤੋਂ ਪਰੇ ਹੋਵੇ ਜਾਂ ਭੈ-ਅਤੀਤ। ਭੈ ਤੋਂ ਪਰੇ ਉਹੀ ਹੋ ਸਕਦਾ ਹੈ ਜੋ ਸਰਵ-ਸ਼ਕਤੀਮਾਨ ਹੋਵੇ, ਜਿਸ ਨੂੰ ਕਦੇ ਕਿਸੇ ਦਾ ਭੈ ਨਾ ਹੋਵੇ। ਅਸਲ ਵਿਚ ਪਰਮਾਤਮਾ ਦਾ ਭੈ ਸਭ ਤੋਂ ਉਪਰ ਹੈ। ਨਿਰਵੈਰ ਤੋਂ ਭਾਵ ਜਿਸ ਦਾ ਕਿਸੇ ਪ੍ਰਤੀ ਕੋਈ ਵੈਰ-ਭਾਵ ਨਾ ਹੋਵੇ, ਜਾਂ ਜੋ ਵੈਰ-ਭਾਵ ਤੋਂ ਪਰੇ ਹੋਵੇ, ਉਹ 'ਨਿਰਵੈਰ' ਹੈ।'[25]

ਵੀਰ ਸਿੰਘ(ਭਾਈ) ਦੇ *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼* ਅਨੁਸਾਰ, "ਨਿਰਭਉ ਤੋਂ ਭਾਵ ਪੰਜਾਬੀ ਵਿਚ ਨਿਰ+ਭਉ, ਭੈ ਰਹਿਤ ਪਰਮਾਤਮਾ, ਬੇਖੌਫ਼, ਨਿਡਰ, ਬਿਨਾਂ ਡਰ ਤੋਂ । ਨਿਰਵੈਰ ਤੋਂ ਭਾਵ ਵੈਰ ਤੋਂ ਰਹਿਤ, ਜਿਸ ਅੰਦਰ ਕਿਸੇ ਨਾਲ ਵੀ ਦ੍ਵੈਖ ਨਹੀਂ। ਇਹ ਵਾਹਿਗੁਰੂ ਦਾ ਵਿਸ਼ੇਸ਼ਣ ਹੈ। ਦੇਵੀ ਦੇਵਤੇ ਮਹਾਂ ਪੁਰਖ ਸਭ ਵੈਰ ਵਿਚ ਆਏ। ਉਹ ਕਦੇ ਵੈਰ ਵਿਚ ਨਹੀਂ ਆਇਆ।"[26]

*ਪੰਜਾਬੀ ਅੰਗਰੇਜ਼ੀ ਕੋਸ਼* ਵਿਚ ਨਿਰਭਉ ਲਈ ਪੰਜਾਬੀ ਵਿਚ ਨਿਡਰ, ਨਿਡਰਤਾ, ਦਲੇਰ, ਨਿਧੜਕ, ਜਿਗਰੇ ਵਾਲਾ, ਹਿੰਮਤੀ, ਸਾਹਸੀ ਸ਼ਬਦ ਵਰਤੇ ਗਏ ਹਨ ਅਤੇ ਅੰਗਰੇਜ਼ੀ ਵਿਚ ਅਰਥ Fearless, Boldness, Brave, In-trepidness, Dountless, Courageous, Interpidity ਕੀਤੇ ਹਨ ਅਤੇ ਪੰਜਾਬੀ ਵਿਚ ਨਿਰਵੈਰ ਲਈ ਮਿਲਾਪੜਾ, ਸਨੇਹਭਾਵੀ, ਮਿਲਣਸਾਰ, ਖੁਸ਼ ਮਿਜ਼ਾਜ, ਦੋਸਤਾਨਾ, ਸ਼ਬਦ ਵਰਤੇ ਹਨ ਅਤੇ ਅੰਗਰੇਜ਼ੀ ਵਿਚ ਅਰਥ Without rancourmalice, Animosity, Amicable, Friendly ਕੀਤੇ ਹਨ।[27]

*ਅੰਗਰੇਜ਼ੀ ਹਿੰਦੀ ਕੋਸ਼* ਵਿਚ ਨਿਰਭਉ ਨੂੰ 'Fearless' ਲਿਖਿਆ ਹੈ ਅਤੇ ਇਸ ਦੇ ਅਰਥ ਨਿਡਰ, ਨਿਰਭਯ, ਅਭਯ, ਨਿਰਭੈਅਤਾ ਕੀਤੇ ਹਨ।ਇਸ ਵਿਚ ਨਿਰਵੈਰ ਸ਼ਬਦ ਦੇ ਅਰਥ ਨਹੀਂ ਕੀਤੇ ਹੋਏ।[28]

Accoding to *English Poetic Translisteration*, 'Nirbhav means fearless, dountless, pervading all loction God permeates in entire manifestations and Nirbvir

means rancourless, without mosity for big or small Loving Creator loves His creations all.'[29]

**ਸਟੀਕਾਂ ਅਨੁਸਾਰ ਨਿਰਭਉ ਨਿਰਵੈਰੁ ਦੇ ਅਰਥ :-** ਗੁਰਬਚਨ ਸਿੰਘ ਤਾਲਿਬ ਦੇ ਟੀਕੇ '*ਸ੍ਰੀ ਗੁਰੂ ਗ੍ਰੰਥ ਸਾਹਿਬ'* ਵਿਚ ਨਿਰਭਉ ਦੇ ਅਰਥ 'Without fear'ਅਤੇ ਨਿਰਵੈਰ ਦੇ ਅਰਥ 'Without rancour'ਕੀਤੇ ਮਿਲਦੇ ਹਨ।[30]

*'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਫਰੀਦ ਕੋਟ ਵਾਲਾ ਟੀਕਾ'* ਇਸ ਵਿਚ ਨਿਰਭਉ ਦੇ ਅਰਥ ਨਿਰ-ਦੂਰ ਹੋਇਆ, ਅਬਿਨਾਸ਼ੀ ਹੋਣਾ, ਜਨਮ-ਮਰਨ ਤੋਂ ਮੁਕਤ ਅਤੇ ਨਿਰਵੈਰ ਦੇ ਅਰਥ ਕਿਸੇ ਨਾਲ ਵੈਰ ਨਹੀਂ ਕੀਤੇ ਹਨ।[31]

ਮਨਮੋਹਨ ਸਿੰਘ ਦੇ ਟੀਕੇ '*ਸ੍ਰੀ ਗੁਰੂ ਗ੍ਰੰਥ ਸਾਹਿਬ'* ਵਿਚ ਨਿਰਭਉ ਦੇ ਅਰਥ 'Without fear'ਅਤੇ ਨਿਰਵੈਰ ਦੇ ਅਰਥ 'Without enmity' ਕੀਤੇ ਮਿਲਦੇ ਹਨ।[32]

' *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪ੍ਰਦਾਇ ਟੀਕਾ ਸ੍ਰੀ ਅੰਮੀਰ ਭੰਡਾਰ'* ਵਿਚ ਨਿਰਭਉ ਦੇ ਅਰਥ ਨਿਰ=ਰਹਿਤ ਹੈ, ਵਿਸ਼ੇਸ਼ ਕਰਕੇ ਅਤੇ ਭਉ=ਡਰ ਤੋਂ ਰਹਿਤ, ਜਨਮ ਮਰਨ ਤੋਂ ਰਹਿਤ, ਕਲਿਆਣ ਸਰੂਪ। ਇਸ ਤਰ੍ਹਾਂ ਨਿਰਭਉ ਤੋਂ ਭਾਵ ਜਨਮ ਮਰਨ ਦੇ ਡਰ ਤੋਂ ਮੁਕਤ, ਕਲਿਆਣ ਸਰੂਪ ਹੋਣਾ ਅਤੇ ਨਿਰਵੈਰ ਦੇ ਅਰਥ ਨਿਰ=ਰਹਿਤ ਹੈ ਅਤੇ ਵੈਰ=ਖੋਟੇ ਕੰਮ। ਇਸ ਤਰਾਂ ਨਿਰਵੈਰ ਤੋਂ ਭਾਵ ਖੋਟੇ ਕੰਮਾਂ ਤੋਂ ਰਹਿਤ ਹੋਣਾ ਹੈ।[33]

ਮਨੀ ਸਿੰਘ(ਗਿਆਨੀ) *ਸਿਧਾਂਤਕ ਸਟੀਕ* ਵਿਚ ਲਿਖਦੇ ਹਨ ਨਿਰਭਉ-ਬਿਨਾਂ ਡਰ ਤੋਂ, ਬੇ-ਡਰ, ਬੇ-ਖੌਫ਼। ਨਿਰ=ਰਹਿਤ, ਵਿਹੂਣਾ, ਬਿਨਾਂ ਅਤੇ ਭਉ ਦਾ ਅਰਥ ਡਰ, ਭਉ, ਭੈ। ਇਸ ਤਰ੍ਹਾਂ ਨਿਰਭਉ ਤੋਂ ਭਾਵ ਬਿਨਾਂ ਡਰ ਤੋਂ, ਬੇ-ਡਰ, ਬੇ-ਖੌਫ਼। ਸਾਰੀ ਸ੍ਰਿਸ਼ਟੀ ਡਰ ਵਿਚ ਹੈ, ਇਕ ਡਰ ਤੋਂ ਬਿਨਾਂ ਕਰਤਾ ਹੀ ਹੈ। ਨਿਰਵੈਰ ਤੋਂ ਭਾਵ ਨਿਰ+ਵੈਰ, ਦ੍ਵੈਸ਼ ਤੋਂ ਰਹਿਤ, ਦੁਸ਼ਮਣੀ ਤੋਂ ਸੱਖਣਾ ।[34]

**ਵੱਖ-ਵੱਖ ਵਿਦਵਾਨਾਂ ਅਨੁਸਾਰ ਨਿਰਭਉ ਨਿਰਵੈਰੁ ਦੇ ਅਰਥ :-** ਗੁਰਦਾਸ ਜੀ(ਭਾਈ) ਦੀਆਂ ਵਾਰਾਂ ਅਨੁਸਾਰ ਨਿਰਭਉ ਤੋਂ ਭਾਵ ਨਿਡਰ, ਜੋ ਕਿਸੇ ਦਾ ਭੈ ਨਾ ਖਾਏ ਅਤੇ ਨਿਰਵੈਰ ਤੋਂ ਭਾਵ ਜਿਸ ਦਾ ਕੋਈ ਵੈਰੀ ਨਾ ਹੋਵੇ, ਜਿਸ ਅੰਦਰ ਵੈਰ ਦੀ ਭਾਵਨਾ ਨਾ ਹੋਵੇ।[35]

Dr.G.S.Chauhan ਆਪਣੀ ਪਸਤਕ *Shri Guru Nanak Dev Japji* ਵਿਚ ਲਿਖਦੇ ਹਨ "Nirbhau means who is devoid of fear and Nirvair means devoid of enmity towards any body."[36]

*ਨਾਨਕਬਾਣੀ ਕਾ ਭਾਸ਼ਾਈ ਅਤੇ ਦਾਰਸ਼ਨਿਕ ਨਿਰੂਪਣ* ਪੁਸਤਕ ਵਿਚ ਯਮਨਲਾਲ ਅਗਰਵਾਲ ਨੇ ਨਿਰਭਉ ਦੇ ਅਰਥ ਭੈ ਰਹਿਤ ਬ੍ਰਹਮ ਅਤੇ ਨਿਰਵੈਰ ਦੇ ਅਰਥ ਕਿਸੇ ਨਾਲ ਘਿਰਣਾ ਨਾ ਕਰਨ ਵਾਲਾ ਬ੍ਰਹਮ ਕੀਤੇ ਹਨ।[37]

*A Guru Nanak Glossory* ਵਿਚ ਨਿਰਭਉ ਨਿਰਵੈਰ ਦੇ ਅਰਥ Nirabhau means Fearless, without fear and Niraviru means Free from Hostility ਕੀਤੇ ਹਨ।[38]

ਜਗਤਾਰ ਸਿੰਘ ਨੇ ਵੀ ਆਪਣੀ ਪੁਸਤਕ *੧ਓ ਦਰਪਣ* ਵਿਚ ਨਿਰਭਉ ਨਿਰਵੈਰ ਦੇ ਅਰਥ ਹਰ ਪ੍ਰਕਾਰ ਦੇ ਡਰ ਅਤੇ ਵੈਰ ਤੋਂ ਰਹਿਤ (ਪ੍ਰੇਮ ਸਰੂਪ ਹੈ) ਕੀਤੇ ਹਨ।[39]

ਬਲਕਾਰ ਸਿੰਘ ਦੁਆਰਾ ਸੰਪਾਦਤ ਪੁਸਤਕ *ਸਿੱਖ ਅਧਿਐਨ* ਵਿਚ ਜਗਜੀਤ ਸਿੰਘ *'ਮੂਲ ਮੰਤਰ ਵਿਚ ਵਿਅਕਤੀ ਪਰਮ-ਹਕੀਕਤ'* ਸਿਰਲੇਖ ਹੇਠ ਨਿਰਭਉ ਅਤੇ ਨਿਰਵੈਰ ਦੇ ਅਰਥ ਕਰਦੇ ਹੋਏ ਦੱਸਦੇ ਹਨ ਕਿ ਨਿਰਭਉ ਨਿਰਵੈਰ ਸ਼ਬਦਾਂ ਵਿਚ ਪਰਾਭੌਤਿਕ ਪਰਮ ਆਤਮਾ ਸਾਰੇ ਨਾਕਾਰਾਤਮਕ ਛਿਦਰਾਂ ਵਿਸ਼ੇਸ਼ ਤੌਰ ਤੇ 'ਡਰ' ਅਤੇ 'ਵੈਰ' ਦੀਆਂ ਭਾਵਨਾਵਾਂ ਤੋਂ ਮੁਕਤ ਹੈ।[40]

ਪ੍ਰਿੰ: ਭਗਤ ਸਿੰਘ ਵੇਦੀ ਨੇ ਆਪਣੀ ਪੁਸਤਕ *ਮੂਲ ਮੰਤਰ ਦੀ ਪੁਨਰ ਵਿਆਖਿਆ* ਵਿਚ ਨਿਰਭਉ ਨਿਰਵੈਰ ਦੀ ਮਨੋਵਿਗਿਆਨਿਕ ਅਤੇ ਤਦਾਤਮੀਕਰਣ ਸਿਧਾਂਤ ਅਨੁਸਾਰ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਵਿਚ ਉਨ੍ਹਾਂ ਨੇ ਲਿਖਿਆ ਹੈ ਕਿ ਕੇਵਲ ਤੇ ਕੇਵਲ ਇਕ ਪਰਮਾਤਮਾ ਹੈ ਜਿਸ ਵਿਚ ਨਿਰਭਉ ਨਿਰਵੈਰ ਦੇ ਆਲੌਕਿਕ ਗੁਣ ਹਨ, ਜਿਨ੍ਹਾਂ ਦੇ ਅਰਥ ਸ਼ਾਂਤ ਚਿਤ, ਭੈ ਮੁਕਤ, ਰੱਖਿਅਕ, ਮਿਹਰਵਾਨ, ਭੈ ਅਤੇ ਵੈਰ ਭਾਵ ਤੋਂ ਮੁਕਤ ਦੱਸੇ ਹਨ।[41]

ਡਾ.ਤਾਰਨ ਸਿੰਘ ਨੇ ਵੀ *ਭਗਤੀ ਤੇ ਸ਼ਕਤੀ* ਪੁਸਤਕ ਵਿਚ ਨਿਰਭਉ ਨਿਰਵੈਰ ਦੇ ਅਰਥ ਭੈਅ ਰਹਿਤ, ਵੈਰ ਰਹਿਤ ਅਤੇ ਹੌਸਲੇ ਤੇ ਸਹਿਣਸ਼ੀਲਤਾ ਕੀਤੇ ਹਨ।[42]

ਰਾਮ ਸਿੰਘ ਨੇ ਆਪਣੀ ਪੁਸਤਕ *ਜਪੁ ਜੀ ਦਾ ਵਿਸ਼ਾ ਤੇ ਰੂਪ* ਵਿਚ ਨਿਰਭਉ ਦੇ ਅਰਥ ਨਿਰਭੈ, ਡਰ ਤੋਂ ਬਿਨਾ, ਵਹਿਗੁਰੂ, ਅਕਾਲ ਪੁਰਖ ਦੇ ਰੂਪ ਵਿਚ ਕੀਤੇ ਹਨ ਅਤੇ ਨਿਰਵੈਰ ਦੇ ਅਰਥ ਵੈਰ ਤੋਂ ਬਿਨਾਂ, ਜਿਸ ਦੇ ਮਨ ਵਿਚ ਕਿਸੇ ਪ੍ਰਤੀ ਦ੍ਵੈਸ਼, ਵੈਰ ਭਾਵ ਨਹੀਂ ਹੈ, ਵਾਹਿਗੁਰੂ, ਅਕਾਲ ਪੁਰਖ ਕੀਤੇ ਹਨ।[43]

ਡਾ.ਮਹਿੰਦਰ ਕੌਰ ਗਿੱਲ ਆਪਣੀ ਪੁਸਤਕ *ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ* ਵਿਚ ਨਿਰਭਉ ਦੇ ਅਰਥ ਕਰਦੇ ਹੋਏ ਲਿਖਦੇ ਹਨ, "ਉਹ ਬ੍ਰਹਮ ਸਮਕਾਲੀ ਹੈ ਜੋ ਸਮੇਂ ਸਥਾਨ ਤੋ ਮੁਕਤ ਹੈ ਬਾਕੀ ਕੁਲ ਕਾਇਨਾਤ ਸਮੇਂ ਸਥਾਨ ਦੀ ਪਾਬੰਦ ਹੈ। ਉਸਦਾ ਸਮਕਾਲੀ ਸਭ ਕੋਈ ਹੈ ਤੇ ਕੋਈ ਵੀ ਨਹੀਂ। ਇਸੇ ਲਈ ਉਹ ਨਿਰਭਉ ਹੈ। ਨਿਰਵੈਰ ਬਾਰੇ ਉਹ ਆਖਦੇ ਹਨ ਬ੍ਰਹਮ ਆਪ ਹੀ ਜਗਤ ਦਾ ਸ੍ਰਿਜਕ ਹੈ। ਉਸ ਦੁਆਰਾ ਬਣਾਈ ਰਚਨਾ ਬ੍ਰਹਮ ਦੀ ਅੰਸ਼ ਹੈ, ਉਸ ਤੁੱਲ ਨਹੀਂ। ਵੈਰ ਆਪਣੇ ਵਰਗੇ ਜਾਂ ਆਪਣੇ ਤੋਂ ਵੱਡੇ ਛੋਟੇ ਨਾਲ ਹੁੰਦਾ ਹੈ। ਨਾ ਕੋਈ ਉਸ ਤੋਂ ਵੱਡਾ ਛੋਟਾ ਹੈ ਤੇ ਨਾ ਹੀ ਕੋਈ ਉਸ ਜੇਹਾ। ਜੀਵ ਨਾਮ ਜਪ ਕੇ ਉਸਦਾ ਹੀ ਰੂਪ ਹੋ ਜਾਂਦਾ ਹੈ ਅਥਵਾ ਉਸ ਇਕ ਵਿਚ ਹੀ ਸਮਾ ਜਾਂਦਾ ਹੈ। ਇਸੇ ਲਈ ਉਹ ਨਿਰਵੈਰ ਹੈ।"[44]

ਪ੍ਰਿਤਪਾਲ ਸਿੰਘ ਨੇ ਆਪਣੀ ਪੁਸਤਕ *ਜਪੁ ਜੀ ਵਿਵੇਚਨ* ਵਿਚ ਨਿਰਭਉ ਨਿਰਵੈਰ ਦੇ ਅਰਥ ਡਰਾਂ-ਸ਼ੰਕਿਆਂ ਤੇ ਵੈਰ-ਵਿਰੋਧ ਤੇ ਭੈ-ਭ੍ਰਮ ਤੋਂ ਮੁਕਤ ਕੀਤੇ ਹਨ।[45]

ਧਰਮਾਨੰਦ ਸਿੰਘ ਆਪਣੀ ਪੁਸਤਕ *ਜਪੁ-ਪਰਮਾਰਥ ਤੇ ਸਦਾ ਸੁਹਾਗ* ਵਿਚ ਲਿਖਦੇ ਹਨ ਨਿਰਭਉ ਤੋਂ ਭਾਵ ਭੈ ਰਹਿਤ ਅਤੇ ਨਿਰਵੈਰ ਤੋਂ ਭਾਵ ਵੈਰ ਰਹਿਤ ਹੈ।[46]

ਹਰਜਿੰਦਰ ਸਿੰਘ ਦਿਲਗੀਰ ਵੀ *ਜਪੁਜੀ ਸਾਹਿਬ* ਪੁਸਤਕ ਵਿਚ ਨਿਰਭਉ ਤੋਂ ਭਾਵ ਜੋ ਡਰ-ਰਹਿਤ (ਯਾਨਿ ਉਸ ਦੇ ਉਪੱਰ ਕੋਈ ਤਾਕਤ ਨਹੀ), ਨਿਰਵੈਰ ਤੋਂ ਭਾਵ ਵੈਰ-ਰਹਿਤ ਹੈ। ਉਹ ਸਭ ਨੂੰ ਪਿਆਰ ਕਰਦਾ ਹੈ, ਸਭ ਉਸ ਦੇ ਬੱਚੇ, ਉਸ ਦੀ ਰਚਨਾ ਹਨ।[47]

ਕਈ ਕੋਸ਼ਾਂ ਵਿਚ ਕੇਵਲ ਤੇ ਕੇਵਲ ਨਿਰਭਉ ਦੇ ਅਰਥ ਹੀ ਮਿਲਦੇ ਹਨ ਨਿਰਵੈਰ ਦੇ ਅਰਥ ਸਾਨੂੰ ਨਹੀਂ ਮਿਲਦੇ। ਵੱਖ-ਵੱਖ ਕੋਸ਼ਾਂ ਵਿਚ ਅਤੇ ਵਿਦਵਾਨਾਂ ਦੁਆਰਾ ਕੀਤੇ ਹੋਏ ਨਿਰਭਉ, ਨਿਰਵੈਰ ਦੇ ਅਰਥ ਕਾਫ਼ੀ ਹੱਦ ਤੱਕ ਇਕ ਦੂਜੇ ਨਾਲ ਮਿਲਦੇ ਜੁਲਦੇ ਹਨ। ਸਭ ਨੇ ਨਿਰਭਉ ਦੇ ਅਰਥ ਨਿਡਰ, ਬੇਡਰ, ਸਭ ਤਰ੍ਹਾਂ ਦੇ ਡਰ ਤੋਂ ਮੁਕਤ ਅਤੇ ਨਿਰਵੈਰ ਦੇ ਅਰਥ ਵੈਰ ਤੋਂ ਮੁਕਤ, ਬਿਨ੍ਹਾਂ ਕਿਸੇ ਵੈਰ ਦੇ ਕੀਤੇ ਹਨ। ਜਿਥੇ

ਕੋਸ਼ਾਂ ਅਤੇ ਵਿਦਵਾਨਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ, ਉਥੇ ਵੱਖੋ-ਵੱਖਰੇ ਧਰਮਾਂ ਵਿਚ ਵੀ ਇਸ ਸੰਕਲਪ ਬਾਰੇ ਆਪੋ-ਆਪਣੇ ਸਿਧਾਂਤ ਅਤੇ ਵਿਚਾਰ ਸਾਨੂੰ ਦੇਖਣ ਨੂੰ ਮਿਲਦੇ ਹਨ।

1. **ਯਹੂਦੀ ਧਰਮ:-** ਯਹੂਦੀ ਧਰਮ ਪ੍ਰਾਚੀਨ ਪੈਗੰਬਰੀ ਧਰਮ ਹੈ। 'ਤੋਰੇਤ' ਯਹੂਦੀ ਧਰਮ ਦਾ ਪਵਿੱਤਰ ਧਾਰਮਿਕ ਗ੍ਰੰਥ ਹੈ। ਜਿਸ ਵਿਚ ਜੀਵਨ ਦੇ ਸੰਚਾਲਨ ਦੇ ਸਾਰੇ ਨਿਯਮ ਅਤੇ ਹੁਕਮ ਲਿਖੇ ਹਨ। ਯਹੂਦੀਆਂ ਦਾ ਉਦੇਸ਼ ਹੈ ਵਿਸ਼ਵ ਸ਼ਾਤੀ ਤੇ ਈਸ਼ਵਰ ਦੇ ਪਵਿੱਤਰ ਸੰਦੇਸ਼ ਦਾ ਪ੍ਰਚਾਰ ਕਰਨਾ। ਇਸ ਗ੍ਰੰਥ ਵਿਚ ਦੱਸਿਆ ਹੈ ਕਿ ਹਰੇਕ ਦੀ ਇੱਜ਼ਤ ਤੇ ਸਨਮਾਨ ਕਰਨਾ ਬਹੁਤ ਜ਼ਰੂਰੀ ਹੈ। ਕਿਸੇ ਦਾ ਅਪਮਾਨ ਕਰਨਾ ਉਨ੍ਹਾਂ ਹੀ ਵੱਡਾ ਪਾਪ ਹੈ ਜਿਨ੍ਹਾਂ ਕਿਸੇ ਵਿਅਕਤੀ ਦਾ ਕਤਲ ਕਰਨਾ।[48] ਇਨ੍ਹਾਂ ਦੇ 10 ਆਦੇਸ਼ਾ ਵਿਚ ਦਸਵਾਂ ਆਦੇਸ਼ ਇਹ ਵੀ ਹੈ ਕਿ ਦੂਜਿਆਂ ਨਾਲ ਈਰਖਾਂ ਨਹੀਂ ਕਰਨੀ। ਇਸ ਦੇ ਨਿਯਮ ਵਿਚ ਲਿਖਿਆ ਹੈ ਕਿ ਤੁਹਾਡਾ ਕੋਈ ਦੁਸ਼ਮਣ ਤੁਹਾਨੂੰ ਮਾਰਨ ਲਈ ਘਰ ਆਵੇ ਅਤੇ ਜੇਕਰ ਉਹ ਭੁੱਖਾ-ਪਿਆਸਾ ਹੈ ਤਾਂ ਤੁਹਾਡਾ ਪਹਿਲਾ ਫਰਜ਼ ਹੈ ਕਿ ਤੁਸੀਂ ਉਸ ਨੂੰ ਭੋਜਨ ਕਰਵਾਉ ਤੇ ਪਾਣੀ ਪਿਲਾਉ।[49] ਕੈਬਲ ਸਮਿਥ ਅਨੁਸਾਰ ਪੁਰਾਤਨ ਸਮੇਂ ਵਿਚ ਯਹੂਦੀ ਬਾਹਰ ਦੇ ਲੋਕਾਂ ਨੂੰ ਯਾਹੋਵਾਹ ਦੇ ਵੈਰੀ ਸਮਝਦੇ ਸਨ।[50] ਯਹੂਦੀ ਧਰਮ ਵਿਚ ਦਇਆ ਅਤੇ ਪਿਆਰ ਨੂੰ ਈਸ਼ਵਰ ਮੰਨਿਆ ਹੈ ਪਰ ਈਸ਼ਵਰ ਦੇ ਕਠੋਰ ਸੁਭਾਅ ਦਾ ਜ਼ਿਕਰ ਵੀ ਗ੍ਰੰਥ ਵਿਚੋਂ ਮਿਲਦਾ ਹੈ, ਹਜਰਤ ਮੂਸਾ ਜੀ ਯਾਹੋਵਾਹ ਦੇ ਕ੍ਰੋਧ ਦਾ ਜ਼ਿਕਰ ਕਰਦਾ ਕਹਿੰਦੇ ਹਨ, "ਮੈ (ਮੂਸਾ) ਉਸ ਦੇ ਗੁੱਸੇ ਅਤੇ ਕ੍ਰੋਧ ਤੋਂ ਡਰਿਆ ਕਿਉਂਕਿ ਯਾਹੋਵਾਹ ਤੁਹਾਡੇ ਵਿਰੁੱਧ ਅਜਿਹਾ ਗੁੱਸੇ ਹੋਇਆ ਕਿ ਉਹ ਤੁਹਾਡਾ ਵਿਨਾਸ ਕਰਨ ਵਾਲਾ ਸੀ।"[51]

ਪੁਰਾਤਨ ਇੰਜ਼ੀਲ ਵਿਚ ਪਰਮਾਤਮਾ ਨੂੰ ਈਰਖਾਲੂ, ਕ੍ਰੋਧਵਾਨ, ਹੁਕਮ ਦੀ ਪਾਲਣਾ ਸਖ਼ਤੀ ਨਾਲ ਕਰਵਾਉਣ ਵਾਲਾ ਅਤੇ ਵੈਰੀ ਦਾ ਵਿਨਾਸ਼ ਕਰਨ ਵਾਲਾ ਦੱਸਿਆ ਹੈ। ਇਸ ਤਰ੍ਹਾਂ ਹਜਰਤ ਮੂਸਾ ਜੀ ਆਖਦੇ ਹਨ, "ਜੇਕਰ ਤੁਸੀ ਆਪਣੇ ਪ੍ਰਮੇਸ਼ਵਰ ਯਾਹੋਵਾਹ ਦੀ ਗੱਲ ਨਾ ਸੁਣੀ ਅਤੇ ਉਸ ਦੇ ਸਾਰੇ ਹੁਕਮਾਂ ਅਤੇ ਵਿਧੀਆਂ ਦਾ ਪਾਲਣ ਜੋ ਮੈ ਅੱਜ ਸੁਣਾਂਦਾਂ ਹਾਂ ਵਿਚ ਚੌਕਸੀ ਨਾ ਕੀਤੀ ਤਾਂ ਇਹ ਸਾਰਾ ਸਰਾਪ ਤੁਹਾਡੇ ਉੱਤੇ ਆ ਜਾਏਗਾ।"[52] ਇਸ ਤਰ੍ਹਾਂ ਯਹੂਦੀ ਲੋਕਾਂ ਵਿਚ ਯਾਹੋਵਾਹ ਲਈ ਮਨ ਵਿਚ ਡਰ ਸੀ ਕਿ ਜੇਕਰ ਉਸ ਦੇ ਵਿਰੁੱਧ ਗਏ ਤਾਂ ਉਸ ਦੀ ਕਰੋਪੀ ਸਹਿਣ ਕਰਨੀ ਪੈਣੀ ਹੈ।

ਇਸ ਤਰ੍ਹਾਂ ਉਸ ਸਮੇਂ ਲੋਕਾਂ ਦੇ ਮਨਾਂ ਵਿਚ ਪਰਮਾਤਮਾ ਦਾ ਡਰ ਅਤੇ ਵੈਰ ਮੌਜੂਦ ਸੀ। ਡਰ ਕਾਰਨ ਉਹ ਯਾਹੋਵਾਹ ਦੀ ਪੂਜਾ ਕਰਦੇ ਅਤੇ ਜੋ ਕੋਈ ਯਾਹੋਵਾਹ ਨੂੰ ਨਾ ਮੰਨਦਾ, ਉਸ ਨਾਲ ਵੈਰ ਰਖਦੇ ਸਨ।

2. **ਈਸਾਈ ਧਰਮ:-** ਪਵਿੱਤਰ 'ਬਾਈਬਲ' ਈਸਾਈ ਧਰਮ ਦਾ ਧਾਰਮਿਕ ਗ੍ਰੰਥ ਹੈ। ਇਸ ਵਿਚ ਹਜਰਤ ਈਸਾ ਮਸੀਹ ਜੀ ਨੇ ਆਪਣੀਆਂ ਸਿੱਖਿਆਵਾਂ ਰਾਹੀਂ ਪਿਆਰ ਦਾ ਸੁਨੇਹਾ ਸਾਰੀ ਲੋਕਾਈ ਨੂੰ ਦਿੱਤਾ ਹੈ। ਪਿਆਰ ਦਾ ਸੁਨੇਹਾ ਦਿੰਦੇ ਹੋਏ ਸਾਰੀ ਮਨੁੱਖਤਾ ਨੂੰ ਕਿਹਾ, 'ਮੈ ਤੁਹਾਨੂੰ ਕਹਿੰਦਾ ਹਾਂ ਆਪਣੇ ਦੁਸ਼ਮਣਾਂ ਨਾਲ ਪਿਆਰ ਕਰੋ ਅਤੇ ਜੋ ਤੁਹਾਨੂੰ ਸਤਾਉਣ ਉਨ੍ਹਾਂ ਲਈ ਪ੍ਰਾਰਥਨਾ ਕਰੋ'।[53] ਆਪਣੀਆਂ ਸਿੱਖਿਆਵਾਂ ਵਿਚ ਸਭ ਤੋਂ ਵੱਡੀ ਆਗਿਆ ਮਤੀ ਦੀ ਇੰਜ਼ੀਲ ਵਿਚ ਹਜਰਤ ਈਸਾ ਮਸੀਹ ਜੀ ਨੇ ਇਹ ਦੱਸੀ, "ਤੁਸੀ ਪ੍ਰਮੇਸ਼ਵਰ ਨਾਲ ਆਪਣੇ ਸਾਰੇ ਹਿਰਦੇ ਅਤੇ ਆਪਣੀ ਸਾਰੀ ਬੁੱਧੀ ਨਾਲ ਪਿਆਰ ਕਰੋ, ਇਹ ਵੱਡੀ ਅਤੇ ਪ੍ਰਮੁੱਖ ਆਗਿਆ ਹੈ ਅਤੇ ਇਸ ਦੇ ਸਮਾਨ ਦੂਸਰੀ ਇਹ ਹੈ ਕਿ ਤੁਸੀ ਆਪਣੇ ਪੜੋਸੀ ਨਾਲ ਆਪਣੇ ਬਰਾਬਰ ਪਿਆਰ ਕਰੋ। ਇਹ ਦੋ ਆਗਿਆ ਸੰਪੂਰਨ ਵਿਵਸਥਾ ਅਤੇ ਨਬੀਆਂ ਦਾ ਆਧਾਰ ਹਨ।"[54]

ਪ੍ਰਮੇਸ਼ਵਰ ਨਾਲ ਅਤੇ ਉਸ ਦੀ ਬਣਾਈ ਰਚਨਾ ਨਾਲ ਪਿਆਰ ਕਰਨਾ ਹੀ ਇਹ ਧਰਮ ਸਿਖਾਉਂਦਾ ਹੈ ਕਿ ਸਮਾਜ ਵਿਚ ਵਿਚਰਦੇ ਹੋਏ ਆਪਣੇ ਆਂਢ-ਗੁਆਂਢ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕਰਨਾ ਹੈ, ਉਸ ਬਾਰੇ ਦੱਸ ਕੇ ਸੱਭਿਅਕ ਸਮਾਜ ਦੀ ਸਿਰਜਣਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਵੈਰ ਭਾਵਨਾ ਤਿਆਗਣ ਅਤੇ ਨਿਮਰਤਾ ਧਾਰਨ ਕਰਨ ਬਾਰੇ ਮਤੀ ਦੀ ਇੰਜ਼ੀਲ ਵਿਚ ਇੰਝ ਕਿਹਾ ਹੈ, "ਮੈਂ ਤੁਹਾਨੂੰ ਕਹਿੰਦਾ ਹਾਂ ਕਿ ਬੁਰੇ ਦਾ ਸਾਹਮਣਾ ਨਾ ਕਰਨਾ ਬਲਕਿ ਜੋ ਤੇਰੇ ਗਲ ਉੱਤੇ ਥੱਪੜ ਮਾਰੇ ਉਸਦੇ ਵੱਲ ਦੂਸਰਾ ਵੀ ਕਰ ਦਿਉ।"[55] ਇਸੇ ਤਰ੍ਹਾਂ ਹੀ ਖਿਮਾ ਅਤੇ ਦਇਆ ਬਾਰੇ ਵੀ ਮਤੀ ਦੀ ਇੰਜ਼ੀਲ ਵਿਚ ਲਿਖਿਆ ਹੈ, "ਜੇਕਰ ਮਨੁੱਖ ਦੇ ਪਾਪ ਮੁਆਫ਼ ਕਰੋਗੇ ਤਾਂ ਤੁਹਾਡਾ ਸਵਰਗੀ ਪਿਤਾ ਵੀ ਤੁਹਾਡੇ ਪਾਪ ਮੁਆਫ਼ ਕਰੇਗਾ।"[56] ਪਾਪ ਮੁਆਫ਼ ਕਰਨ ਬਾਰੇ ਜਦੋਂ ਪਤਰਸ ਪੁੱਛਦਾ ਹੈ ਤਾਂ ਹਜਰਤ ਈਸਾ ਮਸੀਹ ਜੀ ਨੇ ਕਿਹਾ ਹੈ ਕਿ ਖਿਮਾ ਅਤੇ ਦਇਆ ਨੂੰ ਕਦੀ ਵੀ ਨਹੀਂ ਛੱਡਣਾ ਚਾਹੇ ਜੋ ਹੋਵੇ ਸਭ ਨੂੰ ਮੁਆਫ਼ ਕਰਦੇ ਜਾਣਾ। ਨੈਤਿਕ ਸਿਧਾਂਤਾਂ ਨੂੰ ਦ੍ਰਿੜ ਕਰਦੇ ਹੋਏ ਈਸਾ

ਮਸੀਹ ਨੇ ਪਿਆਰ ਦਾ ਸੁਨੇਹਾ ਦਿੱਤਾ। ਇਸ ਤਰ੍ਹਾਂ ਖਿਮਾ, ਪਾਪੀ ਤੇ ਵੈਰੀ ਨੂੰ ਮੁਆਫ਼ ਕਰਨਾ ਇਹ ਨਿਰਵੈਰ ਦੀ ਭਾਵਨਾ ਨੂੰ ਪ੍ਰਫੁੱਲਿਤ ਕਰਦੇ ਹਨ। ਇਸ ਧਰਮ ਵਿਚ ਵੀ ਡਰ ਅਤੇ ਵੈਰ ਦੀ ਭਾਵਨਾ ਮੌਜੂਦ ਹੈ। ਈਸਾ ਮਸੀਹ ਦਾ ਇਹ ਕਹਿਣਾ ਕਿ ਕੇਵਲ ਮੈਂ ਹੀ ਮੁਕਤੀ ਦਾਤਾ ਹਾਂ ਹੋਰ ਕੋਈ ਨਹੀਂ ਅਤੇ ਕਿਆਮਤ ਵਾਲੇ ਦਿਨ ਹਿਸਾਬ ਲੈਣ ਦੀ ਗੱਲ ਦੱਸ, ਲੋਕਾਈ ਵਿਚ ਡਰ ਪੈਦਾ ਕਰਦਾ ਹੈ। ਮਤੀ ਦੀ ਇੰਜ਼ੀਲ ਵਿਚ ਲਿਖਿਆ ਹੈ, "ਹਰੇਕ ਜੋ ਮਨੁੱਖਾਂ ਸਾਹਮਣੇ ਮੈਨੂੰ ਸਵੀਕਾਰ ਕਰੂਗਾ ਮੈ ਵੀ ਉਸਨੂੰ ਸਵੀਕਾਰ ਕਰੂਗਾ ਪਰ ਜੋ ਮਨੁੱਖਾਂ ਦੇ ਸਾਹਮਣੇ ਮੈਨੂੰ ਅਸਵੀਕਾਰ ਕਰੇਗਾ ਮੈ ਵੀ ਪਿਤਾ ਦੇ ਸਾਹਮਣੇ ਸਵਰਗ ਵਿਚ ਉਸਨੂੰ ਅਸਵੀਕਾਰ ਕਰੂੰਗਾ।"[57] ਇਸ ਧਰਮ ਵਿਚ ਪ੍ਰਮੇਸ਼ਵਰ ਦੇ ਨਾਲ ਸ਼ੈਤਾਨ ਦੀ ਹੋਂਦ ਵੀ ਮੌਜੂਦ ਹੈ ਜੋ ਕਿ ਵੈਰ ਨੂੰ ਉਤਪੰਨ ਕਰਦੀ ਹੈ। ਇਸ ਦੇ ਇਲਾਵਾ ਤਿੰਨ ਈਸ਼ਵਰੀ ਸਿਧਾਂਤ ਮਤੀ ਦੀ ਇੰਜ਼ੀਲ ਅਨੁਸਾਰ ਹਜਰਤ ਈਸਾ ਜੀ ਨੇ ਕਿਹਾ,"ਸਵਰਗ ਅਤੇ ਪ੍ਰਿਥਵੀ ਦਾ ਅਧਿਕਾਰ ਮੈਨੂੰ ਦਿੱਤਾ ਗਿਆ ਹੈ। ਇਸ ਲਈ ਜਾਉ ਅਤੇ ਸਭ ਜਾਤੀਆਂ ਦੇ ਲੋਕਾਂ ਨੂੰ ਚੇਲੇ ਬਣਾਉ ਅਤੇ ਉਨ੍ਹਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਮ ਨਾਲ ਬਪਤਿਸਮਾ ਦਿਉ ਅਤੇ ਜੋ-ਜੋ ਆਗਿਆ ਮੈ ਦਿੱਤੀ ਹੈ ਉਨ੍ਹਾਂ ਦਾ ਪਾਲਣ ਕਰਨਾ ਸਿਖਾਉ ਅਤੇ ਦੇਖਿਉ ਮੈ ਯੁੱਗ ਦੇ ਅੰਤ ਤਕ ਹਮੇਸ਼ਾ ਤੁਹਾਡੇ ਨਾਲ ਹਾਂ"[58] ਵੀ ਡਰ ਅਤੇ ਵੈਰ ਵਧਾਂਉਦਾ ਹੈ।

3. **ਇਸਲਾਮ ਧਰਮ:-** 'ਇਸਲਾਮ' ਅਰਬੀ ਭਾਸ਼ਾ ਦਾ ਸ਼ਬਦ ਹੈ। ਇਸ ਸ਼ਬਦ ਦਾ ਅਰਥ ਹੈ ਸ਼ਾਂਤੀ ਵਿਚ ਸ਼ਾਮਿਲ ਹੋਣਾ। ਜਿਸ ਧਰਮ ਦਾ ਨਾਮ ਹੀ ਸ਼ਾਂਤੀ ਵਿਚ ਸ਼ਾਮਿਲ ਹੋਣਾ ਭਾਵ ਜਿਹੜਾ ਮਨੁੱਖ ਪਰਮਾਤਮਾ ਵਿਚ ਵਿਸ਼ਵਾਸ਼ ਰੱਖਦਾ ਅਤੇ ਮਨੁੱਖਤਾ ਨਾਲ ਪ੍ਰੇਮ ਰੱਖਦਾ ਹੋਇਆ ਸ਼ਾਂਤੀ ਬਹਾਲ ਕਰਦਾ, ਉਹੀ ਇਸਲਾਮ ਧਰਮ ਨੂੰ ਧਾਰਨ ਕਰਦਾ ਹੈ। ਪਵਿੱਤਰ ਕੁਰਾਨ ਵਿਚ ਅੱਲਾ ਲਈ ਸੰਬੋਧਿਤ ਸ਼ਬਦਾਂ ਵਿਚ ਗਫ਼ਾਰ ਸ਼ਬਦ ਵਰਤਿਆ ਗਿਆ ਹੈ ਜਿਸ ਦਾ ਅਰਥ ਹੈ ਬਖ਼ਸ਼ਣਹਾਰ। ਇਸ ਤੋਂ ਇਲਾਵਾ ਹੋਰ ਸ਼ਬਦ ਰਹਿਮਾਨ ਭਾਵ ਦਿਆਲੂ ਅਤੇ ਰਹੀਮ ਭਾਵ ਕਿਰਪਾਲੂ ਅਤੇ ਮਿਹਰਬਾਨ ਸ਼ਬਦ ਵੀ ਅੱਲਾ ਨੂੰ ਸੰਬੋਧਿਤ ਸ਼ਬਦ ਹਨ। ਉਦਾਹਰਣ ਵਜੋਂ ਕੁਰਾਨ ਦੀ ਸੂਰਾ 7 ਅੱਲ-ਆਰਾਫ਼ ਦੀ ਆਇਤ 189-198 ਵਿਚ ਅੱਲਾ ਦੀ ਦਿਆਲਤਾ ਬਾਰੇ ਇੰਞ ਲਿਖਿਆ ਹੈ,

"ਤੁਸੀ ਭਾਵੇ ਉਨ੍ਹਾਂ ਨੂੰ ਸੱਦੋ ਜਾਂ ਚੁਪ ਰਹੋ, ਦੋਵਾਂ ਹਾਲਤਾਂ ਵਿਚ ਤੁਹਾਡੇ ਲਈ ਇਕ ਸਮਾਨ ਹੀ ਰਹੇਗਾ ।"[59]

ਸੂਰਾ 2 ਅੱਲ-ਬਕਰਹ ਆਇਤ 163-167 ਵਿਚ ਲਿਖਿਆ ਹੈ "ਤੁਹਾਡਾ ਇਸ਼ਟ ਇਕੋ ਇਕ ਇਸ਼ਟ ਹੈ। ਉਸ ਅਤਿਅੰਤ ਮਿਹਰਵਾਨ ਤੇ ਰਹਿਮ ਫ਼ਰਮਾਉਣ ਵਾਲੇ ਤੋਂ ਛੁੱਟ ਕੋਈ ਹੋਰ ਬੰਦਗੀ ਦੇ ਲਾਇਕ ਨਹੀਂ ਹੈ।"[60] ਸੁਰਾ 60 ਅਲ-ਮੁਮਤਹਿਨ ਦੀ ਆਇਤ 8-9 ਵਿਚ ਲਿਖਿਆ ਹੈ ਕਿ ਉਨ੍ਹਾਂ ਲਈ ਕਠੋਰ ਬਣਨ ਦਾ ਹੱਕ ਹੈ ਜਿਨ੍ਹਾਂ ਨੇ ਈਮਾਨ ਨਹੀਂ ਲਿਆਦਾਂ।[61] ਇਸ ਤੋਂ ਸਪੱਸ਼ਟ ਹੈ ਕਿ ਜੋ ਲੋਕ ਅੱਲਾਹ ਨੂੰ ਮੰਨਦੇ ਹਨ ਉਹੀ ਮੁਸਲਮਾਨ ਹਨ, ਬਾਕੀਆਂ ਲਈ ਵੈਰ ਰੱਖਣਾ ਠੀਕ ਹੈ। ਮੁਸਲਮਾਨ ਗੈਰ ਮੁਸਲਮਾਨਾਂ ਨੂੰ 'ਕਾਫ਼ਰ' ਕਹਿ ਕੇ ਵੈਰ ਰੱਖਦੇ ਸਨ। ਇਸਲਾਮ ਵਿਚ ਅੱਲ੍ਹਾ ਮੋਮਨਾਂ ਲਈ ਰਹੀਮ, ਰਹਿਮਾਨ ਤਾਂ ਹੈ, ਪਰ ਕਾਫ਼ਰਾ ਲਈ ਉਹ 'ਜ਼ਾਲਮ','ਜਾਬਰ' ਦੱਸਿਆ ਗਿਆ ਹੈ। ਕੁਰਾਨ ਦੇ ਸੂਰਾ 2, ਅਲ-ਬਕਰਹ, ਆਇਤ 38-39 ਵਿਚ ਲਿਖਿਆ ਹੈ "ਤੁਸੀ ਸਾਰੇ ਇੱਥੋਂ ਉਤਰ ਜਾਓ। ਫਿਰ ਜੇ ਮੇਰੇ ਵੱਲੋਂ ਕੋਈ ਹਦਾਇਤ ਤੁਹਾਨੂੰ ਪਹੁੰਚੇ, ਤਾਂ ਜਿਹੜੇ ਲੋਕ ਮੇਰੀ ਉਸ ਹਦਾਇਤ ਦੀ ਪਾਲਣਾ ਕਰਨਗੇ, ਉਨ੍ਹਾਂ ਨੂੰ ਕੋਈ ਡਰ ਤੇ ਚਿੰਤਾ ਨਹੀਂ ਹੋਵੇਗੀ ਅਤੇ ਜਿਹੜੇ ਇਸ ਨੂੰ ਕਬੂਲਣੋਂ ਇਨਕਾਰ ਕਰਨਗੇ ਅਤੇ ਸਾਡੀਆਂ ਆਇਤਾਂ ਨੂੰ ਝੁਠਲਾਉਣਗੇ, ਉਹ ਅੱਗ (ਨਰਕ) ਵਿਚ ਜਾਣ ਵਾਲੇ ਹਨ, ਜਿੱਥੇ ਉਹ ਸਦਾ ਰਹਿਣਗੇ।"[62] ਪਵਿੱਤਰ ਕੁਰਾਨ ਵਿਚ ਸ਼ੈਤਾਨ ਦੀ ਹੋਂਦ ਵੀ ਹੈ, ਸੂਰਾ 3 ਅਲ–ਇਮਰਾਨ, ਆਇਤ 155 ਵਿਚ ਲਿਖਿਆ ਹੈ ਕਿ ਜਿਹੜੇ ਲੋਕ ਮੁਕਾਬਲੇ ਵਾਲੇ ਦਿਨ ਪਿਠ ਫੇਰ ਗਏ ਸਨ ਉਨ੍ਹਾਂ ਦੇ ਇਸ ਤਰ੍ਹਾਂ ਤਿਲਕਣ ਦਾ ਕਾਰਨ ਇਹ ਸੀ ਕਿ ਉਨ੍ਹਾਂ ਦੀਆਂ ਕਮਜ਼ੋਰੀਆਂ ਕਰਕੇ ਸ਼ੈਤਾਨ ਨੇ ਉਨ੍ਹਾਂ ਦੇ ਪੈਰ ਥਿੜਕਾ ਦਿੱਤੇ ਸਨ।[63] ਪਵਿੱਤਰ ਕੁਰਾਨ ਦੀ ਹਰੇਕ ਆਇਤ ਦੇ ਸ਼ੁਰੂ ਵਿਚ ਅੱਲਾਹ ਦੀ ਤਾਰੀਫ਼ ਕਰਦੇ ਹੋਏ ਉਸ ਨੂੰ ਕੇਵਲ ਤੇ ਕੇਵਲ ਇਕ, ਕਿਰਪਾਲੂ, ਦਿਆਲੂ, ਮਿਹਰਵਾਨ ਸ਼ਬਦਾਂ ਨਾਲ ਸੰਬੋਧਿਤ ਕੀਤਾ ਗਿਆ ਹੈ, ਪਰ ਗੈਰ ਮੁਸਲਮਾਨਾਂ ਲਈ ਕਾਫ਼ਰ ਤੇ ਸ਼ੈਤਾਨ ਦੀ ਹੋਂਦ ਨੇ ਵੈਰ ਦੀ ਭਾਵਨਾ ਨੂੰ ਪੈਦਾ ਕੀਤਾ ਹੈ।

4. **ਹਿੰਦੂ ਧਰਮ:-** ਹਿੰਦੂ ਧਰਮ ਵਿਚ ਵੇਦ, ਉਪਨਿਸ਼ਦ ਅਧਿਆਤਮਕ ਗਿਆਨ ਦਾ ਭੰਡਾਰ ਹਨ। ਵੇਦਾਂ ਅਤੇ ਉਪਨਿਸ਼ਦਾਂ ਵਿਚ ਪਰਮਾਤਮਾ ਨੂੰ 'ਅਭੈ' ਕਿਹਾ ਗਿਆ ਹੈ ਜਿਸ ਦਾ ਅਰਥ ਹੈ ਭੈ ਤੋਂ ਪਰੇ। ਅਭੈ ਬਾਰੇ ਤੈੱਤਿਰੀਯ ਉਪਨਿਸ਼ਦ ਦੀ ਸਿੱਖਿਆ ਵੱਲੀ ਦੇ ਦੂਜੇ ਸਲੋਕ ਵਿਚ ਲਿਖਿਆ ਹੈ:

ਏਸ਼ ਹ੍ਯੇਵਾਨੰਦਯਾਤਿ।ਯਦਾ

ਹਜੇਵੈਸ਼ ਏਤਸ੍ਮਿਨਨ ਦ੍ਰਿਸ਼ਯੇ ਨਾਤ੍ਮਜੇ

ਨਿਰੁਕਤੇ ਨਿਲਯਨੇ ਭਯੰ ਪ੍ਰਤਿਸ਼ਠਾਂ

ਵਿੰਦਤੈ । ਅਥ ਸੋ ਭਯੰ ਗਤੋ ਭਵਤਿ॥2॥[64]

ਰਿਗਵੇਦ ਵਿਚ ਬ੍ਰਹਮ ਨੂੰ 'ਅਭਿਯਮ ਜਿਅਤਿ' ਕਿਹਾ ਗਿਆ ਹੈ।[65] ਅਭੈ ਬਾਰੇ ਛਾਂਦੋਗਯ ਉਪਨਿਸ਼ਦ ਦੇ ਚੌਥੇ ਸਲੋਕ ਵਿਚ ਲਿਖਿਆ ਹੈ:

ਆਤਮੇਤਿ ਹੋਵਾਚੈਤਦਮ੍ਰਿਤਮਭਯਮੇਤਦ

ਬ੍ਰਹਮੈਤਯਥ ਯੋ ਯੰ ਭਗਵੋ ਪਸੁ

ਪਰਿਥਯਾਯਤੇ ਯਸ਼ਚਾਯਮਾਦਰਸ਼ੇ ਕਤਮ

ਏਸ਼ ਤਿਤਯੇਸ ਉ ਏਵੈਸ਼ ਸਰ੍ਵੇਸ਼ੇਤਸ਼

ਪਰਿਕਯਾਯਤ ਇਤਿ ਹੋਵਾਚ ॥4॥[66]

ਇਸ ਸਲੋਕ ਵਿਚ ਪ੍ਰਜਾਪਤੀ ਬ੍ਰਹਮ ਦੇ ਸਰੂਪ ਬਾਰੇ ਦਸਦਾ ਹੋਇਆ ਕਹਿੰਦਾ ਹੈ ਕਿ ਇਹੀ ਅੰਮ੍ਰਿਤ ਹੈ, ਇਹੀ ਨਿਰਭੈ ਹੈ, ਇਹੀ ਬ੍ਰਹਮ ਹੈ। ਪ੍ਰਜਾਪਤੀ ਬ੍ਰਹਮ ਦੇ ਸਰੂਪ ਨੂੰ ਨਿਰਭੈ ਅਤੇ ਸਰਬਵਿਆਪਕ ਆਖਦਾ ਹੈ। ਇਸੇ ਤਰ੍ਹਾਂ ਹੀ ਕੱਠ ਉਪਨਿਸ਼ਦ ਦੀ ਛੇਂਵੀ ਵੱਲੀ ਦੇ ਤੀਸਰੇ ਸਲੋਕ ਵਿਚ ਬ੍ਰਹਮ ਦੇ ਭੈਅ ਵਿਚ ਬ੍ਰਹਿਮੰਡ ਦੀ ਨਿਯਮਬੱਧਤਾ ਨੂੰ ਬਿਆਨ ਕੀਤਾ ਗਿਆ ਹੈ:

ਭਯਾਦਸਮਾਦਗਨਿਸਤਪਤਿ ਭਯਾਤ ਤਪਤਿ ਸੂਰਯ :।

ਭਯਾਦਿੰਦ੍ਰਸ਼ਚ ਵਾਯਸ਼ਚ ਮ੍ਰਿਤਯਰ੍ਧਾਵਤਿ ਪੰਚਮ: ॥3॥[67]

ਬ੍ਰਹਮ ਦੇ ਭੈ ਤੋਂ ਅੱਗ ਤਪਦੀ ਹੈ, ਭੈ ਤੋਂ ਸੂਰਜ ਵੀ ਤਪਦਾ ਹੈ। ਭੈ ਤੋਂ ਇੰਦਰ ਵਾਯੂ ਪੰਜਵਾਂ ਦੇਵ ਭਜਦਾ ਹੈ। ਨਿਰਵੈਰਤਾ ਬਾਰੇ ਇਕ ਹੀ ਸਲੋਕ ਸਾਨੂੰ ਦੋ ਉਪਨਿਸ਼ਦਾਂ ਕੱਠ[68] ਅਤੇ ਤੈੱਤਿਰੀਯ[69] ਵਿਚ ਦੇਖਣ ਨੂੰ ਮਿਲਦਾ ਹੈ। ਜਿਸ ਵਿਚ ਸ਼ਾਂਤੀ ਰੱਖਣ ਅਤੇ ਵੈਰ ਭਾਵਨਾ ਨਾ ਰੱਖਣ ਦਾ ਉਪਦੇਸ਼ ਦਿੱਤਾ ਹੈ। ਸ੍ਰੀਮਦ ਭਗਵਤ ਗੀਤਾ ਵਿਚ ਅਧਿਆਇ 16 ਦੇ 'ਦੈਵੀ ਅਤੇ ਅਸੁਰੀ ਸੁਭਾਅ' ਦੇ ਪਹਿਲੇ ਸਲੋਕ ਵਿਚ ਨਿਰਭਉ ਲਈ 'ਅਭਯਮ' ਸ਼ਬਦ ਵਰਤਿਆ ਹੈ, ਜਿਸ ਦੇ ਅਰਥ 'ਨਿਡਰਤਾ' ਕੀਤੇ ਹਨ।[70] ਸ੍ਰੀਮਦ ਭਗਵਤ ਗੀਤਾ ਵਿਚ ਭਗਵਾਨ

ਕ੍ਰਿਸ਼ਨ ਯੁੱਧ ਭੂਮੀ ਦੇ ਵਿਚ ਅਰਜਨ ਨੂੰ ਨਿਰਭਉ ਹੋਣ ਲਈ ਹੀ ਉਪਦੇਸ਼ ਦਿੰਦੇ ਹਨ ਤਾਂ ਜੋ ਉਹ ਨਿਡਰ ਹੋ ਕੇ ਸੱਚਾਈ ਲਈ ਲੜੇ ਅਤੇ ਜ਼ੁਲਮ ਦਾ ਨਾਸ਼ ਕਰੇ। ਇਸ ਵਿਚ ਨਿਰਭਉ ਲਈ ਅਭੈ, ਅਭਯਮ ਸ਼ਬਦ ਵਰਤੇ ਹਨ ਅਤੇ ਨਿਰਵੈਰ ਲਈ 'ਨਿਰਵੈਰਹ' ਸ਼ਬਦ ਵਰਤਿਆ ਹੈ। ਸ੍ਰੀਮਦ ਭਗਵਤ ਗੀਤਾ ਦੇ 16ਵੇਂ ਅਧਿਆਇ 'ਦੈਵੀ ਅਤੇ ਅਸੁਰੀ ਸੁਭਾਅ' ਵਿਚ ਅਤੇ 'ਸ੍ਰੀ ਭਗਵਾਨਵਾਚ' ਵਿਚ ਵੀ 'ਅਭਯਮ' ਸ਼ਬਦ ਦੀ ਵਰਤੋਂ ਕੀਤੀ ਹੈ:

ਅਭਯਮ੍ ਸੱਤਵ ਸੰਸ਼ਦੁਧਿਰ੍ ਗਜਾਨ ਯੋਗ ਵਯਵਸ੍ਥਿਤਿਹ

ਦਾਨਮ੍ ਦਮਸ਼ ਚ ਯਗਯਸ਼ ਚ ਸਵਾਧਯਾਯਸ਼ ਤਪ ਆਰਜਵਮ॥[71]

ਸ੍ਰੀਮਦ ਭਗਵਤ ਗੀਤਾ ਵਿਚ ਬ੍ਰਹਮ ਨੂੰ 'ਨਿਰਵੈਰਹ' ਵੀ ਕਿਹਾ ਗਿਆ ਹੈ:

ਨਿਰਵੈਰਹ ਸਰਵ ਭੂਤੇਸ਼ ਯਹ ਸ ਮਾਮ ਏਤਿ ਪਾਂਡਵ।[72]

ਸ੍ਰੀ ਕ੍ਰਿਸ਼ਨ ਨੇ ਗੀਤਾ ਦੇ ਛੇਵੇਂ ਅਧਿਆਇ ਧਿਆਨ ਯੋਗ ਦੇ ਨੌਵੇਂ ਸਲੋਕ ਵਿਚ ਦੱਸਿਆ ਹੈ:

ਸੁਹ੍ਰਿਨ ਮਿਤਰਾਰਿ ਓਦਾਸੀਨ ਮਧਯਸਥ ਦਵੇਸ਼ਯ ਬੰਧੁਸ਼।

ਸਾਧੁਸ਼ੇਵ ਆਪਿ ਚ ਪਾਪੇਸ਼ ਸਮ ਬੁੱਧਿਰ ਵਿਸ਼ਿਸਯਤੇ॥9॥[73]

ਜਦੋਂ ਮਨੁਖ ਛੱਲ ਕਪਟ ਤੋਂ ਪਰੇ, ਇਮਾਨਦਾਰੀ, ਹਿਤੇਸ਼ੀ ਦੋਸਤਾਂ, ਪਿਆਰੇ ਮਿੱਤਰਾਂ, ਨਿਰਪੱਖਾਂ, ਸੁਲਾਹ ਕਰਾਉਣ ਵਾਲਿਆਂ, ਈਰਖਾਲੂਆਂ, ਦੁਸ਼ਮਣਾਂ ਅਤੇ ਦੋਸਤਾਂ, ਪਵਿੱਤਰ ਅਤੇ ਪਾਪੀ ਆਤਮਾਵਾਂ ਨੂੰ ਬਰਾਬਰੀ ਦੇ ਭਾਵ ਨਾਲ ਵੇਖਦਾ ਹੈ ਤਾਂ ਉਹ ਹੋਰ ਵੀ ਉਨੱਤ ਮੰਨਿਆ ਜਾਂਦਾ ਹੈ। ਉਨੱਤ ਵਿਅਕਤੀ ਉਹ ਹੈ ਜੋ ਦਵੈਤ ਤੋਂ ਪਰੇ ਹੋ ਕੇ ਹਰੇਕ ਜੀਵ ਲਈ ਬਰਾਬਰਤਾ ਦਾ ਭਾਵ ਰੱਖਦਾ ਹੈ। ਸ੍ਰੀਮਦ ਭਗਵਤ ਗੀਤਾ ਦੇ ਸਲੋਕ ਵਿਚ ਅਜਿਹੇ ਵਿਅਕਤੀ ਨੂੰ ਹੀ ਮੁਕਤੀ [74] ਤੇ ਕਿਰਪਾ [75] ਦਾ ਪਾਤਰ ਦੱਸਿਆ ਹੈ। ਇਸ ਤਰ੍ਹਾਂ ਸ੍ਰੀਮਦ ਭਗਵਤ ਗੀਤਾ ਵਿਚ ਭਗਵਾਨ ਕ੍ਰਿਸ਼ਨ ਅਰਜਨ ਨੂੰ ਨਿਡਰ ਹੋਣ ਦਾ ਉਪਦੇਸ਼ ਦਿੰਦੇ ਹੋਏ ਇਕ ਪਾਸੇ ਉਸ ਨੂੰ ਜ਼ੁਲਮ ਦਾ ਨਾਸ਼ ਕਰਨ ਨੂੰ ਕਹਿੰਦੇ ਹਨ ਅਤੇ ਦੂਸਰੇ ਪਾਸੇ ਉਸ ਨੂੰ ਬ੍ਰਹਮ ਦਾ ਗਿਆਨ ਕਰਵਾਉਂਦੇ ਹੋਏ ਸਾਰੀ ਲੋਕਾਈ ਪ੍ਰਤੀ ਦ੍ਵੈਸ਼ ਤੋਂ ਮੁਕਤ ਹੋ ਕੇ ਮਿਤੱਰਤਾ ਭਾਵ ਰੱਖਣ ਲਈ ਪ੍ਰੇਰਦੇ ਹਨ।

ਹਿੰਦੂ ਧਰਮ ਨੂੰ ਮੰਨਣ ਵਾਲੇ ਬੁੱਤ-ਪੂਜਕ ਹਨ। ਵੈਦਿਕ-ਕਾਲ ਵਿਚ ਦੇਵੀ-ਦੇਵਤਿਆਂ ਦੀ ਆਪਸੀ ਲੜਾਈ ਝਗੜੇ ਦਰਸਾਏ ਗਏ ਹਨ। ਬ੍ਰਾਹਮਣਵਾਦ ਸਮੇਂ ਸ਼ੂਦਰ ਲੋਕਾਂ ਨੂੰ ਅਛੂਤ ਕਿਹਾ ਜਾਂਦਾ ਸੀ ਤੇ ਨੀਵੀਂ ਜਾਤੀ ਦੇ ਲੋਕਾਂ ਨਾਲ ਘ੍ਰਿਣਾ ਕੀਤੀ ਜਾਂਦੀ ਸੀ। ਵੈਦਿਕ-ਕਾਲ ਤੋਂ ਹੀ ਇਨ੍ਹਾਂ ਦੇ ਦੇਵੀ ਦੇਵਤੇ ਆਪਸ ਵਿਚ

ਲੜਦੇ ਝਗੜਦੇ ਦੱਸੇ ਗਏ ਹਨ। ਬ੍ਰਹਮਾ ਨਿਰਮਾਣ ਕਰਤਾ, ਵਿਸ਼ਨੂੰ ਪਾਲਕ ਅਤੇ ਸ਼ਿਵ ਸੰਸਾਰ ਨੂੰ ਨਸ਼ਟ ਕਰਨ ਵਾਲਾ। ਬ੍ਰਹਮਾ ਅਤੇ ਵਿਸ਼ਨੂੰ ਦੇ ਮਹਾਨ ਯੁੱਧ ਨੂੰ ਸ਼ਿਵ 'ਅੱਗ ਦੇ ਮੰਬੇ' ਰਾਹੀਂ ਪ੍ਰਗਟ ਹੋ ਕੇ ਨਬੇੜਦਾ ਹੈ ਅਤੇ ਕ੍ਰੋਧ ਵਿਚ ਆ ਕੇ ਸੰਸਾਰ ਨਸ਼ਟ ਕਰ ਦਿੰਦਾ ਹੈ।[76] ਹਿੰਦੂਆਂ ਦੇ ਬ੍ਰਹਮਾ ਦੇ ਸੰਕਲਪ ਵਿਚ ਕ੍ਰੋਧ ਅਤੇ ਵੈਰ ਮੌਜੂਦ ਹੈ। ਬ੍ਰਾਹਮਣਵਾਦ ਨੇ ਲੋਕਾਂ ਦੀ ਲੁੱਟ-ਖਸੁੱਟ ਕਰਨ ਲਈ ਹੋਰ ਕਈ ਤਰ੍ਹਾਂ ਦੇ ਡਰਾਂ ਦੇ ਨਾਲ ਮੌਤ ਦਾ ਡਰ ਲੋਕਾਂ ਦੇ ਮਨਾਂ ਉੱਤੇ ਬਿਠਾਇਆ ਹੋਇਆ ਸੀ। ਰਿਗਵੇਦ ਦੇ ਅਧਾਰ ਤੇ ਕੀਤੀ ਜਾਤੀ ਵੰਡ, ਮਨੂੰ ਦੇ ਕਰੜੇ ਕਾਨੂੰਨ ਤੇ ਬ੍ਰਾਹਮਣੀ ਹਉਮੈਵਾਦ ਨੇ ਨੀਵੀਆਂ ਜਾਤੀਆਂ ਲਈ ਅਜਿਹੀ ਘਿਰਣਾ ਤੇ ਵੈਰ ਦੀ ਭਾਵਨਾ ਪੈਦਾ ਕੀਤੀ ਕਿ ਉਨ੍ਹਾਂ ਦਾ ਜੀਵਨ ਪਸ਼ੂ ਸਮਾਨ ਸੀ। ਸੂਦਰ ਨੀਵੇਂ ਮੰਨੇ ਜਾਂਦੇ ਸਨ। 'ਓਮ' ਦਾ ਉਚਾਰਣ ਅਤੇ 'ਮੰਤਰ' ਦਾ ਜਾਪ ਉਨ੍ਹਾਂ ਲਈ ਮਹਾਂ ਪਾਪ ਸੀ।[77]

5. **ਜੈਨ ਧਰਮ:-** ਜੈਨ ਧਰਮ ਪ੍ਰਾਚੀਨ ਧਰਮ ਹੈ। ਜੈਨ ਧਰਮ ਦੇ ਪ੍ਰਥਮ ਤੀਰਥੰਕਰ 'ਰਿਸ਼ਭਦੇਵ' ਸਨ ਅਤੇ ਅਖੀਰਲੇ 'ਮਹਾਂਵੀਰ'। ਜੈਨ ਸਾਹਿਤ ਨੂੰ 'ਆਗਮ', 'ਜਿਨਾਗਮ', 'ਜੈਨਾਗਮ' ਕਿਹਾ ਜਾਂਦਾ ਹੈ। ਇਨ੍ਹਾਂ ਆਗਮ ਗ੍ਰੰਥਾਂ ਵਿਚ 'ਨਿਰਭੈਅਤਾ' ਸ਼ਬਦ ਵਰਤਿਆ ਗਿਆ ਹੈ। 'ਪ੍ਰਸ਼ਨਯਾਕਰਨਸੂਤਰ' ਵਿਚਲੇ ਤੀਜੇ ਅਧਿਆਇ ਦੇ 'ਸਤਯ' ਮਹਾਂਵਰਤ ਦੀਆਂ ਪੰਜ ਭਾਵਨਾਵਾਂ ਹਨ, ਜਿਨ੍ਹਾਂ ਵਿਚੋਂ ਚੌਥੀ ਭਾਵਨਾ 'ਨਿਰਭੈਅਤਾ' ਦੀ ਹੈ। ਇਸ ਭਾਵਨਾ ਵਿਚ ਲਿਖਿਆ ਹੈ ਕਿ ਨਿਰਭੈਅਤਾ-ਭਯ ਦਾ ਅਭਾਵ ਹੈ। ਮਨੁੱਖ ਨੂੰ ਭੈਅਭੀਤ ਨਹੀਂ ਹੋਣਾ ਚਾਹੀਦਾ। ਡਰਾਕਲ ਵਿਅਕਤੀ ਨੂੰ ਅਨੇਕ ਭੈਅ ਜਕੜ ਲੈਂਦੇ ਹਨ। ਡਰਾਕਲ ਮਨੁੱਖ ਆਪ ਤਾਂ ਡਰਦਾ ਹੀ ਹੈ, ਦੂਸਰਿਆਂ ਨੂੰ ਵੀ ਡਰਾਉਂਦਾ ਹੈ। ਭੈਅਭੀਤ ਮਨੁੱਖ ਨਿਸਚਿਤ ਹੀ ਤਪ ਅਤੇ ਧੀਰਜ ਨੂੰ ਵੀ ਛੱਡ ਬੈਠਦਾ ਹੈ। ਡਰਾਕਲ ਵਿਅਕਤੀ ਸੱਤਪੁਰਸ਼ਾ ਦੇ ਦੱਸੇ ਮਾਰਗ ਤੇ ਨਹੀਂ ਚਲ ਸਕਦਾ। ਇਸ ਲਈ ਨਿਰਭੈਅ ਵਿਅਕਤੀ ਨੂੰ ਕਿਸੇ ਪਸ਼ੂ, ਪੰਛੀ, ਆਤਮਾ ਦੁਆਰਾ, ਵਿਦਿਆ, ਸਰੀਰਕ ਰੋਗ, ਮੌਤ ਕਿਸੇ ਵੀ ਪ੍ਰਕਾਰ ਦੇ ਵਿਯੋਗ ਤੋਂ ਡਰਨਾ ਨਹੀਂ ਚਾਹੀਦਾ। ਇਸ ਪ੍ਰਕਾਰ ਦੇ ਵਿਚਾਰ ਰੱਖ ਕੇ ਧਰਮ ਚਿਤ ਸਥਿਰ ਭਾਵ ਨਿਰਭੈਅਤਾ ਨਾਲ ਭਰੇ ਸਾਧੂ ਦਾ ਹੱਥਾਂ, ਪੈਰਾਂ, ਅੱਖਾਂ ਅਤੇ ਮੂੰਹ ਤੇ ਸੰਜਮ ਅਤੇ ਮਨ ਸੱਚ ਨਾਲ ਭਰਪੂਰ ਹੁੰਦਾ ਹੈ।[78]

ਜੈਨ ਧਰਮ ਵਿਚ 'ਅਹਿੰਸਾ' ਮੂਲ ਸਿਧਾਂਤ ਹੈ। ਇਸਨੂੰ ਜੈਨ ਧਰਮ ਦੇ ਪ੍ਰਾਣ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਸਾਰੇ ਸੰਸਾਰ ਦੇ ਜੀਵਾਂ ਵਿਚਲੀ ਆਤਮਾ ਨੂੰ ਸਮਾਨ

ਦ੍ਰਿਸ਼ਟੀ ਨਾਲ ਦੇਖਣਾ ਅਤੇ ਕਿਸੇ ਨੂੰ ਵੀ ਦੁੱਖ ਨਾ ਦੇਣਾ ਅਹਿੰਸਾ ਹੈ। ਹਿੰਸਾ ਵੈਰ ਦਾ ਹੀ ਇਕ ਰੂਪ ਹੈ। ਜੈਨ ਧਰਮ ਹਿੰਸਾ ਕਰਨ ਤੋਂ ਵਰਜਿਤ ਕਰਦਾ ਹੈ ਅਤੇ ਅਹਿੰਸਾ ਦੀ ਪਾਲਣਾ ਕਰਨ ਲਈ ਪ੍ਰੇਰਿਤ ਕਰਦਾ ਹੈ। ਅਹਿੰਸਾ ਪੰਜ ਮਹਾਂਵਰਤਾ ਵਿਚੋਂ ਪ੍ਰਮੁੱਖ ਹੈ। ਹਿੰਸਾ ਦਾ ਤਿਆਗ ਕਰਨਾ ਹੀ 'ਅਹਿੰਸਾਵਰਤ' ਕਹਾਉਂਦਾ ਹੈ। ਮਨ, ਬਚਨ, ਕਰਮ, ਸਮ੍ਰਿਤੀ ਆਦਿ ਤੋਂ ਅਹਿੰਸਾ ਨੂੰ ਧਾਰਨ ਕਰਨਾ, ਕਿਸੇ ਵੀ ਵਿਅਕਤੀ, ਜੀਵ, ਪਸ਼ੂ, ਪੰਛੀ ਨੂੰ ਕੋਈ ਕਸ਼ਟ ਨਹੀਂ ਪਹੁੰਚਾਉਣਾ, ਅਹਿੰਸਾ ਦਾ ਪਾਲਣ ਕਰਨਾ ਕਹਾਉਂਦਾ ਹੈ। ਇਸ ਧਰਮ ਵਿਚ ਅਹਿੰਸਾ ਦੇ ਕਈ ਰੂਪਾਂ ਨੂੰ ਦਰਸਾਇਆ ਗਿਆ ਹੈ। ਅਹਿੰਸਾ ਨੂੰ 'ਭਾਗਵਤੀ' ਕਹਿ ਇਸ ਦੇ 60 ਨਾਂ ਵੀ ਲਿਖੇ ਗਏ ਹਨ। ਜਿਨ੍ਹਾਂ ਵਿਚ ਖਿਮਾ ਕਰਨਾ, ਕਰੁਣਾ ਭਾਵ, ਕਲਿਆਣਕਾਰੀ, ਸੀਲ ਆਦਿ ਨਾਮ ਦੇ ਕੇ ਅਹਿੰਸਾ ਦੀ ਮਹਿਮਾ ਦਰਸਾਈ ਗਈ ਹੈ ਅਤੇ ਹਰ ਇਕ ਲਈ ਇਸ ਨੂੰ ਜ਼ਰੂਰੀ ਦੱਸਿਆ ਗਿਆ ਹੈ।[79]

6. **ਬੁੱਧ ਧਰਮ:-** ਬੁੱਧ ਧਰਮ ਵਿਚ ਮਹਾਤਮਾ ਬੁੱਧ ਦੇ ਗਿਆਨ ਭਰਪੂਰ ਵਚਨ 'ਧੱਮਪਦ ਗ੍ਰੰਥ' ਵਿਚ ਮਿਲਦੇ ਹਨ। ਇਸ ਗ੍ਰੰਥ ਵਿਚਲੇ ਵਚਨਾਂ ਨੂੰ ਉਨ੍ਹਾਂ ਦੇ ਮੌਖਿਕ ਵਚਨ ਕਿਹਾ ਜਾਂਦਾ ਹੈ। ਮਹਾਤਮਾ ਬੁੱਧ ਨੇ ਧੱਮਪਦ ਦੇ ਤੀਜੇ ਵੱਗ ਵਿਚ ਵਿਅਕਤੀ ਬਾਰੇ ਇੰਞ ਕਿਹਾ ਹੈ:

ਅਨਵੱਸੁਤ ਚਿੱਤਸ, ਅਨਲਾਹਤਚੇਤਸੋ।
ਪੁੱਞਪਾਧਹੀਨੱਮ, ਨਤੀਥ ਜਾਗਰਤੋ ਤਯੰ॥39॥ [80]

ਜੋ ਵਿਅਕਤੀ ਸੁਚੇਤ ਹੈ, ਪਾਪ ਤੇ ਪੁੰਨ ਤੋਂ ਮੁਕਤ ਹੈ, ਜਿਸ ਦਾ ਚਿੱਤ ਡਾਵਾਂਡੋਲ ਨਹੀਂ ਹੈ ਤੇ ਜੋ ਵਿਕਾਰ ਤੋਂ ਰਹਿਤ ਹੈ, ਉਸ ਬੰਦੇ ਲਈ ਕਿਤੇ ਵੀ ਭੈ ਨਹੀਂ ਹੈ। ਮਹਾਤਮਾ ਬੁੱਧ ਨੇ ਗਿਆਨੀ ਵਿਅਕਤੀ ਦੀ ਸ਼ਖਸੀਅਤ ਨੂੰ ਇੰਞ ਬਿਆਨ ਕੀਤਾ ਹੈ:

ਨ ਤੇਨ ਪੰਡਿਤਸ ਹੋਤਿ, ਯਾਵਤਾ ਬਹੁ ਭਾਸਤਿ।
ਖੇਮੀ ਅਵੇਰੀ ਅਭਯੋ , ਪੰਡਿਤੋ ਤਿ ਪਵੁੱਚਤਿ॥258॥[81]

ਜਿਹੜਾ ਵਿਅਕਤੀ ਬੜਬੋਲਾ ਹੈ, ਉਹ ਗਿਆਨੀ ਨਹੀਂ ਹੁੰਦਾ ਪਰ ਜੋ ਖਿਮਾਵੰਤ ਹੈ, ਘਿਰਣਾ ਤੇ ਭੈ ਤੋਂ ਮੁਕਤ ਹੈ, ਉਹ ਗਿਆਨੀ ਕਿਹਾ ਜਾਂਦਾ ਹੈ। ਉਨ੍ਹਾਂ ਨੇ ਧੱਮਪਦ ਦੇ ਛੱਬੀਵੇਂ ਵੱਗ ਬ੍ਰਾਹਮਣ ਵੱਗ ਵਿਚ ਬ੍ਰਾਹਮਣ ਸ਼ਬਦ ਦੇ ਅਰਥ ਵੀ ਕੀਤੇ ਹਨ :

ਸੱਬਸੰਯੋਜਨੰ ਛੇਵਤਾ, ਯੋ ਵੇ ਨ ਪਰਿਤੱਸਤਿ ।

ਸੰਗਾਤਿਗੰ ਵਿਸੰਯੁਤ ਤਮਹੰ ਬਰੂਮਿ ਬ੍ਰਾਹਮਣੰ ॥397॥[82]

ਜਿਹੜਾ ਨਿਰਭੈ ਹੈ, ਲਗਾਉ ਤੋਂ ਰਹਿਤ ਹੈ, ਸੁਤੰਤਰ ਹੈ ਅਤੇ ਬੰਧਨ ਤੋਂ ਮੁਕਤ ਹੈ, ਉਹੀ ਬ੍ਰਾਹਮਣ ਹੈ। ਇਸ ਤਰ੍ਹਾਂ ਮਹਾਤਮਾ ਬੁੱਧ ਦੇ ਵਿਚਾਰ ਅਨੁਸਾਰ ਗਿਆਨੀ ਅਤੇ ਬ੍ਰਾਹਮਣ ਉਹ ਹੀ ਬਣ ਸਕਦੇ ਹਨ, ਜਿਨ੍ਹਾਂ ਵਿਚ ਨਿਰਭੈ ਅਤੇ ਵੈਰ ਰਹਿਤ, ਦਇਆ ਦੇ ਗੁਣ ਹੋਣ। ਬੁੱਧ ਧਰਮ ਵਿਚਲਾ ਅਸ਼ਟ ਮਾਰਗ ਦਾ ਸਿਧਾਂਤ ਵੀ ਦਇਆ ਦੀ ਭਾਵਨਾ ਨੂੰ ਜਨਮ ਦਿੰਦਾ ਹੈ। ਇਸ ਧਰਮ ਵਿਚ ਮਿੱਤਰਤਾ ਭਾਵ ਉੱਤੇ ਜ਼ੋਰ ਦਿੱਤਾ ਗਿਆ ਹੈ। ਮਿੱਤਰਤਾਪੂਰਨ ਚਿੱਤ ਦਾ ਵਿਕਾਸ ਤਾਂ ਹੀ ਸੰਭਵ ਹੈ ਜੇਕਰ ਸਾਰੇ ਪ੍ਰਾਣਧਾਰੀ ਜੀਵਾਂ ਲਈ ਸੁੱਖ, ਭਲਾਈ ਅਤੇ ਪਿਆਰ ਦਾ ਨਜ਼ਰੀਆ ਰੱਖਿਆ ਜਾਵੇ।[83]

7. **ਸਿੱਖ ਧਰਮ:-** ਅਸੀਂ ਹੋਰਨਾਂ ਧਰਮਾਂ ਵਿਚ ਨਿਰਭਉ ਅਤੇ ਨਿਰਵੈਰ ਬਾਰੇ ਵਿਚਾਰ ਦੇ ਕੇ ਜੀਵਨ ਵਿਚ ਇਸ ਦੀ ਮੌਜੂਦਗੀ ਲਾਜ਼ਮੀ ਦੱਸ ਕੇ ਇਕ ਸਰਬ ਕਲਿਆਣਕਾਰੀ ਸਮਾਜ ਦੀ ਤਸਵੀਰ ਨੂੰ ਪੇਸ਼ ਕੀਤਾ ਹੈ। ਇਸ ਸੰਕਲਪ ਲਈ ਜੋ ਸਿਧਾਂਤਕ ਅਤੇ ਵਿਵਹਾਰਿਕ ਪ੍ਰਯਤਨ ਸਿੱਖ ਧਰਮ ਵਿਚ ਸਾਨੂੰ ਦੇਖਣ ਨੂੰ ਮਿਲਦਾ ਹੈ ਹੋਰ ਸ਼ਾਇਦ ਕਿਤੇ ਵੀ ਨਹੀਂ ਨਜ਼ਰੀ ਪੈਂਦਾ। ਇਸਲਾਮ ਤੇ ਈਸਾਈ ਧਰਮ ਵਿਚ ਰੱਬ ਤੋਂ ਬਾਹਰੀ ਇਕ ਤਾਕਤ ਸ਼ੈਤਾਨ ਦਾ ਵਜੂਦ ਮੰਨਿਆ ਗਿਆ ਹੈ, ਹਿੰਦੂ ਧਰਮ ਵੀ ਬ੍ਰਹਮਾ, ਵਿਸ਼ਨੂ, ਮਹੈਸ਼ ਦਾ ਵਜੂਦ ਮੰਨਦਾ ਹੈ। ਇਨ੍ਹਾਂ ਮੁਤਾਬਿਕ ਰੱਬ ਤੋਂ ਬਿਨ੍ਹਾਂ ਹੋਰ ਹਸਤੀ ਮੌਜੂਦ ਹੈ ਭਾਵੇਂ ਕਮਜ਼ੋਰ ਹੀ ਸਹੀ, ਵੈਰ ਵਿਰੋਧ ਰੱਖਣ ਵਾਸਤੇ ਕੋਈ ਬਾਹਰੀ ਦੂਜੀ ਹਸਤੀ ਦਾ ਮੌਜੂਦ ਹੋਣਾ ਜ਼ਰੂਰੀ ਹੈ। ਸਿੱਖ ਧਰਮ ਰੱਬ ਤੋਂ ਬਾਹਰ ਕਿਸੇ ਵਜੂਦ ਨੂੰ ਨਹੀਂ ਮੰਨਦਾ।

ਸਿੱਖ ਧਰਮ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਹਿਲਾ ਉਪਦੇਸ਼ 'ਨ ਹਮ ਹਿੰਦੂ ਨ ਮੁਸਲਮਾਨ' ਦਿੱਤਾ।[84] ਇਸੇ ਤਰ੍ਹਾਂ ਹੀ ਕਬੀਰ ਜੀ ਨੇ ਵੀ ਵਰਣ ਵਿਵਸਥਾ ਪ੍ਰਧਾਨ ਸਮਾਜ ਅਤੇ ਧਰਮ ਦੇ ਨਾਮ ਤੇ ਵੰਡੇ ਹੋਏ ਲੋਕਾਂ ਨੂੰ ਇਹ ਨਿਸਚੈ ਦ੍ਰਿੜ ਕਰਵਾਇਆ ਕਿ ਸਾਰੀ ਕੁਦਰਤ ਇਕੋ ਪਰਮਾਤਮਾ ਦੀ ਸਾਜੀ ਹੋਈ ਹੈ ਫੇਰ ਕੋਈ ਮਾੜਾ ਚੰਗਾ ਕਿਵੇਂ ਹੋ ਸਕਦਾ ਹੈ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥

ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥[85]

ਉਸ ਸਮੇਂ ਇਹ ਉਪਦੇਸ਼ ਅਤੇ ਸਭ ਨੂੰ ਬਰਾਬਰ ਦਾ ਦਰਜਾ ਦੇਣਾ, ਇਸ ਤੋਂ ਗੁਰੂ ਸਾਹਿਬਾਨ ਦੀ ਨਿਰਭੈਅਤਾ ਤੇ ਨਿਰਵੈਰਤਾ ਸਾਨੂੰ ਸਾਫ਼ ਨਜ਼ਰੀ ਪੈਂਦੀ ਹੈ। ਗੁਰੂ ਸਾਹਿਬਾਨ ਦੁਆਰਾ ਦਿੱਤੇ ਹੋਏ ਸਿਧਾਂਤਾਂ ਨੇ ਹੀ ਸਿੱਖ ਧਰਮ ਨੂੰ ਹੋਰਨਾਂ ਧਰਮਾਂ ਤੋਂ ਨਿਵੇਕਲਾ ਰੂਪ ਦਿੱਤਾ ਹੈ। ਗੁਰਮਤਿ ਡਰ ਤੇ ਵੈਰ ਦੋਹਾਂ ਨੂੰ ਹੀ ਮਨੁੱਖ ਲਈ ਵਰਜਿਤ ਕਰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਡਰ ਨੂੰ ਕੇਵਲ 'ਮਨ ਦਾ ਸ਼ੋਰ' ਹੀ ਕਿਹਾ ਹੈ:

ਡਰੀਐ ਜੇ ਡਰੁ ਹੋਵੈ ਹੋਰੁ

ਡਰਿ ਡਰਿ ਡਰਣਾ ਮਨ ਕਾ ਸੋਰ॥[86]

ਗੁਰਮਤਿ ਅਨੁਸਾਰ ਡਰ ਦਾ ਮੂਲ ਸੋਮਾ 'ਮਨ' ਹੈ। ਮਨ ਤੋਂ ਹੀ ਸਾਰੇ ਡਰ ਉਪਜਦੇ ਹਨ। ਗੁਰਬਾਣੀ ਅਨੁਸਾਰ ਸਾਰਾ ਜਗਤ ਮਰਨ ਤੋਂ ਡਰਦਾ ਹੈ। ਮਨੁੱਖ ਬਜ਼ੁਰਗ ਹੋਣਾ ਭਾਵ ਬੁਢੇਪਾ, ਜੀਵਨ ਦੇ ਦੁੱਖਾਂ, ਚਿੰਨਤਾਵਾਂ ਕਰਕੇ ਹਮੇਸ਼ਾ ਹੀ ਭੈ ਵਿਚ ਰਹਿੰਦਾ ਹੈ:

- ਮਰਣੈ ਤੇ ਜਗਤੁ ਡਰੈ ਜੀਵਿਆ ਲੋੜੈ ਸਭੁ ਕੋਇ॥[87]
- ਡਰ ਡਰਿ ਮਰੈ ਨ ਬੂਡੈ ਕੋਇ॥[88]
- ਭੈ ਵਿਚਿ ਜੰਮੈ ਭੈ ਮਰੈ ਭੀ ਭਉ ਮਨ ਮਹਿ ਹੋਇ॥[89]

ਗੁਰੂ ਸਾਹਿਬ ਗੁਰਬਾਣੀ ਰਾਹੀਂ ਵਾਰ-ਵਾਰ ਮਨੁੱਖ ਨੂੰ ਇਹੀ ਸਮਝਾਉਣ ਦਾ ਯਤਨ ਕਰਦੇ ਹਨ ਕਿ ਮਨੁੱਖ ਪਰਮਾਤਮਾ ਦੁਆਰਾ ਹੀ ਸਾਜਿਆ ਹੋਇਆ ਹੈ ਤੇ 'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ' ਅਨੁਸਾਰ ਇਹ ਜੋਤ ਸਰੂਪ ਹੈ ਲੋੜ ਹੈ ਤਾਂ ਆਪਣਾ ਆਪ ਪਛਾਨਣ ਦੀ। ਹਉਮੈ ਕਾਰਨ ਮਨੁੱਖ ਵੈਰ ਕਰਦਾ ਹੈ। ਵੈਰ ਬਾਰੇ ਗੁਰਬਾਣੀ ਆਖਦੀ ਹੈ:

- ਮਨਮੁਖ ਸੰਤਾ ਨਾਲਿ ਵੈਰੁ ਕਰਿ ਦੁਖੁ ਖਟੇ ਸੰਸਾਰਾ॥[90]
- ਅੰਤਿ ਹੋਵੈ ਵੈਰ ਵਿਰੋਧੁ ਕੋ ਸਕੈ ਨ ਛਡਾਇਆ॥[91]
- ਵੈਰ ਵਿਰੋਧ ਮਿਟੇ ਤਿਹ ਮਨ ਤੇ ॥ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ॥[92]

ਵੈਰ ਮਨਮੁਖ ਬੰਦੇ ਦੀ ਨਿਸ਼ਾਨੀ ਹਨ, ਵੈਰ ਵਿਰੋਧ ਦੀਆਂ ਭਾਵਨਾਵਾਂ ਹੋਣ ਕਰਕੇ ਉਹ ਸੜਦੇ ਬਲਦੇ ਰਹਿੰਦੇ ਹਨ। ਡਰ ਅਤੇ ਵੈਰ ਭਰੇ ਮਨ ਨੂੰ ਕੇਵਲ ਧਰਮ ਕਮਾ ਕੇ ਹੀ ਸ਼ਾਂਤੀ ਪ੍ਰਾਪਤ ਹੋਣੀ ਹੈ। ਧਰਮੀ ਮਨੁੱਖ ਹੀ ਇਨ੍ਹਾਂ ਤੋਂ ਛੁਟਕਾਰਾ ਪਾ ਸਕਦਾ ਹੈ। ਜਿਥੇ ਪੱਛਮੀ ਵਿਦਵਾਨਾਂ ਨੇ ਧਰਮ ਦੀ ਉਤਪਤੀ ਨੂੰ ਡਰ ਤੋਂ ਮੰਨਿਆ

ਹੈ। ਉਥੇ ਗੁਰਮਤਿ ਵਿਚ ਅਜਿਹਾ ਬਿਲਕੁਲ ਵੀ ਨਹੀ। ਗੁਰਮਤਿ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਦੀ ਨੀਂਹ ਦਇਆ ਤੋਂ ਉਤਪੰਨ ਹੋਈ ਦੱਸੀ ਹੈ:

ਧੌਲੁ ਧਰਮੁ ਦਇਆ ਕਾ ਪੂਤੁ॥[93]

ਦਇਆ, ਕਰੁਣਾ, ਨਿਮਰਤਾ ਵਿਚੋਂ ਧਰਮ ਦੀ ਉਤਪਤੀ ਹੁੰਦੀ ਹੈ ਅਤੇ ਇਹ ਭਾਵ ਹੀ ਮਨੁੱਖ ਅੰਦਰ ਪ੍ਰੇਮ ਨੂੰ ਜਨਮ ਦਿੰਦੇ ਹਨ, ਜੋ ਨਿਰਵੈਰਤਾ ਲਈ ਜ਼ਰੂਰੀ ਹਨ। ਰੱਬ ਪ੍ਰੇਮ ਹੈ, ਇਸ ਲਈ ਜਿਗਿਆਸੂ ਨੂੰ ਹਮੇਸ਼ਾ ਰੱਬ ਦੀ ਰਚਨਾ ਨਾਲ ਪਿਆਰ ਕਰਨਾ ਚਾਹੀਦਾ ਹੈ। ਜੋ ਮਨੁੱਖ ਦੂਜਿਆਂ ਨੂੰ ਆਪਣੇ ਵਰਗੇ ਸਮਝਦਾ ਹੈ, ਉਹ ਉਸ ਮਾਲਕ ਦੀ ਦਰਗਾਹ ਵਿਚ ਨਾਮਣਾ ਖਟਦਾ ਹੈ:

ਨਾਨਕ ਤਾ ਕਉ ਮਿਲੈ ਵਡਾਈ ਆਪੁ ਪਛਾਣੈ ਸਰਬ ਜੀਆ॥[94]

ਉਹ ਕਿਸੇ ਨੂੰ ਵੀ ਨਫ਼ਰਤ ਨਹੀਂ ਕਰਦਾ। ਸੁਰਿੰਦਰ ਸਿੰਘ ਕੋਹਲੀ ਲਿਖਦੇ ਹਨ,"ਪਿਆਰ ਅਤੇ ਸ਼ਰਧਾ ਪ੍ਰਸ਼ੰਸਨੀਯ ਹਨ। ਇਸ ਲਈ ਉਸ ਮਾਲਕ ਦੇ ਭਗਤ ਲਈ ਇਨ੍ਹਾਂ ਦਾ ਹੋਣਾ ਆਵੱਸ਼ਕ ਹੈ।"[95] ਗੁਰੂ ਸਾਹਿਬਾਨ ਦੱਸਦੇ ਹਨ ਕਿ ਮਨੁੱਖ ਵਿਚ ਭੁੱਖ, ਤ੍ਰਿਸ਼ਣਾ, ਰੋਗਾਂ ਆਦਿ ਦੇ ਡਰ ਮੌਜੂਦ ਹਨ ਅਤੇ ਸਭ ਤੋਂ ਵੱਧ ਮੂਲ ਡਰ ਮੌਤ ਦਾ ਹੈ। ਗੁਰੂ ਜੀ ਅਨੁਸਾਰ ਡਰ ਦਾ ਕਾਰਨ ਪਰਮਾਤਮਾ ਤੋਂ ਵਿਛੋੜਾ ਹੈ। ਮਨੁੱਖ ਅਕਾਲ ਪੁਰਖ ਨਾਲ ਜੁੜਦਾ ਹੈ ਤਾਂ ਉਸ ਦੇ ਸਾਰੇ ਡਰ ਖ਼ਤਮ ਹੋ ਜਾਂਦੇ ਹਨ ਅਤੇ ਉਹ 'ਨਿਰਭਉ' ਹੋ ਜਾਂਦਾ ਹੈ। ਰੱਬ ਨਿਰਭਉ ਹੈ, ਸੋ ਜਗਿਆਸੂ ਨੂੰ ਬਾਕੀ ਸਾਰੇ ਡਰ ਲਾਹ ਦੇਣੇ ਚਾਹੀਦੇ ਹਨ, ਸਿਵਾਇ ਉਸ ਮਾਲਕ ਦੇ ਡਰ ਤੋਂ। ਉਸਦਾ ਡਰ ਜਗਿਆਸੂ ਨੂੰ ਡਰ ਰਹਿਤ ਬਣਾਏਗਾ ਅਤੇ ਉਸਨੂੰ ਨਿਰਭਉ ਦੀ ਪ੍ਰਾਪਤੀ ਹੋ ਜਾਵੇਗੀ।[96]

ਨਿਰਭਉ ਦੇ ਨਾਲ ਨਿਰਵੈਰ ਵੀ ਅਕਾਲ ਪੁਰਖ ਦਾ ਗੁਣ ਹੈ ਕਿਉਂਕਿ ਡਰ ਤੋਂ ਹੀ ਵੈਰ ਉਤਪੰਨ ਹੁੰਦਾ ਹੈ। ਵੈਰ ਸ਼ਬਦ ਵਿਚ ਈਰਖਾ, ਨਫ਼ਰਤ, ਦੁਸ਼ਮਣੀ, ਘ੍ਰਿਣਾ, ਬਦਲੇ ਦੀ ਭਾਵਨਾ ਵੀ ਸ਼ਾਮਿਲ ਹੈ।[97] ਇਸ ਲਈ ਨਿਰਵੈਰ ਦਾ ਇਹ ਅਰਥ ਹੈ ਕਿ ਪਰਮਾਤਮਾ ਕਿਸੇ ਬਾਹਰੀ ਨਿਯੰਤਰਣ ਅਧੀਨ ਨਹੀਂ। ਦੂਜੇ ਸ਼ਬਦਾਂ ਵਿਚ ਉਸ ਵਿਚ ਪੂਰਨ ਰੂਪ ਵਿਚ ਸੰਤੁਲਨ ਅਤੇ ਇਕਸਾਰਤਾ ਹੈ ਅਤੇ ਆਪਣੀ ਰਚਨਾ ਨਾਲ ਪਿਆਰ ਤੇ ਹਮਦਰਦੀ ਹੈ। ਰੱਬ ਨਿਰਵੈਰ ਹੈ, ਖੋਜੀ ਨੂੰ ਵੀ ਹਮੇਸ਼ਾ ਪਿਆਰ ਅਤੇ ਸ਼ਾਂਤੀ-ਪੂਰਬਕ ਰਹਿਣਾ ਚਾਹੀਦਾ ਹੈ :

ਮੰਦਾ ਕਿਸੈ ਨ ਆਖਿ ਝਗੜਾ ਪਾਵਣਾ॥[98]

ਵੈਰ ਦਾ ਭਾਵ ਗੁੱਸੇ ਅਤੇ ਵਿਨਾਸ਼ਕਾਰੀ ਪ੍ਰਵਿਰਤੀਆਂ ਵੱਲ ਲੈ ਜਾਂਦਾ ਹੈ। ਹਰ ਬੁਰਾ ਕੰਮ ਵੈਰ ਦਾ ਨਤੀਜਾ ਹੈ ਅਤੇ ਇਕ ਦੂਰ-ਦਰਸ਼ੀ ਮਨੁੱਖ ਨੂੰ ਅਜੇਹੇ ਰਸਤੇ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਹਉਮੈ ਵੈਰ ਦੇ ਵਿਚਾਰਾਂ ਨੂੰ ਭੜਕਾਉਂਦੀ ਹੈ। ਇਹ ਇਕ ਦੀਰਘੁ ਬੀਮਾਰੀ ਹੈ। ਇਸੇ ਲਈ ਇਕ ਜਗਿਆਸੂ ਨੂੰ ਰੂਹਾਨੀ ਸਵਸੱਥਤਾ ਨੂੰ ਕਾਇਮ ਰੱਖਣ ਲਈ ਇਸ ਬੁਰਿਆਈ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ।[99] ਗੁਰਮਤਿ ਅਨੁਸਾਰ ਜਿਥੇ ਪਾਪ ਹੈ, ਉਥੇ ਭੈ ਜ਼ਰੂਰ ਹੋਵੇਗਾ:

ਸੋ ਡਰੈ ਜਿਨਿ ਪਾਪ ਕਮਾਤੇ ਰਾਮ ॥ [100]

ਡਰ ਅਤੇ ਭੈ ਤੋਂ ਤਾਂ ਹੀ ਛੁਟਕਾਰਾ ਹੈ ਜੇਕਰ ਸਮਾਜ ਪਾਪ ਤੋਂ ਮੁਕਤ ਹੋਵੇ। ਡਰ ਦਾ ਹੋਰ ਕਾਰਨ ਤੌਖਲਾ ਹੈ। ਮਨੁੱਖ, ਮਨੁੱਖ ਉੱਤੇ ਨਿਰਭਰ ਹੈ ਪਰ ਗੁਰਬਾਣੀ ਆਖਦੀ ਹੈ ,'ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ'[101]। ਦੇਣ ਵਾਲਾ ਇਕ ਪਰਮਾਤਮਾ ਹੈ, 'ਮਨੁੱਖ ਦੀ ਟੇਕ' ਰੱਖਣੀ ਨਿਰਮੂਲ ਹੈ। ਭੈ ਦਾ ਕਾਰਨ ਵੈਰ ਹੈ, ਵੈਰ ਉਥੇ ਹੈ ਜੋ ਬੇਗਾਨਾ ਹੈ, ਗੈਰ ਹੈ, ਜਿਥੇ ਹਿਤ ਟਕਰਾਏ, ਵਿਤਕਰਾ ਹੋਇਆ ਆਦਿ। ਮਨੁੱਖੀ ਸਮਾਜ ਵਿਚ ਬੋਲੀ, ਰੰਗ, ਨਸਲ, ਸੱਭਿਅਤਾ, ਧਰਮ ਪਹਿਰਾਵੇ ਆਦਿ ਦੇ ਵਿਤਕਰੇ ਹਨ ਜੋ ਹੋਂਦ ਤੇ ਅਣਹੋਂਦ ਦੀ ਲੜਾਈ ਪਾਉਂਦੇ ਹਨ। ਇਸ ਨਾਲ ਵੈਰ ਵਧਦਾ ਹੈ। ਹਿੱਤਾਂ ਦੀ ਸਾਂਝ ਹੋਵੇਗੀ ਤਾਂ ਹੀ ਅਸੀ ਨਿਰਭਉ ਨਿਰਵੈਰ ਹੋ ਸਕਦੇ ਹਾਂ :

ਸਭ ਮਹਿ ਜੋਤਿ ਜੋਤਿ ਹੈ ਸੋਇ।

ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥[102]

ਨਿਰਭਉ ਨਿਰਵੈਰ ਅਕਾਲ ਪੁਰਖ ਦੀ ਅਰਾਧਨਾ ਅਤੇ ਧਿਆਨ ਕਰਨ ਵਾਲੇ ਗੁਰਸਿੱਖ ਹੀ ਨਿਰਭਉ ਨਿਰਵੈਰ ਹੋਣਗੇ।

ਉਪਰੋਕਤ ਕੋਸ਼ਾਂ, ਪੁਸਤਕਾਂ, ਧਰਮ ਗ੍ਰੰਥਾਂ ਅਤੇ ਵਿਦਵਾਨਾਂ ਦੁਆਰਾ ਦਿੱਤੇ ਨਿਰਭਉ ਨਿਰਵੈਰ ਦੇ ਅਰਥਾਂ ਨੂੰ ਜਾਣਨ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਨਿਰਭਉ ਨਿਰਵੈਰ ਸ਼ਬਦ ਤੋਂ ਭਾਵ ਜਿਸ ਨੂੰ ਕਿਸੇ ਵੀ ਕਿਸਮ ਦਾ ਜਿਵੇਂ ਜਨਮ ਮਰਨ, ਰੋਗ-ਵਿਯੋਗ, ਰਾਗ-ਦਵੈਸ਼, ਮਾਨ-ਅਪਮਾਨ, ਦੁੱਖ-ਸੁੱਖ ਆਦਿ ਦਾ ਕੋਈ ਵੀ ਭੈਅ ਨਾ ਹੋਵੇ ਅਤੇ ਜਿਸ ਦੀ ਕਿਸੇ ਵੀ ਜੀਵ-ਜੰਤੂ, ਮਨੁੱਖ ਆਦਿ ਨਾਲ ਦੁਸ਼ਮਣੀ ਨਾ ਹੋਵੇ। ਕੇਵਲ ਅਕਾਲ ਪੁਰਖ ਹੀ ਨਿਰਭਉ ਨਿਰਵੈਰ ਹੈ। ਜਿਸ ਵਿਚ ਸਮੁੱਚੀ ਕੁਦਰਤ ਪ੍ਰਤੀ ਪ੍ਰੇਮ ਤੇ ਦਇਆ ਦੀ ਭਾਵਨਾ

ਹੈ, ਉਹੀ ਮਨੁੱਖ ਨਿਰਭਉ ਨਿਰਵੈਰ ਹੈ ਜੋ ਆਪਣੇ ਮੂਲ ਨੂੰ ਜਾਣ ਕੇ ਉਸ ਪਰਮ ਆਤਮਾ ਵਿਚ ਸਮਾ ਗਿਆ ਹੈ।

ਗੁਰਬਾਣੀ ਵਿਚ ਪਰਮਾਤਮਾ ਦੇ ਸਰੂਪ ਨੂੰ ਨਿਰਭਉ ਅਤੇ ਨਿਰਵੈਰ ਆਖ ਉਸ ਦੀ ਸਰਵਉੱਚ ਬੇਪਰਵਾਹੀ ਦੀ ਹਸਤੀ ਨੂੰ ਬਿਆਨ ਕੀਤਾ ਗਿਆ ਹੈ। ਇਸ ਵਿਲੱਖਣਤਾ ਕਰਕੇ ਸਿੱਖ ਧਰਮ ਸਾਰੀ ਦੁਨੀਆਂ ਵਿਚ ਗੁਰਬਾਣੀ ਰਾਹੀਂ ਆਪਣੇ ਸਿਧਾਤਾਂ ਦੀ ਰੌਸ਼ਨੀ ਬਿਖੇਰ ਕੇ ਇਕ ਅਲੱਗ ਪਹਿਚਾਣ ਬਣਾ ਚੁੱਕਾ ਹੈ। ਮਹਾਨ ਯੋਧਿਆਂ, ਵੀਰਾਂ, ਜਰਨੈਲਾਂ ਦੀ ਇਹ ਖਾਲਸਾਈ ਫੌਜ਼ ਨਿਰਭੈਅਤਾ ਅਤੇ ਨਿਰਵੈਰਤਾ ਨਾਲ ਸੱਚ ਦੀ ਗਵਾਹੀ ਦਿੰਦੀ ਹੋਈ ਇਤਿਹਾਸ ਵਿਚ ਅਨੇਕਾਂ ਸ਼ਹੀਦੀਆਂ ਪਾ ਚੁੱਕੀ ਹੈ ਅਤੇ ਪਾ ਰਹੀ ਹੈ। ਗੁਰਬਾਣੀ ਦੇ ਦੱਸੇ ਹੋਏ ਰਸਤੇ ਤੇ ਚੱਲ ਕੇ ਮਨੁੱਖ ਅਕਾਲ ਪੁਰਖ ਦੀ ਖਾਲਸਾਈ ਫੌਜ਼ ਦਾ ਹਿੱਸਾ ਬਣਦਾ ਹੈ। ਇਹ ਨਿਰਭਉ ਨਿਰਵੈਰ ਦਾ ਸੰਕਲਪ ਹੀ ਉਨ੍ਹਾਂ ਵਿਚ ਵੀਰਤਾ ਅਤੇ ਭਰਾਤਰੀ ਭਾਵ ਦੀ ਭਾਵਨਾ ਨੂੰ ਪੈਦਾ ਕਰਦਾ ਹੈ। ਅਗਲੇ ਅਧਿਆਇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਭਉ ਅਤੇ ਨਿਰਵੈਰ ਦੇ ਸੰਕਲਪ ਬਾਰੇ ਵਿਚਾਰ ਚਰਚਾ ਕੀਤੀ ਜਾਵੇਗੀ। ਜਿਸ ਵਿਚ ਅਕਾਲ ਪੁਰਖ ਦੇ ਸਰੂਪ, ਸਤਿਗੁਰੂ ਸ਼ਬਦ ਜੋਤ, ਨਿਰਭਉ ਨਿਰਵੈਰ ਗੁਰਮੁਖ ਜਨ, ਗੁਰਬਾਣੀ ਰਾਹੀਂ ਅਧਿਆਤਮਿਕ ਜੀਵਨ ਤੇ ਸਰਬ ਕਲਿਆਣਕਾਰੀ ਸਮਾਜ ਵਿਚ ਇਸ ਦੇ ਮਹੱਤਵ ਤੇ ਚਾਨਣਾ ਪਾਇਆ ਜਾਵੇਗਾ।

**ਹਵਾਲੇ:-**


1. ਗੁਰਮੀਤ ਸਿੰਘ ਸਿੱਧੂ, *ਧਰਮ ਆਧੁਨਿਕ ਅਤੇ ਉਤਰਆਧੁਨਿਕ ਸਿਧਾਂਤ*, ਗੁਰਗਿਆਨ ਬੁਕਸ, ਪਟਿਆਲਾ, 2014, ਪੰਨਾ 27.
2. *ਉਹੀ*, ਪੰਨਾ 46.
3. Miss Kingsley,"West African Studies London", *Encyclopaedia of Religion and Ethics,* James hastings(Edi.), Vol.V, New York, 1899, Page 800.
4. *ਮੈਕਸ ਮੂਲਰ*(ਲੇਖਕ), *ਧਰਮ ਦੀ ਉਤਪੱਤੀ ਅਤੇ ਵਿਕਾਸ*, ਤਾਰਨ ਸਿੰਘ(ਅਨੁ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨੇ 37-38.
5. ਵੀਰ ਸਿੰਘ(ਭਾਈ), *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 7 ਵੀਂ ਵਾਰ, 2003, ਪੰਨਾ 464.
6. ਗੁਰਚਰਨ ਸਿੰਘ(ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼*, ਜਿਲਦ ਪਹਿਲੀ, ੳ-ਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 2238.
7. C. Lloyd Morgan, "Animal Behaviour", *Encyclopaedia of Religion and Ethics*, James hastings(Edi.), Vol. V, New York, 1899, Page 799.
8. J.L.McIntyre,"Fear"(Art),*Encyclopaedia of Religion and Ethics*, James hastings(Edi.), Page 801.
9. Ibid, Page 801.
10. Stanley Hall,"A Study of Fears",*Encyclopaedia of Religion and Ethics*, James hastings(Edi.), Page 799.
11. C.F. Heinrich Zimmer, *Philosophies of India*, Josefh Campbell(Edi.), Routledge & Kegan Paul Ltd., London, 1953, Pages 125-126.

12. Napoleon Hill,*Amiri Di Chabi,* Manjit Indira(Translated), Science and General Publishers, Chandigarh, 2014, Page 26.

13. ਲਾਲ ਸਿੰਘ(ਗਿਆਨੀ),*ਸਿਖ ਧਰਮ ਦੀ ਵਿਸ਼ੇਸ਼ਤਾ*, ਗੁਰੂ ਨਾਨਕ ਮਿਸ਼ਨ, ਪਟਿਆਲਾ, ਸਤੰਬਰ 1974, ਪੰਨਾ 3.

14. ਜਸਵੰਤ ਸਿੰਘ ਨੇਕੀ,*ਗੁਰਮਤਿ ਮਨੋਵਿਗਿਆਨ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦੂਜੀ ਵਾਰ 2012, ਪੰਨਾ 98.

15. S. Radlakrishnan(ed.),*Is this peace?*, *History of Philosophy : Eastern and Western,* Hind Kitabs Ltd., Bombay, 2nd Edition, 1 January 1950. Page 4.

16. ਬਘੇਲ ਸਿੰਘ, *ਬ੍ਰਹਮ ਗਿਆਨ,* ਖਾਲਸਾ ਕਾਲਜ, ਅੰਮ੍ਰਿਤਸਰ, 1994, ਪੰਨਾ 133.

17. ਵੀਰ ਸਿੰਘ(ਭਾਈ),*ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਪੰਜਵੀਂ ਐਡੀਸ਼ਨ, ਅਕਤੂਬਰ 2007, ਪੰਨਾ 24.

18. ਕਾਨ੍ਹ ਸਿੰਘ ਨਾਭਾ(ਭਾਈ),*ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਸੱਤਵੀ ਵਾਰ, 2006, ਪੰਨੇ 712-713.

19. ਗੁਰਚਰਨ ਸਿੰਘ(ਸੰਪਾ.),*ਸ੍ਰੀ ਗੁਰੂ ਗ੍ਰੰਥ ਕੋਸ਼,* ਜਿਲਦ ਦੂਜੀ, (ਤ-ੜ), ਪੰਨੇ 1394-1397.

20. *ਪੰਜਾਬੀ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਦੂਜੀ ਵਾਰ, 2007, ਪੰਨਾ 589.

21. ਹਰਦੇਵ ਬਾਹਰੀ,*ਸਿੱਖਿਆਰਥੀ ਹਿੰਦੀ ਸ਼ਬਦ ਕੋਸ਼,* ਰਾਜਪਾਲ ਐਂਡ ਸੰਨਜ਼, ਕਸ਼ਮਿਰੀ ਗੇਟ, ਦਿੱਲੀ, 1990, ਪੰਨੇ 442, 446, 451.

22. ਅੰਮ੍ਰਿਤਪਾਲ ਕੌਰ(ਸੰਪਾ.),*ਲਹਿੰਦੀ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005, ਪੰਨਾ 419.

23. ਰਾਜਿੰਦਰ ਸਿੰਘ ਲਾਬਾਂ(ਸੰਕਲਨ ਕਰਤਾ),*ਉਰਦੂ ਪੰਜਾਬੀ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015, ਪੰਨਾ 7, 472.

24. ਪ੍ਰੇਮ ਪ੍ਰਕਾਸ਼ ਸਿੰਘ(ਸੰਪਾ.),*ਸੰਸਕ੍ਰਿਤ ਪੰਜਾਬੀ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨੇ 386 - 389.

25. ਰਤਨ ਸਿੰਘ ਜੱਗੀ(ਡਾ.),*ਗੁਰੂ ਗ੍ਰੰਥ ਵਿਸ਼ਵਕੋਸ਼*, ਭਾਗ ਦੂਜਾ (ਜ ਤੋਂ ੜ),ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 194.

26. ਵੀਰ ਸਿੰਘ(ਭਾਈ),*ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 7ਵੀਂ ਵਾਰ, ਅਪ੍ਰੈਲ 2003, ਪੰਨੇ 379-380.

27. ਸ.ਸ.ਜੋਸ਼ੀ(ਡਾ.),ਮੁਖਤਿਆਰ ਸਿੰਘ ਗਿੱਲ(ਸ.),*ਪੰਜਾਬੀ ਅੰਗਰੇਜ਼ੀ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਚੌਥੀ ਵਾਰ, 2009, ਪੰਨਾ 505.

28. ਫਾਦਰ ਕਾਮਲ ਬਲਕੇ, *ਅੰਗਰੇਜੀ ਹਿੰਦੀ ਕੋਸ਼,* ਕਾਥਲਿਕ ਪ੍ਰੈਸ, ਰਾਚੀ, 1678, ਪੰਨਾ 237.

29. Sukhchain Singh,*Jap Ji Sahib*, Nirban Keertan Sewa Kender, Patiala,1999, Page 2.

30. Gurbachan Singh Talib, *Sri Guru Granth Sahib*, Vol. 1, Punjabi university, Patiala, 2004, Page 1.

31. *ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ ਫਰੀਦ ਕੋਟ ਵਾਲਾ ਟੀਕਾ*, ਜਿਲਦ 1, ਭਾਸ਼ਾ ਵਿਭਾਗ, ਪੰਜਾਬ, ਚੌਥੀ ਵਾਰ, 1989, ਪੰਨਾ 3.

32. Manmohan Singh, *Sri Guru Granth Sahib*, Vol.1, Shiromani Gurdwara Parbandhak Comittee, Sri Amritsar, Seventh Edi., October 2004, Page 1.

33. ਕਿਰਪਾਲ ਸਿੰਘ(ਸੰਤ ਤੇ ਟੀਕਾਕਾਰ),*ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਰਦਾਇ ਟੀਕਾ ਸ੍ਰੀ ਅੰਮੀਰ ਭੰਡਾਰ*, ਸੈਂਚੀ ਪਹਿਲੀ, ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 27ਵੀਂ ਵਾਰ, ਅਪ੍ਰੈਲ 2009, ਪੰਨਾ 89.

34. ਭਾਈ ਮਨੀ ਸਿੰਘ(ਗਿਆਨੀ),*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਧਾਂਤਕ ਸਟੀਕ*, ਸੈਂਚੀ ਪਹਿਲੀ, ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ, ਤੀਜੀ ਵਾਰ, ਜਨਵਰੀ 2001, ਪੰਨੇ 56-57.

35. ਰਤਨ ਸਿੰਘ ਜੱਗੀ, *ਵਾਰਾਂ ਭਾਈ ਗੁਰਦਾਸ, ਸ਼ਬਦ ਅਨੁਕ੍ਰਮਣਿਕਾ ਅਤੇ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨੇ 380-381.

36. G.S.Chauhan(Dr.),*Shri Guru Nanak Dev Japji*, Hemkunt Publishers Pvt. Ltd., New Delhi, 2001, Pages 46-47.

37. ਚਮਨ ਲਾਲ ਅਗਰਵਾਲ(ਡਾ.),*ਨਾਨਕਬਾਣੀ ਕਾ ਭਾਸ਼ਾਈ ਅਤੇ ਦਾਰਸ਼ਨਿਕ ਨਿਰੂਪਣ*, ਅਗਰਵਾਲ ਪ੍ਰਕਾਸ਼ਨ ਕੈਲਾਸ਼, ਨਵੀਂ ਦਿੱਲੀ, 1999, ਪੰਨਾ 63.

38. C. Shadle(compiled by), *A Guru Nanak Glossary*, Heritage Publishers, New Delhi, 1981, Pages 171-172.

39. ਜਗਤਾਰ ਸਿੰਘ ਜਾਚਕ(ਗਿਆਨੀ),*ੴ ਦਰਪਣ*, ਸਿੰਘ ਬ੍ਰਦਰਜ਼,ਅੰਮ੍ਰਿਤਸਰ, 2008, ਪੰਨਾ 31.

40. ਜਗਜੀਤ ਸਿੰਘ(ਲੇਖਕ), "ਮੂਲ ਮੰਤਰ ਵਿਚ ਵਿਅਕਤੀ ਪਰਮ-ਹਕੀਕਤ",*ਸਿੱਖ ਅਧਿਐਨ*, ਬਲਕਾਰ ਸਿੰਘ(ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004, ਪੰਨਾ 165.

41. ਭਗਤ ਸਿੰਘ ਬੇਦੀ,*ਮੂਲ-ਮੰਤਰ ਦੀ ਪੁਨਰ ਵਿਆਖਿਆ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994, ਪੰਨੇ 151-152.

42. ਤਾਰਨ ਸਿੰਘ(ਡਾ.),*ਭਗਤੀ ਅਤੇ ਸ਼ਕਤੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 5 ਵੀਂ ਵਾਰ 2005, ਪੰਨੇ 23–24.

43. ਰਾਮ ਸਿੰਘ,*ਜਪੁ ਜੀ ਦਾ ਵਿਸ਼ਾ ਤੇ ਰੂਪ*, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ਤੀਜੀ ਵਾਰ, ਅਪ੍ਰੈਲ 2014, ਪੰਨਾ 92.

44. ਮਹਿੰਦਰ ਕੌਰ ਗਿੱਲ(ਡਾ.),*ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ*, ਐਮ.ਪੀ.ਪ੍ਰਕਾਸ਼ਨ ਕਲਾ, ਦਿੱਲੀ, ਪਹਿਲੀ ਵਾਰ, 2007, ਪੰਨਾ 68.

45. ਪ੍ਰਿਤਪਾਲ ਸਿੰਘ,*ਜਪੁ ਜੀ ਵਿਵੇਚਨ*, ਮੋਹਿਤ ਇੰਟਰਪ੍ਰਾਇਜ਼ਿਜ਼, ਪਟਿਆਲਾ, ਤੀਜੀ ਵਾਰ, ਅਕਤੂਬਰ 1996, ਪੰਨਾ 97.

46. ਧਰਮਾਨੰਦ ਸਿੰਘ,*ਜਪੁ-ਪਰਮਾਰਥ ਤੇ ਸਦਾ ਸੁਹਾਗ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਜੂਨ 1974, ਪੰਨਾ 22.

47. ਹਰਜਿੰਦਰ ਸਿੰਘ ਦਿਲਗੀਰ,*ਜਪੁ ਜੀ ਸਾਹਿਬ*, ਗੁਰਮਤਿ ਟਕਸਾਲ, ਉਤਰਾਖੰਡ, 2010, ਪੰਨੇ 8-9.

48. ਅਨੇਕਾਂਤ ਕੁਮਾਰ ਜੈਨ(ਡਾ.),*ਅਹਿੰਸਾ ਦਰਸ਼ਨ*, ਸ੍ਰੀ ਲਾਲ ਬਹਾਦੁਰ ਸ਼ਾਸਤਰੀ ਰਾਸ਼ਟਰੀ ਸੰਸਕ੍ਰਿਤ ਵਿਦਿਆਪੀਠ, ਨਵ ਦੇਹਲੀ, 2012, ਪੰਨਾ 21.

49. *ਉਹੀ,* ਪੰਨਾ 21.

50. Kingway Martin, *War History and Human Nature,* London, 1959, Page 5.

51. ਬਾਈਬਲ, *ਵਿਵਸਥਾਸਾਰ*, 9.19.4.

52. ਬਾਈਬਲ, *ਵਿਵਸਥਾਸਾਰ*, 9.15.

53. *THE NEW TESTAMENT*, The Giodeons International, New Delhi, 2013, "ਮਤੀ ਦੀ ਇੰਜੀਲ", 5:44, ਪੰਨਾ 7.

54. *ਉਹੀ,* "ਮਾਰਕਸ",12:18, 29, 30, 31 ਪੰਨਾ 72.

55. *ਉਹੀ*, "ਮਤੀ ਦੀ ਇੰਜ਼ੀਲ",5:39, ਪੰਨਾ 7.

56. *ਉਹੀ*, 6:4, 14, ਪੰਨਾ 8.

57. *ਉਹੀ*, 10:42, 32, 33, 34 ਪੰਨਾ 15.

58. *ਉਹੀ*, 28:20, 19, 20, ਪੰਨਾ 49.

59. ਸਯੱਦ ਅਬੁਲ ਆਲਾ ਮੌਦੂਦੀ, *ਕੁਰਾਨ ਮਜੀਦ, ਅਨੁਵਾਦ ਤੇ ਸੰਖੇਪ ਟੀਕਾ ਸਹਿਤ*, ਰਮਜ਼ਾਨ ਸਈਦ (ਪੰਜਾਬੀ ਅਨੁਵਾਦ), ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼, ਮਲੇਰਕੋਟਲਾ, 2011, ਪੰਨਾ 294.

60. *ਉਹੀ,* ਪੰਨਾ 15.

61. *ਉਹੀ,* ਪੰਨਾ 993.

62. *ਉਹੀ,* ਪੰਨਾ 24.

63. *ਉਹੀ,* ਪੰਨਾ 120.

64. ਰਾਮਦਾਸ ਨਿਰਾਕਾਰੀ,*ਪ੍ਰਧਾਨ ਉਪਨਿਸ਼ਦ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992, ਪੰਨਾ 154.

ਭਾਵ=ਇਹ ਆਨੰਦ ਰੂਪ ਆਤਮਾ ਹੀ ਸਾਰੇ ਜੀਵਾਂ ਨੂੰ ਆਨੰਦ ਜਾਂ ਸੁੱਖ ਦਿੰਦਾ ਹੈ ਅਤੇ ਜਿਸ ਵੇਲੇ ਕੋਈ ਸਾਧਕ ਪੁਰਖੁ ਇਸ ਅਦ੍ਰਿਸ਼ਟ, ਅਕਾਯ, ਅਵਿਅਕਤ ਅਤੇ ਬਿਨ੍ਹਾਂ ਘਰ ਵਾਲੇ ਆਤਮਾ ਵਿਚ ਅਭੈ-ਰੂਪ ਪ੍ਰਤਿਸ਼ਠਾ ਨੂੰ ਪ੍ਰਾਪਤ ਕਰ ਲੈਂਦਾ ਹੈ, ਤਾਂ ਉਹ ਆਪ ਵੀ ਅਭੈ-ਰੂਪ ਗਤੀ ਜਾਂ ਆਨੰਦ ਦੀ ਅਵਸਥਾ ਨੂੰ ਪ੍ਰਾਪਤ ਕਰਦਾ ਹੈ॥2॥

65. ਜੈਰਾਮ ਮਿਸ਼ਰ(ਡਾ.),"ਗੁਰੂ ਨਾਨਕ ਦੁਆਰਾ ਨਿਰੂਪਤ ਬ੍ਰਹਮ ਅਤੇ ਜੀਵ", *ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ-ਕਲਾ,* ਸੁਰਿੰਦਰ ਸਿੰਘ ਕੋਹਲੀ(ਸੰਪਾ.),ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਦੂਜੀ ਵਾਰ, 2000, ਪੰਨਾ 108.

66. ਰਾਮਦਾਸ ਨਿਰਾਕਾਰੀ, *ਪ੍ਰਧਾਨ ਉਪਨਿਸ਼ਦ* , "ਛਾਦੋਗਯ ਉਪਨਿਸ਼ਦ", ਖੰਡ 7, ਪੰਨਾ 364.

67. *ਉਹੀ,* "ਕੱਠ ਉਪਨਿਸ਼ਦ", 6 ਵੱਲੀ, ਪੰਨਾ 75.

68. *ਉਹੀ,* "ਕੱਠ ਉਪਨਿਸ਼ਦ", ਸ਼ਾਂਤੀ ਪਾਠ, ਪੰਨਾ 40.

ਓ ਸਹ ਨਾਵਵਤੁ । ਸਹ ਨੌ ਭੁਨਕਤ।

ਸਹ ਵੀਰਯੰ ਕਰਵਾਵਹੈ। ਤੇਜਸਵਿ

ਨਾਵਧੀਤਮੇਸਤ । ਮਾ ਵਿਦ੍ਵਿਸ਼ਵ ਹੈ।

ਓ ॥ ਸ਼ਾਂਤਿ : ਸ਼ਾਂਤਿ : ਸ਼ਾਂਤਿ :

ਭਾਵ=ਓ॥ ਪ੍ਰਮੇਸ਼ਵਰ ਸਾਡੇ ਦੋਹਾਂ ਦੀ ਪਾਲਣਾ ਕਰੇ, ਉਹ ਸਾਡੇ ਦੋਹਾਂ ਦੀ ਰੱਖਿਆ ਕਰੇ, ਅਸੀਂ ਦੋਵੇਂ ਨਾਲ-ਨਾਲ ਬਲ ਪ੍ਰਾਪਤ ਕਰੀਏ।

69. *ਉਹੀ,* "ਤੈੱਤਿਰੀਯ ਉਪਨਿਸ਼ਦ", ਬ੍ਰਹਮਾਨੰਦ ਵੱਲੀ, ਪੰਨਾ 149.

70. ਏ. ਸੀ. ਭਕਤੀ ਵੇਂਦਾਤ ਸਵਾਮੀ ਪ੍ਰਭਪਾਦ, *ਸ੍ਰੀਮਦ ਭਗਵਤ ਗੀਤਾ*, ਭਗਤੀ ਵੇਂਦਾਤ ਬੁੱਕ ਟਰੱਸਟ, ਮੁੰਬਈ, ਸਤੰਬਰ 2012, ਪੰਨਾ 680.

71. *ਉਹੀ,* ਅਧਿਆਇ 16, ਸਲੋਕ 1, ਪੰਨਾ 148.

72. *ਉਹੀ,* ਅਧਿਆਇ 11, ਸਲੋਕ 55, ਪੰਨਾ 549.

73. *ਉਹੀ,* ਅਧਿਆਇ 6, ਸਲੋਕ 9, ਪੰਨਾ 265.

74. *ਉਹੀ,* ਅਧਿਆਇ 5, ਸਲੋਕ 25, ਪੰਨਾ 250.

ਲੰਭਤੇ ਬ੍ਰਹਮ ਨਿਰਵਾਣਮ ਰਿਸ਼ਯਹ ਕਸ਼ੀਣ ਕਲਮਸਾਹ :।

ਛਿੰਨ ਦਵੈਧਾ ਯਤਾਤੇ ਮਾਨਹ ਯਰੇਵ ਭੂਤ ਹਿਤੇ ਰਤਾਹ :।।25॥

ਭਾਵ=ਜਿਹੜੇ ਲੋਕ ਸ਼ੋਕ ਤੋਂ ਪੈਦਾ ਹੋਣ ਵਾਲੇ ਦਵੈਤ ਤੋਂ ਪਰੇ ਹਨ। ਜਿਨ੍ਹਾਂ ਦੇ ਮਨ ਆਤਮਾ ਸਾਖਿਆਤਕਾਰ (ਪ੍ਰੱਤਖੀਕਰਨ) ਵਿਚ ਲਗੇ ਹਨ। ਜਿਹੜੇ ਸਾਰੇ ਜੀਵਾਂ ਦੇ ਕਲਿਆਣ ਕਾਰਜ ਕਰਨ ਵਿਚ ਹਮੇਸ਼ਾ ਰੁੱਝੇ ਰਹਿੰਦੇ ਹਨ ਅਤੇ ਜਿਹੜੇ ਸਾਰੇ ਪਾਪਾਂ ਤੋਂ ਰਹਿਤ ਹਨ, ਉਹ ਬ੍ਰਹਮ ਨਿਰਵਾਣ(ਮੁਕਤੀ ) ਪਾਉਂਦੇ ਹਨ।

75. *ਉਹੀ,* ਅਧਿਆਇ 2, ਸਲੋਕ 64, ਪੰਨਾ 113.

ਰਾਗ ਦਵੇਸ਼ ਵਿਮੁਕਤੋਸ ਤੁ ਵਿਸ਼ਯਾਨ ਇੰਦ੍ਰਯੈਸ਼ ਚਰਨ॥

ਆਤਮਾ ਵਸ਼ਯੈਰ ਵਿਧੇਯਾਤਮਾ ਪ੍ਰਸਾਤਮ ਅਧਿਗਚਛਤਿ॥64॥

ਭਾਵ=ਰਾਗ ਅਤੇ ਦ੍ਵੈਸ਼ ਤੋਂ ਮੁਕਤ ਅਤੇ ਆਪਣੀਆਂ ਇੰਦ੍ਰੀਆਂ ਨੂੰ ਸੰਜਮ ਰਾਹੀਂ ਕਾਬੂ ਕਰਨ ਵਿਚ ਸਮਰਥ ਮਨੁੱਖ ਭਗਵਾਨ ਦੀ ਕਿਰਪਾ ਪ੍ਰਾਪਤ ਕਰ ਸਕਦਾ ਹੈ।

76. S. Jaiswal, *The Origin and Development of Vaisnavism*, Delhi, 196, Page 33.

77. ਬਘੇਲ ਸਿੰਘ, *ਬ੍ਰਹਮ ਗਿਆਨ,* ਪੰਨਾ 132.

78. ਸ੍ਰੀ ਮਧੂਕਰ ਮੂਨੀ(ਸੰਪਾ.), *ਪ੍ਰਸ਼ਨ ਵਿਆਕਰਨ ਸੂਤਰ,* ਸ੍ਰੀ ਮੁਨੀ ਪ੍ਰਬੀਨਰਿਸ਼ੀ ਜੀ ਮਹਾਰਾਜ(ਅਨੁ.),ਸ੍ਰੀ ਆਗਮਨ ਪ੍ਰਕਾਸ਼ਨ ਸਮਿਤੀ, ਰਾਜਸਥਾਨ, ਤੀਜੀ ਵਾਰ, ਸਤੰਬਰ 2000, ਪੰਨਾ 110.

79. *ਉਹੀ,* ਪੰਨਾ 151.

80. ਐਲ. ਐਮ. ਜੋਸ਼ੀ(ਸੰਪਾ. ਤੇ ਅਨੁ.), *ਧੱਮਪਦ (ਲਿਪਿਅੰਤਰ, ਪੰਜਾਬੀ ਅਨੁਵਾਦ ਤੇ ਭੂਮਿਕਾ)* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004, ਪੰਨਾ 72.

81. *ਉਹੀ,* ਵੱਗ 19, ਪੰਨਾ 126.

82. *ਉਹੀ,* ਵੱਗ 19, ਪੰਨਾ 156.

83. ਕਰਮਤੇਜ ਸਿੰਘ(ਪ੍ਰੋ.), *ਪ੍ਰਾਚੀਨ ਭਾਰਤੀ ਬੁੱਧ ਧਰਮ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007, ਪੰਨਾ 77.

84. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 1136.

85. *ਉਹੀ,* ਪੰਨਾ 1349.

86. *ਉਹੀ,* ਪੰਨਾ 151.

87. *ਉਹੀ,* ਪੰਨਾ 555.

88. *ਉਹੀ,* ਪੰਨਾ 840.

89. *ਉਹੀ,* ਪੰਨਾ 149.

90. *ਉਹੀ,* ਪੰਨਾ 570.

91. *ਉਹੀ,* ਪੰਨਾ 1250.

92. *ਉਹੀ,* ਪੰਨਾ 259.

93. *ਉਹੀ,* ਪੰਨਾ 1.

94. *ਉਹੀ,* ਪੰਨਾ 940.

95. ਸੁਰਿੰਦਰ ਸਿੰਘ ਕੋਹਲੀ(ਡਾ. ਤੇ ਸੰਪਾ.),"ਗੁਰੂ ਸਾਹਿਬ ਦੀ ਸਦਾਚਾਰਕ ਨੀਤੀ," *ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ-ਕਲਾ ਉਹੀ,* ਪੰਨਾ 66.

96. *ਉਹੀ,* ਪੰਨਾ 65.

97. ਜਸਵੰਤ ਸਿੰਘ ਨੇਕੀ, *ਖੋਜ ਦਰਪਣ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜੁਲਾਈ 1976, ਪੰਨਾ 23.

98. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ 566.

99. ਸੁਰਿੰਦਰ ਸਿੰਘ ਕੋਹਲੀ(ਡਾ. ਤੇ ਸੰਪਾ.),"ਗੁਰੂ ਸਾਹਿਬ ਦੀ ਸਦਾਚਾਰਕ ਨੀਤੀ",*ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ-ਕਲਾ, ਉਹੀ,* ਪੰਨਾ 66.

100. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ 84.

101. *ਉਹੀ,* ਪੰਨਾ 2.

102. *ਉਹੀ,* ਪੰਨਾ 13.

# ਅਧਿਆਇ ਤੀਜਾ

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਭਉ ਨਿਰਵੈਰ ਦਾ ਸੰਕਲਪ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੁੱਚੀ ਮਨੁੱਖਤਾ ਦੇ ਗੁਰੂ ਹਨ। ਸੱਚ ਦਾ ਸੁਨੇਹਾ ਦੇਣਾ ਅਤੇ ਮਾਰਗ ਦਰਸ਼ਨ ਕਰਨਾ ਇਨ੍ਹਾਂ ਦਾ ਬਿਰਦ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਸੰਪਾਦਨਾ ਵਿਚ ਬਾਣੀਕਾਰਾਂ ਨੇ ਜਿਥੇ ਅਕਾਲ ਪੁਰਖ ਦੇ ਨਿਰਭਉ ਨਿਰਵੈਰ ਰੂਪੀ ਗੁਣਾਂ ਨੂੰ ਮੂਰਤੀਮਾਨ ਕੀਤਾ ਹੈ ਉਥੇ ਹੀ ਇਨ੍ਹਾਂ ਗੁਣਾਂ ਦੀ ਯਥਾਰਥਕ ਜੀਵਨ ਵਿਚਲੀ ਵਰਤੋਂ ਨੂੰ ਵੀ ਸਾਡੇ ਸਾਹਮਣੇ ਪੇਸ਼ ਕੀਤਾ ਹੈ। ਸਮੇਂ ਦੇ ਚਲਦੇ ਹੋਏ ਮਹਾਪੁਰਖਾਂ ਨੇ ਨਿਰਭਉ ਹੋ ਕੇ ਸੱਚ ਦਾ ਹੋਕਾ ਦਿੱਤਾ ਅਤੇ ਨਿਰਵੈਰ ਹੋ ਕੇ ਹਰੇਕ ਪੱਖ ਤੋਂ ਦਿਆਲਤਾ, ਨਿਮਰਤਾ ਅਤੇ ਪਰਉਪਕਾਰ ਕਰਨ ਤੇ ਜ਼ੋਰ ਹੀ ਨਹੀਂ ਦਿੱਤਾ ਬਲਕਿ ਉਨ੍ਹਾਂ ਨੇ ਆਪਣੇ ਜੀਵਨ ਵਿਚ ਵੀ ਇਨ੍ਹਾਂ ਗੁਣਾਂ ਨੂੰ ਮਹੱਤਵ ਦਿੱਤਾ।

ਸਿੱਖ ਧਰਮ ਇਕ ਈਸ਼ਵਰਵਾਦੀ ਧਰਮ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਇਸ਼ਟ ਦੇ ਗੁਣਾਂ ਨੂੰ ਬਾਣੀ ਰਾਹੀਂ ਮੂਰਤੀਮਾਨ ਕੀਤਾ ਹੈ। ਮੂਲ ਮੰਤਰ ਵਿਚ ਅਕਾਲ ਪੁਰਖ ਦੇ ਗੁਣਾਂ ਦਾ ਵਿਖਿਆਨ ਕੀਤਾ ਗਿਆ ਹੈ। ਜਿਨ੍ਹਾਂ ਵਿਚ ਅਕਾਲ ਪੁਰਖ ਨੂੰ ਨਿਰਭਉ ਨਿਰਵੈਰ ਵੀ ਆਖਿਆ ਗਿਆ ਹੈ। ਪਹਿਲੇ ਅਧਿਆਇ ਵਿਚ ਅਸੀਂ ਨਿਰਭਉ ਨਿਰਵੈਰ ਦੇ ਸ਼ਬਦੀ ਅਰਥਾਂ, ਵੱਖ-ਵੱਖ ਕੋਸ਼ਾਂ, ਪੁਸਤਕਾਂ ਵਿਚਲੀਆਂ ਪ੍ਰੀਭਾਸ਼ਾਵਾਂ, ਹੋਰ ਧਰਮਾਂ ਵਿਚਲੇ ਇਸ ਦੇ ਅਨੇਕਾਂ ਰੂਪਾਂ ਬਾਰੇ ਜਾਣਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਭਉ ਨਿਰਵੈਰ ਨੂੰ ਵੱਖ-ਵੱਖ ਸ਼ਬਦ ਜੋੜਾਂ ਵਿਚ ਵਰਤਿਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ ਨੇ ਜਿਥੇ ਬਾਣੀ ਰਾਹੀਂ ਇਨ੍ਹਾਂ ਗੁਣਾਂ ਦੀ ਅਧਿਆਤਮਿਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਹਰ ਪੱਖੋਂ ਵਰਤੋਂ ਕੀਤੀ ਹੈ ਉਥੇ ਹੀ ਇਨ੍ਹਾਂ ਗੁਣਾਂ ਨਾਲ ਸਰਸ਼ਾਰ ਮਹਾਪੁਰਸ਼ਾਂ ਨੇ ਸੱਚ ਦੀ ਗੱਲ ਨਿਰਭੈਤਾ ਨਾਲ ਆਖੀ ਅਤੇ ਨਾਲ ਹੀ ਹਰ ਇਕ ਨੂੰ ਬਰਾਬਰੀ ਦਾ ਹੱਕ ਵੀ ਦਿੱਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਭਉ ਨਿਰਵੈਰ ਸਭ ਤੋਂ ਪਹਿਲਾਂ ਅਕਾਲ ਪੁਰਖ ਦੇ ਗੁਣ ਵਜੋਂ ਵਰਤਿਆ ਗਿਆ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਜਿਹੇ ਧਰਮ ਗ੍ਰੰਥ ਹਨ, ਜਿਨ੍ਹਾਂ ਨੂੰ ਸ਼ਬਦ ਗੁਰੂ ਦਾ ਦਰਜਾ ਦਿੱਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਲਾ ਆਪਣੇ ਆਪ ਵਿਚ ਵਿਲੱਖਣ ਹੈ, ਜੋ ਕਿ

ਨਿਰਵੈਰਤਾ ਦੀ ਮਿਸਾਲ ਸਾਡੇ ਸਾਹਮਣੇ ਪੇਸ਼ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿਨਾਂ ਕਿਸੇ ਵੈਰ ਭਾਵ ਤੇ ਵਿਤਕਰੇ ਦੇ ਵੱਖ-ਵੱਖ ਜਾਤਾਂ, ਕੌਮਾਂ, ਨਸਲਾਂ ਨਾਲ ਸੰਬੰਧਿਤ ਬਾਣੀਕਾਰਾਂ ਦੀ ਬਾਣੀ ਸ਼ਾਮਿਲ ਕੀਤੀ ਗਈ ਹੈ। ਨਿਰਵੈਰਤਾ ਦੀ ਇਸ ਤੋਂ ਵੱਡੀ ਮਿਸਾਲ ਹੋਰ ਕੀ ਹੋ ਸਕਦੀ ਹੈ ਕਿ ਉਨ੍ਹਾਂ ਬਾਣੀਕਾਰਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹੈ ਜਿਨ੍ਹਾਂ ਨੂੰ ਹਿੰਦੂ ਧਰਮ ਅਨੁਸਾਰ ਮੰਦਰਾਂ ਵਿਚ ਜਾਣ ਦੀ ਵੀ ਮਨਾਹੀ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇਵਲ ਸਿੱਖ ਧਰਮ ਦੇ ਹੀ ਨਹੀਂ ਬਲਕਿ ਸਮੁੱਚੀ ਮਨੁੱਖਤਾ ਦੇ ਮਾਰਗ ਦਰਸ਼ਕ ਹਨ। ਗੁਰਬਾਣੀ ਵਿਚ ਬਾਬਾ ਸੇਖ ਫ਼ਰੀਦ ਜੀ ਦੇ ਰੋਜ਼ੇ ਦੀ ਗੱਲ ਹੋਵੇ ਜਾਂ ਭੱਟਾਂ ਦੇ ਗੁਰੂ ਪਿਆਰ ਦੀ, ਭਗਤਾਂ ਦੇ ਇਸ਼ਟ ਦੀ ਗੱਲ ਹੋਵੇ, ਸਭ ਨੂੰ ਹੀ ਸਤਿਕਾਰ ਯੋਗ ਸਥਾਨ ਦਿੱਤਾ ਗਿਆ ਹੈ। ਹਿੰਦੂ, ਮੁਸਲਮਾਨ ਆਦਿ ਹਰੇਕ ਦੀ ਬਾਣੀ ਇਸ ਵਿਚ ਦਰਜ ਹੈ ਕਿਉਂਕਿ ਹਰੇਕ ਦਾ ਮਾਰਗ ਇਕ ਹੀ ਹੈ ਉਹ ਹੈ ਪਰਮਸੱਤਾ, ਸੱਚਾਈ ਤੱਕ ਅਪੜਨਾ। ਕਿਸੇ ਦੀ ਮੰਜਿਲ ਨੇੜੇ ਹੈ, ਕਿਸੇ ਦੀ ਦੂਰ ਪਰ ਇਹ ਸਾਰੇ ਹੀ ਸੱਚੇ, ਸੁੱਚੇ ਸੁਹਿਰਦ ਭਗਤ ਪਰਮਾਤਮਾ ਦੀ ਸਿਫਤਿ ਸਲਾਹ ਦੇ ਪਾਂਧੀ ਹਨ ਅਤੇ ਇਸ ਰਸਤੇ ਤੇ ਸਰਬ-ਕਲਿਆਣ ਅਤੇ ਸੱਭਿਅਕ ਸਮਾਜ ਦੀ ਸਿਰਜਣਾ ਦੀ ਭਾਵਨਾ ਰੱਖਦੇ ਹਨ। ਜ਼ਰੂਰੀ ਅਸਹਿਮਤੀ ਦਾ ਹਮਦਰਦੀ ਨਾਲ ਪ੍ਰਗਟ ਕਰਨਾ ਦਲੇਰੀ ਅਤੇ ਨਿਰਭੈਅਤਾ ਦੀ ਨਿਸ਼ਾਨੀ ਹੈ ਪਰ ਹੈਂਕੜ ਕਿਤੇ ਵੀ ਦੇਖਣ ਨੂੰ ਨਹੀਂ ਮਿਲਦੀ।[1] ਇਸ ਤਰ੍ਹਾਂ ਗੁਰਬਾਣੀ ਹਰ ਇਕ ਜਾਤੀ, ਧਰਮ, ਦੇਸ਼ ਆਦਿ ਲਈ ਸਰਬ ਕਲਿਆਣ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦਿੰਦੀ ਹੈ।

ਸਮੁੱਚੀ ਬਾਣੀ ਇਕ ਅਕਾਲ ਪੁਰਖ ਦੀ ਸਿਫਤ ਸਲਾਹ, ਪ੍ਰੇਮ, ਮਾਨਵਤਾ, ਭਾਈਚਾਰਾ, ਸੱਚਾਈ, ਸਰਬ ਕਲਿਆਣ, ਪਰਉਪਕਾਰ ਸੇਵਾ ਆਦਿ ਬਾਰੇ ਦਸਦੀ ਹੈ। ਗੁਰੂ ਸਾਹਿਬਾਨਾਂ ਨੇ ਅਧਿਆਤਮਿਕ, ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਹਰੇਕ ਖੇਤਰ ਵਿਚ ਨਿਰਭਉ ਅਤੇ ਨਿਰਵੈਰ ਦੇ ਗੁਣ ਨੂੰ ਅਪਣਾਇਆ ਹੈ। ਇਕ ਅਦੁਤੀ ਪਰਮਾਤਮਾ ਦੀ ਸਿਫਤ ਸਲਾਹ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਦੇ ਸਰੂਪ ਨੂੰ ਮੂਲ ਮੰਤਰ ਵਿਚ ਬਿਆਨ ਕਰਦੇ ਹੋਏ ਨਿਰਭਉ ਅਤੇ ਨਿਰਵੈਰ ਆਖਿਆ ਹੈ। ਦਵੈਤ ਤੋਂ ਮੁਕਤ ਅਜਿਹਾ ਇਕੋ ਇਕ ਪਰਮਾਤਮਾ, ਜਿਹੜਾ ਹੋਰ ਅਲੌਕਿਕ ਗੁਣਾਂ ਦੇ ਨਾਲ-ਨਾਲ ਨਿਰਭਉ ਨਿਰਵੈਰ ਗੁਣਾਂ ਨਾਲ ਸਰਸ਼ਾਰ ਹੈ। ਗੁਰਬਾਣੀ ਵਿਚ ਪਰਮਾਤਮਾ ਦੇ ਅਜਿਹੇ ਸਰੂਪ ਬਾਰੇ ਦੱਸ ਕੇ ਡਰ ਅਤੇ ਵੈਰ ਦੀਆਂ ਭਾਵਨਾਵਾਂ ਨੂੰ ਤਲਾਂਜਲੀ ਦੇ ਦਿੱਤੀ ਗਈ ਹੈ। ਉਹ ਪਰਮ ਪੁਰਖ ਸਾਰੀ ਰਚਨਾ ਦਾ ਰੱਬ ਹੈ ਅਤੇ ਉਹ

ਮਿਠਬੋਲੜਾ, ਮਿੱਤਰਤਾਪੂਰਨ, ਪਿਆਰ ਕਰਨ ਵਾਲਾ, ਸ਼ਾਂਤੀ, ਆਨੰਦ ਦੀ ਅਡੋਲਤਾ ਅਤੇ ਏਕਤਾ ਦੀ ਭਾਵਨਾ ਰੱਖਣ ਵਾਲਾ ਹੈ।

ਮਨੁੱਖਾਂ ਨੂੰ ਵੀ ਗੁਰੂ ਸਾਹਿਬਾਨਾਂ ਨੇ ਨਿਰਭਉ ਨਿਰਵੈਰ ਗੁਣ ਅਪਨਾਉਣ ਦਾ ਉਪਦੇਸ਼ ਦਿੱਤਾ। ਗੁਰਮਤਿ ਡਰ ਤੇ ਵੈਰ ਦੋਹਾਂ ਨੂੰ ਹੀ ਮਨੁੱਖ ਲਈ ਵਰਜਿਤ ਕਰਦੀ ਹੈ। ਹਕਸਲੇ ਅਨੁਸਾਰ ਮਨੁੱਖ ਦੇ ਬਹੁਤ ਸਾਰੇ ਡਰ ਉਸ ਦੇ ਆਪਣੇ ਯਤਨਾਂ ਨਾਲ ਦੂਰ ਨਹੀਂ ਹੋ ਸਕਦੇ। ਜੇ ਮਨੁੱਖ ਆਪਣੀ ਹਉਮੈ ਨੂੰ ਆਪਣੇ ਨਾਲੋਂ ਵਡੇਰੀ ਹਸਤੀ ਦੇ ਅਧੀਨ ਕਰ ਦੇਵੇ, ਤਾਂ ਮਨੁੱਖ ਦਾ ਭੈ ਦੂਰ ਹੋ ਸਕਦਾ ਹੈ ਪਰ ਸਾਰੇ ਭੈਆਂ ਤੋਂ ਛੁਟਕਾਰਾ ਤਾਂ ਹੀ ਮਿਲ ਸਕਦਾ ਹੈ ਜੇ ਮਨੁੱਖ ਆਪਣੀ ਹੋਂਦ ਨੂੰ ਪਿਆਰ ਅਤੇ ਗਿਆਨ ਭਰਪੂਰ ਸਰਬ-ਸਮਰੱਥ ਰੱਬੀ ਸ਼ਖਸੀਅਤ ਵਿਚ ਲੀਨ ਕਰ ਦੇਵੇ।[2] ਇਸ ਤਰ੍ਹਾਂ ਕਰਨ ਨਾਲ ਮਨੁੱਖ ਨਿਰਭਉ ਨਿਰਵੈਰ ਹੋ ਜਾਵੇਗਾ। ਮਨੁੱਖੀ ਮਾਨਸਿਕਤਾ ਨੂੰ ਉੱਪਰ ਚੁੱਕਣ ਲਈ ਗੁਰੂ ਸਾਹਿਬ ਨੇ ਇਨ੍ਹਾਂ ਗੁਣਾਂ ਨੂੰ ਅਕਾਲ ਪੁਰਖ ਦੇ ਸਰੂਪ ਵਜੋਂ ਪੇਸ਼ ਕੀਤਾ ਹੈ। ਗੁਰਬਾਣੀ ਵਿਚ ਸਾਨੂੰ ਨਿਰਭਉ ਨਿਰਵੈਰ ਦੇ ਸਮਾਨ ਅਰਥੀ ਸ਼ਬਦ ਵੀ ਵੇਖਣ ਨੂੰ ਮਿਲਦੇ ਹਨ ਜੋ ਕਿ ਇਸ ਪ੍ਰਕਾਰ ਹਨ :

**ਨਿਰਭਉ ਦੇ ਸਮਾਨ ਅਰਥੀ ਸ਼ਬਦ :-**

1. ਨਿਰਭੈ = ਭੈ ਰਹਿਤ, ਬਿਨ੍ਹਾਂ ਡਰ ਖੌਫ਼ ਦੇ, ਡਰ ਰਹਿਤ ਹਰੀ।[3]

   ਨਿਰਭੈ ਹੋਇ ਭਜੀਐ ਭਗਵਾਨ॥[4]

2. ਨਿਰਭਉ = ਡਰ ਰਹਿਤ, ਬਿਨ੍ਹਾਂ ਕਿਸੇ ਡਰ ਭੈ ਦੇ, ਡਰ ਰਹਿਤ ਜੀਵ, ਜੋ ਅਸਲ ਵਿਚ ਨਿਰਭੈਤਾ ਦਾ ਸਰੂਪ ਹੈ,[5] ਭੈ ਰਹਿਤ ਪਰਮਾਤਮਾ।[6]

   ਨਿਰਭਉ ਆਪਿ ਨਿਰੰਤਰਿ ਜੋਤਿ॥[7]

3. ਨਿਰਭਏ = ਨਿਰਭੈ ਹੋ ਗਏ,[8] ਬਿਨ੍ਹਾਂ ਡਰ ਦੇ, ਨਿਰਭੈ,[9] ਨਿਰਭਉ ਹੂਏ।[10]

   ਪੋਟ ਡਾਰਿ ਗੁਰੁ ਪੂਰਾ ਮਿਲਿਆ ਤਉ ਨਾਨਕ ਨਿਰਭਏ॥[11]

4. ਨਿਰਭਯੰ = ਨਿਰਭੈ, ਬਿਨ੍ਹਾਂ ਡਰ,[12] ਡਰ ਰਹਿਤ, ਬੇਖੌਫ਼, ਨਿਡਰ,[13] ਭਯ ਰਹਿਤ, ਬੇਖੌਫ਼।[14]

   ਬਿਚਰਤੇ ਨਿਰਭਯੰ ਸਤ੍ਰ ਸੈਨਾ ਧਾਯੰਤੇ ਗੋਪਾਲ ਕੀਰਤਨਹ॥[15]

5. ਨਿਰਭਯਹ = ਨਿਰਭਉ,[16] ਬੇਖੌਫ਼, ਨਿਡਰ ਹੋ ਜਾਂਦੇ।[17]

   ਦੁਖੰ ਭਯੰਤਿ ਸੁਖੰ ਭੈ ਭੀਤੰ ਤ ਨਿਰਭਯਹ॥[18]

6. ਨਿਰਭਵਹ = ਨਿਰਭੈ,[19] ਬਿਨ੍ਹਾਂ ਡਰ ਤੋਂ, [20] ਨਿਰਭਯ ਹੋਤੇ ਹੈ।[21]

ਅਸਥਿਤੰ ਸੋਗ ਹਰਖੰ ਭੈ ਖੀਣੰ ਤ ਨਿਰਭਵਹ॥[22]

7. ਨਿਰਭਇਆ = ਨਿਰਭੈ ਹੋਇਆ, [23] ਨਿਡਰੇ ਜਨੋ ਕੋ, ਭਯਹੀਨ ਕੋ।[24]

ਸਿਮਰਿ ਸਿਮਰਿ ਮਨ ਤਨ ਸੁਖੀ ਨਾਨਕ ਨਿਰਭਇਆ॥[25]

8. ਨਿਡਰ = ਡਰ ਰਹਿਤ, ਬੇਖੌਫ਼।[26]

ਨਿਡਰ ਹੂਆ ਡਰੁ ਉਰ ਹੋਇ ਭਾਗੈ॥ [27]

9. ਨਿਡਰੁ = ਬੇਖੌਫ਼, ਨਿਰਭਉ।[28]

ਤਬ ਕਵਨ ਨਿਡਰੁ ਕਵਨ ਕਤ ਡਰੈ॥[29]

10. ਨਿਡਰੇ = ਬੇਖੌਫ਼, ਨਿਰਭਉ।[30]

ਨਿਡਰੇ ਕਉ ਕੈਸਾ ਡਰੁ ਕਵਨੁ॥[31]

11. ਅਭੈ = ਅਭਉ, ਨਿਡਰ, ਨਿਰਭਉ, ਨਿਰਭੈ, ਨਿਰਭੈਤਾ, ਬੇਡਰ, ਬੇਖੌਫ, ਭੈ ਰਹਿਤ,[32] ਭੈ ਤੋਂ ਬਿਨ੍ਹਾਂ, ਨਿਰਭੌ, [33] ਭਯ ਰਹਿਤ, [34] ਅਭਯ।[35]

ਜੋ ਜੋ ਕੀਨੇ ਆਪਨੋ ਤਿਸੁ ਅਭੈ ਦਾਨੁ ਦੀਤਾ॥[36]

12. ਅਭਉ = ਜਨਮ ਮਰਨ ਤੋਂ ਮੁਕਤ ਪਦ, ਨਿਰਭਉ(ਪ੍ਰਭੂ ),[37] ਭਯ ਸੇ ਰਹਿਤ ਪ੍ਰਮੇਸਵਰ।[38]

ਗੁਰੁ ਅਮਰਦਾਸੁ ਪਰਸੀਐ ਅਭਉ ਲਭੈ ਗਉ ਚੁਨਿਹਿ॥[39]

13. ਅਨਭਉ = ਬਿਨਾਂ ਭੈ, ਨਿਰਭਯ ਸੰਗਯਾ ਕਰਤਾਰ ਵਾਹਿਗੁਰੂ, [40] ਭਯਹੀਨ, [41] ਪਰਮਾਤਮਾ ਗਿਆਨ ਸਰੂਪ, ਅਨੁਭਵ ਵਾਲਾ ਆਤਮ ਗਿਆਨ, ਨਿਰਭੈ, ਭੈ ਰਹਿਤ, ਨਿਡਰ।[42]

ਕਹੁ ਕਬੀਰ ਤੈਂ ਅਨਭਉ ਪਾਇਆ॥[43]

14. ਅਨਭੈ = ਬਿਨਾ ਭੈ, ਨਿਰਭਯ, [44] ਨਿਰਭੈਅਤਾ, ਨਿਡਰ (ਪ੍ਰਭੂ), ਨਿਡਰਤਾ ਵਾਲਾ।[45]

ਸਭ ਦੇਖੀਐ ਅਨਭੈ ਕਾ ਦਾਤਾ॥[46]

ਨੋਟ:- ਕਈ ਕੋਸ਼ਾਂ ਵਿਚ ਬੇਪਰਵਾਹ ਸ਼ਬਦ ਦੇ ਅਰਥ ਨਿਡਰ ਕੀਤੇ ਮਿਲਦੇ ਹਨ। ਗੁਰਬਾਣੀ ਵਿਚ ਬੇਪਰਵਾਹ ਦੇ ਕਈ ਰੂਪ ਹਨ ਜਿਵੇਂ- ਬੇਪਰਵਾਹਾ, ਬੇਪਰਵਾਹੁ, ਬੇਪਰਵਾਹੇ। ਇਸ ਸ਼ਬਦ ਨੂੰ 'ਵ' ਸ਼ਬਦ

ਨਾਲ ਵੀ ਪੇਸ਼ ਕੀਤਾ ਗਿਆ ਹੈ ਜਿਵੇਂ ਵੇਪਰਵਾਹ, ਵੇਪਰਵਾਹਾ, ਵੇਪਰਵਾਹੁ, ਵੇਪਰਵਾਹੇ, ਵੇਪਰਵਾਹੈ। ਇਸ ਲਈ ਵੀ ਕੋਸ਼ਾਂ ਵਿਚ ਅਰਥ ਭੈ ਰਹਿਤ ਅਤੇ ਨਿਡਰ ਕੀਤੇ ਮਿਲਦੇ ਹਨ। ਇਸ ਲਈ ਗੁਰਬਾਣੀ ਵਿਚ 'ਨਿਚਿੰਦ' ਸ਼ਬਦ ਵੀ ਵਰਤਿਆ ਗਿਆ ਹੈ ਜਿਸ ਦਾ ਅਰਥ ਹੈ ਬੇਫ਼ਿਕਰ। ਇਸ ਸ਼ਬਦ ਦੇ ਵੀ ਗੁਰਬਾਣੀ ਵਿਚ ਕਈ ਰੂਪ ਮਿਲਦੇ ਹਨ ਜਿਵੇਂ ਨਿਚਿੰਦੁ, ਨਿਚਿੰਦਾ। ਇਨ੍ਹਾਂ ਸਭ ਦੇ ਅਰਥ ਬੇਫ਼ਿਕਰ ਤੇ ਨਿਡਰ ਕੀਤੇ ਮਿਲਦੇ ਹਨ। ਉਦਾਹਰਣ ਵਜੋਂ:

15. ਬੇਪਰਵਾਹ = ਇੱਛਾ ਰਹਿਤ, ਭੈ ਰਹਿਤ, ਨਿਡਰ,[47] ਬੇਪਰਵਾ, ਬੇਫ਼ਿਕਰ, ਇੱਛਾ ਰਹਿਤ [48]
ਇੱਛਾ ਰਹਿਤ-ਪੂਰਣ ਕਾਮ ਮਹਾਤਮਾ, [49] ਇੱਛਾ ਰਹਿਤ, ਬੇ-ਕਨੋਡ।[50]

ਦੂਸਰ ਨਾਹੀ ਅਵਰ ਕੋ ਨਾਨਕ ਬੇਪਰਵਾਹ॥[51]

16. ਵੇਪਰਵਾਹ = ਇੱਛਾ ਰਹਿਤ, ਭੈ ਰਹਿਤ, ਨਿਡਰ, [52] ਬੇਪਰਵਾਹ, ਬੇਫ਼ਿਕਰ, ਜੋ ਕਿਸੇ ਦੀ ਪਰਵਾਰ ਨਹੀਂ ਕਰਦਾ, ਨਿਡਰ, ਨਿਸੰਗ, [53] ਇੱਛਾ ਰਹਿਤ, ਕਾਣ ਕਣੌਂਡ ਤੋਂ ਖਾਲੀ, [54] ਇੱਛਾ ਰਹਿਤ।[55]

ਓਇ ਵੇਪਰਵਾਹ ਨ ਬੋਲਹੀ ਹਉ ਮਲਿ ਮਲਿ ਧੋਵਾ ਤਿਨ ਪਾਇ॥[56]

**ਨਿਰਵੈਰ ਦੇ ਸਮਾਨ ਅਰਥੀ ਸ਼ਬਦ:-**

17. ਨਿਰਵੈਰ = ਵੈਰ ਰਹਿਤ,[57] ਕਿਸੇ ਨਾਲ ਵੈਰ ਨਾ ਕਰਨ ਵਾਲਾ, ਦ੍ਵੈਸ਼ ਬਿਨ੍ਹਾਂ [58] ਵੈਰ ਰਹਿਤ, ਜਿਸ ਦੇ ਅੰਦਰ ਕਿਸੇ ਨਾਲ ਦ੍ਵੈਸ਼ ਨਾ ਹੋਵੇ। ਇਹ ਵਾਹਿਗੁਰੂ ਦਾ ਵਿਸ਼ੇਸ਼ਣ ਹੈ,[59] ਵੈਰ ਸੇ ਪਰੇ ਨਿਕਸਾ ਹੂਆ ਪਰਮਾਤਮਾ।[60]

ਨਿਰਾਹਾਰ ਨਿਰਵੈਰ ਸੁਖਦਾਈ॥[61]

18. ਨਿਰਵੈਰਣਹ = ਨਿਰਵੈਰ, ਵੈਰ ਰਹਿਤ ਹੋਣਾ।[62]

ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥[63]

19. ਨਿਰਵੈਰਿ = ਵੈਰ ਰਹਿਤ ਪ੍ਰਭੂ ਵਿਚ।[64]

ਸਤਿ ਸੂਰਉ ਸੀਲਿ ਬਲਵੰਤੁ ਸਤ ਭਾਇ ਸੰਗਤਿ ਸਘਨ ਗਰੂਅ ਮਤਿ ਨਿਰਵੈਰਿ ਲੀਣਾ॥[65]

20. ਨਿਰਵੈਰਾ = ਵੈਰ ਰਹਿਤ।[66]

ਨਿਰਹਾਰੀ ਕੇਸਵ ਨਿਰਵੈਰਾ॥[67]

21. ਨਿਰਵੈਰੇ = ਨਿਰਵੈਰ, ਵੈਰ ਰਹਿਤ।[68]

ਭ੍ਰਮੁ ਭਉ ਕਾਟਿ ਕੀਏ ਨਿਰਵੈਰੇ ਜੀਉ॥[69]

22. ਨਿਰਵੈਰੈ = ਨਿਰਵੈਰ, ਵੈਰ ਰਹਿਤ।[70]

ਨਿਰਵੈਰੈ ਨਾਲਿ ਜਿ ਵੈਰੁ ਰਚਾਏ ਸਭੁ ਪਾਪੁ ਜਗਤੈ ਕਾ ਤਿਨਿ ਸਿਰਿ ਲਇਆ॥[71]

23. ਨਿਰਵੈਰੁ = ਵੈਰ ਰਹਿਤ, ਵੈਰ ਰਹਿਤ ਪ੍ਰਭੂ।[72]

ਤੂੰ ਨਿਰਵੈਰੁ ਸੰਤ ਤੇਰੇ ਨਿਰਮਲ॥[73]

**ਨਿਰਭਉ ਨਿਰਵੈਰ ਰੂਪੀ ਗੁਣਾਂ ਨੂੰ ਉਜਾਗਰ ਕਰਨ ਵਾਲੇ ਨਾਮ :-** ਗੁਰਬਾਣੀ ਵਿਚ ਨਿਰਭਉ ਨਿਰਵੈਰ ਦੇ ਸਮਾਨਅਰਥੀ ਸ਼ਬਦਾਂ ਤੋਂ ਇਲਾਵਾ ਅਕਾਲ ਪੁਰਖ ਦੇ ਨਿਰਭਉ ਨਿਰਵੈਰ ਰੂਪੀ ਗੁਣਾਂ ਨੂੰ ਉਜਾਗਰ ਕਰਨ ਵਾਲੇ ਨਾਮ ਵੀ ਸਾਨੂੰ ਦੇਖਣ ਨੂੰ ਮਿਲਦੇ ਹਨ ਜਿਵੇਂ- ਰਚਨਹਾਰੁ, ਕਰਨਹਾਰੁ, ਸਚਾ ਨਿਆਈ, ਮਾਲਕੁ, ਮੀਰ ਸਾਹ, ਪਾਤਿਸਾਹ, ਸਾਹਿਬ, ਨਰਪਤਿ, ਜਗਦੀਸ, ਸੁਲਤਾਨ, ਛਤ੍ਰਪਤਿ, ਤ੍ਰੈ ਭਵਨ ਧਨੀ, ਭਉ ਭੰਜਨ, ਸੈਭੰ, ਅਗੰਮ, ਅਗੋਚਰ, ਅਗਾਧਿ, ਅਜਰ, ਅਜੂਨੀ, ਅਪਰੰਪਰੁ, ਅਬਿਨਾਸੀ, ਅਬਿਗਤ, ਨਿਰਲੇਪ, ਅਕਾਲ, ਅਛੇਦ, ਅਚਲ, ਨਿਰਾਲਮ, ਕਰੁਣਾ ਮਈ, ਪ੍ਰਤਿਪਾਲਕ, ਰਾਖਾ, ਸਹਾਈ, ਗਰੀਬੁ ਨਿਵਾਜੁ, ਧਰਣੀਧਰ, ਸਾਰਿਗਪਾਨ, ਦੁਖ ਭੰਜਨ, ਦੀਨ ਬੰਧਪ, ਦੀਨ ਦਇਆਲਾ, ਅਨਾਥਾ ਨਾਥ, ਨਿਥਾਵਿਆ ਥਾ, ਦਇਆਲੁ, ਕਰੀਮੁ, ਰਹੀਮੁ, ਮਿਹਰਵਾਣ, ਕਰੁਣਾਨਿਧਿ, ਮਿਤ੍ਰ, ਬੰਧਪ, ਯਾਰ, ਸਜਣ, ਸਖਾ, ਦਾਨੀ, ਦਾਤਾ, ਦਾਤਾਰ, ਸਰਬ ਸੁਖਦਾਤਾ, ਜਗਜੀਵਨ ਦਾਤਾ, ਮਿਹਰਵਾਣ, ਨਿਸਤਾਰਣ ਹਾਰ, ਪਤਿਤ ਪਾਵਨ, ਭਗਤ ਵਛਲ, ਮਿਠ ਬੋਲੜਾ, ਰਖਵਾਲਾ, ਆਦਿ।

ਹਰ ਜਗ੍ਹਾ ਵਿਆਪਕ ਅਕਾਲ ਪੁਰਖ ਨੂੰ ਜਪਣ ਵਾਲਾ, ਉਸ ਦੇ ਨਿਰਮਲ ਭਉ ਵਿਚ ਵਿਚਰਦਾ ਹੈ। ਗੁਰਬਾਣੀ ਵਿਚ ਇਸ ਗੱਲ ਦੀ ਪਹਿਲਾਂ ਹੀ ਪੁਸ਼ਟੀ ਕੀਤੀ ਹੈ ਕਿ ਡਰ ਮਾਨਸਿਕ ਮਨੋਵਿਰਤੀ ਹੈ ਹੋਰ ਕੁਝ ਵੀ ਨਹੀ। ਡਰ ਦੋ ਪ੍ਰਕਾਰ ਦਾ ਹੁੰਦਾ ਹੈ ਇਕ ਦੁਨਿਆਵੀ ਅਤੇ ਇਕ ਦੈਵੀ। ਦੁਨਿਆਵੀ ਡਰ ਕਿਸੇ ਖਤਰੇ ਤੋਂ ਉਪਜਿਆ ਹੁੰਦਾ ਹੈ ਜਿਸ ਵਿਚ ਜਨਮ ਮਰਨ ਦਾ ਡਰ ਹੀ ਮਨੁੱਖੀ ਡਰ ਦਾ ਮੂਲ ਅਧਾਰ ਹੈ। ਇਸ ਵਿਚ

ਉਸ ਦੇ ਸਾਰੇ ਡਰ ਸ਼ਾਮਿਲ ਹੋ ਜਾਂਦੇ ਹਨ। ਇਸੇ ਡਰ ਕਾਰਨ ਹੀ ਮਨੁੱਖ ਦੁਖੀ ਹੁੰਦਾ ਹੈ। ਸੰਸਾਰ ਰੂਪੀ ਸਾਗਰ ਨੂੰ ਹੀ ਭੈਅ ਆਖ ਕੇ ਇਸ ਵਿਚ ਮਨੁੱਖ ਦੇ ਗਲਤਾਨ ਹੋਣ ਦੀ ਗੱਲ ਆਖੀ ਗਈ ਹੈ।[74] ਜਗਬੀਰ ਸਿੰਘ ਆਪਣੇ ਲੇਖ *"ਪਰਾਸੰਗਿਕ ਧਰਮ-ਸ਼ਾਸਤਰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ"* ਵਿਚ ਲਿਖਦੇ ਹਨ ਕਿ ਭੈਅ ਅਤੇ ਵੈਰ ਵਿਨਾਸ਼ਕਾਰੀ ਸ਼ਕਤੀਆਂ ਹਨ। ਭੈਅ ਮਨੁੱਖ ਦੇ ਸਵੈਮਾਨ ਦਾ ਵਿਨਾਸ਼ ਕਰਨਾ ਲੋਚਦਾ ਹੈ ਅਤੇ ਵੈਰ ਆਪਣੀ ਅਤੇ ਦੂਸਰੇ ਦੀ ਹੋਂਦ ਨੂੰ ਖਤਰੇ ਵਿਚ ਪਾਉਣ ਵਾਲੀ ਪ੍ਰੇਰਕ ਸ਼ਕਤੀ ਹੈ।[75] ਦਰਸ਼ਨ ਸਿੰਘ ਆਪਣੇ ਲੇਖ *"ਗੁਰੂ ਸਾਹਿਬਾਨ ਦੀ ਬਾਣੀ ਵਿਚ ਮਾਨਵ ਪ੍ਰੇਮ ਅਤੇ ਭਾਈਚਾਰਾ"* ਵਿਚ ਲਿਖਦੇ ਹਨ ਕਿ ਇਨਸਾਨ ਦਾ ਸਭ ਤੋਂ ਵੱਡਾ ਦੁਸ਼ਮਣ ਡਰ ਹੈ ਅਤੇ ਮਰਨ ਦਾ ਡਰ ਉਸਨੂੰ ਸਭ ਤੋਂ ਵੱਧ ਹੈ। ਸਚਿਆਰ ਹੋਣ ਲਈ ਨਿਰਭਉ ਹੋਣਾ ਜ਼ਰੂਰੀ ਗੁਣ ਹੈ ਅਰਥਾਤ ਇਹ ਇਕ ਅਜਿਹਾ ਸੰਕਲਪ ਹੈ ਜਿਸ ਉੱਤੇ ਆਦਰਸ਼ਕ ਭਾਈਚਾਰੇ ਨੂੰ ਉਸਾਰਿਆ ਜਾ ਸਕਦਾ ਹੈ।[76]

ਗੁਰਬਾਣੀ ਅਰਥ ਵਿਧਾਨ ਜਾਂ ਗੁਰਬਾਣੀ ਵਿਆਖਿਆਕਾਰੀ ਦੀ ਗੂੜ ਪਰਵਿਰਤੀ ਦੀ ਸਮਝ ਵਿਚ ਨਿਰੂਪਣ ਹੋਇਆ ਬਹੁਤ ਕੁਝ ਸਾਡੀ ਸਿਮਰਤੀ ਵਿਚ ਉਕਰਿਤ ਹੋ ਜਾਂਦਾ ਹੈ ਜਿਹੜਾ ਕਿ ਸਾਡੀ ਨਿੱਜੀ ਸਮਝ ਵਿਚੋਂ ਗੁਜਰਦਾ ਹੋਇਆ ਨਵੇਂ ਅਰਥ ਤੇ ਨਵੀਂ ਸਮਝ ਦਾ ਰੂਪ ਧਾਰਨ ਕਰਦਾ ਹੈ। ਜਦੋਂ ਅਸੀਂ ਰੂਹਾਨੀ ਅਨੁਭਵ ਵਿਚੋਂ ਪ੍ਰਕਾਸ਼ਿਤ ਹੋਈ ਗੁਰਬਾਣੀ ਦਾ ਬੌਧਿਕ ਤਲ ਉੱਤੇ ਵਿਚਾਰ ਕਰਦੇ ਹਾਂ ਤਾਂ ਸਾਨੂੰ ਬਹੁਤ ਕੁਝ ਪਤਾ ਲਗਦਾ ਹੈ। ਗੁਰਬਾਣੀ ਦਾ ਅਧਿਐਨ ਕਰਨ ਸਮੇਂ ਨਿਰਭਉ ਨਿਰਵੈਰ ਬਾਰੇ ਇਹ ਗੱਲ ਪਤਾ ਲਗਦੀ ਹੈ ਕਿ ਇਹ ਗੁਣ ਤਿੰਨ ਹਸਤੀਆਂ ਲਈ ਵਰਤਿਆ ਗਿਆ ਹੈ। ਪਹਿਲਾ ਅਕਾਲ ਪੁਰਖ ਪਰਮਾਤਮਾ ਲਈ, ਦੂਸਰਾ ਸਤਿਗੁਰੂ ਲਈ, ਤੀਸਰਾ ਗੁਰਮੁਖ ਜਨ, ਸੰਤ, ਭਗਤ ਲਈ।

## ਅਕਾਲ ਪੁਰਖ

ਇਕ ਅਕਾਲ ਪੁਰਖ ਨੂੰ ਮੰਨਣਾ ਸਿੱਖ ਧਰਮ ਦਾ ਮੁੱਢਲਾ ਸਿਧਾਂਤ ਹੈ। ਇਕੋ ਅਕਾਲ ਪੁਰਖ ਦਾ ਸੁਨੇਹਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਾਰੀ ਮਨੁੱਖਤਾ ਨੂੰ ਦਿੱਤਾ। ਗੁਰਬਾਣੀ ਵਿਚ ਇਸ ਅਦੁੱਤੀ ਹਸਤੀ ਬਾਰੇ ਬਿਆਨ ਕੀਤਾ ਗਿਆ ਹੈ। ਅਕਾਲ ਤੋਂ ਭਾਵ ਕਾਲ ਦੀ ਕਾਰ ਤੋਂ ਬਾਹਰ ਹੋਣਾ ਹੈ। ਉਹ ਪਰਿਵਰਤਨ-ਮੁਕਤ ਹੈ, ਨਾ ਜਨਮਦਾ ਹੈ, ਨਾ ਸਥਾਪਿਤ ਹੁੰਦਾ ਹੈ, ਨਾ ਕਿਸੇ ਦੇ ਬਣਾਇਆ ਬਣਦਾ ਹੈ, ਨਾ ਹੀ ਬਿਨਸਦਾ ਹੈ।

ਉਹ ਅਜੂਨੀ ਤੇ ਅਬਿਨਾਸੀ ਹੈ। ਪੁਰਖ ਤੋਂ ਭਾਵ ਜੋ ਸਾਰੇ ਸੰਸਾਰ ਵਿਚ ਵਿਆਪਕ ਹਸਤੀ ਹੈ।[77] ਅਕਾਲ ਸ਼ਬਦ ਨੂੰ 'ਜਪੁ ਜੀ ਸਾਹਿਬ' ਦੇ ਪਹਿਲੇ ਸਲੋਕ ਵਿਚ ਵੀ ਸੁਦ੍ਰਿੜ ਕਰਵਾਇਆ ਗਿਆ ਹੈ।[78] ਪੁਰਾਤਨ ਗੁਟਕਿਆਂ ਪੋਥੀਆਂ ਤੇ ਲਿਖਤਾਂ ਵਿਚ 'ਜਪੁ' ਸਾਹਿਬ ਦੀ ਥਾਂ ਤੇ 'ਜਪੁ ਨੀਸਾਣੁ' ਲਿਖਿਆ ਮਿਲਦਾ ਹੈ। ਇਸ ਦਾ ਭਾਵ ਹੈ ਕਿ 'ਜਪੁ' ਹੁਣ ਜੰਗਲਾਂ, ਗੁਫਾਵਾਂ ਤੇ ਕੰਦਰਾਂ ਵਿਚ ਛਿਪ ਕੇ ਨਾ ਕੀਤਾ ਜਾਵੇ। ਜਪੁ ਵਾਲੇ ਨੂੰ ਕਾਹਦਾ ਡਰ ਹੈ। ਜਪੁ ਤਾਂ ਨਿਰਭਉ ਕਰਦਾ ਹੈ। 'ਨੀਸਾਣ' ਸ਼ਬਦ ਤੋਂ ਭਾਵ ਧੌਸਾ, ਨਗਾਰਾ, ਇਹ ਨਿਡਰਤਾ ਤੇ ਅਭੈ ਪਦ ਦੀ ਨਿਸ਼ਾਨੀ ਹੈ।[79]

ਸਤਿ-ਸਰੂਪ ਪਰਮਾਤਮਾ ਦੀ ਵਿਆਪਕਤਾ ਸਮੇਂ ਦੀ ਗਤੀ ਦੇ ਪ੍ਰਾਰੰਭ ਤੋਂ ਪਹਿਲਾਂ ਵੀ ਸੀ, ਸਮੇਂ ਦੇ ਨਾਲ ਵੀ ਹੈ ਅਤੇ ਸਮੇਂ ਦੀ ਸਮਾਪਤੀ ਹੋਣ ਤੋਂ ਬਾਅਦ ਵੀ ਹੋਵੇਗੀ। ਉਹ ਤ੍ਰੈ-ਕਾਲ ਅਤੀਤ ਹੈ, ਉਸ ਦਾ ਨਾ ਆਦਿ ਹੈ ਨਾ ਅੰਤ।[80] ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਅਕਾਲ ਦੇ ਅਰਥ ਵਾਹਿਗੁਰੂ ਜੋ ਅਬਿਨਾਸੀ ਹੈ, ਜਿਸ ਉੱਤੇ ਕਿਸੇ ਕਾਲ (ਸਮੇਂ) ਦਾ ਕੋਈ ਅਸਰ ਨਹੀਂ ਦੇ ਸੰਦਰਭ ਵਿਚ ਕੀਤੇ ਹਨ।[81] ਅਕਾਲ ਪੁਰਖ ਉਹ ਅਬਿਨਾਸੀ ਸੱਤਾ ਹੈ,ਜਿਸ ਦਾ ਕਦੇ ਕਾਲ ਨਹੀਂ ਹੁੰਦਾ।[82] ਇਸ ਤਰ੍ਹਾਂ ਅਕਾਲ ਪੁਰਖ ਤੋਂ ਭਾਵ ਉਹ ਅਬਿਨਾਸੀ ਹਸਤੀ ਜੋ ਸਮੇਂ ਤੋਂ ਪਰੇ ਹੈ, ਤ੍ਰੈ-ਕਾਲ ਅਤੀਤ, ਤ੍ਰੈ-ਗੁਣ ਅਤੀਤ, ਆਦਿ ਤੇ ਅੰਤ ਤੋਂ ਵੀ ਪਰੇ, ਜਿਸਦਾ ਨਾ ਜਨਮ ਹੈ ਨਾ ਮਰਨ। ਗੁਰਮਤਿ ਵਿਚ ਪਰਮ ਸੱਤਾ ਨੂੰ 'ਅਕਾਲ ਪੁਰਖ' ਕਿਹਾ ਜਾਂਦਾ ਹੈ। ਗੁਰਬਾਣੀ ਵਿਚ ਜ਼ਿਕਰ ਹੈ:

- ਤੂ ਅਕਾਲ ਪੁਰਖੁ ਨਾਹੀ ਸਿਰਿ ਕਾਲਾ॥[83]

- ਅਕਾਲ ਪੁਰਖ ਅਗਾਧਿ ਬੋਧ॥[84]

ਉਹ ਅਕਾਲ ਪੁਰਖ ਜਿਸ ਦੇ ਸਿਰ ਕਾਲ ਦਾ ਕੋਈ ਪ੍ਰਭਾਵ ਨਹੀਂ ਅਤੇ ਉਹ ਅਗਾਧ ਬੋਧ ਭਾਵ ਬੇਅੰਤ ਹੈ ਉਸ ਦਾ ਕੋਈ ਅੰਤ ਵੀ ਨਹੀਂ। ਜੇਕਰ ਅਕਾਲ ਪੁਰਖ ਦੇ ਸਰੂਪ ਨੂੰ ਜਾਣਨਾ ਹੋਵੇ ਤਾਂ ਮੂਲ ਮੰਤਰ ਵਿਚ ਅਕਾਲ ਪੁਰਖ ਦੇ ਸਰੂਪ ਨੂੰ ਬਿਆਨ ਕੀਤਾ ਗਿਆ ਹੈ:

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ

ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥[85]

ਅਕਾਲ ਪੁਰਖ ਇਕ ਹੈ, ਉਸ ਦਾ ਨਾਮ ਸੱਚਾ, ਉਹ ਸਭ ਕੁਝ ਕਰਨ ਵਾਲਾ ਕਰਤਾ, ਡਰ ਤੋਂ ਰਹਿਤ, ਵੈਰ ਤੋਂ ਰਹਿਤ, ਸਮੇਂ ਤੋਂ ਪਰੇ, ਅਜਨਮਾ, ਸਵੈ-ਪ੍ਰਕਾਸ਼ਮਾਨ ਹੈ। ਗੁਰੂ ਦੀ ਕਿਰਪਾ ਨਾਲ ਹੀ ਉਸਨੂੰ ਪਾਇਆ ਜਾ ਸਕਦਾ ਹੈ। ਇਹ ਗੁਣ ਅਕਾਲ ਪੁਰਖ ਦੇ ਵਿਸ਼ੇਸ਼ਣ ਹਨ। ਵਿਦਵਾਨਾਂ ਅਨੁਸਾਰ ਨਿਰਭਉ ਕੇਵਲ ਉਹੀ ਹੋ ਸਕਦਾ ਹੈ ਜਿਸ ਨੂੰ ਕਿਸੇ ਵੀ ਕਿਸਮ ਦਾ ਕੋਈ ਡਰ ਨਾ ਹੋਵੇ। ਡਰ ਦੂਸਰੇ ਤੋਂ ਹੁੰਦਾ ਹੈ ਅਤੇ ਅਕਾਲ ਪੁਰਖ ਕੇਵਲ ਤੇ ਕੇਵਲ ਅਦੁਤੀ ਹਸਤੀ ਹੈ। ਗੁਰਬਾਣੀ ਦੇ ਸ਼ੁਰੂ ਵਿਚ ਹੀ '੧ਓ' ਅਕਾਲ ਪੁਰਖ ਦੀ ਸੁਤੰਤਰ ਹਸਤੀ ਨੂੰ ਬਿਆਨ ਕਰਦਾ ਹੈ:

- ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ॥[86]
- ਏਕਮ ਏਕੰਕਾਰੁ ਨਿਰਾਲਾ॥[87]
- ਏਕੋ ਏਕੁ ਨਿਰੰਜਨ ਪੂਜਾ॥[88]
- ਤੁਮ ਏਕੋ ਏਕੁ ਨਿਰੰਜਨ ਸੋਈ॥[89]
- ਦੂਸਰ ਨਾਹੀ ਅਵਰ ਕੋ ਨਾਨਕ ਬੇਪਰਵਾਹ॥[90]

ਗੁਰਮਤਿ ਅਨੁਸਾਰ ਕਰਤਾ-ਕਾਰਣ-ਕਰਨ, ਸਰਬ-ਸਮਰੱਥ ਇਕ ਹੈ ਜਦ ਕਿ ਵੇਦਾਂ, ਉਪਨਿਸ਼ਦਾਂ ਅਤੇ ਪੁਰਾਣਾਂ ਵਿਚ ਕਈ ਦੇਵੀ ਦੇਵਤਿਆਂ ਦਾ ਜ਼ਿਕਰ ਮਿਲਦਾ ਹੈ। ਇਥੋਂ ਤਕ ਕਿ ਕੁਰਾਨ ਅਤੇ ਬਾਈਬਲ ਵਿਚ ਪਰਮਾਤਮਾ ਦੇ ਨਾਲ-ਨਾਲ ਸ਼ੈਤਾਨ ਦੀ ਹੋਂਦ ਨੂੰ ਵੀ ਮੰਨਿਆ ਗਿਆ ਹੈ ਪਰ ਗੁਰਮਤਿ ਵਿਚ ਅਜਿਹਾ ਬਿਲਕੁਲ ਹੀ ਨਹੀਂ '੧ਓ' ਤੋਂ ਭਾਵ ਹੀ ਇਹ ਹੈ ਕਿ ਕੇਵਲ ਅਕਾਲ ਪੁਰਖ ਸਾਰੇ ਹੀ ਵਿਆਪਕ ਰੂਪ ਵਿਚ ਸਮਾਇਆ ਹੋਇਆ ਹੈ, ਹੋਰ ਕੋਈ ਦੂਜਾ ਹੈ ਹੀ ਨਹੀਂ। ਸਾਰੀ ਸ੍ਰਿਸ਼ਟੀ ਵਿਚ ਕੇਵਲ ਤੇ ਕੇਵਲ ਉਹ ਹੀ ਇਕ ਹਸਤੀ ਹੈ ਹੋਰ ਕੋਈ ਹਸਤੀ ਸੰਸਾਰ ਵਿਚ ਨਹੀਂ। ਇਸ ਪ੍ਰਥਾਇ ਭਾਈ ਗੁਰਦਾਸ ਫੁਰਮਾਉਂਦੇ ਹਨ:

ਏਕਾ ਏਕੰਕਾਰ ਲਿਖਿ ਦੇਖਾਲਿਆ।[91]

'ਓਅੰਕਾਰ' ਉਹ ਸ਼ਬਦ ਹੈ ਜਿਸ ਤੋਂ ਬ੍ਰਹਿਮੰਡ ਦੀ ਉਤਪਤੀ ਹੋਈ ਹੈ:

ਪ੍ਰਥਮ ਕਾਲ ਜਬ ਕਰਾ ਪਸਾਰਾ॥ ਓਅੰਕਾਰ ਤੇ ਸ੍ਰਿਸਟ ਉਪਾਰਾ॥[92]

ਗੁਰੂ ਅਮਰਦਾਸ ਜੀ ਨੇ ਫੁਰਮਾਇਆ ਹੈ:

ਓਅੰਕਾਰਿ ਸਭ ਸ੍ਰਿਸਟਿ ਉਪਾਈ ॥

ਸਭੁ ਖੇਲੁ ਤਮਾਸਾ ਤੇਰੀ ਵਡਿਆਈ॥[93]

ਭਾਈ ਗੁਰਦਾਸ ਜੀ ਨੇ ਵੀ ਵਾਰਾਂ ਵਿਚ ਓਅੰਕਾਰ ਤੋਂ ਸਭ ਸ੍ਰਿਸ਼ਟੀ ਦੀ ਉਤਪਤੀ ਦੀ ਗੱਲ ਆਖੀ ਹੈ।[94] ਅਕਾਲ ਪੁਰਖ ਬੇਅੰਤ, ਅਪਰੰਪਰ, ਸਾਡੀ ਦ੍ਰਿਸ਼ਟੀ ਤੋਂ ਪਰ੍ਹੇ ਹੈ।[95] ਉਸ ਤੋਂ ਬਿਨ੍ਹਾਂ ਕੋਈ ਹੋਰ ਨਹੀਂ। ਨਿਰੰਕਾਰ ਨੂੰ ਕਿਸੇ ਦਾ ਡਰ ਤਾਂ ਹੋਵੇ ਜੇ ਕੋਈ ਦੂਜੀ ਹਸਤੀ ਉਸ ਤੋਂ ਵੱਡੀ ਅਥਵਾ ਬਲਵਾਨ ਹੋਵੇ। ਵੱਡੀ ਹਸਤੀ ਹੋਣਾ ਤਾਂ ਕਿਧਰੇ, ਉਸ ਦੇ ਬਰਾਬਰ ਦੀ ਵੀ ਕੋਈ ਹਸਤੀ ਨਹੀਂ। ਉਹ ਕੇਵਲ ਇਕ ਹੈ। [96] ਗੁਰਬਾਣੀ ਅਨੁਸਾਰ:

- ਹਰਿ ਸਤਿ ਨਿਰੰਜਨ ਅਮਰੁ ਹੈ ਨਿਰਭਉ ਨਿਰਵੈਰੁ ਨਿਰੰਕਾਰੁ॥[97]
- ਨਿਰਭਉ ਦਾਤਾ ਸਦਾ ਮਨ ਹੋਇ॥[98]
- ਰਾਜਾ ਰਾਮ ਤੂੰ ਐਸਾ ਨਿਰਭਉ ਤਰਨ ਤਾਰਨ ਰਾਮ ਰਾਇਆ॥[99]
- ਨਿਰਭਉ ਆਪਿ ਨਿਰੰਤਰਿ ਜੋਤਿ ॥[100]

ਅਤੇ ਉਸ ਭੈਅ ਰਹਿਤ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ:

ਹਰਿ ਨਿਰਭਉ ਨਾਮੁ ਧਿਆਈ ਜੀਉ॥[101]

ਇਸ ਤੋਂ ਉਸ ਦੀ ਸੁਤੰਤਰ ਹਸਤੀ ਦੀ ਬੇਪਰਵਾਹੀ ਵੀ ਝਲਕਦੀ ਹੈ, ਉਹ ਕਿਸੇ ਦਾ ਮੁਹਤਾਜ ਨਹੀਂ।[102] ਕੋਈ ਕਿਸੇ ਦੀ ਮੁਹਤਾਜੀ ਦੋ ਕਾਰਨਾਂ ਕਰਕੇ ਕਰਦਾ ਹੈ, ਪਹਿਲਾ ਡਰ ਕਾਰਨ ਤੇ ਦੂਜਾ ਲਾਲਚ ਕਾਰਨ। ਅਕਾਲ ਪੁਰਖ ਨੂੰ ਨਾ ਹੀ ਕੋਈ ਡਰ ਹੈ ਨਾ ਹੀ ਕਿਸੇ ਕਿਸਮ ਦਾ ਲਾਲਚ । ਉਹ ਬੇਡਰ ਤੇ ਬੇਖੌਫ਼ ਹੈ:

ਸਗਲ ਸਮ੍ਰਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ॥[103]

ਅਕਾਲ ਪੁਰਖ ਨੂੰ ਗੁਰਬਾਣੀ ਵਿਚ ਬੇਪਰਵਾਹ, ਬੇਮੁਹਤਾਜ, ਨਿਰਭੈ ਸ਼ਬਦਾਂ ਨਾਲ ਸੰਬੋਧਿਤ ਕਰਕੇ ਉਸ ਦੀ ਨਿਰਭੈਅਤਾ ਨੂੰ ਪੇਸ਼ ਕੀਤਾ ਗਿਆ ਹੈ:

- ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ ॥[104]
- ਬੇਮੁਹਤਾਜੁ ਬੇਅੰਤੁ ਅਪਾਰਾ ॥[105]
- ਜਾ ਕੈ ਗ੍ਰਿਹਿ ਸਭੁ ਕਿਛੁ ਹੈ ਪੂਰਨ ਸੋ ਭੇਟਿਆ ਨਿਰਭੈ ਧਨੀ॥[106]

ਭਾਈ ਗੁਰਦਾਸ ਜੀ ਆਖਦੇ ਹਨ 'ਸਚਾ ਬੇਪਰਵਾਹੁ ਸਚਿ ਸਮਾਇਆ॥'[107] ਉਹ ਬੇਪਰਵਾਹ ਸਾਰੀਆਂ ਥਾਵਾਂ ਵਿਚ ਸਮਾਇਆ ਹੈ। ਅਕਾਲ ਪੁਰਖ ਦੀ ਬੇਪਰਵਾਹੀ ਅਤੇ ਨਿਰਭੈਅਤਾ ਇਸ ਗੱਲ ਤੋਂ ਵੀ ਸਪੱਸ਼ਟ ਹੁੰਦੀ ਹੈ

ਕਿ ਉਹ ਆਪ ਹੀ ਕਰਤਾ ਪੁਰਖ ਹੈ। ਸਾਰੀ ਸ੍ਰਿਸ਼ਟੀ ਇਕ ਅਕਾਲ ਪੁਰਖ ਨੇ ਹੀ ਬਣਾਈ ਹੈ ਹੋਰ ਕੋਈ ਦੂਸਰਾ ਸ਼ਰੀਕ ਨਹੀਂ।[108] ਸਾਰੀ ਕੁਦਰਤ ਉਸ ਦੇ ਹੁਕਮ ਅਤੇ ਭੈਅ ਵਿਚ ਹੈ। ਪ੍ਰਿੰਸੀਪਲ ਸੁਰਜੀਤ ਸਿੰਘ ਅਨੁਸਾਰ, "ਵਿਨਾਸ ਦੇ ਡਰ ਕਾਰਨ ਭਜੇ ਫਿਰਨ ਦਾ ਕੁਦਰਤ ਦਾ ਨਿਯਮ ਨਾ ਕੇਵਲ ਪ੍ਰਾਣੀ ਜਗਤ ਦੇ ਜੀਅ ਜੰਤੂਆਂ ਉੱਤੇ ਹੀ ਲਾਗੂ ਹੈ ਸਗੋਂ ਕੁਦਰਤ ਦੇ ਭੌਤਿਕ ਅੰਗਾਂ ਪੌਣ, ਪਾਣੀ, ਅਗਨੀ, ਬੱਦਲ, ਧਰਤੀ, ਸੂਰਜ, ਚੰਨ ਆਦਿ ਸਭ ਉੱਤੇ ਲਾਗੂ ਹੈ ਅਤੇ ਇਹ ਸਾਰੇ ਡਰ ਦੇ ਅਸਰ ਅਧੀਨ ਆਪਣੇ ਆਪ, ਆਪਣੀ-ਆਪਣੀ ਚਾਲੇ ਪਏ ਆਪਣੀ ਕ੍ਰਿਆ ਕਰਦੇ ਰਹਿੰਦੇ ਹਨ।"[109] ਭੈਅ ਵਿਚ ਹੀ ਪਾਣੀ, ਦਰਿਆ, ਅੱਗ, ਧਰਤੀ, ਆਦਿ ਹਨ।[110] ਕੁਦਰਤ ਦੀਆਂ ਸਾਰੀਆਂ ਘਾੜਤਾਂ 'ਡਰ' ਵਿਚ ਹਨ। ਡਰ ਅਰਥਾਤ 'ਨਿਯੰਤਰਣ', ਡਰ ਹੁਕਮ ਰੂਪ ਵਿਚ ਵੀ ਹੈ। ਇਹ ਦੈਵੀ ਹੁਕਮ ਸਭ ਉੱਤੇ ਚਲਦਾ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਡਰ ਦੋ ਰੂਪਾਂ ਵਿਚ ਆਇਆ ਹੈ। ਇਕ 'ਹੁਕਮ' ਅਤੇ ਦੂਜਾ 'ਪਿਆਰ'। ਹੁਕਮ ਵਿਚ ਸਭ ਨਿਯੰਤਰਣ ਵਿਚ ਰਹਿੰਦਾ ਹੈ। ਇਹ ਨਿਯੰਤਰਣ ਦਾ ਡਰ ਸਭ ਉੱਤੇ ਅਕਾਲ ਪੁਰਖ ਦੁਆਰਾ ਲਾਗੂ ਹੁੰਦਾ ਹੈ। 'ਭਉ' ਸਧਾਰਨ 'ਭਉ' ਨਹੀਂ ਸਗੋਂ ਸਾਰਿਆਂ ਜੀਆਂ, ਜੰਤਾਂ, ਸ੍ਰਿਸ਼ਟੀ ਵਿਚ ਵਿਆਪਕ 'ਰੱਬੀ ਹੁਕਮ' ਹੈ। ਅਕਾਲ ਪੁਰਖ ਦਾ ਅਮੋੜ ਹੁਕਮ 'ਡਰਪੈ ਧਰਤਿ ਆਕਾਸੁ ਨਖ੍ਯਤ੍ਰਾ ਸਿਰ ਊਪਰਿ ਅਮਰੁ ਕਰਾਰਾ॥'[111] ਹੈ। ਉਸ ਦੇ ਹੁਕਮ ਤੋਂ ਬਾਹਰ ਕੁਝ ਵੀ ਨਹੀਂ:

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥[112]

ਭਾਈ ਗੁਰਦਾਸ ਜੀ ਦਸਦੇ ਹਨ, 'ਹੁਕਮੈ ਅੰਦਰਿ ਸਭੁ ਕੋ ਮੰਨੈ ਹੁਕਮੁ ਸੁ ਸਚਿ ਸਮਾਇਆ॥'[113] ਕੁਦਰਤ ਦੀ ਹਰ ਇਕ ਸ਼ੈਅ (ਵਸਤੂ) ਅਕਾਲ ਪੁਰਖ ਦੇ ਹੁਕਮ ਵਿਚ ਕਾਰਜ ਕਰਦੀ ਹੈ। ਜਸਵੰਤ ਸਿੰਘ ਨੇਕੀ ਲਿਖਦੇ ਹਨ, "ਉਹ ਆਪ ਤਾਂ ਹਰ ਪ੍ਰਕਾਰ ਦੇ ਭੈ ਤੋਂ ਮੁਕਤ ਹੈ, ਪਰੰਤੂ ਦੂਸਰੀਆਂ ਸਾਰੀਆਂ ਚੀਜਾਂ ਉਸ ਦੇ ਭੈ ਜਾਂ ਡਰ ਵਿਚ ਬੱਝੀਆਂ ਹੋਈਆਂ ਹਨ।"[114] ਸੂਰਜ, ਚੰਦ, ਤਾਰੇ, ਆਕਾਸ਼ ਆਦਿ ਸਭ ਉਸ ਦੇ ਭੈਅ ਵਿਚ ਨਿਯਮਬੱਧ ਹਨ। ਲੱਕੜ ਵਿਚ ਅੱਗ ਹੈ ਪਰ ਹੁਕਮ ਵਿਚ ਹੋਣ ਕਰਕੇ ਉਹ ਕਿਸੇ ਨੂੰ ਸਾੜ ਨਹੀਂ ਸਕਦੀ। ਆਕਾਸ਼ ਬਿਨ੍ਹਾਂ ਥੱਮ੍ਹਾਂ ਤੋਂ ਖੜ੍ਹਾ, ਸੂਰਜ ਦੀ ਤਪਸ਼ ਕੇਵਲ ਬਨਸਪਤੀ ਦੀ ਉਪਜਾਊ ਜਿਨ੍ਹੀ ਹੀ ਹੈ, ਉਸ ਦੀ ਕੀ ਮਜਾਲ ਉਹ ਧਰਤੀ ਦੀ ਕਿਸੇ ਵੀ ਚੀਜ਼ ਨੂੰ ਆਪਣੀ ਅੱਗ ਨਾਲ ਸਾੜੇ। ਸਾਗਰਾਂ ਦਾ ਪਾਣੀ ਆਪਣੇ ਨਿਯਮ ਵਿਚ ਹੈ, ਹੁਕਮ ਤੋਂ ਬਿਨ੍ਹਾਂ ਉਹ ਕੋਈ ਕਾਰਜ ਨਹੀਂ ਕਰ ਸਕਦੇ। ਸਾਰੀ ਕੁਦਰਤ ਵਿਚ ਉਹ ਆਪ

ਹੀ ਸਮਾਇਆ ਹੋਇਆ ਹੈ।[115] ਉਹ ਕੁਦਰਤ ਤੋਂ ਬਾਹਰ ਨਹੀਂ ਉਸ ਦੇ ਵਿਚ ਹੀ ਬੈਠ ਕੇ ਵੇਖਦਾ ਹੈ।[116] ਉਸ ਦੀ ਸਾਂਭ-ਸੰਭਾਲ ਕਰਦਾ ਹੈ। ਗੁਰੂ ਸਾਹਿਬ ਤਾਂ ਇਹ ਕਹਿੰਦੇ ਹਨ ਕਿ ਪ੍ਰਿਥਵੀ ਕਾਗਜ਼ ਬਣ ਜਾਏ, ਬ੍ਰਿਛ ਕਲਮਾਂ, ਹਵਾ ਅਕਾਲ ਪੁਰਖ ਦੇ ਗੁਣ ਲਿਖਣ ਵਾਲੀ, ਤਾਂ ਵੀ ਉਸ ਦੀ ਬੇਅੰਤਤਾ ਦਾ ਅੰਤ ਨਹੀਂ ਪਾਇਆ ਜਾ ਸਕਦਾ।[117] ਅਕਾਲ ਪੁਰਖ ਅਲੱਖ, ਅਗਾਧ ਬੋਧ ਹੈ। ਉਸ ਬਾਰੇ ਨਾ ਕਥਨ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਉਸ ਦਾ ਕੋਈ ਆਦਿ ਜਾਂ ਅੰਤ ਹੈ। ਅਕਾਲ ਪੁਰਖ ਦੀ ਅਜੂਨੀ ਅਤੇ ਸੈਭੰ ਹਸਤੀ ਸਦੀਵੀ ਉਸ ਦੀ ਨਿਰਭੈਅਤਾ ਨੂੰ ਉਜਾਗਰ ਕਰਦੀ ਹੈ। ਸੰਸਾਰ ਵਿਚ ਹਰ ਜੀਵ ਜਨਮ ਲਈ ਦੂਸਰੇ ਉੱਤੇ ਨਿਰਭਰ ਹੈ ਪਰ ਅਕਾਲ ਪੁਰਖ ਆਪਣੇ ਆਪ ਤੋਂ ਪ੍ਰਕਾਸ਼ਵਾਨ ਹੈ। ਗੁਰੂ ਜੀ ਦੱਸਦੇ ਹਨ ਕਿ ਉਹ ਅਜਨਮਾ, ਅਜੂਨੀ ਤੇ ਸੈਭੰ ਹੈ। ਇਹ ਅਕਾਲ ਪੁਰਖ ਦਾ ਸਵੈ, ਪ੍ਰਕਾਸ਼ਿਤ ਸੱਚ ਹੈ। ਉਹ ਆਪਣੇ ਆਪ ਤੋਂ ਹੀ ਹੈ:

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥[118]

ਅਕਾਲ ਪੁਰਖ ਨਿਰਗੁਣ ਸਰੂਪ ਹੋ ਕੇ ਸਾਰੀ ਕੁਦਰਤ ਵਿਚ ਸਮਾਇਆ ਹੈ। ਅਕਾਲ ਪੁਰਖ ਜਿਥੇ ਨਿਰਭਉ ਹੈ ਉਥੇ ਨਿਰਵੈਰ ਵੀ ਹੈ। ਨਿਰਭਉ ਨਿਰਵੈਰ ਕਹਿਣ ਦਾ ਭਾਵ ਇਹ ਜਾਪਦਾ ਹੈ ਕਿ '੧ਓ' ਕਰਤਾ ਪੁਰਖ ਸਰਬ ਮਨੁੱਖਤਾ ਦਾ ਰੱਬ ਹੈ, ਕਿਸੇ ਇਕ ਜਾਤੀ, ਕੌਮ, ਜਾਂ ਕਬੀਲੇ ਦਾ ਪਰਮਾਤਮਾ ਨਹੀਂ। ਨਾ ਹੀ ਉਹ 'ਜਾਬਰ' ਜਾਂ 'ਕਹਾਰ' ਹੈ। ਉਹ ਸਤਿ ਨਿਰੰਜਨ, ਨਿਰਭਉ, ਨਿਰਵੈਰ, ਸ਼ਾਂਤ, ਅਡੋਲ, ਮਿਠਬੋਲੜਾ, ਬਖਸ਼ਿੰਦ ਹੈ। ਗੁਰਬਾਣੀ ਵਿਚ ਅਕਾਲ ਪੁਰਖ ਨੂੰ ਨਿਰਭਉ ਦੇ ਨਾਲ ਨਾਲ ਨਿਰਵੈਰ ਕਹਿ ਕੇ ਉਸ ਦੇ ਪ੍ਰੇਮਮਈ ਸਰੂਪ ਨੂੰ ਮੂਰਤੀਮਾਨ ਕੀਤਾ ਗਿਆ ਹੈ ਕਿ ਉਹ ਮਿਹਰਬਾਨ, ਸਰਬ ਵਿਆਪਕ, ਸਹਾਇਕ, ਪ੍ਰਤਿਪਾਲਕ, ਦਾਤਾਰ ਹੈ। ਗੁਰਬਾਣੀ ਵਿਚ ਅਨੇਕਾਂ ਥਾਵਾਂ ਤੇ ਉਸ ਦੀ ਕੋਮਲ ਦਿਲੀ, ਦਇਆਲਤਾ, ਵੱਡੇ-ਵੱਡੇ ਪਾਪੀਆਂ ਨੂੰ ਮੁਆਫ਼ ਕਰਨ ਵਾਲੇ ਰੂਪ ਨੂੰ ਵੀ ਚਿਤਰਿਆ ਗਿਆ ਹੈ:

-ਮਿਹਰਵਾਨੁ ਸਾਹਿਬੁ ਮਿਹਰਵਾਨੁ॥
ਸਾਹਿਬੁ ਮੇਰਾ ਮਿਹਰਵਾਨੁ॥
ਜੀਅ ਸਗਲ ਕਉ ਦੇਇ ਦਾਨੁ॥[119]

-ਅਕਿਰਤਘਣਾ ਨੋ ਪਾਲਦਾ ਪ੍ਰਭ ਨਾਨਕ ਸਦ ਬਖਸਿੰਦੁ।[120]

ਗੁਰਬਾਣੀ ਵਿਚ 'ਨਾਨਕ ਜਿਨ ਮਨਿ ਭਉ ਤਿਨਾ ਮਨਿ ਭਾਉ' ਦੇ ਬਚਨਾਂ ਅਨੁਸਾਰ ਇਹ ਮੰਨਿਆ ਗਿਆ ਹੈ ਕਿ ਪਿਆਰ ਅਤੇ ਅਦਬ ਰੂਪੀ ਨਿਰਮਲ ਭਉ ਇਕੋ ਜਗ੍ਹਾ ਨਿਵਾਸ ਕਰਦੇ ਹਨ। ਇਹ ਅਕਾਲ ਪੁਰਖ ਦੇ ਮਾਂ-ਪਿਤਾ ਰੂਪੀ ਬਖਸ਼ਿੰਦ ਤੇ ਮਮਤਾ ਭਰੇ ਰੱਬੀ ਬਿਰਦ ਨੂੰ ਵੀ ਬਾਖ਼ੂਬੀ ਪ੍ਰਗਟ ਕਰਦੇ ਹਨ।[121] ਅਕਾਲ ਪੁਰਖ ਜਿਥੇ ਬਖਸ਼ਿੰਦ ਹੈ ਉਥੇ ਵੱਡਾ ਦਾਤਾ ਵੀ ਹੈ। ਸਾਰੀ ਸ੍ਰਿਸ਼ਟੀ ਦਾ ਪ੍ਰਤਿਪਾਲਕ ਹੈ। ਪੱਥਰ ਵਿਚਲੇ ਜੀਅ ਜੰਤੂਆਂ ਨੂੰ ਵੀ ਰਿਜ਼ਕ ਪਹੁੰਚਾਣ ਵਾਲਾ ਹੈ।[122] ਉਸ ਦੀਆਂ ਦਾਤਾਂ ਅਮੁਕ ਹਨ। ਦਾਤਾ ਦੇਣਾ ਉਸਦੀ ਪ੍ਰਕਿਤੀ ਜਾਂ ਸੁਭਾਅ ਹੈ।[123] ਉਹ ਦਾਤਾ ਹਮੇਸ਼ਾ ਵੰਡਦਾ ਹੀ ਰਹਿੰਦਾ ਹੈ। ਉਸ ਦੇ ਖਜ਼ਾਨੇ ਅਮੁਕ ਹਨ ਜੋ ਖ਼ਤਮ ਹੀ ਨਹੀਂ ਹੁੰਦੇ, ਲੈਣ ਵਾਲਾ ਥੱਕ ਜਾਂਦਾ ਹੈ ਜਦਕਿ ਦੇਣ ਵਾਲਾ ਦਾਤਾਰ ਪ੍ਰਭੂ ਦੇਂਦਾ ਹੀ ਰਹਿੰਦਾ ਹੈ। ਉਹ ਆਪ ਹੀ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਹੈ। ਸਭ ਵਿਚ ਸਮਾਇਆ ਹੋਇਆ ਹੈ, ਇਸ ਲਈ ਕਿਸੇ ਨਾਲ ਵੈਰ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ:

- ਵਵਾ ਵੈਰੁ ਨ ਕਰੀਐ ਕਾਹੂ॥ ਘਟ ਘਟ ਅੰਤਰਿ ਬ੍ਰਹਮ ਸਮਾਹੂ॥[124]

- ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥
  ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥[125]

ਅਕਾਲ ਪੁਰਖ ਦਾ ਨੂਰ ਸਭ ਤੋਂ ਪਹਿਲਾ ਸੀ, ਜਿਸ ਨੇ ਜਗਤ ਪੈਦਾ ਕੀਤਾ ਅਤੇ ਸਾਰੇ ਜੀਅ ਜੰਤ ਵਿਚ ਉਹ ਆਪ ਹੀ ਸਮਾਇਆ ਹੈ। ਗੁਰਮਤਿ ਅਨੁਸਾਰ ਅਕਾਲ ਪੁਰਖ ਸਭ ਦਾ ਸਾਂਝਾ ਬਾਪ ਹੈ।[126] ਇਸ ਤਰ੍ਹਾਂ ਕਿਸੇ ਨੂੰ ਵੀ ਚੰਗਾ ਮੰਦਾ ਨਹੀਂ ਕਹਿਣਾ ਚਾਹੀਦਾ। ਅਕਾਲ ਪੁਰਖ ਨੇ ਇਕੋ ਜਿਹੇ ਤੱਤਾਂ ਤੋਂ ਹੀ ਅਨੇਕਾਂ ਕਿਸਮ ਦੇ ਜੀਅ ਜੰਤੂ ਪੈਦਾ ਕੀਤੇ ਹਨ। ਹੁਣ ਜਦ ਉਹ ਅਕਾਲ ਪੁਰਖ ਸਭ ਵਿਚ ਹੈ ਅਤੇ ਸਾਰੇ ਉਸ ਇਕ ਦੁਆਰਾ ਹੀ ਪੈਦਾ ਕੀਤੇ ਗਏ ਹਨ ਤਾਂ ਵੈਰ, ਈਰਖਾ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਤਰ੍ਹਾਂ ਅਕਾਲ ਪੁਰਖ ਦੀ ਮਿਹਰਬਾਨੀ, ਦਇਆ, ਦਾਤਾਰ, ਬਖੰਸ਼ਿਦ, ਸਮਦ੍ਰਿਸ਼ਟੀ ਅਤੇ ਵਿਆਪਕਤਾ ਉਸ ਦੀ ਨਿਰਵੈਰਤਾ ਦੇ ਗੁਣ ਨੂੰ ਪ੍ਰਗਟ ਕਰਦੇ ਹਨ। ਉਹ ਆਪ ਹੀ ਸਾਰਿਆਂ ਵਿਚ ਸਮਾ ਕੇ ਫਿਰ ਵੀ ਨਿਰਪੱਖ ਹੋ ਕੇ ਸਾਰੀ ਕਾਇਨਾਤ ਦੀ ਖੇਡ ਨੂੰ ਦੇਖਦਾ ਹੈ। ਉਸ ਦੀ ਇਕ ਕਿਰਪਾ ਦ੍ਰਿਸ਼ਟੀ ਅਨੇਕਾਂ ਹੀ ਪਾਪਾਂ ਦਾ ਉਧਾਰ ਕਰਦੀ ਹੈ ਉਸ ਦਾ ਇਕ ਵਾਰ ਨਾਮ ਜਪਣ ਨਾਲ ਕਰੋੜਾਂ ਹੀ ਪਾਪ ਖ਼ਤਮ ਹੋ ਜਾਂਦੇ ਹਨ ਅਤੇ ਜਨਮ ਮਰਨ ਦਾ ਗੇੜ ਮੁਕ

ਜਾਂਦਾ ਹੈ। ਮਨੁੱਖ ਅਕਾਲ ਪੁਰਖ ਦਾ ਨਾਮ ਜਪਣ ਨਾਲ ਉਸ ਵਰਗਾ ਹੀ ਨਿਰਭਉ ਨਿਰਵੈਰ ਹੋ ਜਾਂਦਾ ਹੈ। ਨਿਰਭਉ ਨਿਰਵੈਰ ਰੂਪੀ ਪਦ ਦੀ ਪ੍ਰਾਪਤੀ ਅਕਾਲ ਪੁਰਖ ਦੇ ਸਰਗੁਣ ਸਰੂਪ ਗੁਰੂ ਰਾਹੀਂ ਹੀ ਸੰਭਵ ਹੈ।

## ਸਤਿਗੁਰੂ

ਅਕਾਲ ਪੁਰਖ ਦੇ ਪ੍ਰਤੱਖ ਪ੍ਰਕਾਸ਼ ਵਾਲਾ ਸਰੂਪ 'ਗੁਰੂ' ਹੁੰਦਾ ਹੈ। ਗੁਰੂ ਉਹ ਹੁੰਦਾ ਹੈ ਜੋ ਹਨ੍ਹੇਰੇ ਤੋਂ ਪ੍ਰਕਾਸ਼ ਵੱਲ ਲੈ ਜਾਵੇ, ਭਾਵ ਅਗਿਆਨ ਨੂੰ ਖ਼ਤਮ ਕਰ ਗਿਆਨ ਦਾ ਪ੍ਰਕਾਸ਼ ਕਰਨ ਵਾਲਾ। ਗੁਰੂ ਸ਼ਬਦ 'ਗ੍ਰੀ' ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਨਿਗਲਣਾ ਅਤੇ ਸਮਝਾਉਣਾ, ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤੱਤ ਗਿਆਨ ਸਮਝਾਉਂਦਾ ਹੈ ਉਹ ਗੁਰੂ ਹੈ।[127] ਗੁਰਬਾਣੀ ਵਿਚ ਅਕਾਲ ਪੁਰਖ ਤੇ ਗੁਰੂ ਦੀ ਅਭੇਦਤਾ ਨੂੰ ਪ੍ਰਗਟ ਕੀਤਾ ਗਿਆ ਹੈ:

- ਗੁਰ ਗੋਬਿੰਦੁ ਗੋਬਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥[128]
- ਗੁਰ ਗੋਬਿੰਦੁ ਪਾਰਬ੍ਰਹਮ ਪੂਰਾ॥[129]

ਪ੍ਰਭੂ ਅਤੇ ਗੁਰੂ ਅਭਿੰਨ ਹਨ, ਇਕ ਰੂਪ ਹਨ।[130] ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਗੁਰੂ ਸਾਹਿਬਾਨਾਂ ਵਿਚ ਇਕ ਹੀ ਬ੍ਰਹਮ ਜੋਤਿ ਸਰੀਰਾਂਤਰਿਤ ਹੁੰਦੀ ਦੱਸੀ ਗਈ ਹੈ।[131] ਗੁਰ-ਸ਼ਬਦ ਤੋਂ ਭਾਵ ਹੈ ਗੁਰੂ ਦੇ ਮੁੱਖ ਤੋਂ ਉਚਾਰਿਆ ਹੋਇਆ ਸ਼ਬਦ। ਗੁਰਮਤਿ ਵਿਚ ਸ਼ਬਦ ਗੁਰੂ ਪ੍ਰਵਾਨ ਹੈ ਕਿਉਂਕਿ ਕੇਵਲ ਸ਼ਬਦ ਹੀ ਸੁਰਤਿ, ਮਤਿ, ਮਨ ਬੁੱਧੀ ਤੋਂ ਮੁਕਤ ਰੂਪ ਹੋ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੀ ਗਵਾਹੀ ਤੋਂ ਇਹ ਸਾਬਿਤ ਵੀ ਹੁੰਦਾ ਹੈ। ਗੁਰਬਾਣੀ ਅਨੁਸਾਰ ਸ਼ਬਦ ਗੁਰੂ ਹੀ 'ਅਭੁਲੁ ਗੁਰੂ ਕਰਤਾਰੁ' ਹੋ ਸਕਦਾ ਹੈ। ਗੁਰੂ 'ਪ੍ਰਤੱਖ ਹਰੀ' ਦੀ ਜੋਤਿ ਹੈ ਜਿਸਨੇ ਜੁਗਤਿ ਵਿਚ ਪ੍ਰਗਟ ਹੋਣਾ ਹੈ। ਸ੍ਰਿਸ਼ਟੀ ਦਾ ਮੂਲ ਵੀ ਜੋਤਿ ਨੂੰ ਹੀ ਮੰਨਿਆ ਹੈ ਅਤੇ ਮਨੁੱਖੀ ਸਿਰਜਣਾ ਵੀ ਜੋਤਿ ਹੀ ਹੈ:

ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ॥[132]

ਮਨੁੱਖੀ ਮਨ ਦਾ ਮੂਲ ਵੀ ਜੋਤਿ ਨੂੰ ਹੀ ਕਿਹਾ ਗਿਆ ਹੈ।[133] ਭਾਈ ਕਾਨ੍ਹ ਸਿੰਘ ਨਾਭਾ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਰਤਾਰ ਵੱਲੋਂ ਥਾਪਿਆ ਮੰਨ ਕੇ ਗੁਰੂ ਦੀ ਵਿਆਖਿਆ ਅਗਿਆਨ ਵਿਨਾਸ਼ਕ, ਸਤਿ ਅਤੇ ਹਿਤ ਉਪਦੇਸ਼ਕ ਦੇ ਰੂਪ ਵਿਚ ਕੀਤੀ ਹੈ।[134] ਇਸ ਤਰ੍ਹਾਂ ਗੁਰੂ ਦੀ ਨਿਰੰਕਾਰੀ ਜੋਤਿ ਦੀ ਸਾਰੀ ਕਿਰਿਆ ਹੰਗਤਾ ਤੇ

ਮਮਤਾ ਆਦਿ ਤੋਂ ਰਹਿਤ ਹੁੰਦੀ ਹੈ। ਜਿਥੇ ਗੁਰੂ ਨਿਰਭਉ ਨਿਰਵੈਰ ਹੁੰਦਾ ਹੈ ਉਥੇ ਉਸ ਦੇ ਸਾਰੇ ਕੌਤਕ ਵੀ ਨਿਰਾਲੇ ਹੀ ਹੁੰਦੇ ਹਨ। ਗੁਰਬਾਣੀ ਵਿਚ ਗੁਰੂ ਦੇ ਨਿਰਭਉ ਨਿਰਵੈਰ ਹੋਣ ਦੇ ਪ੍ਰਮਾਣ ਇਸ ਪ੍ਰਕਾਰ ਹਨ:

- ਸਤਿਗੁਰੁ ਅੰਦਰਹੁ ਨਿਰਵੈਰੁ ਹੈ ਸਭ ਦੇਖੈ ਬ੍ਰਹਮੁ ਇਕੁ ਸੋਇ॥[135]
- ਸਤਿਗੁਰੁ ਪੁਰਖੁ ਨਿਰਵੈਰੁ ਹੈ ਆਪੇ ਲਏ ਜਿਸੁ ਲਾਇ॥[136]
- ਸਤਿਗੁਰੁ ਨਿਰਵੈਰੁ ਪੁਤ੍ਰ ਸਤ੍ਰ ਸਮਾਨੇ ਅਉਗਣ ਕਟੇ ਕਰੇ ਸੁਧੁ ਦੇਹਾ॥[137]
- ਨਿਰਭਉ ਸਬਦੁ ਗੁਰੂ ਸਚੁ ਜਾਤਾ ਜੋਤੀ ਜੋਤਿ ਮਿਲਾਇਦਾ॥[138]

ਗੁਰੂ ਗੁਣਾਂ ਦੀ ਖ਼ਾਨ ਹੁੰਦਾ ਹੈ। ਗੁਰੂ ਦੇ ਗੁਣਾਂ ਦਾ ਕੋਈ ਅੰਤ ਹੀ ਨਹੀਂ। ਗੁਰੂ ਇਕ ਸ਼ੀਸ਼ੇ ਦੇ ਵਾਂਗ ਹੁੰਦਾ ਹੈ ਜਿਹੋ ਜਿਹਾ ਮੂੰਹ ਬਣਾ ਕੇ ਅਸੀ ਸ਼ੀਸ਼ੇ ਵਿਚ ਵੇਖਦੇ ਹਾਂ, ਉਹੋ ਜਿਹਾ ਚਿਹਰਾ ਸਾਨੂੰ ਦ੍ਰਿਸ਼ਟੀਗੋਚਰ ਹੁੰਦਾ।[139] ਗੁਰੂ ਦੀ ਦ੍ਰਿਸ਼ਟੀ ਵਿਚ ਸਾਰੇ ਹੀ ਇਕ ਸਮਾਨ ਹਨ, ਵੱਡੇ, ਛੋਟੇ, ਅਮੀਰ, ਗਰੀਬ, ਜਾਤ, ਧਰਮ, ਰੰਗ, ਨਸਲ ਆਦਿ ਕਿਸੇ ਵੀ ਪ੍ਰਕਾਰ ਦਾ ਕੋਈ ਵਿਤਕਰਾ ਨਹੀਂ। ਗੁਰੂ ਸਾਰਿਆਂ ਵਿਚ ਹੀ ਅਕਾਲ ਪੁਰਖ ਦੀ ਜੋਤ ਨੂੰ ਦੇਖਦਾ ਹੈ। ਸਰਗੁਣ ਅੱਖਰ ਰੱਬ ਦੀ ਸਰਬ-ਵਿਆਪਕ ਸੱਤਾ ਦਾ ਵਾਚਕ ਹੈ ਨਾ ਕਿ ਮਾਦੀ ਸੰਸਾਰ ਦਾ, ਜੋ ਕਿ ਨਾਸ਼ਵਾਨ ਹੈ।[140] ਮਨੁੱਖੀ ਜੀਵਨ ਦੇ ਸਾਰੇ ਡਰ ਨਿਰਮਲ ਭਉ ਨਾਲ ਦੂਰ ਹੁੰਦੇ ਹਨ ਅਤੇ ਇਹ ਨਿਰਮਲ ਭਉ ਗੁਰੂ ਦੀ ਕਿਰਪਾ ਸਦਕਾ ਹੀ ਪ੍ਰਾਪਤ ਹੁੰਦਾ ਹੈ। ਗੁਰੂ ਦੇ ਹੁਕਮ ਵਿਚ ਰਹਿ ਕੇ ਅਤੇ ਨਿਰਭਉ ਰੂਪੀ ਅਕਾਲ ਪੁਰਖ ਨੂੰ ਯਾਦ ਕਰਕੇ ਹੀ ਮਨੁੱਖ ਨਿਰਭਉ ਹੋ ਸਕਦਾ ਹੈ। ਜਦੋਂ ਡਰ ਖ਼ਤਮ ਹੋ ਜਾਂਦਾ ਹੈ ਤਾਂ ਇਸ ਤੋਂ ਉਪਜਣ ਵਾਲੀ ਈਰਖਾ ਅਤੇ ਵੈਰ ਆਪਣੇ ਆਪ ਹੀ ਖ਼ਤਮ ਹੋ ਜਾਂਦੇ ਹਨ। ਨਿਰਮਲ ਭਉ ਭਗਤੀ ਲਈ ਜ਼ਰੂਰੀ ਹੈ। ਇਸ ਭਉ ਰਾਹੀਂ ਹੀ ਨਿਰਭਉ ਦੀ ਪ੍ਰਾਪਤੀ ਹੁੰਦੀ ਹੈ:

- ਭੈ ਵਿਚਿ ਨਿਰਭਉ ਪਾਇਆ॥[141]
- ਬਿਨੁ ਭੈ ਕਿਨੈ ਨ ਪ੍ਰੇਮੁ ਪਾਇਆ ਬਿਨੁ ਭੈ ਪਾਰਿ ਨ ਉਤਰਿਆ ਕੋਈ॥[142]

ਇਹ ਨਿਰਮਲ ਭਉ ਗੁਰੂ ਕਿਰਪਾ ਨਾਲ ਹੀ ਪ੍ਰਾਪਤ ਹੁੰਦਾ ਹੈ। 'ਏ ਮਨ ਜੈਸਾ ਸੇਵਹਿ ਤੈਸਾ ਹੋਵਹਿ ਤੇਹੇ ਕਰਮ ਕਮਾਹਿ' ਦੇ ਮਨੋਵਿਗਿਆਨਿਕ ਸਿਧਾਂਤ ਅਨੁਸਾਰ ਜਿਸ ਨੂੰ ਵਿਅਕਤੀ ਯਾਦ ਕਰਦਾ ਹੈ ਉਸ ਵਰਗਾ ਹੀ ਹੋ ਜਾਂਦਾ ਹੈ। ਇਸ ਲਈ ਅਕਾਲ ਪੁਰਖ ਦਾ ਸਿਮਰਨ ਕਰਨ ਵਾਲਾ ਵੀ ਉਸ ਵਰਗਾ ਹੀ ਨਿਰਭਉ ਹੋ ਜਾਂਦਾ ਹੈ:

- ਨਿਰਭਉ ਜਪੈ ਸਗਲ ਭਉ ਮਿਟੈ॥[143]

- ਪ੍ਰਭ ਕੈ ਸਿਮਰਨਿ ਭਉ ਨ ਬਿਆਪੈ॥[144]

ਗੁਰੂ ਮਨੁੱਖ ਨੂੰ ਪਰਮਾਤਮਾ ਦੇ ਸਿਮਰਨ ਦੇ ਰਾਹ ਉੱਤੇ ਤੋਰਦਾ ਹੈ। ਜੁਗਤ ਦੱਸ ਉਸ ਦੀ ਅਧਿਆਤਮਿਕ ਤਰੱਕੀ ਵਿਚ ਸਹਾਇਤਾ ਕਰਦਾ ਹੈ। ਗੁਰੂ ਦੇ ਬਿਨ੍ਹਾਂ ਮਨੁੱਖ ਨੂੰ ਸੱਚ ਦਾ ਗਿਆਨ ਨਹੀਂ ਹੋ ਸਕਦਾ।[145] ਗੁਰੂ ਗਿਆਨ, ਸੱਚ ਆਦਿ ਬੇਅੰਤ ਗੁਣਾਂ ਦਾ ਧਾਰਨੀ ਹੈ। ਸਾਰੀ ਗੁਰਬਾਣੀ ਵਿਚ ਗੁਰੂ ਨੂੰ ਕਰਤਾਰ ਆਖ ਕੇ ਉਸ ਦੀ ਸ਼ਰਨ ਵਿਚ ਸਾਰੇ ਤਰ੍ਹਾਂ ਦੇ ਡਰਾਂ ਦਾ ਨਾਸ ਹੋਣਾ ਦੱਸਿਆ ਹੈ। ਬਾਣੀ ਵਿਚ ਨਿਰਭਉ ਹੋਣ ਲਈ ਮਨੁੱਖ ਨੂੰ ਹੇਠ ਲਿਖੇ ਸਾਧਨ ਦੱਸ ਕੇ ਸੱਚ ਦੇ ਰਾਹ ਪਾਇਆ ਗਿਆ ਹੈ:

- ਭੈ ਨਿਰਭਉ ਹਰਿ ਅਟਲੁ ਮਨਿ ਸਬਦਿ ਗੁਰ ਨੇਜਾ ਗਡਿਓ॥[146]

- ਮੇਟਿਆ ਜਨਮਾਂਤ ਮਰਣ ਭਉ ਭਾਗਾ ਚਿਤੁ ਲਾਗਾ ਸੰਤੋਖ ਸਰੇ॥[147]

- ਜਪੁ ਤਪੁ ਸਤੁ ਸੰਤੋਖੁ ਪਿਖਿ ਦਰਸਨੁ ਗੁਰ ਸਿਖਹ ॥[148]

ਗੁਰੂ ਦੇ ਹੁਕਮ ਅਤੇ ਨਿਰਮਲ ਭੈ ਵਿਚ ਰਹਿ ਕੇ ਮਨੁੱਖ ਦੇ ਸਾਰੇ ਡਰ ਖ਼ਤਮ ਹੋ ਜਾਂਦੇ ਹਨ ਅਤੇ ਮਨੁੱਖ ਸੰਤੋਖ, ਮਨ ਦੀ ਅਡੋਲਤਾ ਅਤੇ ਅਭੈ ਪਦ ਦੀ ਪ੍ਰਾਪਤੀ ਕਰਦਾ ਹੈ। ਸੱਚ ਤੇ ਹੱਕ ਦੇ ਰਸਤੇ ਉੱਤੇ ਚਲਦਾ ਹੋਇਆ ਮਨੁੱਖ ਗੁਰੂ ਦੀ ਕਿਰਪਾ ਨਾਲ ਹੀ ਨਿਰਭਉ ਸੂਰਮਾ ਹੋ ਨਿਬੜਦਾ ਹੈ। ਉਸ ਦੀ ਸਾਰੀ ਜਿੰਦਗੀ ਵਿਚੋਂ ਸੱਚ ਦੀ ਹੀ ਮਹਿਕ ਆਉਂਦੀ ਹੈ:

- ਸਚੁ ਤੀਰਥੁ ਸਚੁ ਇਸਨਾਨੁ ਅਰੁ ਭੋਜਨੁ ਭਾਉ ਸਚੁ ਸਦਾ ਸਚੁ ਭਾਖੰਤੁ ਸੋਹੈ॥[149]

- ਸਤਿ ਸੂਰਉ ਸੀਲਿ ਬਲਵੰਤੁ ਸਤ ਭਾਇ ਸੰਗਤਿ ਸਘਨ ਗਰੂਅ ਮਤਿ ਨਿਰਵੈਰਿ ਲੀਣਾ ॥[150]

ਗੁਰੂ ਦਾ ਦਰਸ਼ਨ ਅਠਸਠ ਤੀਰਥਾਂ ਦਾ ਇਸ਼ਨਾਨ ਹੈ। ਭੱਟ ਬਾਣੀ ਗੁਰੂ ਸਾਹਿਬਾਨਾਂ ਦੀ ਉਸਤਤਿ ਦੀ ਬਾਣੀ ਹੈ। ਉਸ ਵਿਚ ਗੁਰੂ ਦੀ ਮਹਿਮਾ, ਉਸ ਦੇ ਦਰਸ਼ਨ, ਨਦਰਿ, ਦਇਆਲਤਾ ਰਾਹੀਂ ਨਿਰਵੈਰਤਾ ਨੂੰ ਦਰਸਾਇਆ ਗਿਆ ਹੈ। ਗੁਰੂ ਦੀ ਨਦਰਿ ਹੀ ਨਿਰਭਉ ਅਤੇ ਨਿਰਵੈਰ ਪਦ ਦੀ ਪ੍ਰਾਪਤੀ ਦਾ ਇਕੋ ਇਕ ਸੋਮਾ ਹੈ। ਉਹੀ ਮਨੁੱਖ ਦੇ ਸਾਰੇ ਡਰਾਂ ਨੂੰ ਖ਼ਤਮ ਕਰਕੇ ਪਰਮ ਪਦ ਦੀ ਪ੍ਰਾਪਤੀ ਲਈ ਸਹਾਈ ਹੁੰਦਾ ਹੈ। ਮਨੁੱਖ ਗੁਰੂ ਦੀ ਕਿਰਪਾ ਨਾਲ ਹੀ ਇਸ ਨਿਰਮਲ ਭੈਅ ਨੂੰ ਮਨ ਵਿਚ ਵਸਾ ਸਕਦਾ ਹੈ। ਭੈ ਰਾਹੀਂ ਹੀ ਪਰਮਾਤਮਾ ਦੀ ਪ੍ਰਾਪਤੀ ਸੰਭਵ ਹੈ:

ਅਨਭਉ ਕਿਨੈ ਨ ਦੇਖਿਆ ਬੈਰਾਗੀਅੜੇ ਬਿਨੁ ਭੈ ਅਨਭਉ ਹੋਇ ਵਣਾਹੰਬੈ॥[151]

ਸਤਿਗੁਰੂ ਮਨੁੱਖ ਦੇ ਜਨਮ ਮਰਨ ਦੇ ਭੈ ਤੋਂ ਪਾਰ ਉਤਾਰਨ ਵਾਲਾ ਹੈ। ਉਹ ਆਪ ਨਿਰਭਉ ਨਿਰਵੈਰ ਨੂੰ ਪ੍ਰਾਪਤ ਅਕਾਲ ਪੁਰਖ ਦਾ ਸਰਗੁਣ ਸਰੂਪ ਹੁੰਦਾ ਹੈ ਅਤੇ ਮਨੁੱਖ ਨੂੰ ਵੀ ਸੱਚ ਦੇ ਗਿਆਨ ਦਾ ਉਪਦੇਸ਼ ਦਿੰਦਾ ਹੈ। ਬਾਣੀ ਅਨੁਸਾਰ ਉਸ ਸੱਚੇ ਪਰਮਾਤਮਾ ਦਾ ਸਿਮਰਨ ਕਰਨ ਵਾਲਾ ਵੀ ਸੱਚ ਦਾ ਧਾਰਨੀ ਬਣਦਾ ਹੈ। ਗੁਰੂ ਇਸ ਵਿਚ ਗੁਰਮੁਖ ਦੀ ਸਹਾਇਤਾ ਕਰਦਾ ਹੈ।

## ਗੁਰਮੁਖ ਜਨ

ਗੁਰਮੁਖ ਗੁਰੂ ਦੇ ਹੁਕਮ ਵਿਚ ਚਲ ਕੇ ਮੌਤ ਦੇ ਡਰ ਨੂੰ ਦੂਰ ਕਰਦਾ ਹੈ। ਗੁਰਬਾਣੀ ਵਿਚ ਭੈਅ ਅਤੇ ਵੈਰ ਨੂੰ ਦੂਰ ਕਰਨ ਦੇ ਕਈ ਮਾਰਗ ਦੱਸੇ ਹੋਏ ਹਨ। ਪੱਛਮੀ ਵਿਦਵਾਨਾਂ ਨੇ ਡਰ ਅਤੇ ਵੈਰ ਉੱਤੇ ਖੋਜਾਂ ਕੀਤੀਆਂ ਹਨ ਅਤੇ ਨਤੀਜੇ ਵੀ ਕੱਢੇ ਹਨ। ਆਧੁਨਿਕ ਮਨੋਵਿਗਿਆਨ ਨੇ ਮਾਨਵੀ ਭਾਵਾਂ ਦਾ ਗੰਭੀਰ ਅਧਿਐਨ ਕੀਤਾ ਹੈ ਇਸ ਪਾਸੇ ਜੋ ਖੋਜ ਹੋਈ ਉਸ ਵਿਚ ਮਕੈਡੂਗਲ ਨੇ ਮਨੁੱਖ ਦੀਆਂ ਚੌਦਾਂ ਮੂਲ ਪਰਵਿਰਤੀਆਂ ਗਿਣੀਆਂ ਹਨ ਅਤੇ ਉਨ੍ਹਾਂ ਅਨੁਸਾਰ ਹੀ ਚੌਦਾਂ ਭਾਵਾਂ ਦਾ ਨਿਰੂਪਣ ਕੀਤਾ ਹੈ। ਰਤੀ, ਹਾਸ, ਕ੍ਰੋਧ, ਭੈ, ਘ੍ਰਿਣਾ, ਉਤਸੁਕਤਾ, ਵਤਸਲ, ਅਹੰਕਾਰ, ਸਹਾਨਭੂਤੀ ਜਾਂ ਸਹਿਚਾਰ ਆਦਿ। ਇਹ ਦਸ ਭਾਵ ਪਰਵਿਰਤੀ-ਪ੍ਰੇਰਿਤ ਭਾਵ ਹਨ ਇਨ੍ਹਾਂ ਵਿਚੋਂ ਹੀ ਸਾਡੇ ਆਚਰਯਾਂ ਨੇ ਰਤੀ, ਹਾਸ, ਕ੍ਰੋਧ, ਭੈ, ਘ੍ਰਿਣਾ, ਉਤਸੁਕਤਾ ਤੇ ਵਤਸਲ ਨੂੰ ਸਥਾਈ ਭਾਵ ਆਖਿਆ ਹੈ।[152]

ਪਰ ਗੁਰੂ ਸਾਹਿਬਾਨਾਂ ਨੇ ਇਨ੍ਹਾਂ ਵਿਕਾਰਾਂ ਨੂੰ ਕੇਵਲ ਬਾਣੀ ਰਾਹੀਂ ਦੱਸਿਆ ਹੀ ਨਹੀਂ ਬਲਕਿ ਉਨ੍ਹਾਂ ਨੂੰ ਖ਼ਤਮ ਕਰਨ ਦੇ ਸਾਧਨ ਵੀ ਬਾਣੀ ਵਿਚ ਦਰਜ ਕੀਤੇ ਹਨ। ਮਨੁੱਖੀ ਭੈਅ ਦੇ ਖਾਤਮੇ ਲਈ ਕਈ ਸਾਧਨ ਹਨ:

- ਸੰਤ ਪ੍ਰਸਾਦੀ ਭੈ ਮਿਟੇ ਨਾਨਕ ਬਿਨਸੀ ਚਿੰਦ॥[153]
- ਸਾਧ ਸੰਗਿ ਕਛੁ ਭਉ ਨਾ ਭਰਾਹੀ॥[154]
- ਸਿਮਰਤ ਨਾਮੁ ਭੈ ਪਾਰਿ ਉਤਰੀਆ॥[155]
- ਭੈ ਰਚਿ ਰਹੈ ਸੁ ਨਿਰਭਉ ਹੋਇ॥ [156]

- ਸਤਿਗੁਰੁ ਭੈ ਕਾ ਬੋਹਿਥਾ ਨਦਰੀ ਪਾਰਿ ਉਤਾਰੁ॥[157]

- ਭੈ ਸਭ ਬਿਨਸਹਿ ਹਰਿ ਕੈ ਨਾਇ॥[158]

ਅਕਾਲ ਪੁਰਖ ਦੇ ਸਿਮਰਨ, ਸਾਧ ਸੰਗਤ, ਹੁਕਮ, ਅਤੇ ਸਤਿਗੁਰੂ ਦੀ ਮਿਹਰ ਨਾਲ ਮਨੁੱਖੀ ਪੰਜ ਵਿਕਾਰਾਂ, ਜਨਮ ਮਰਨ ਦੇ ਭੈਅ, ਦੁੱਖ, ਕਲੇਸ਼ ਖ਼ਤਮ ਹੋ ਜਾਂਦੇ ਹਨ ਅਤੇ ਉਹ ਨਿਰਭਉ ਦੀ ਪਦਵੀ ਨੂੰ ਪ੍ਰਾਪਤ ਕਰ ਸੂਰਮਾ ਬਣ ਜਾਂਦਾ ਹੈ। ਹੁਕਮ ਅਰਬੀ ਭਾਸ਼ਾ ਦਾ ਸਬਦ ਹੈ ਅਤੇ ਇਸ ਦਾ ਅਰਥ ਫੁਰਮਾਨ ਹੈ। ਕੁਰਾਨਿਕ ਸਾਹਿਤ ਵਿਚ ਇਸ ਦੀ ਵਰਤੋਂ ਸ਼ਾਹੀ ਅਥਵਾ ਇਲਾਹੀ ਆਦੇਸ਼ ਲਈ ਹੋਈ ਹੈ। ਇਹ ਸ਼ਬਦ ਇਸੇ ਭਾਵ-ਭੂਮੀ ਸਹਿਤ ਭਾਰਤੀ ਭਾਸ਼ਾਵਾਂ ਵਿਚ ਮੁਸਲਮਾਨਾਂ ਦੇ ਆਉਣ ਨਾਲ ਪ੍ਰਚਲਿਤ ਹੋਇਆ। ਮੱਧ ਯੁੱਗ ਵਿਚ ਧਰਮ-ਸਾਧਨਾਂ ਵਿਚੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਇਸ ਦੀ ਵਰਤੋਂ ਕੀਤੀ ਅਤੇ ਸ਼ਰਧਾ, ਭਗਤੀ ਭਾਵਨਾ ਦੀ ਅੰਮ੍ਰਿਤ ਧਾਰਾ ਨਾਲ ਸਿੰਝ ਕੇ ਇਸ ਨੂੰ ਨਵਾਂ ਤੇ ਮੌਲਿਕ ਅਰਥ ਪ੍ਰਦਾਨ ਕੀਤਾ। ਇਸ ਤਰ੍ਹਾਂ ਗੁਰਬਾਣੀ ਦਾ ਇਹ ਇਕ ਪਰਿਭਾਸ਼ਿਕ ਸ਼ਬਦ ਬਣ ਗਿਆ।[159] ਗੁਰਬਾਣੀ ਵਿਚ ਹੁਕਮ ਨਾਲ 'ਰਜਾ' 'ਭਾਣਾ' ਸ਼ਬਦ ਵੀ ਵਰਤੇ ਜਾਂਦੇ ਹਨ। 'ਰਜਾ' ਅਰਬੀ ਦਾ ਸ਼ਬਦ ਹੈ ਇਸ ਦਾ ਅਰਥ ਹੈ ਪ੍ਰਸੰਨਤਾ, ਰਜਾਮੰਦੀ। 'ਭਾਣਾ' ਸ਼ਬਦ ਵੀ ਗੁਰਬਾਣੀ ਵਿਚ ਆਮ ਵਰਤਿਆ ਜਾਂਦਾ ਹੈ। ਇਸ ਦੇ ਅਰਥ ਈਸ਼ਵਰੀ ਹੁਕਮ, ਪਰਮਾਤਮਾ ਦੀ ਇੱਛਾ ਜਾਂ ਮਰਜ਼ੀ ਕੀਤੇ ਜਾਂਦੇ ਹਨ। ਹੁਕਮ ਪਿੱਛੇ ਈਸ਼ਵਰੀ ਇੱਛਾ ਮੌਜੂਦ ਹੈ। 'ਰਜਾ' ਤੇ 'ਭਾਣਾ' ਪਰਮਾਤਮਾ ਦੀ ਸਹਿਜਵ੍ਰਿਤੀ ਹੈ ਇਹ ਤਿੰਨੋ ਹੀ ਪਰਮਾਤਮਾ ਨਾਲ ਸੰਬੰਧਿਤ ਹਨ।[160] ਨਿਰਭਉ ਨਿਰਵੈਰ ਬਾਰੇ ਸੋਚ ਕੇ ਮਨੁੱਖ ਅਕਾਲ ਪੁਰਖ ਵਰਗਾ ਹੀ ਨਿਰਭਉ ਹੋ ਜਾਂਦਾ ਹੈ ਅਤੇ ਨਿਰਭਉ ਪਦ ਦੀ ਪ੍ਰਾਪਤੀ ਕਰ ਲੈਂਦਾ ਹੈ। ਗੁਰੂ ਸਾਹਿਬ ਨੇ ਬਾਣੀ ਵਿਚ ਨਿਰਭਉ ਦੀ ਪਦਵੀ ਪ੍ਰਾਪਤ ਸੂਰਮੇ ਬਾਰੇ ਫੁਰਮਾਇਆ ਹੈ:

- ਪ੍ਰਹਲਾਦੁ ਦੁਬਿਧਾ ਨ ਪੜੈ ਹਰਿ ਨਾਮੁ ਨ ਛੋਡੈ ਡਰੈ ਨ ਕਿਸੈ ਦਾ ਡਰਾਇਆ॥[161]

- ਗੁਰਮੁਖਿ ਭ੍ਰਮ ਭੈ ਮੋਹ ਮਿਟਾਇਆ ॥[162]

- ਸੋ ਸੇਵਕੁ ਕਹੁ ਕਿਸ ਤੇ ਡਰੈ॥ [163]

- ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਈਆ॥[164]

ਗੁਰਮੁਖ ਸੂਰਮੇ ਨੇ ਆਪਣੇ ਸਾਰੇ ਡਰ, ਵਹਿਮ, ਦੂਰ ਕੀਤੇ ਹੋਏ ਹੁੰਦੇ ਹਨ। ਉਹ ਇਨ੍ਹਾਂ ਉੱਤੇ ਕਾਬੂ ਪਾ ਲੈਂਦਾ ਹੈ ਅਤੇ ਅਭੈ ਪਦ ਦੀ ਪ੍ਰਾਪਤੀ ਕਰ ਲੈਂਦਾ ਹੈ। ਉਸ ਨੂੰ ਕਿਸੇ ਦਾ ਡਰ ਨਹੀਂ ਰਹਿੰਦਾ। ਉਹ ਨਿਰਭਉ ਹੋ ਕੇ ਸੰਸਾਰ ਵਿਚ ਵਿਚਰਦਾ ਹੈ। ਪ੍ਰਹਿਲਾਦ ਅਤੇ ਧ੍ਰੂਅ ਵਰਗੇ ਭਗਤ ਨਿਡਰ ਹੋ ਕੇ ਸੂਰਮੇ ਦੀ ਤਰ੍ਹਾਂ ਪ੍ਰਭੂ ਭਗਤੀ ਵਿਚ ਲਗੇ ਰਹੇ ਅਤੇ ਅਭੈ ਪਦ ਨੂੰ ਪ੍ਰਾਪਤ ਕੀਤਾ। ਸੱਚ ਹੀ ਬੋਲੇ ਅਤੇ ਝੂਠ ਨੂੰ ਉਨ੍ਹਾਂ ਨੇ ਤਲਾਂਜਲੀ ਦਿੱਤੀ, ਸੱਚ ਅਤੇ ਝੂਠ, ਬਦੀ ਤੇ ਨੇਕੀ ਦਾ ਟਾਕਰਾ ਸ਼ੁਰੂ ਤੋਂ ਹੀ ਰਿਹਾ ਹੈ ਅਤੇ ਸੱਚ ਦੀ ਹਮੇਸ਼ਾ ਹੀ ਜਿੱਤ ਹੋਈ ਹੈ। ਸੱਚਾਈ ਲਈ ਅਤੇ ਦੀਨ ਦੁਨੀਆ ਲਈ ਸੂਰਮੇ ਸੂਰਮਤਾਈ ਦਿਖਾਉਂਦੇ ਹੋਏ ਸੱਚ ਦੀ ਗਵਾਹੀ ਦਿੰਦੇ ਹਨ। ਇਸੇ ਸੱਚ ਦੀ ਗਵਾਹੀ ਲਈ ਉਹ ਆਪਣਾ ਆਪਾ ਤੱਕ ਕੁਰਬਾਨ ਕਰਦੇ ਹਨ। ਹੱਕ ਤੇ ਸੱਚ ਦੀ ਲੜਾਈ ਲਈ ਉਹ ਮਰਨ ਤੋਂ ਵੀ ਸੰਕੋਚ ਨਹੀਂ ਕਰਦੇ:

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥[165]

ਗੁਰੂ ਜੀ ਅਨੁਸਾਰ ਮਰਨਾ ਉਨ੍ਹਾਂ ਦਾ ਹੀ ਜੀਵਨ ਵਿਚ ਪਰਵਾਣ ਹੈ ਜੋ ਹੱਕ ਅਤੇ ਸੱਚ ਲਈ ਲੜਦੇ ਹਨ। ਅਜਿਹੇ ਸੱਚੇ ਬੰਦੇ ਹੀ ਨਿਰਭਉ ਹੁੰਦੇ ਹਨ। ਗੁਰੂ ਸਾਹਿਬਾਨ ਨੇ ਨਿਰਭਉ ਹੋਣ ਦੇ ਨਾਲ-ਨਾਲ ਨਿਰਵੈਰ ਗੁਣ ਵੀ ਧਾਰਨ ਕਰਨ ਦੀ ਤਾਕੀਦ ਬਾਣੀ ਵਿਚ ਕੀਤੀ ਹੈ। ਉਨ੍ਹਾਂ ਨੇ ਨਿਰਵੈਰਤਾ ਦੇ ਗੁਣ ਲਈ ਸੰਤੋਖ, ਸਬਰ, ਨਿਮਰਤਾ, ਪਿਆਰ, ਦਇਆ ਆਦਿ ਦਾ ਹੋਣਾ ਬਹੁਤ ਜ਼ਰੂਰੀ ਦੱਸਿਆ ਹੈ। ਵਿਸ਼ਵ ਪਿਆਰ ਅਤੇ ਏਕਤਾ ਦਾ ਸੁਨੇਹਾ ਗੁਰੂ ਸਾਹਿਬਾਨਾਂ ਨੇ ਆਪਣੀ ਬਾਣੀ ਵਿਚ ਦਿੱਤਾ। ਪਰਮਾਤਮਾ ਮਿਹਰਬਾਨ, ਦਿਆਲੂ ਅਤੇ ਸਭ ਪ੍ਰਤੀ ਸਮਦ੍ਰਿਸ਼ਟੀ ਰੱਖਣ ਵਾਲਾ ਹੈ। ਉਸ ਦਾ ਕੋਈ ਵੈਰੀ ਨਹੀਂ ਉਸ ਨੂੰ ਜਪਣ ਵਾਲਾ ਗੁਰਮੁਖ ਸਿੱਖ ਵੀ ਸਾਰਿਆਂ ਪ੍ਰਤੀ ਸਮਦ੍ਰਿਸ਼ਟੀ ਰੱਖਦਾ ਹੈ। ਨਿਰਭਉ ਗੁਰਮੁਖ ਮਜ਼ਲੂਮਾਂ ਦੀ ਰੱਖਿਆ ਕਰਨ ਅਤੇ ਲੋਕਾਈ ਦਾ ਭਲਾ ਕਰਨ ਵਰਗੇ ਗੁਰੂ ਦੇ ਸਿਧਾਂਤਾ ਦੀ ਪੈਰਵੀ ਕਰਦੇ ਹਨ। ਉਨ੍ਹਾਂ ਲਈ ਸਾਰੇ ਹੀ ਇਕ ਸਮਾਨ ਹੁੰਦੇ ਹਨ :

- ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥[166]
- ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ
  ਮਿਤ੍ਰ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ॥[167]
- ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
  ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ॥[168]

ਮਾਨਵਤਾ ਦੀ ਬੁਨਿਆਦ ਹੀ ਨਿਮਰਤਾ ਹੈ। ਜਿੰਨੀ ਡੂੰਘੀ ਇਸਦੀ ਨੀਂਹ ਹੋਵੇਗੀ ਉਨਾ ਇਸ ਦੀ ਮਹਾਨਤਾ ਵਾਲਾ ਮਹੱਲ ਪੱਕਾ ਹੋਵੇਗਾ। ਨਿਮਰਤਾ ਦਾ ਬੀਜ ਸੇਵਾ ਤੋਂ ਉਤਪੰਨ ਹੁੰਦਾ ਹੈ, ਸੇਵਾ ਕਰਨ ਨਾਲ ਮਨੁੱਖੀ ਮਨ ਨੀਵਾਂ ਹੁੰਦਾ ਹੈ। 'ਸੇਵਾ' 'ਸਿਵ' ਧਾਤੂ ਤੋ ਵਿਉਤਪੰਨ ਹੈ ਅਤੇ ਇਸ ਦਾ ਸ਼ਾਬਦਿਕ ਅਰਥ ਟਹਿਲ ਜਾਂ ਖਿਦਮਤ। ਸੇਵਾ ਦੀਆਂ ਤਿੰਨ ਦਿਸ਼ਾਵਾਂ ਮੰਨੀਆਂ ਗਈਆਂ ਹਨ। ਗੁਰਸੇਵਾ, ਸੰਤ ਸੇਵਾ, ਪ੍ਰਭੂ ਸੇਵਾ।[169] ਗੁਰਬਾਣੀ ਵਿਚ ਸੰਗਤ ਦੀ ਸੇਵਾ ਦੀ ਗੱਲ ਕੀਤੀ ਗਈ ਹੈ। ਸੇਵਾ ਦੇ ਨਾਲ-ਨਾਲ ਸੰਤ ਪੁਰਸ਼ ਸਿਮਰਨ ਅਤੇ ਸ਼ਬਦ ਦਾ ਅਭਿਆਸ ਕਰਦੇ ਹਨ। ਸਿਮਰਨ ਸ਼ਬਦ ਸੰਸਕ੍ਰਿਤ ਦੇ 'ਸਮਰਣ' ਤੋਂ ਬਣਿਆ ਹੈ ਜਿਸ ਦਾ ਅਰਥ ਹੈ ਇਸ਼ਟ ਦੇ ਨਾਮ ਅਥਵਾ ਗੁਣ ਨੂੰ ਮਨ ਦੀ ਬਿਰਤੀ ਇਕਾਗਰ ਕਰਕੇ ਯਾਦ ਕਰਨਾ।[170] ਗੁਰਮੁਖ ਜਨ, ਸੰਤ, ਭਗਤ, ਪਰਮਾਤਮਾ ਦੇ ਸ਼ਬਦ ਦਾ ਅਭਿਆਸ ਕਰਦੇ ਹੋਏ ਮਨ ਨੂੰ ਸਾਧਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਕਿਹਾ ਹੈ ਕਿ ਸੰਜਮ ਭੱਠੀ ਹੈ, ਧੀਰਜ ਸੁਨਿਆਰ, ਬੁੱਧੀ ਅਹਿਰਣ, ਗੁਰ ਗਿਆਨ ਹਥੋੜਾ, ਪਰਮਾਤਮਾ ਦਾ ਨਾਮ ਭੈ ਧੋਕੜੀ ਹੈ, ਤਪੱਸਿਆ ਅਗਨੀ ਅਤੇ ਪ੍ਰਭੂ ਕੁਠਾਲੀ ਹੈ। ਇਸ ਸੱਚੀ ਟਕਸਾਲ ਵਿਚ ਸ਼ਬਦ ਰੂਪੀ ਸਿੱਕਾ ਢਾਲਿਆ ਜਾਂਦਾ ਹੈ।[171] ਸ਼ਬਦ ਦੀ ਕਮਾਈ ਕਰ ਗੁਰਮੁਖ ਜਨ ਆਪਣੇ ਸਾਰੇ ਡਰ, ਭੈ ਚਿੰਨਤਾਵਾਂ ਖ਼ਤਮ ਕਰ ਲੈਂਦਾ ਹੈ। ਉਹ ਨਿਰਭਉ ਅਤੇ ਨਿਰਵੈਰ ਪਦ ਦੀ ਪ੍ਰਾਪਤੀ ਕਰਦਾ ਹੈ। ਨੈਤਿਕ ਦ੍ਰਿਸ਼ਟੀ ਤੋਂ ਇਹ ਮਨੁੱਖੀ ਜੀਵਨ ਜਾਂਚ ਦੇ ਸਰਬੋਤਮ ਗੁਣ ਹਨ ਜੋ ਆਪਣੀ ਹੀ ਨਹੀਂ ਬਲਕਿ ਦੂਸਰੇ ਦੀ ਵੀ ਸੁਤੰਤਰ ਹਸਤੀ ਤੇ ਹੋਂਦ ਦਾ ਸਤਿਕਾਰ ਕਰਨਾ ਸਿਖਾਉਂਦੇ ਹਨ। ਗੁਰਮੁਖ ਜਨ, ਸਾਧੂ, ਭਗਤ ਨੂੰ ਗੁਰਬਾਣੀ ਵਿਚ ਕਈ ਜਗ੍ਹਾ ਨਿਰਭਉ ਨਿਰਵੈਰ ਆਖਿਆ ਗਿਆ ਹੈ:

- ਨਿਰਭਉ ਜੋਗੀ ਨਿਰੰਜਨੁ ਧਿਆਵੈ॥[172]
- ਨਿਰਭਉ ਕੈ ਘਰਿ ਤਾੜੀ ਲਾਵੈ॥ [173]
- ਨਿਰਭਉ ਨਿਰੰਕਾਰੁ ਅਲਖ ਹੈ ਗੁਰਮੁਖਿ ਪ੍ਰਗਟੀਆ॥[174]
- ਗੁਰਮੁਖਿ ਵੈਰ ਵਿਰੋਧ ਗਵਾਵੈ॥[175]

ਗੁਰਮੁਖ ਜਨ ਸਚਿਆਰ ਬਣ ਜਾਂਦਾ ਹੈ ਅਤੇ ਪੂਰੀ ਕਾਇਨਾਤ ਪ੍ਰਤੀ ਪਰਉਪਕਾਰ ਅਤੇ ਭਾਈਚਾਰਕ ਸਾਂਝ ਨਾਲ ਬੱਝ ਕੇ ਇਕ ਆਦਰਸ਼ਕ ਸਮਾਜ ਦੀ ਸਿਰਜਣਾ ਲਈ ਕਾਰਜਸ਼ੀਲ ਹੋ ਉਠਦਾ ਹੈ। ਫਿਰ ਉਸ ਦੀ ਅਰਦਾਸ ਵਿਚ ਆਪਣੇ ਪ੍ਰਤੀ ਨਿੱਜੀ ਭਾਵ ਦੀ ਜਗ੍ਹਾ 'ਸਰਬੱਤ ਦਾ ਭਲਾ' ਮੰਗਣਾ ਮੁੱਖ ਹੁੰਦਾ ਹੈ । ਸਿੱਖ ਦੀ

ਅਰਦਾਸ ਨਿਜ ਲਈ ਨਹੀਂ ਬਲਕਿ ਪੂਰੀ ਲੋਕਾਈ ਪ੍ਰਤੀ ਹੁੰਦੀ ਹੈ। ਇਹ ਹੈ ਸਿੱਖ ਫ਼ਲਸਫੇ ਦੀ ਵਡਿਆਈ ਜਿਹੜੀ ਗੁਰਮੁਖ ਨੂੰ ਸੱਚ ਦਾ ਪਾਂਧੀ ਬਣਾ ਕੇ ਪਰਮਾਤਮਾ ਵਰਗਾ ਹੀ ਦਿਆਲੂ, ਮਿਹਰਬਾਨ ਅਤੇ ਨਿਰਭਉ ਨਿਰਵੈਰ ਬਣਾਉਂਦੀ ਹੈ। ਨਿਮਰਤਾ ਅਜਿਹਾ ਸੀਤਲ ਸੋਮਾ ਜੋ ਸਾਰਿਆਂ ਦੇ ਦਿਲਾਂ ਨੂੰ ਠੰਡਾ ਠਾਰ ਕਰਦਾ ਹੈ। ਇਸੇ ਲਈ ਗੁਰੂ ਜੀ ਨੇ ਸਾਰੀਆਂ ਚੰਗਿਆਈਆਂ ਦਾ ਤੱਤ ਨਿਮਰਤਾ ਨੂੰ ਕਿਹਾ ਹੈ:

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥[176]

ਗੁਰਮੁਖ ਸੱਜਣ ਹਉਮੈ ਨੂੰ ਮਿਟਾ ਕੇ ਸਾਰੀ ਦੀ ਸਾਰੀ ਦੁਨੀਆ ਨੂੰ ਆਪਣਾ ਮ੍ਰਿਤ ਸਮਝਦੇ ਹਨ।[177] ਗੁਰਮੁਖ ਗੁਰੂ ਦੀ ਕਿਰਪਾ ਨਾਲ ਨਿਰਵੈਰ ਹੋ ਜਾਂਦਾ ਹੈ ਅਤੇ ਸਾਰਿਆਂ ਵਿਚ ਇਕ ਅਕਾਲ ਪੁਰਖ ਨੂੰ ਦੇਖਦਾ ਹੈ। ਕਿਸੇ ਨਾਲ ਕੋਈ ਵੈਰ ਨਹੀਂ, ਨਾ ਹੀ ਉਸ ਲਈ ਕੋਈ ਬੇਗਾਨਾ ਹੈ। ਉਹ ਅਕਾਲ ਪੁਰਖ ਵਰਗਾ ਹੋ ਸੰਸਾਰ ਵਿਚ ਗੁਰੂ ਦੇ ਸਿਧਾਂਤਾਂ ਨੂੰ ਵਿਵਹਾਰਿਕ ਜੀਵਨ ਵਿਚ ਅਪਣਾ ਕੇ ਆਪਣਾ ਅਤੇ ਸਮਾਜ ਦਾ ਭਲਾ ਕਰਦਾ ਹੈ।

**ਗੁਰਬਾਣੀ ਵਿਚ ਭੈ ਬਾਰੇ ਵਿਚਾਰ**:- ਮਨੁੱਖ ਨੂੰ ਕਈ ਭੈ ਚਿੰਬੜੇ ਹੋਏ ਹਨ ਜਿਵੇਂ ਗਰੀਬੀ, ਬੀਮਾਰੀ, ਆਜ਼ਾਦੀ ਖ਼ਤਮ ਹੋਣ, ਬੇਇਜ਼ਤੀ, ਮੌਤ ਆਦਿ। ਗੁਰਬਾਣੀ ਵਿਚ ਦੋ ਪ੍ਰਕਾਰ ਦੇ ਭੈ ਦੀ ਗੱਲ ਕੀਤੀ ਗਈ ਹੈ:

1. ਦੁਨਿਆਵੀ ਭੈ
2. ਨਿਰਮਲ ਭੈ

**1. ਦੁਨਿਆਵੀ ਭੈ:-** ਦੁਨਿਆਵੀ ਭੈ ਵਿਚ ਸਾਡੀ ਜਿੰਦਗੀ ਦੇ ਭੈ ਸ਼ਾਮਿਲ ਹੁੰਦੇ ਹਨ। ਇਹ ਜਨਮ ਤੋਂ ਹੀ ਬੱਚੇ ਵਿਚ ਪਾਏ ਜਾਂਦੇ ਹਨ ਹਨ ਜਿਵੇਂ ਕਿ ਅੱਗ, ਪਾਣੀ, ਹਨੇਰਾ, ਓਪਰਾ ਬੰਦਾ ਆਦਿ। ਕੁੱਝ ਭੈ ਅਸੀਂ ਸਮਾਜ ਵਿਚੋਂ ਗ੍ਰਹਿਣ ਕਰਦੇ ਹਾਂ ਜਿਵੇਂ ਕਾਨੂੰਨ ਦਾ ਡਰ, ਸਜਾ ਦਾ ਡਰ, ਲੋਕ ਲਾਜ ਦਾ ਡਰ ਆਦਿ। ਕੁਝ ਡਰ ਮਨੁੱਖੀ ਕਲਪਣਾ ਤੋਂ ਬਣਦੇ ਹਨ ਜਿਵੇਂ ਮਨੁੱਖ ਦਾ ਕਿਸੇ ਭੂਤ ਪ੍ਰੇਤ ਤੋਂ ਡਰ, ਉਚਾਈ ਤੋਂ ਡਰਨਾ ਆਦਿ। ਜਸਵੰਤ ਸਿੰਘ ਨੇਕੀ ਨੇ ਤਿੰਨ ਤਰ੍ਹਾਂ ਦੇ ਭੈ ਦੀ ਗੱਲ ਕੀਤੀ ਹੈ। ਦੁਨਿਆਵੀ, ਦੀਨੀ ਅਤੇ ਦੈਵੀ।[178] ਪਰ ਦੀਨੀ ਤੇ ਦੈਵੀ ਭੈ ਇਹ ਦੋਵੇਂ ਇਕੋ ਹੀ ਹਨ। ਭੈ ਇਕ ਮਨੁੱਖੀ ਕਮਜ਼ੋਰੀ ਹੈ। ਡਰਨ ਵਾਲਾ ਮਨੁੱਖ ਆਪ ਤਾਂ ਡਰਦਾ ਹੈ ਅਤੇ ਆਪਣੀ ਸੁਰੱਖਿਆ ਲਈ ਫਿਰ ਦੂਸਰੇ ਨੂੰ ਡਰਾਉਣ ਦੀ ਕੋਸ਼ਿਸ਼ ਕਰਦਾ ਹੈ। ਡਰਾਉਣਾ ਇਕ ਸਮਾਜਿਕ ਬੁਰਾਈ ਹੈ। ਡਰ ਦੇ ਹੇਠਾਂ ਵੈਰ ਵਿਰੋਧ ਅਤੇ ਬਦਲੇ ਦੀ ਭਾਵਨਾ ਜਨਮ ਲੈਂਦੀ ਹੈ। ਡਰਿਆ ਮਨੁੱਖ ਜਦੋਂ ਦੂਸਰੇ ਨੂੰ

ਡਰਾਉਂਦਾ ਹੈ ਤਾਂ ਡਰਨ ਵਾਲੇ ਵਿਚ ਬਦਲੇ ਦੀ ਭਾਵਨਾ ਜਨਮ ਲੈਣ ਲਗਦੀ ਹੈ।[179] ਡਰਨ ਵਾਲਾ ਤੇ ਡਰਾਉਣ ਵਾਲਾ ਮਨੁੱਖ ਮਨਮੁਖ ਹੁੰਦਾ ਹੈ ਕਿਉਂ ਜੋ ਉਹ ਰੱਬੀ ਨਿਰਮਲ ਭੈ ਵਿਚ ਨਹੀਂ ਜਿਉਂਦਾਂ ਉਹ ਕੇਵਲ ਆਪਣੀ ਮਰਜ਼ੀ ਦਾ ਮਾਲਕ ਹੁੰਦਾ ਹੈ।

1.1 **ਮਨਮੁਖ:-** ਮਨਮੁਖ ਤੋਂ ਭਾਵ ਜੋ ਗੁਰਮਤਿ ਤੋਂ ਉਲਟ ਹੋਵੇ, ਜਿਸ ਨੇ ਆਪਣੇ ਮਨ ਨੂੰ ਹੀ ਮੁੱਖ ਧਾਰਿਆ ਹੋਵੇ ਅਤੇ ਜੋ ਮਨਮਤ ਧਾਰਨ ਕਰਦਾ ਹੈ।[180] ਇਸ ਤਰ੍ਹਾਂ ਜੋ ਆਪਣੇ ਮਨ ਦੇ ਪਿੱਛੇ ਲਗ ਕਾਰਜ ਕਰਦਾ ਹੈ ਉਹ ਮਨਮੁਖ ਅਖਵਾਉਂਦਾ ਹੈ। ਉਹ ਦੁਨਿਆਵੀ ਭੈਅ ਵਿਚ ਜਿਉਂਦਾ ਹੈ। ਮਨਮੁਖ ਵਿਕਾਰਾਂ ਦੇ ਵਸ ਪੈ ਕੇ ਕੁਰਾਹੇ ਤੁਰ ਪੈਂਦਾ ਹੈ। ਉਹ ਆਪਣੇ ਜੀਵਨ ਦਾ ਮੂਲ ਮਨੋਰਥ ਭੁਲ ਜਾਂਦਾ ਹੈ। ਪਰਮਾਤਮਾ ਤੋਂ ਵਿਛੜਿਆ ਅਜਿਹਾ ਮਨੁੱਖ ਭੈ ਦਾ ਸ਼ਿਕਾਰ ਹੋ ਜਾਂਦਾ ਹੈ। ਮਨਮੁਖ ਦੇ ਮਨ ਵਿਚ ਨਿੰਦਿਆ, ਚੁਗਲੀ, ਬਖੀਲੀ ਪੈਦਾ ਹੁੰਦੀ ਹੈ, ਇਹੀ ਨਿੰਦਾ ਈਰਖਾ ਪੈਦਾ ਕਰਦੀ ਹੈ। ਗੁਰਬਾਣੀ ਦੱਸਦੀ ਹੈ ਨਿੰਦਾ ਕਰਨ ਵਾਲੇ ਮਨੁੱਖ ਦੀ ਆਤਮਿਕ ਤਰੱਕੀ ਨਹੀਂ ਹੁੰਦੀ ਅਜਿਹੇ ਮਨੁੱਖ ਹਮੇਸ਼ਾ ਬੰਧਨ ਵਿਚ ਹੀ ਫਸੇ ਰਹਿੰਦੇ ਹਨ:

ਨਿੰਦਾ ਕਰਿ ਕਰਿ ਪਚਹਿ ਘਨੇਰੇ॥
ਮਿਰਤਕ ਫਾਸ ਗਲੈ ਸਿਰਿ ਪੈਰੇ॥[181]

ਮਨਮੁਖ ਬੰਦਾ ਈਰਖਾ ਅਤੇ ਦ੍ਵੈਸ਼ ਦਾ ਸ਼ਿਕਾਰ ਬਣ ਜਾਂਦਾ ਹੈ। ਉਹ ਸਮਾਜ ਵਿਚ ਸ਼ੋਕ, ਅਨੈਤਿਕਤਾ ਤੇ ਬੈਗਾਨੀ ਭਾਵਨਾ ਪੈਦਾ ਕਰਦਾ ਹੈ। ਮਨਮੁਖ ਬੰਦੇ ਦੀ ਇਹ ਭਾਵਨਾ ਵੈਰ ਵਿਰੋਧ ਨੂੰ ਉਤਪੰਨ ਕਰਦੀ ਹੈ। ਮਨੁੱਖ ਮਨੁੱਖ ਦਾ ਵੈਰੀ ਬਣਦਾ ਹੈ। ਮਨਮੁਖ ਹਉਮੈ ਵਿਚ ਹੋਣ ਕਰਕੇ ਸੇਵਾ ਨਹੀਂ ਕਰਦਾ। ਆਪਣਾ ਸੁਆਰਥ ਉਸ ਨੂੰ ਅਜਿਹਾ ਕਰਨ ਤੋਂ ਰੋਕਦਾ ਹੈ ਇਸ ਤਰ੍ਹਾਂ ਗੁਰਬਾਣੀ ਉਸ ਬਾਰੇ ਇੰਞ ਆਖਦੀ ਹੈ:

ਵਿਚਿ ਹਉਮੈ ਸੇਵਾ ਥਾਇ ਨ ਪਾਏ॥
ਜਨਮਿ ਮਰੈ ਫਿਰਿ ਆਵੈ ਜਾਏ॥[182]

ਉਹ ਅਕਾਲ ਪੁਰਖ ਦਾ ਭੈ ਨਹੀਂ ਮੰਨਦਾ ਅਤੇ ਇਸ ਕਾਰਨ ਉਹ ਦੂਸਰੇ ਲੋਕਾਂ ਨੂੰ ਦੁੱਖ ਦਿੰਦਾ ਹੈ। ਮਨ ਵਿਚ ਰੱਬੀ ਭੈ ਤੋਂ ਸੱਖਣਾ ਹੋਣ ਕਰਕੇ ਮਾਇਆ ਦੇ ਵਿਚ ਮਨਮੁਖ ਬੰਦਾ ਸੜਦਾ ਬਲਦਾ ਰਹਿੰਦਾ ਹੈ।[183] ਉਹ ਜਨਮ ਮਰਨ ਦੇ ਚੱਕਰ ਵਿਚ ਹੀ ਫਸਿਆ ਰਹਿੰਦਾ ਹੈ।

2. **ਨਿਰਮਲ ਭੈ:-** ਭੈ ਵਿਚ ਪਰਮਾਤਮਾ ਦੀ ਹੋਂਦ ਸ਼ਾਮਿਲ ਹੋਣ ਕਰਕੇ ਇਹ ਨਿਰਮਲ ਭੈ ਅਖ਼ਵਾਉਂਦਾ ਹੈ। ਨਿਰਮਲ ਭੈ ਵਿਚ ਨਿਰਮਲ ਭਉ ਸ਼ਾਮਿਲ ਹੁੰਦਾ ਹੈ ਜੋ ਪਿਆਰ ਤੋਂ ਉਪਜਦਾ ਹੈ। ਇਸ ਵਿਚ ਆਤਮ ਸਮਰਪਣ ਅਤੇ ਆਦਰ ਦੀ ਭਾਵਨਾ ਸ਼ਾਮਿਲ ਹੁੰਦੀ ਹੈ। ਮਨੁੱਖ ਪਰਮਾਤਮਾ ਦੇ ਪਿਆਰ ਵਿਚ, ਉਸ ਦੇ ਅਦਬ ਵਿਚ ਰਹਿੰਦਾ ਹੈ। ਇਹ ਭੈ ਅਕਾਲ ਪੁਰਖ ਦੇ ਪਿਆਰ ਤੋਂ ਹੀ ਉਪਜਦਾ ਹੈ। ਗੁਰਮੁਖ ਪਰਮਾਤਮਾ ਦੀ ਸਰਬ ਵਿਆਪਕਤਾ ਨੂੰ ਮਨ ਵਿਚ ਰੱਖਦਾ ਹੈ। ਉਹ ਪਾਪ ਨਹੀਂ ਕਰਦਾ, ਉਸਦਾ ਮਨ ਪਰਮਾਤਮਾ ਦੇ ਭੈਅ ਵਿਚ ਰੰਗਿਆ ਰਹਿੰਦਾ ਹੈ:

ਜਿਉ ਬੇਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ॥
ਨਾਨਕ ਤੇ ਜਨ ਸੋਹਣੇ ਜੋ ਰਤੇ ਹਰਿ ਰੰਗੁ ਲਾਇ॥[184]

ਕਬੀਰ ਜੀ ਅਨੁਸਾਰ ਨਿਰਮਲ ਭਉ ਸੇਕ ਦਾ ਕੰਮ ਕਰਦਾ ਹੈ। ਮਨਮੁਖ ਬੰਦੇ ਦੇ ਕਠੋਰ ਮਨ ਨੂੰ ਨਿਰਮਲ ਭਉ ਨਾਲ ਸੇਕ ਦੇਣ ਨਾਲ ਉਸ ਵਿਚਲਾ ਵੈਰ, ਵਿਰੋਧ ਕੜੱਤਣ ਖ਼ਤਮ ਹੋ ਜਾਂਦੀ ਹੈ:

ਕਬੀਰ ਭਲੀ ਭਈ ਜੋ ਭਉ ਪਰਿਆ ਦਿਸਾ ਗਈ ਸਭ ਭੂਲ॥
ਓਰਾ ਗਰਿ ਪਾਨੀ ਭਇਆ ਜਾਇ ਮਿਲਿਓ ਢਲਿ ਕੂਲਿ॥[185]

ਗੁਰਮੁਖ ਨਿਰਮਲ ਭਉ ਨੂੰ ਮਨ ਵਿਚ ਰੱਖਦਾ ਹੋਇਆ ਜ਼ਿੰਦਗੀ ਦੇ ਦੁੱਖ ਸੁੱਖ ਨੂੰ ਕੱਟਦਾ ਹੈ:

ਭਉ ਮੁਚੁ ਭਾਰਾ ਵਡਾ ਤੋਲੁ॥ ਮਨ ਮਤਿ ਹਉਲੀ ਬੋਲੇ ਬੋਲੁ॥
ਸਿਰਿ ਧਰਿ ਚਲੀਐ ਸਹੀਐ ਭਾਰ॥ ਨਦਰੀ ਕਰਮੀ ਗੁਰ ਬੀਚਾਰੁ॥[186]

ਨਿਰਮਲ ਭਉ ਬਹੁਤ ਹੀ ਭਾਰਾ ਹੈ ਭਾਵ ਅਦਬ ਨਾਲ ਮਨੁੱਖੀ ਜੀਵਨ ਬਹੁਤ ਹੀ ਗੰਭੀਰ ਤੇ ਸ੍ਰੇਸ਼ਟ ਹੋ ਜਾਂਦਾ ਹੈ। ਉਹ ਰੱਬ ਦੇ ਭਾਣੇ ਵਿਚ ਜਿੰਦਗੀ ਗੁਜ਼ਾਰਨੀ ਸਿੱਖ ਜਾਂਦਾ ਹੈ। ਮਨ ਵਿਚ ਨਿਰਮਲ ਡਰ ਦੇ ਪੈਦਾ ਹੋਣ ਨਾਲ ਬਾਕੀ ਸਾਰੇ ਡਰ ਖ਼ਤਮ ਹੋ ਜਾਂਦੇ ਹਨ:

ਡਡਾ ਡਰ ਉਪਜੇ ਡਰੁ ਜਾਈ॥ ਤਾ ਡਰ ਮਹਿ ਡਰੁ ਰਹਿਆ ਸਮਾਈ॥
ਜਉ ਡਰ ਡਰੈ ਤ ਫਿਰਿ ਡਰੁ ਲਾਗੈ॥ ਨਿਡਰ ਹੂਆ ਡਰੁ ਉਰ ਹੋਇ ਭਾਗੈ॥ [187]

ਨਿਰਮਲ ਭੈ ਵਿਚ ਰਹਿਣ ਵਾਲੇ ਵਿਅਕਤੀ ਬਾਰੇ ਗੁਰਬਾਣੀ ਆਖਦੀ ਹੈ:

- ਭੈ ਰਚਿ ਰਹੈ ਸੁ ਨਿਰਭਉ ਹੋਇ॥[188]
- ਜਿਉ ਬੈਸੰਤਰਿ ਧਾਤੁ ਸੁਧੁ ਹੋਇ ਤਿਉ ਹਰਿ ਕਾ ਭਉ ਦੁਰਮਤਿ ਮੈਲੁ ਗਵਾਇ॥[189]
- ਭੈ ਪਇਐ ਮਨੁ ਵਸਿ ਹੋਆ ਹਉਮੈ ਸਬਦਿ ਜਲਾਇ॥[190]
- ਭੈ ਵਿਚਿ ਨਿਰਭਉ ਪਾਇਆ॥ ਤਾ ਸਹਜੈ ਕੈ ਘਰਿ ਆਇਆ॥[191]

ਜਦੋ ਮਨੁੱਖ ਨਿਰਮਲ ਭੈ ਵਿਚ ਰਹਿੰਦਾ ਹੈ ਤਾਂ ਉਸਦਾ ਜੀਵਨ ਖੇੜਿਆਂ ਨਾਲ ਭਰ ਜਾਂਦਾ ਹੈ ਤੇ ਉਹ ਦਰਗਾਹ ਵਿਚ ਸੁੱਖ ਨਾਲ ਨਿਰਭਉ ਹੋ ਕੇ ਜਾਂਦਾ ਹੈ। ਨਿਰਮਲ ਭੈ ਪ੍ਰੇਮ ਪੈਦਾ ਕਰਦਾ ਹੈ, ਇਸ ਤੋਂ ਹੀ ਪਰਮਾਤਮਾ ਦੀ ਭਗਤੀ ਦਾ ਗੁਣ ਉਤਪੰਨ ਹੁੰਦਾ ਹੈ:

- ਨਾਨਕ ਜਿਨ ਮਨਿ ਭਉ ਤਿਨਾ ਮਨਿ ਭਾਉ॥[192]
- ਭੈ ਬਿਚਿ ਭਾਉ ਭਾਇ ਕੋਊ ਬੂਝਹਿ ਹਰਿ ਰਸੁ ਪਾਵੈ ਭਾਈ॥[193]
- ਭੈ ਤੇ ਉਪਜੈ ਭਗਤਿ ਪ੍ਰਭ ਅੰਤਰਿ ਹੋਇ ਸਾਂਤਿ॥[194]

2.1 **ਗੁਰਮੁਖ:-** ਗੁਰਮੁਖ ਤੋਂ ਭਾਵ ਜਿਸ ਦਾ ਮੁੱਖ ਗੁਰੂ ਵੱਲ ਹੈ, ਜੋ ਕਦੇ ਵਿਮੁਖ ਨਹੀਂ ਹੁੰਦਾ।[195] ਇਸ ਤਰ੍ਹਾਂ ਜੋ ਹਮੇਸ਼ਾ ਹੀ ਗੁਰੂ ਦੇ ਹੁਕਮ ਵਿਚ ਚਲਦਾ ਹੈ ਉਹ ਗੁਰਮੁਖ ਅਖ਼ਵਾਉਂਦਾ ਹੈ। ਗੁਰਮੁਖ ਬੰਦੇ ਨੂੰ ਕਿਸੇ ਦਾ ਡਰ ਨਹੀਂ ਉਹ ਗੁਰੂ ਦੇ ਹੁਕਮ ਵਿਚ ਰਹਿੰਦਾ ਹੈ। ਗਲਤ ਕੰਮ ਬਾਰੇ ਉਹ ਸੋਚਦਾ ਵੀ ਨਹੀਂ। ਗੁਰਬਾਣੀ ਵਿਚ ਇਸ ਬਾਰੇ ਲਿਖਿਆ ਹੈ:

ਹਰਿ ਅੰਦਰਿ ਬਾਹਰਿ ਇਕੁ ਤੂੰ ਤੂੰ ਜਾਣਹਿ ਭੇਤ॥

ਜੋ ਕੀਚੈ ਸੋ ਜਾਣਦਾ ਮੇਰੇ ਮਨ ਹਰਿ ਚੇਤ॥

ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ॥

ਤੂੰ ਸਚਾ ਆਪਿ ਨਿਆਉ ਸਚੁ ਤਾ ਡਰੀਐ ਕੇਤ॥

ਜਿਨਾ ਨਾਨਕ ਸਚ ਪਛਾਇਆ ਸੇ ਸਚਿ ਰਲੇਤੁ॥[196]

ਅਤੇ ਗੁਰਮੁਖ ਦਾ ਮਨ ਨਿਰਭਉ ਹੋ ਜਾਂਦਾ ਹੈ। ਗੁਰਮੁਖ ਬੰਦਾ ਨਿੰਦਾ ਨੂੰ ਤਿਆਗਦਾ ਹੈ। ਭਾਈ ਨੰਦ ਲਾਲ ਜੀ ਨਿੰਦਾ ਤਿਆਗਣ ਦਾ ਜ਼ਿਕਰ ਇੰਝ ਕਰਦੇ ਹਨ:

ਖਾਲਸਾ ਸੋਇ ਜੋ ਨਿੰਦਾ ਤਿਆਗੇ। [197]

ਗੁਰਮੁਖ ਵਿਚ ਨਿਰਮਲ ਭਉ ਰਾਹੀਂ ਦੂਜਿਆ ਪ੍ਰਤੀ ਹਮਦਰਦੀ ਦੀ ਭਾਵਨਾ ਪੈਦਾ ਹੁੰਦੀ ਹੈ, ਅਜਿਹਾ ਵਿਅਕਤੀ ਨਿੱਜ ਸੁਆਰਥ ਦੀ ਥਾਂ ਦੂਜਿਆਂ ਦੀ ਭਲਾਈ ਬਾਰੇ ਸੋਚ ਕਾਰਜ ਕਰਦਾ ਹੈ। ਤਨਖ਼ਾਹਨਾਮੇ ਵਿਚ ਭਾਈ ਨੰਦ ਲਾਲ ਜੀ ਦਸਦੇ ਹਨ:

ਖਾਲਸਾ ਸੋਇ ਨਿਰਧਨ ਕੋ ਪਾਲੈ।

ਖਾਲਸਾ ਸੋਇ ਦੁਸ਼ਟ ਕੋ ਗਾਲੇ।[198]

ਗੁਰਮੁਖ ਸਦਗੁਣਾਂ ਨੂੰ ਅਪਣਾ ਕੇ ਨਿਰਭਉ ਪਦ ਦੀ ਪ੍ਰਾਪਤੀ ਕਰ ਲੈਦਾ ਹੈ ਕਿਉਂਕਿ ਗੁਣਾਂ ਤੋਂ ਬਿਨ੍ਹਾਂ ਭਗਤੀ ਨਹੀਂ ਹੋ ਸਕਦੀ 'ਵਿਣੁ ਗੁਣ ਕੀਤੇ ਭਗਤਿ ਨ ਹੋਇ॥'[199] ਗੁੱਸਾ, ਲੋਭ, ਹੰਕਾਰ ਰੂਪੀ ਦਾਨਵ ਰਾਹੀਂ ਹੀ ਵੈਰ ਪੈਦਾ ਹੁੰਦਾ ਹੈ ਅਤੇ ਆਪਸੀ ਲੜਾਈ ਝਗੜੇ ਵਧਦੇ ਹਨ। ਗੁਰਬਾਣੀ ਦੀ ਕੁੰਜੀ ਵਾਰਾਂ ਵਿਚ ਵੀ ਭਾਈ ਗੁਰਦਾਸ ਜੀ ਨੇ ਅਲੱਗ-ਅਲੱਗ ਦ੍ਰਿਸ਼ਟਾਂਤ ਦੇ ਕੇ ਨਿਮਰਤਾ, ਸੰਤੋਖ, ਸਬਰ, ਧੀਰਜ ਆਦਿ ਸਦਗੁਣਾਂ ਨੂੰ ਅਪਨਾਉਣ ਦਾ ਉਪਦੇਸ਼ ਦਿੱਤਾ ਹੈ, ਤਾਂ ਕਿ ਨਿਰਵੈਰਤਾ ਦਾ ਗੁਣ ਪ੍ਰਫੁੱਲਿਤ ਹੋ ਸਕੇ। ਉਨ੍ਹਾਂ ਨੇ ਜਲ, ਧਰਤੀ, ਬ੍ਰਿਛ, ਘਾਹ, ਸਰੀਰਕ ਅੰਗ ਜਿਵੇਂ ਪੈਰ, ਚੀਚੀ ਉਗਲੀ, ਮੁਰੀਦ ਆਦਿ ਦੇ ਦ੍ਰਿਸ਼ਟਾਂਤ ਦੇ ਕੇ ਆਪਣੇ ਮਨ ਨੂੰ ਨੀਵਾਂ ਰੱਖਣ ਦੀ ਗੱਲ ਆਖੀ ਹੈ। ਇਸ ਲਈ ਸਬਰ ਅਤੇ ਸੰਤੋਖ ਧਾਰਨ ਕਰਨ ਨਾਲ ਵੈਰ ਅਤੇ ਵਿਰੋਧ ਖ਼ਤਮ ਹੋ ਜਾਂਦੇ ਹਨ। ਮਨੁੱਖ ਦੇ ਮਨ ਵੀ ਸਮਾਨਤਾ ਦਾ ਭਾਵਨਾ ਦਾ ਵਾਸਾ ਹੋ ਜਾਂਦਾ ਹੈ, ਬਾਣੀ ਇਸੇ ਲਈ ਪ੍ਰੇਰਿਤ ਕਰਦੀ ਹੈ:

- ਫਰਿਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥
  ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥[200]
- ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ॥[201]

ਸਮਾਨਤਾ, ਆਪਸੀ ਭਾਈਚਾਰਾ, ਮਾਨਵਤਾ ਸਰਬ ਕਲਿਆਣ ਆਦਿ ਨਿਰਵੈਰ ਰੂਪੀ ਗੁਣ ਧਾਰਨ ਕਰਨ ਨਾਲ ਹੀ ਸਮਾਜ ਵਿਚ ਸ਼ਾਂਤੀ ਕਾਇਮ ਹੋ ਸਕਦੀ ਹੈ। ਡਰ ਦੇ ਨਾਲ-ਨਾਲ ਹੁਕਮ ਵਿਚ ਆ ਕੇ ਹੀ ਮਨੁੱਖ ਨਿਰਭਉ ਰੂਪੀ ਪਦ ਦੀ ਪ੍ਰਾਪਤੀ ਕਰ ਸਕਦਾ ਹੈ।[202] ਨਿਰਮਲ ਭੈ ਰਾਹੀਂ ਹੀ ਪਿਆਰ ਪੈਦਾ ਹੁੰਦਾ ਹੈ। ਭਗਤ

ਕਬੀਰ ਜੀ ਅਨੁਸਾਰ ਇਹੀ ਪਿਆਰ ਮਨੁੱਖ ਵਿਚ ਅਦਬ ਅਤੇ ਸਤਿਕਾਰ ਦੀ ਭਾਵਨਾ ਨੂੰ ਜਨਮ ਦਿੰਦਾ ਹੈ। ਇਸ ਤਰ੍ਹਾਂ ਮਨੁੱਖ ਅਕਾਲ ਪੁਰਖ ਦੀ ਪ੍ਰਾਪਤੀ ਕਰ ਸਕਦਾ ਹੈ:

ਭੈ ਵਿਚਿ ਭਾਉ ਭਾਇ ਕੋਊ ਬੂਝਹਿ ਹਰਿ ਰਸੁ ਪਾਵੈ ਭਾਈ॥[203]

ਮਨੁੱਖ ਨਿਰਭਉ ਨਿਰਵੈਰ ਅਕਾਲ ਪੁਰਖ ਦੀ ਅਰਾਧਨਾ ਕਰਕੇ ਆਪ ਵੀ ਉਸ ਵਰਗਾ ਨਿਰਭਉ ਹੋ ਜਾਂਦਾ ਹੈ ਅਤੇ ਉਸ ਦੇ ਜਨਮ ਮਰਨ ਦੇ ਬੰਧਨ ਕੱਟੇ ਜਾਂਦੇ ਹਨ।[204] ਹਰੀ ਦਾ ਹੁਕਮ ਸਾਰੇ ਪਾਸੇ ਪਸਰਿਆ ਹੋਇਆ ਹੈ। ਉਸ ਲਈ ਸਾਰੇ ਹੀ ਇਕ ਸਮਾਨ ਹਨ। ਉਹ ਜਿਥੇ ਨਿਰਭਉ ਹੈ ਉਥੇ ਹੀ ਨਿਰਵੈਰ ਵੀ ਹੈ:

ਸਭੋ ਹੁਕਮ ਹੁਕਮੁ ਹੈ ਆਪੇ ਨਿਰਭਉ ਸਮਤੁ ਬੀਚਾਰੀ॥[205]

ਇਸ ਤਰ੍ਹਾਂ ਉਸ ਨੂੰ ਜਪਣ ਵਾਲੇ ਨਿਰਭਉ ਵਿਅਕਤੀ ਦਾ ਵੀ ਕਿਸੇ ਨਾਲ ਵੈਰ ਨਹੀਂ, ਉਹ ਪਰਮਾਤਮਾ ਨੂੰ ਹਾਜ਼ਰ ਨਾਜ਼ਰ ਜਾਣਦਾ ਹੈ ਅਤੇ ਉਸ ਦੀ ਦ੍ਰਿਸ਼ਟੀ ਵੀ ਸਾਰਿਆਂ ਲਈ ਸਮਾਨਤਾ ਵਾਲੀ ਹੋ ਜਾਂਦੀ ਹੈ। ਸਾਰੀਆਂ ਥਾਵਾਂ ਵਿਚ ਸਮਾਇਆ ਹਰੀ ਸਭ ਲਈ ਸਮਾਨ ਹੈ, ਉਸ ਤੋਂ ਬਿਨ੍ਹਾਂ ਸੰਸਾਰ ਵਿਚ ਹੋਰ ਕੋਈ ਦੂਸਰਾ ਨਹੀਂ। ਇਸ ਤਰ੍ਹਾਂ ਉਸ ਨੂੰ ਜਪਣ ਵਾਲਾ ਮਨੁੱਖ ਵੀ ਭੈ ਅਤੇ ਵੈਰ ਨੂੰ ਸਿਮਰਨ ਰਾਹੀਂ ਖ਼ਤਮ ਕਰਕੇ ਹਰ ਜਗ੍ਹਾ ਵਿਆਪਕ ਹਰੀ ਨੂੰ ਹੀ ਦੇਖਦਾ ਹੈ। ਨਿਰਮਲ ਭੈ ਨੂੰ ਭਗਤ ਸ਼ੇਖ ਫ਼ਰੀਦ ਜੀ ਨੇ ਮਨੁੱਖ ਦੀਆਂ ਅੱਖਾਂ ਦੀਆਂ ਸਲਾਈਆਂ ਅਤੇ ਪਿਆਰ ਨੂੰ ਸ਼ਿੰਗਾਰ ਆਖਦੇ ਹੋਏ ਕਿਹਾ ਹੈ:

ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ॥[206]

ਇਸ ਅਦਬ ਰੂਪੀ ਭੈ ਤੇ ਪਿਆਰ ਨਾਲ ਉਸ ਵਿਚਲੀ ਵੈਰ ਵਿਰੋਧ ਦੀ ਭਾਵਨਾ ਦਾ ਨਾਸ਼ ਹੋ ਜਾਂਦਾ ਹੈ। ਪਰਮਾਤਮਾ ਦਾ ਸਿਮਰਨ ਅਤੇ ਭੈ ਰੂਪੀ ਅਦਬ ਮਨੁੱਖੀ ਮਨ ਨੂੰ ਅਡੋਲਤਾ ਅਤੇ ਨਿਰਵੈਰਤਾ ਪ੍ਰਦਾਨ ਕਰਦਾ ਹੈ।[207] ਅਜਿਹਾ ਨਿਰਭਉ ਅਤੇ ਨਿਰਵੈਰ ਵਿਅਕਤੀ ਫਿਰ ਪਰਉਪਕਾਰੀ ਕਾਰਜ ਕਰਦਾ ਹੈ, ਉਹ ਦੀਨ ਦੁਨੀ, ਮਜ਼ਲੂਮ ਦੀ ਰੱਖਿਆ ਲਈ ਜ਼ੁਲਮ ਖਿਲਾਫ਼ ਡਟ ਕੇ ਮੈਦਾਨ ਵਿਚ ਖੜ੍ਹਾ ਹੁੰਦਾ ਹੈ। ਉਸੇ ਨੂੰ ਹੀ ਕਬੀਰ ਜੀ ਸੂਰਮਾ ਆਖਦੇ ਹਨ, ਜੋ ਸੱਚ ਦੀ ਗਵਾਹੀ ਆਪਣੀ ਸ਼ਹੀਦੀ ਨਾਲ ਦਿੰਦਾ ਹੈ:

- ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤ॥[208]

ਕੇਵਲ ਪਰਮਾਤਮਾ ਦੀ ਮਿਹਰ ਦੀ ਮੋਹਰ ਵਾਲੇ ਹੀ ਡਟ ਕੇ ਮੁਕਾਬਲਾ ਕਰ ਸਕਦੇ ਹਨ, ਬੁਜ਼ਦਿਲ ਤੇ ਕਮਜ਼ੋਰ ਭੱਜ ਜਾਂਦੇ ਹਨ। ਬਹਾਦਰ ਵਿਅਕਤੀ ਜੰਗ ਦੇ ਮੈਦਾਨ ਵਿਚ ਸੂਰਮਤਾਈ ਦੇ ਝੰਡੇ ਗੱਡਦੇ ਹਨ, ਉਹ ਜਨਮ ਮਰਨ ਦੇ ਭੈਅ ਤੋਂ ਮੁਕਤ ਹੁੰਦੇ ਹਨ ਅਤੇ ਮਰਨ ਨੂੰ ਆਪਣਾ ਸੁਭਾਗ ਸਮਝਦੇ ਹੋਏ, ਖੁਸ਼ੀ ਨਾਲ ਮੌਤ ਨੂੰ ਕਬੂਲ ਕਰਦੇ ਹਨ।[209] ਦੁਨੀਆ ਤਾਂ ਆਪਣੇ ਸੁਆਰਥ ਵਿਚ ਜਿਉਂਦੀ ਅਤੇ ਮਰਨ ਤੋਂ ਡਰਦੀ ਹੈ। ਮਰਨ ਦਾ ਢੰਗ ਅਤੇ ਜੋਸ਼ ਕੇਵਲ ਸੂਰਮਿਆਂ ਅਤੇ ਬਹਾਦਰਾਂ ਨੂੰ ਹੀ ਆਉਂਦਾ ਹੈ, ਉਹ ਨਿਰਭਉ ਰੂਪੀ ਪਦਵੀ ਨੂੰ ਪ੍ਰਾਪਤ ਕਰ ਚੁੱਕੇ ਹੁੰਦੇ ਹਨ। ਅਜਿਹੀ ਮਰਨੀ ਕੇਵਲ ਸੂਰਮਿਆਂ ਨੂੰ ਹੀ ਪ੍ਰਾਪਤ ਹੁੰਦੀ ਹੈ :

- ਕਬੀਰ ਮਰਤਾ ਮਰਤਾ ਜਗੁ ਮੁਆ ਮਰਿ ਭਿ ਨ ਜਾਨੈ ਕੋਇ॥
ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ॥[210]

ਨਿਡਰ ਅਤੇ ਬਹਾਦਰ ਸੂਰਮਿਆਂ ਨੂੰ ਸਾਰੀਆਂ ਕੌਮਾਂ ਸਦੀਆਂ ਤਕ ਯਾਦ ਰੱਖਦੀਆਂ ਹਨ। ਉਹ ਸਰੀਰਕ ਤੌਰ ਤੇ ਸ਼ਹੀਦ ਹੋ ਜਾਂਦੇ ਹਨ ਪਰ ਲੋਕਾਈ ਲਈ ਚਾਨਣ ਬਣ ਦਿਲਾਂ ਵਿਚ ਹਮੇਸ਼ਾ ਲਈ ਰੁਸ਼ਨਾ ਜਾਂਦੇ ਹਨ। ਤਾਰਨ ਸਿੰਘ ਆਪਣੀ ਪੁਸਤਕ *ਭਗਤੀ ਤੇ ਸ਼ਕਤੀ* ਵਿਚ ਲਿਖਦੇ ਹਨ ਕਿ ਪੰਜਾਬੀ ਸੱਭਿਆਚਾਰ ਵਿਚ ਨਿਰਭਉ ਤੇ ਨਿਰਵੈਰ ਪੰਜਾਬੀ ਸੁਭਾਅ ਦੇ ਗੁਣ ਹਨ। ਪੰਜਾਬੀ ਮੌਤ ਨੂੰ ਸ਼ਹਾਦਤ ਸਮਝਦੇ ਹੋਏ ਕਿਸੇ ਗੱਲ ਤੋਂ ਭੈ ਨਹੀਂ ਖਾਂਦੇ। ਵਿਤਕਰਾ ਹੀ ਵੈਰ ਹੈ ਅਤੇ ਪੰਜਾਬੀ ਕਿਸੇ ਨਾਲ ਵਿਤਕਰਾ ਨਹੀਂ ਕਰਦਾ।[211] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵੈਰ ਨੂੰ ਖ਼ਤਮ ਕਰਨ ਲਈ ਹਲੀਮੀ, ਪਿਆਰ ਅਤੇ ਨਿਮਰਤਾ ਧਾਰਨ ਕਰਨ ਦੀ ਗੱਲ ਆਖੀ ਹੈ। ਇਨ੍ਹਾਂ ਬਾਰੇ ਬਾਣੀ ਵਿਚ ਕਈ ਤਰ੍ਹਾਂ ਦੇ ਬਿੰਬ ਅਤੇ ਪ੍ਰਤੀਕਾਂ ਦੀ ਵਰਤੋਂ ਕਰਕੇ ਸਮਝਾਉਣ ਦਾ ਯਤਨ ਵੀ ਕੀਤਾ ਹੈ:

- ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨਾ ਨ ਮਾਰੇ ਘੁੰਮਿ॥
ਆਪਨੜੈ ਘਰਿ ਜਾਈਐ ਪੈਰ ਤਿਨਾ ਦੇ ਚੁੰਮਿ॥ [212]
- ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥
ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥[213]

ਬੁਰੇ ਦਾ ਭਲਾ ਕੇਵਲ ਪ੍ਰੇਮ ਕਰਨ ਵਾਲਾ ਹੀ ਕਰ ਸਕਦਾ ਹੈ। ਗੁਰਬਾਣੀ ਵਿਚ ਪ੍ਰੇਮ ਨੂੰ ਹੀ ਰੱਬ ਦੇ ਮਿਲਣ ਦਾ ਸਾਧਨ ਦੱਸਿਆ ਗਿਆ ਹੈ। ਇਹ ਪ੍ਰੇਮ ਕੇਵਲ ਦੁਨਿਆਵੀ ਪ੍ਰੇਮ ਨਹੀਂ। ਦੁਨਿਆਵੀ ਪ੍ਰੇਮ ਈਰਖਾ ਤੇ ਵੈਰ

ਪੈਦਾ ਕਰਦਾ ਹੈ ਪਰ ਰੂਹਾਨੀ ਪ੍ਰੇਮ ਹਰ ਪਾਸੇ ਪਿਆਰ ਅਤੇ ਸਮਦ੍ਰਿਸ਼ਟੀ ਪੈਦਾ ਕਰਦਾ ਹੈ। ਅਕਾਲ ਪੁਰਖ ਨੂੰ ਪ੍ਰੇਮ ਕਰਨ ਵਾਲਾ, ਹਰੇਕ ਵਿਚ ਉਸ ਅਕਾਲ ਪੁਰਖ  ਦੀ ਜੋਤ ਨੂੰ ਦੇਖਦਾ ਹੈ :

ਸਭ ਮਹਿ ਏਕੁ ਨਿਰੰਜਨ ਸੋਈ॥[214]

ਗੁਰਮੁਖ ਸਾਰਿਆਂ ਵਿਚ ਵਿਆਪਕ ਜੋਤ ਨੂੰ ਦੇਖ ਕੇ ਵਿਸਮਾਦ ਨਾਲ ਭਰ ਜਾਂਦਾ ਹੈ ਅਤੇ ਸਭ ਨਾਲ ਪ੍ਰੇਮ ਕਰਦਾ ਹੈ। ਸੇਵਾ, ਸਿਮਰਨ ਅਤੇ ਭਗਤੀ ਮਾਰਗ ਉੱਤੇ ਚਲਦਿਆਂ ਨਿਰਮਲ ਭੈ ਰਾਹੀਂ ਮਨੁੱਖੀ ਮਨ ਵਿਚ ਪ੍ਰੇਮ ਪੈਦਾ ਹੁੰਦਾ ਹੈ। ਪਿਆਰ ਨਾਲ ਸਮਦ੍ਰਿਸ਼ਟੀ ਪੈਦਾ ਹੁੰਦੀ ਹੈ। ਸਾਰੇ ਹੀ ਇਕ ਅਕਾਲ ਪੁਰਖ ਦੀ ਸੰਤਾਨ ਹਨ ਇਹ ਗੱਲ ਉਹ ਜਾਣ ਜਾਂਦਾ ਹੈ। ਗੁਰਬਾਣੀ ਸਭ ਨੂੰ ਸਾਂਝੀਵਾਲਤਾ ਦਾ ਸੁਨੇਹਾ ਦਿੰਦੀ ਹੈ:

- ਸਭੈ ਸਾਂਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥[215]
- ਸਹਸ ਮੂਰਤਿ ਏਕੋ ਪ੍ਰਭੁ ਠਾਕੁਰੁ ਪ੍ਰਭੁ ਏਕੋ ਗੁਰਮਤਿ ਤਾਰੇ॥[216]
- ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥[217]

ਗੁਰਬਾਣੀ ਸਾਨੂੰ ਨਿਰਵੈਰਤਾ ਦਾ ਗੁਣ ਸਿਖਾਉਂਦੀ ਹੈ। ਜਾਤ, ਧਰਮ, ਰੰਗ, ਨਸਲ, ਦੇਸ਼, ਕੌਮ ਆਦਿ ਤੇ ਅਧਾਰਿਤ ਵੰਡ ਨੂੰ ਗੁਰਬਾਣੀ ਨਾ ਪ੍ਰਵਾਨਦੀ ਹੈ ਨਾ ਹੀ ਪ੍ਰਚਾਰਦੀ ਹੈ :

- ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥[218]
- ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥
  ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
  ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥[219]
- ਫਕੜ ਜਾਤੀ ਫਕੜ ਨਾਉ॥
  ਸਭਨਾ ਜੀਆ ਇਕਾ ਛਾਉ॥[220]

ਮਨੁੱਖ ਬੁਰਾ ਭਲਾ ਕੇਵਲ ਹਉਮੈ ਕਰਕੇ ਕਰਦਾ ਹੈ। ਇਸੇ ਹਉਮੈ ਕਰਕੇ ਵੈਰ ਵਧਦਾ ਹੈ। ਇਹ ਹਉਮੈ ਗੁਰਬਾਣੀ ਰਾਹੀਂ ਹੀ ਖ਼ਤਮ ਹੁੰਦੀ ਹੈ।

- ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ॥[221]
- ਸਤਗੁਰੁ ਸੇਵਿ ਮਨੁ ਨਿਰਮਲਾ ਹਉਮੈ ਤਜਿ ਵਿਕਾਰ॥[222]

ਈਸ਼ਰ ਸਿੰਘ ਲਿਖਦੇ ਹਨ, "ਜਦੋਂ ਮਨੁੱਖ ਵਿਚੋਂ ਹਉਮੈ ਘਟਦੀ ਜਾਂਦੀ ਹੈ ਉਦੋਂ ਸੱਚ, ਨਿਡਰਤਾ, ਪਿਆਰ, ਦਿਆਲਤਾ, ਪਰਉਪਕਾਰ, ਆਦਿ ਰੱਬੀ ਗੁਣਾਂ ਦਾ ਵਾਧਾ ਹੁੰਦਾ ਜਾਂਦਾ ਹੈ।"[223] ਗੁਰਬਾਣੀ ਰਾਹੀਂ ਹਉਮੈ ਦਾ ਨਾਸ਼ ਹੁੰਦਾ ਹੈ ਅਤੇ ਮਨੁੱਖ ਸਮੁੱਚੀ ਮਾਨਵਤਾ ਦਾ ਮਿੱਤਰ ਬਣ ਜਾਂਦਾ ਹੈ। ਉਹ ਸਮੁੱਚੇ ਕਲਿਆਣ ਲਈ ਅਰਦਾਸ ਕਰਦਾ ਹੈ। ਸਿੱਖਾਂ ਦੀ ਅਰਦਾਸ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਗੁਰਸਿੱਖ ਨੂੰ ਆਪਸੀ ਭਾਈਚਾਰੇ ਅਤੇ ਪ੍ਰੇਮ ਦੀ ਭਾਵਨਾ ਨਾਲ ਜੋੜਦੀ ਹੈ। ਫਿਰਕਾਪ੍ਰਸਤੀ, ਤੰਗਦਿਲੀ, ਆਪਾ ਧਾਪੀ ਨੂੰ ਗੁਰਬਾਣੀ ਨੇ ਸਵੀਕਾਰ ਨਹੀਂ ਕੀਤਾ। ਨਿਰਲੇਪਤਾ ਤੇ ਨਿਰਪੱਖਤਾ ਦੀ ਗੱਲ ਕਰਦੇ ਹੋਏ ਗੁਰੂ ਸਾਹਿਬ ਨੇ ਕਿਹਾ ਹੈ:

- ਹਿੰਦੂ ਅੰਨਾ ਤੁਰਕੂ ਕਾਣਾ॥ ਦੁਹਾ ਤੇ ਗਿਆਨੀ ਸਿਆਣਾ॥[224]
- ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾਂ ਛਾਡੇ ਦੋਊ॥[225]
- ਏਥੈ ਜਾਣੈ ਸੁ ਜਾਇ ਸਿਞਾਣੈ ॥ ਹੋਰੁ ਫਕੜੁ ਹਿੰਦੂ ਮੁਸਲਮਾਣੈ॥
  ਸਭਨਾ ਕਾ ਦਰਿ ਲੇਖਾ ਹੋਇ ॥ ਕਰਣੀ ਬਾਝਹੁ ਤਰੈ ਨ ਕੋਇ।।[226]

ਗੁਰਬਾਣੀ ਵਿਚ ਜਨਮ ਅਧਾਰਿਤ ਵਿਅਕਤੀਤਵ ਦੀ ਥਾਂ ਕਰਮ ਅਧਾਰਿਤ ਵਿਅਕਤੀਤਵ ਦੇ ਗੁਣਾਂ ਨੂੰ ਅਪਣਾਇਆ ਗਿਆ ਹੈ। ਇਸੇ ਤਰ੍ਹਾਂ ਸਾਰਿਆਂ ਪ੍ਰਤੀ ਸਦਭਾਵਨਾ ਦਾ ਸੁਨੇਹਾ ਸਿੱਖ ਧਰਮ ਵਿਚੋਂ ਸਪੱਸ਼ਟ ਉਭਰ ਕੇ ਆਉਂਦਾ ਹੈ। ਗੁਰਬਾਣੀ ਸਭ ਨੂੰ ਆਪਣਾ ਮੀਤ, ਮਿੱਤਰ, ਪਿਆਰਾ, ਜਾਂ ਸੱਜਣ ਬਣਾਉਣ ਲਈ ਸੱਦਾ ਦਿੰਦੀ ਹੈ :

- ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥[227]
- ਸਭਨਾ ਮਨ ਮਾਣਿਕ ਠਾਹੁਣ ਮੂਲਿ ਮਚਾਂਗਵਾ॥
  ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥[228]

ਸਾਰਿਆਂ ਵਿਚ ਇਕ ਅਕਾਲ ਪੁਰਖ ਦੀ ਹੀ ਜੋਤ ਹੈ ਇਸ ਲਈ ਸਭ ਬਰਾਬਰ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਿਰਵੈਰਤਾ ਦੀ ਇਕ ਬਹੁਤ ਵੱਡੀ ਮਿਸਾਲ ਹਨ ਜਿਸ ਵਿਚ ਗੁਰੂ ਸਾਹਿਬਾਨ, ਭਗਤ ਸਾਹਿਬਾਨ, ਭੱਟ ਸਾਹਿਬਾਨ ਅਤੇ ਗੁਰਸਿੱਖਾਂ ਦੀ ਬਾਣੀ ਬਿਨ੍ਹਾਂ ਕਿਸੇ ਭੇਦ ਭਾਵ ਦੇ ਸ਼ਾਮਿਲ ਕੀਤੀ ਗਈ ਹੈ। ਮਨਮੋਹਨ

ਸਹਿਗਲ ਦਾ ਕਥਨ ਹੈ, "ਸਚਾਈ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਵਿਸਤਰਿਤ ਤੇ ਖੰਡਿਤ ਭਾਰਤੀ ਸਭਿਆਚਾਰਿਕ ਕਦਰਾਂ-ਕੀਮਤਾਂ ਦੀ ਪੁਨਰ-ਸਥਾਪਨਾ ਹੀ ਨਹੀਂ ਹੋਈ ਹੈ ਬਲਕਿ ਉਨ੍ਹਾਂ ਨੂੰ ਇਕ ਆਦਰਸ਼ਕ ਤੇ ਮੋਹਕ ਰੂਪ ਵੀ ਦਿੱਤਾ ਗਿਆ ਹੈ ਜੋ ਕਿ ਤਤਕਾਲੀ ਹਲਾਤਾਂ ਦੇ ਅੰਤਰਗਤ ਬਹੁਤ ਹੀ ਪਰਵਾਨ ਕਰਨ ਯੋਗ ਸਾਬਤ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਕਦਰਾਂ-ਕੀਮਤਾਂ ਦੇ ਅਮਰ ਤੇ ਉਜਵਲ ਚਿੰਨ੍ਹ ਅੱਜ ਵੀ ਮੌਜੂਦ ਹਨ।"[229] ਇਕ ਇਸ਼ਟ ਦੀ ਉਪਾਸਨਾ ਸਾਰਿਆਂ ਨੂੰ ਇਕੱਠਾ ਕਰਦੀ ਹੈ। ਰਾਹ ਭਾਵੇਂ ਅਲੱਗ ਹਨ ਪਰ ਮੰਜਿਲ ਕੇਵਲ ਤੇ ਕੇਵਲ ਇਕ ਅਕਾਲ ਪੁਰਖ ਹੈ। ਸਿੱਖ ਧਰਮ ਵਿਚ ਸੰਗਤ, ਪੰਗਤ ਅਤੇ ਲੰਗਰ ਦੀ ਸੰਸਥਾ ਮਨੁੱਖਾਂ ਵਿਚ ਬਰਾਬਰੀ, ਆਪਸੀ ਭਾਈਚਾਰਾ, ਪਿਆਰ ਦੀਆਂ ਭਾਵਨਾਵਾਂ ਨੂੰ ਪ੍ਰਫੁੱਲਿਤ ਕਰਨ ਲਈ ਇਕ ਅਹਿਮ ਕਦਮ ਅਤੇ ਵਡਮੁੱਲਾ ਯੋਗਦਾਨ ਹੈ। ਵਿਸ਼ਵ ਚੇਤਨਾ, ਸਾਂਝੀਵਾਲਤਾ, ਸਦਭਾਵਨਾ, ਆਪਸੀ ਮਿਲਵਰਤਨ ਆਦਿ ਉਪਦੇਸ਼ਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਣੀਕਾਰਾਂ ਨੇ ਸੰਸਾਰ ਵਿਚ ਬਾਣੀ ਰਾਹੀਂ ਪ੍ਰਗਟ ਕੀਤਾ ਹੈ।

ਅੰਤ ਵਿਚ ਅਸੀਂ ਆਖ ਸਕਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਸਬਦ ਗੁਰੂ' ਹਨ ਅਤੇ ਇਹ ਸਾਰੀ ਮਨੁੱਖਤਾ ਨੂੰ ਸੱਚੇ ਗਿਆਨ ਦਾ ਸੰਦੇਸ਼ ਦਿੰਦੇ ਹਨ। ਸ਼ਬਦ ਗੁਰੂ ਦਾ ਸਿਧਾਂਤ ਸਿੱਖ ਧਰਮ ਨੂੰ ਹੋਰ ਵੀ ਜਿਆਦਾ ਵਿਲੱਖਣਤਾ ਪ੍ਰਦਾਨ ਕਰਦਾ ਹੈ। ਜਿਆਦਾਤਰ ਧਰਮਾਂ ਵਿਚ ਦੇਹ ਧਾਰੀ ਗੁਰੂ ਹੋਏ ਹਨ ਪਰ ਸਿੱਖ ਧਰਮ ਵਿਚ 'ਸ਼ਬਦ ਗੁਰੂ' ਨੂੰ ਗੁਰੂ ਦੀ ਪਦਵੀ ਪ੍ਰਾਪਤ ਹੈ। ਗੁਰਬਾਣੀ ਵਿਚ ਪਰਮਸੱਤਾ ਨੂੰ 'ਅਕਾਲ ਪੁਰਖ' ਕਿਹਾ ਗਿਆ ਹੈ ਅਤੇ ਉਸ ਦੇ ਸਰੂਪ ਨੂੰ ਹੋਰ ਗੁਣਾਂ ਦੇ ਨਾਲ-ਨਾਲ ਨਿਰਭਉ ਅਤੇ ਨਿਰਵੈਰ ਵੀ ਦੱਸਿਆ ਗਿਆ ਹੈ। 'ਸਬਦ ਗੁਰੂ' ਜੋ ਸਾਰਿਆਂ ਵਿਚ ਵਿਆਪਕ ਹਸਤੀ ਹੈ, ਉਸ ਦੀ ਅਗਵਾਈ ਵਿਚ ਹੀ ਮਨੁੱਖ ਨਿਰਭਉ ਨਿਰਵੈਰ ਦੀ ਪਦਵੀ ਹਾਸਿਲ ਕਰ ਸਕਦਾ ਹੈ। ਇਸ ਪਦ ਦੀ ਪ੍ਰਾਪਤੀ ਲਈ ਸਮੁੱਚੀ ਬਾਣੀ ਵਿਚ ਨਿਰਮਲ ਭਉ, ਹੁਕਮ, ਸਬਰ, ਸੰਤੋਖ, ਦਇਆ, ਪਿਆਰ, ਸਮਦ੍ਰਿਸ਼ਟੀ, ਸੇਵਾ, ਸਾਧਸੰਗਤ, ਆਦਿ ਸਾਧਨ ਦੱਸੇ ਹਨ। ਜਿਥੇ ਬਾਣੀ ਰਾਹੀਂ ਇਨ੍ਹਾਂ ਗੁਣਾਂ ਨੂੰ ਧਾਰਨ ਕਰਨ ਤੇ ਦੀਨ ਲਈ ਸੂਰਮੇ ਹੋਣ ਦੀ ਤਾਕੀਦ ਕੀਤੀ ਹੈ ਉਥੇ ਬਾਣੀ ਵਿਚ ਅਧਿਆਤਮਿਕ, ਸਮਾਜਿਕ, ਧਾਰਮਿਕ, ਰਾਜਨੀਤਿਕ ਆਦਿ ਸਾਰੇ ਪੱਖਾਂ ਵਿਚਲੇ

ਨਿਰਭਉ ਨਿਰਵੈਰ ਦੀ ਮਹੱਤਤਾ ਨੂੰ ਦਰਸਾਇਆ ਹੈ। ਇਨ੍ਹਾਂ ਸਾਰੇ ਪੱਖਾਂ ਵਿਚਲੀਆਂ ਅਮਾਨਵੀ ਕੁਰੀਤੀਆਂ ਨੂੰ ਬਿਆਨ ਕਰਦੇ ਹੋਏ ਨਿਰਭੈਤਾ ਨਾਲ ਵਿਰੋਧ ਵੀ ਕੀਤਾ ਹੈ। ਸੱਚ ਦਾ ਸੁਨੇਹਾ ਦਿੰਦੇ ਹੋਏ ਬਾਣੀਕਾਰਾਂ ਨੇ ਸਮੁੱਚੀ ਲੋਕਾਈ ਪ੍ਰਤੀ ਭਾਈਚਾਰਾ, ਆਪਸੀ ਪਿਆਰ, ਵਿਸ਼ਵ ਏਕਤਾ ਦਾ ਸੁਨੇਹਾ ਦਿੱਤਾ ਹੈ। ਅਗਲੇ ਅਧਿਆਇ ਵਿਚ ਅਸੀਂ ਸਿੱਖ ਇਤਿਹਾਸ ਵਿਚਲੇ ਨਿਰਭਉ ਨਿਰਵੈਰ ਦੇ ਪੱਖਾਂ ਉੱਤੇ ਚਾਨਣਾ ਪਾਉਣ ਦਾ ਯਤਨ ਕਰਾਂਗੇ। ਜਿਸ ਵਿਚ ਗੁਰੂ ਸਾਹਿਬ ਅਤੇ ਗੁਰਸਿੱਖਾਂ ਦੁਆਰਾ ਇਨ੍ਹਾਂ ਸੰਕਲਪਾਂ ਦੀ ਵਿਵਹਾਰਿਕ ਜੀਵਨ ਵਿਚ ਵਰਤੋਂ, ਮਹੱਤਤਾ ਅਤੇ ਜੀਵਨ ਢਾਂਚੇ ਬਾਰੇ ਚਾਨਣਾ ਪਾਇਆ ਜਾਵੇਗਾ।

**ਹਵਾਲੇ:-**


1. ਤਾਰਨ ਸਿੰਘ(ਡਾ.),*ਭਗਤੀ ਤੇ ਸ਼ਕਤੀ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਜਵੀਂ ਵਾਰ, ਮਾਰਚ 2005, ਪੰਨਾ 27.
2. Aldous Humley, *Perennial Philosphy*, Chatti and Windus, London,1957, Page 187.
3. ਕਾਨ੍ਹ ਸਿੰਘ ਨਾਭਾ(ਭਾਈ),*ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 712, ਗੁਰਚਰਨ ਸਿੰਘ(ਸੰਪਾ.),*ਸ੍ਰੀ ਗੁਰੂ ਗ੍ਰੰਥ ਕੋਸ਼*, ਜਿਲਦ ਪਹਿਲੀ, ੳ-ਣ, ਪੰਨਾ 1395.
4. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ 1252.
5. ਗੁਰਚਰਨ ਸਿੰਘ(ਸੰਪਾ.),*ਸ੍ਰੀ ਗੁਰੂ ਗ੍ਰੰਥ ਕੋਸ਼*, ਪੰਨਾ 1394, ਕਾਨ੍ਹ ਸਿੰਘ ਨਾਭਾ(ਭਾਈ),*ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 712.
6. ਵੀਰ ਸਿੰਘ(ਭਾਈ),*ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਪੰਨਾ 379.
7. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ 413.
8. ਗੁਰਚਰਨ ਸਿੰਘ(ਸੰਪਾ.),*ਸ੍ਰੀ ਗੁਰੂ ਗ੍ਰੰਥ ਕੋਸ਼*, ਪੰਨਾ 1394.
9. ਕਾਨ੍ਹ ਸਿੰਘ ਨਾਭਾ(ਭਾਈ),*ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 712.
10. ਵੀਰ ਸਿੰਘ(ਭਾਈ),*ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼*, ਪੰਨਾ 379, ਪੰਡਿਤ ਤਾਰਾ ਸਿੰਘ ਨਰੋਤਮ(ਸੰਪਾ.),*ਗੁਰੂ ਗਿਰਾਰਥ ਕੋਸ਼,* ਸੁਕਦੇਵ ਕੁਟੀ, ਰਤਨ ਬਾਸ, ਕਨਖਲ (ਹਰਿਦਵਾਰ), ਦੂਸਰੀ ਵਾਰ, 2012, ਪੰਨਾ 434.
11. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ 218.
12. ਗੁਰਚਰਨ ਸਿੰਘ(ਸੰਪਾ.),*ਸ੍ਰੀ ਗੁਰੂ ਗ੍ਰੰਥ ਕੋਸ਼*, ਪੰਨਾ 1394.
13. ਕਾਨ੍ਹ ਸਿੰਘ ਨਾਭਾ(ਭਾਈ),*ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 712.
14. ਪੰਡਿਤ ਤਾਰਾ ਸਿੰਘ ਨਰੋਤਮ(ਸੰਪਾ.),*ਗੁਰੂ ਗਿਰਾਰਥ ਕੋਸ਼,* ਪੰਨਾ 441.
15. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ 1356.

16. ਗੁਰਚਰਨ ਸਿੰਘ(ਸੰਪਾ.),*ਸ੍ਰੀ ਗੁਰੂ ਗ੍ਰੰਥ ਕੋਸ਼,* ਪੰਨਾ 1394.

17. ਵੀਰ ਸਿੰਘ(ਭਾਈ),*ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਪੰਨਾ 379.

18. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 1357.

19. ਗੁਰਚਰਨ ਸਿੰਘ(ਸੰਪਾ.),*ਸ੍ਰੀ ਗੁਰੂ ਗ੍ਰੰਥ ਕੋਸ਼,* ਪੰਨਾ 1394.

20. ਵੀਰ ਸਿੰਘ(ਭਾਈ),*ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਪੰਨਾ 379.

21. ਪੰਡਿਤ ਤਾਰਾ ਸਿੰਘ ਨਰੋਤਮ(ਸੰਪਾ.),*ਗੁਰੁ ਗਿਰਾਰਥ ਕੋਸ਼,* ਪੰਨਾ 435.

22. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 1357.

23. ਗੁਰਚਰਨ ਸਿੰਘ(ਸੰਪਾ.),*ਸ੍ਰੀ ਗੁਰੂ ਗ੍ਰੰਥ ਕੋਸ਼,* ਪੰਨਾ 1394

24. ਪੰਡਿਤ ਤਾਰਾ ਸਿੰਘ ਨਰੋਤਮ(ਸੰਪਾ.),*ਗੁਰੁ ਗਿਰਾਰਥ ਕੋਸ਼,* ਪੰਨਾ 434.

25. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 817.

26. ਕਾਨ੍ਹ ਸਿੰਘ ਨਾਭਾ(ਭਾਈ),*ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 707.

27. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 340.

28. ਕਾਨ੍ਹ ਸਿੰਘ ਨਾਭਾ(ਭਾਈ),*ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 707, ਗੁਰਚਰਨ ਸਿੰਘ(ਸੰਪਾ.),*ਸ੍ਰੀ ਗੁਰੂ ਗ੍ਰੰਥ ਕੋਸ਼,* ਪੰਨਾ 1394.

29. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 291.

30. ਗੁਰਚਰਨ ਸਿੰਘ(ਸੰਪਾ.),*ਸ੍ਰੀ ਗੁਰੂ ਗ੍ਰੰਥ ਕੋਸ਼,* ਪੰਨਾ 1394, ਕਾਨ੍ਹ ਸਿੰਘ ਨਾਭਾ(ਭਾਈ),*ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 707.

31. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 221.

32. ਬਲਵੀਰ ਸਿੰਘ,*ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ,* ਜਿਲਦ ਦੂਜੀ (ਅਗਹ ਤੋਂ ਅੜੇ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1999, ਪੰਨਾ 304 .

33. ਵੀਰ ਸਿੰਘ(ਭਾਈ),*ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਪੰਨਾ 34.

34. ਪੰਡਿਤ ਤਾਰਾ ਸਿੰਘ ਨਰੋਤਮ(ਸੰਪਾ.),*ਗੁਰੁ ਗਿਰਾਰਥ ਕੋਸ਼,* ਪੰਨਾ 90.

35. ਕਾਨ੍ਹ ਸਿੰਘ ਨਾਭਾ(ਭਾਈ), *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 73.

36. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 809.

37. ਬਲਵੀਰ ਸਿੰਘ, *ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ,* ਜਿਲਦ ਦੂਜੀ (ਅਗਹ ਤੋਂ ਅੜੇ), ਪੰਨਾ 304.

38. ਪੰਡਿਤ ਤਾਰਾ ਸਿੰਘ ਨਰੋਤਮ(ਸੰਪਾ.), *ਗੁਰੁ ਗਿਰਾਰਥ ਕੋਸ਼,* ਪੰਨਾ 70.

39. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 1394.

40. ਕਾਨ੍ਹ ਸਿੰਘ ਨਾਭਾ(ਭਾਈ), *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 73.

41. ਪੰਡਿਤ ਤਾਰਾ ਸਿੰਘ ਨਰੋਤਮ(ਸੰਪਾ.), *ਗੁਰੁ ਗਿਰਾਰਥ ਕੋਸ਼,* ਪੰਨਾ 71.

42. ਗੁਰਚਰਨ ਸਿੰਘ(ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼,* ਪੰਨਾ 106.

43. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 328.

44. ਕਾਨ੍ਹ ਸਿੰਘ ਨਾਭਾ(ਭਾਈ), *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 73.

45. ਪੰਡਿਤ ਤਾਰਾ ਸਿੰਘ ਨਰੋਤਮ(ਸੰਪਾ.), *ਗੁਰੁ ਗਿਰਾਰਥ ਕੋਸ਼,* ਪੰਨਾ 107.

46. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 1236.

47. ਕਾਨ੍ਹ ਸਿੰਘ ਨਾਭਾ(ਭਾਈ), *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 887.

48. ਗੁਰਚਰਨ ਸਿੰਘ(ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼,* ਪੰਨਾ 1764.

49. ਪੰਡਿਤ ਤਾਰਾ ਸਿੰਘ ਨਰੋਤਮ(ਸੰਪਾ.), *ਗੁਰੁ ਗਿਰਾਰਥ ਕੋਸ਼,* ਪੰਨਾ 544.

50. ਵੀਰ ਸਿੰਘ(ਭਾਈ), *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਪੰਨਾ 476.

51. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 252.

52. ਕਾਨ੍ਹ ਸਿੰਘ ਨਾਭਾ(ਭਾਈ), *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 1109.

53. ਗੁਰਚਰਨ ਸਿੰਘ(ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼,* ਪੰਨਾ 2235.

54. ਵੀਰ ਸਿੰਘ(ਭਾਈ), *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਪੰਨਾ 476.

55. ਪੰਡਿਤ ਤਾਰਾ ਸਿੰਘ ਨਰੋਤਮ(ਸੰਪਾ.), *ਗੁਰੁ ਗਿਰਾਰਥ ਕੋਸ਼,* ਪੰਨਾ 659.

56. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 41.

57. ਪੰਡਿਤ ਤਾਰਾ ਸਿੰਘ ਨਰੋਤਮ(ਸੰਪਾ.), *ਗ੍ਰੰਥ ਗੁਰੁ ਗਿਰਾਰਥ ਕੋਸ਼,* ਬਲਵੰਤ ਸਿੰਘ (ਸੰਪਾ. ਤੇ ਗਿਆਨੀ), ਸ੍ਰੀਮਾਨ 108 ਮਹੰਤ ਬਲਵੰਤ ਸਿੰਘ ਜੀ ਸੈਕਟਰੀ, ਦੂਜੀ ਵਾਰ, 2012,ਪੰਨਾ 443.

58. ਗੁਰਚਰਨ ਸਿੰਘ(ਸੰਪਾ.),*ਸ੍ਰੀ ਗੁਰੂ ਗ੍ਰੰਥ ਕੋਸ਼,* ਪੰਨਾ 1397, ਕਾਨ੍ਹ ਸਿੰਘ ਨਾਭਾ(ਭਾਈ),*ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 713.

59. ਵੀਰ ਸਿੰਘ(ਭਾਈ),*ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਪੰਨਾ 380.

60. ਪੰਡਿਤ ਤਾਰਾ ਸਿੰਘ ਨਰੋਤਮ(ਸੰਪਾ.),*ਗੁਰੁ ਗਿਰਾਰਥ ਕੋਸ਼,* ਪੰਨਾ 443.

61. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 287.

62. ਗੁਰਚਰਨ ਸਿੰਘ(ਸੰਪਾ.),*ਸ੍ਰੀ ਗੁਰੂ ਗ੍ਰੰਥ ਕੋਸ਼,* ਪੰਨਾ 1397.

63. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 1357.

64. ਗੁਰਚਰਨ ਸਿੰਘ(ਸੰਪਾ.),*ਸ੍ਰੀ ਗੁਰੂ ਗ੍ਰੰਥ ਕੋਸ਼,* ਪੰਨਾ 1397.

65. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 1392.

66. ਗੁਰਚਰਨ ਸਿੰਘ(ਸੰਪਾ.),*ਸ੍ਰੀ ਗੁਰੂ ਗ੍ਰੰਥ ਕੋਸ਼,* ਪੰਨਾ 1397.

67. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 98.

68. ਗੁਰਚਰਨ ਸਿੰਘ(ਸੰਪਾ.),*ਸ੍ਰੀ ਗੁਰੂ ਗ੍ਰੰਥ ਕੋਸ਼,* ਪੰਨਾ 1398.

69. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 217.

70. ਗੁਰਚਰਨ ਸਿੰਘ(ਸੰਪਾ.),*ਸ੍ਰੀ ਗੁਰੂ ਗ੍ਰੰਥ ਕੋਸ਼,* ਪੰਨਾ 1398.

71. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 307.

72. ਗੁਰਚਰਨ ਸਿੰਘ(ਸੰਪਾ.),*ਸ੍ਰੀ ਗੁਰੂ ਗ੍ਰੰਥ ਕੋਸ਼,* ਪੰਨਾ 1398.

73. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 108

74. ਮੂਏ ਕਉ ਰੋਵਹਿ ਕਿਸਹਿ ਸੁਣਾਵਹਿ ਹੋ ਸਾਗਰ ਅਸਰਾਲਿ ਪਇਆ॥ *ਉਹੀ,* ਪੰਨਾ 906.

75. ਅਮਰਜੀਤ ਸਿੰਘ(ਗਰੇਵਾਲ)(ਸੰਪਾ.),*ਵਿਸਮਾਦ ਨਾਦ*, ਵਿਸ਼ੇਸ਼ ਅੰਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ',ਜਿਲਦ 1, ਅੰਕ 1, ਇੰਟਰਨੈਸ਼ਨਲ ਇਨਸਟੀਚਿਊਟ ਆਫ਼ ਗੁਰਮਤਿ ਸਟੱਡੀਜ਼, ਲੁਧਿਆਣਾ, 1994, ਪੰਨਾ 296.

76. *ਉਹੀ,* ਪੰਨਾ 435.

77. ਪ੍ਰਿਤਪਾਲ ਸਿੰਘ, *ਜੁਪ ਜੀ ਵਿਵੇਚਨ*, ਮੋਹਿਤ ਇੰਟਰਪ੍ਰਾਇਜ਼ਜ, ਪਟਿਆਲਾ, ਚੌਥੀ ਵਾਰ, ਮਾਰਚ 2002, ਪੰਨਾ 59.

78. ਆਦਿ ਸੁਚ ਜੁਗਾਇ ਸਚੁ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ॥

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 1 .

79. ਬਲਵਿੰਦਰ ਸਿੰਘ(ਪ੍ਰੋ.),"ਗੁਰਦੁਆਰਾ: ਸੰਕਲਪ ਤੇ ਸੰਸਥਾ",*ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ*, ਰੂਪ ਸਿੰਘ (ਸੰਪਾ.), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਫਰਵਰੀ 2012, ਪੰਨਾ 584.

80. ਪ੍ਰਿਤਪਾਲ ਸਿੰਘ,*ਜੁਪ ਜੀ ਵਿਵੇਚਨ*, ਪੰਨਾ 56.

81. ਕਾਨ੍ਹ ਸਿੰਘ ਨਾਭਾ(ਭਾਈ),*ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 36.

82. *ਉਹੀ,* ਪੰਨਾ 36.

83. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 1038.

84. *ਉਹੀ,* ਪੰਨਾ 212.

85. *ਉਹੀ,* ਪੰਨਾ 1.

86. *ਉਹੀ,* ਪੰਨਾ 929.

87. *ਉਹੀ,* ਪੰਨਾ 838.

88. *ਉਹੀ,* ਪੰਨਾ 887.

89. *ਉਹੀ,* ਪੰਨਾ 41.

90. *ਉਹੀ,* ਪੰਨਾ 252.

91. ਵੀਰ ਸਿੰਘ(ਭਾਈ), *ਵਾਰਾਂ ਭਾਈ ਗੁਰਦਾਸ ਸਟੀਕ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 21ਵੀਂ ਵਾਰ, ਜੂਨ 2011, ਵਾਰ 3, ਪਉੜੀ 15, ਪੰਨਾ 73.

92. ਕਰਤਾਰ ਸਿੰਘ, *ਮੂਲ ਮੰਤ੍ਰ ਫ਼ਿਲਾਸਫੀ,* ਲਾਕਟ ਪ੍ਰਿੰਟਰਜ਼, ਅੰਮ੍ਰਿਤਸਰ, ਦੂਜੀ ਵਾਰ ਜੂਨ 1989, ਪੰਨਾ 113.

93. *ਉਹੀ,* ਪੰਨਾ 112.

94. *ਉਹੀ,* ਪੰਨਾ 1061.

95. ਵੀਰ ਸਿੰਘ(ਭਾਈ), *ਵਾਰਾਂ ਭਾਈ ਗੁਰਦਾਸ ਸਟੀਕ,* ਵਾਰ 2, ਪਉੜੀ 20, ਪੰਨਾ 63.

96. ਪਰਮੇਸਰੁ ਪਾਰਬ੍ਰਹਮ ਬੇਅੰਤੁ॥ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 894.

- ਅਗਨਤ ਅਪਾਰ ਅਲਖ ਨਿਰੰਜਨੁ ਜਿਨਿ ਸਭ ਜਗ ਭਰਮਾਇਓ॥ *ਉਹੀ,* ਪੰਨਾ 537.

97. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 302.

98. *ਉਹੀ,* ਪੰਨਾ 361.

- ਨਾਨਕ ਨਿਰਭਉ ਨਿਰੰਕਾਰੁ ਸਚੁ ਏਕ॥*ਉਹੀ,* ਪੰਨਾ 464.
- ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ॥*ਉਹੀ,* ਪੰਨਾ 464.
- ਨਿਰਭਉ ਨਿਰੰਕਾਰੁ ਨਿਰਵੈਰੁ ਪੂਰਨ ਜੋਤਿ ਸਮਾਈ॥*ਉਹੀ,* ਪੰਨਾ 595.
- ਆਪੇ ਨਿਰਭਉ ਤਾੜੀ ਲਾਹਾ॥*ਉਹੀ,* ਪੰਨਾ 699.
- ਨਿਰਭਉ ਦਾਤਾ ਹਰਿ ਜੀਉ ਮੇਰੈ ਨਾਲਿ॥*ਉਹੀ,* ਪੰਨਾ 1154.

99. *ਉਹੀ,* ਪੰਨਾ 339.

100. *ਉਹੀ,* ਪੰਨਾ 413.

101. *ਉਹੀ,* ਪੰਨਾ 216.

102. ਵੇਮੁਹਤਾਜਾ ਵੇਪਰਵਾਹੁ॥*ਉਹੀ,* ਪੰਨਾ 376.

103. *ਉਹੀ,* ਪੰਨਾ 999.

104. *ਉਹੀ,* ਪੰਨਾ 1379.

105. *ਉਹੀ,* ਪੰਨਾ 1190.

106. *ਉਹੀ,* ਪੰਨਾ 389.

107. ਵੀਰ ਸਿੰਘ(ਭਾਈ), *ਵਾਰਾਂ ਭਾਈ ਗੁਰਦਾਸ ਸਟੀਕ,* ਵਾਰ 3, ਪਉੜੀ 4, ਪੰਨਾ 66.

108. ਕੀਤਾ ਪਸਾਉ ਏਕੋ ਕਵਾਉ॥ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 3.

- ਤੁਧੁ ਆਪੇ ਸ੍ਰਿਸਟਿ ਸਭ ਉਪਾਈ ਜੀ ਤੁਧੁ ਆਪੇ ਸਿਰਜਿ ਸਭ ਗੋਈ॥*ਉਹੀ,* ਪੰਨਾ 348.

- ਆਪੇ ਸ੍ਰਿਸਟਿ ਸਾਜੀਅਨੁ ਆਪਿ ਗੁਪਤੁ ਰਖੇਸਾ॥*ਉਹੀ,* ਪੰਨਾ 955.

109. ਸੁਰਜੀਤ ਸਿੰਘ(ਪ੍ਰਿੰ:), *ਨਾਨਕ ਪ੍ਰਕਾਸ਼ ਪਤ੍ਰਿਕਾ* , ਪਟਿਆਲਾ, ਦਸੰਬਰ 1977, ਪੰਨਾ 48.

110. ਭੈ ਵਿਚਿ ਪਵਣੁ ਵਹੈ ਸਦਵਾਉ॥ ਭੈ ਵਿਚਿ ਚਲਹਿ ਲਖ ਦਰੀਆਉ॥

ਭੈ ਵਿਚਿ ਅਗਨਿ ਕਢੈ ਵੇਗਾਰਿ॥ ਭੈ ਵਿਚਿ ਧਰਤੀ ਦਬੀ ਭਾਰਿ॥ *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 464.

111. *ਉਹੀ,* ਪੰਨਾ 998.

112. *ਉਹੀ,* ਪੰਨਾ 1.

113. ਵੀਰ ਸਿੰਘ(ਭਾਈ), *ਵਾਰਾਂ ਭਾਈ ਗੁਰਦਾਸ ਸਟੀਕ*, ਵਾਰ 7, ਪਉੜੀ 1, ਪੰਨਾ 119.

114. ਜਸਵੰਤ ਸਿੰਘ ਨੇਕੀ(ਡਾ.), *ਖੋਜ ਦਰਪਣ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜੁਲਾਈ 1976, ਪੰਨਾ 26.

115. ਸਰਦੂਲ ਸਿੰਘ, *ਸਿੱਖ ਧਰਮ ਦਰਸ਼ਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004, ਪੰਨਾ 41.

116. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 988.

117. ਬਸੁਧ ਕਾਗਦ ਬਨਰਾਜ ਕਲਮਾ ਲਿਖਣ ਕਉ ਜੇ ਹੋਇ ਪਵਨ॥

ਬੇਅੰਤ ਅੰਤੁ ਨ ਜਾਇ ਪਾਇਆ ਗਹੀ ਨਾਨਕ ਚਰਣ ਸਰਨ॥*ਉਹੀ,* ਪੰਨਾ 458.

118. *ਉਹੀ,* ਪੰਨਾ 463.

119. *ਉਹੀ,* ਪੰਨਾ 724.

120. *ਉਹੀ,* ਪੰਨਾ 47.

121. ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥

ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥

ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ॥*ਉਹੀ*, ਪੰਨਾ 624.

122. ਨਾਨਕ ਚਿੰਤਾ ਮਤਿ ਕਰਹੁ ਚਿੰਤਾ ਤਿਸ ਹੀ ਹੇਇ॥

ਜਲ ਮਹਿ ਜੰਤ ਉਪਾਇਅਨੁ ਤਿਨਾ ਭਿ ਰੋਜੀ ਦੇਇ॥*ਉਹੀ*, ਪੰਨਾ 955.

123. ਤੂ ਦਾਤਾ ਦਇਆਲੁ ਸਭੈ ਸਿਰਿ ਅਹਿਨਿਸਿ ਦਾਤਿ ਸਮਾਰਿ ਕਰੇ॥*ਉਹੀ*, ਪੰਨਾ 1013.

124. *ਉਹੀ*, ਪੰਨਾ 259.

125. *ਉਹੀ*, ਪੰਨਾ 1381.

126. ਤੂੰ ਸਾਂਝਾ ਸਾਹਿਬ ਬਾਪੁ ਹਮਾਰਾ॥ ਨਉ ਨਿਧਿ ਤੇਰੈ ਅਖੁਟ ਭੰਡਾਰਾ॥*ਉਹੀ*, ਪੰਨਾ 1349.

ਹਉ ਪੂਤੁ ਤੇਰਾ ਤੂ ਬਾਪੁ ਮੇਰਾ॥ ਏਕੈ ਠਾਹਰ ਦੁਹਾ ਬਸੇਰਾ॥*ਉਹੀ*, ਪੰਨਾ 97.

ਸਤਿਗੁਰੁ ਮਿਲੇ ਤ ਮਾਰਗੁ ਦਿਖਾਇਆ॥

ਜਗਤ ਪਿਤਾ ਮੇਰੈ ਮਨਿ ਭਾਇਆ॥*ਉਹੀ*, ਪੰਨਾ 476.

127. ਕਾਨ੍ਹ ਸਿੰਘ ਨਾਭਾ(ਭਾਈ),*ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 416.

128. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ 442.

129. *ਉਹੀ*, ਪੰਨਾ 202.

130. ਪਾਰਬ੍ਰਹਮ ਗੁਰ ਨਾਹੀ ਭੇਦ॥*ਉਹੀ*, ਪੰਨਾ 966.

131. ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥*ਉਹੀ*, ਪੰਨਾ 1142.

132. *ਉਹੀ*, ਪੰਨਾ 917.

133. ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ॥*ਉਹੀ*, ਪੰਨਾ 440.

134. ਕਾਨ੍ਹ ਸਿੰਘ ਨਾਭਾ(ਭਾਈ),*ਗੁਰਮਤਿ ਮਾਰਤੰਡ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1972, ਪੰਨਾ 373.

135. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ 302.

136. *ਉਹੀ,* ਪੰਨਾ 314.

137. *ਉਹੀ,* ਪੰਨਾ 960.

ਨਿਰਭਉ ਸਤਿਗੁਰੁ ਹੈ ਰਖਵਾਲਾ॥*ਉਹੀ,* ਪੰਨਾ 1042.

ਵਾਹੁ ਵਾਹੁ ਸਤਿਗੁਰੁ ਨਿਰਵੈਰੁ ਹੈ ਜਿਸੁ ਨਿੰਦਾ ਉਸਤਤਿ ਤੁਲਿ ਹੋਇ॥*ਉਹੀ,* ਪੰਨਾ 1421.

138. *ਉਹੀ,* ਪੰਨਾ 1034.

139. ਵੀਰ ਸਿੰਘ(ਭਾਈ), *ਵਾਰਾਂ ਭਾਈ ਗੁਰਦਾਸ ਸਟੀਕ,* ਵਾਰ 34, ਪਉੜੀ 1, ਪੰਨਾ 523.

140. ਨਿਰਮਲ ਸਿੰਘ ਕਲਸੀ, *ਬੀਜ ਮੰਤ੍ਰ ਦਰਸ਼ਨ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦੂਜੀ ਐਡੀਸ਼ਨ, 2005, ਪੰਨਾ 100.

141. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 599.

142. *ਉਹੀ,* ਪੰਨਾ 1116.

143. *ਉਹੀ,* ਪੰਨਾ 293.

144. *ਉਹੀ,* ਪੰਨਾ 262.

145. ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥*ਉਹੀ,* ਪੰਨਾ 59.

146. *ਉਹੀ,* ਪੰਨਾ 1396.

147. *ਉਹੀ,* ਪੰਨਾ 1397.

148. *ਉਹੀ,* ਪੰਨਾ 1395.

149. *ਉਹੀ,* ਪੰਨਾ 1392.

150. *ਉਹੀ,* ਪੰਨਾ 1393.

151. *ਉਹੀ,* ਪੰਨਾ 1104.

152. ਰਤਨ ਸਿੰਘ ਜੱਗੀ(ਸੰਪਾ.), *ਸਾਹਿਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011, ਪੰਨਾ 31.

153. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 299.

154. *ਉਹੀ*, ਪੰਨਾ 194.

155. *ਉਹੀ*, ਪੰਨਾ 189.

156. *ਉਹੀ*, ਪੰਨਾ 223.

157. *ਉਹੀ*, ਪੰਨਾ 59.

158. *ਉਹੀ*, ਪੰਨਾ 184.

159. ਰਤਨ ਸਿੰਘ ਜੱਗੀ(ਸੰਪਾ.),*ਸਹਿਤ ਕੋਸ਼*, ਪੰਨਾ 296.

160. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ 297.

161. *ਉਹੀ*, ਪੰਨਾ 1133.

162. *ਉਹੀ*, ਪੰਨਾ 258.

163. *ਉਹੀ*, ਪੰਨਾ 281.

164. *ਉਹੀ*, ਪੰਨਾ 833.

165. *ਉਹੀ*, ਪੰਨਾ 579.

166. *ਉਹੀ*, ਪੰਨਾ 1299.

167. *ਉਹੀ*, ਪੰਨਾ 594.

168. *ਉਹੀ*, ਪੰਨਾ 595.

169. ਰਤਨ ਸਿੰਘ ਜੱਗੀ(ਸੰਪਾ.),*ਸਹਿਤ ਕੋਸ਼*, ਪੰਨਾ 252.

170. *ਉਹੀ,* ਪੰਨਾ 229.

171. *ਉਹੀ,* ਪੰਨਾ 131.

172. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ 223.

173. *ਉਹੀ,* ਪੰਨਾ 226.

174. *ਉਹੀ,* ਪੰਨਾ 516.

- ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ॥ *ਉਹੀ,* ਪੰਨਾ 540.

- ਗੁਰਮੁਖਿ ਪਰਚੈ ਕੰਚਨ ਕਾਇਆ ਨਿਰਭਉ ਜੋਤੀ ਜੋਤਿ ਮਿਲਈਆ॥*ਉਹੀ,* ਪੰਨਾ 833.

- ਜੋ ਤੁਧੁ ਸੇਵਹਿ ਸੇ ਤੁਧ ਹੀ ਜੇਹੇ ਨਿਰਭਉ ਬਾਲ ਸਖਾਈ ਹੇ॥*ਉਹੀ,* ਪੰਨਾ 1021.

- ਨਿਰਭੈ ਸਾਧ ਪਰੈ ਹਰਿ ਸਰਨਾ॥*ਉਹੀ,* ਪੰਨਾ 1340.

175. *ਉਹੀ,* ਪੰਨਾ 942.

176. *ਉਹੀ,* ਪੰਨਾ 470.

177. ਮਨ ਅਪੁਨੇ ਤੇ ਬੁਰਾ ਮਿਟਨਾ॥ ਪੇਖੈ ਸਗਲ ਸ੍ਰਿਸਟਿ ਸਾਜਨਾ॥*ਉਹੀ,* ਪੰਨਾ 266.

- ਵਵਾ ਵੈਰੁ ਨ ਕਰੀਐ ਕਾਹੂ॥ ਘਟ ਘਟ ਅੰਤਰਿ ਬ੍ਰਹਮ ਸਮਾਹੂ॥*ਉਹੀ,* ਪੰਨਾ 259.

- ਨਾ ਕੋ ਮੇਰਾ ਦੁਸਮਨੁ ਰਹਿਆ॥ ਨਾ ਹਮ ਕਿਸ ਕੇ ਬੈਰਾਈ॥*ਉਹੀ,* ਪੰਨਾ 671.

178. ਜਸਵੰਤ ਸਿੰਘ ਨੇਕੀ,*ਵਿਸ਼ਵ ਅਰਦਾਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦੂਜੀ ਵਾਰ, 2010, ਪੰਨਾ 205.

179. ਜਗਤਾਰ ਸਿੰਘ,*ੴ ਦਰਪਣ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008, ਪੰਨਾ 158.

180. ਕਾਨ੍ਹ ਸਿੰਘ ਨਾਭਾ(ਭਾਈ),*ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 950.

181. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 806.

182. *ਉਹੀ,* ਪੰਨਾ 1070.

183. ਮਨਮੁਖ ਭੈ ਕੀ ਸਾਰ ਨ ਜਾਣਨੀ ਤ੍ਰਿਸਨਾ ਜਲਤੇ ਕਰਹਿ ਪੁਕਾਰ॥*ਉਹੀ,* ਪੰਨਾ 1288.

184. *ਉਹੀ,* ਪੰਨਾ 950.

185. *ਉਹੀ,* ਪੰਨੇ 1373-74.

186. *ਉਹੀ,* ਪੰਨਾ 151.

187. *ਉਹੀ,* ਪੰਨਾ 341.

188. *ਉਹੀ,* ਪੰਨਾ 223.

- ਭੈ ਵਿਣੁ ਜੀਵੈ ਬਹੁਤੁ ਬਹੁਤੁ ਖੁਸੀਆ ਖੁਸੀ ਕਮਾਇ॥

ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ॥*ਉਹੀ,* ਪੰਨਾ 149.

- ਭੈ ਵਿਚਿ ਜੰਮੈ ਭੈ ਮਰੈ ਭੀ ਭਉ ਮਨ ਮਹਿ ਹੋਇ॥

ਨਾਨਕ ਭੈ ਵਿਚਿ ਜੇ ਮਰੈ ਸਹਿਲਾ ਆਇਆ ਸੋਇ॥*ਉਹੀ,* ਪੰਨਾ 149.

189. *ਉਹੀ,* ਪੰਨਾ 1370.

190. *ਉਹੀ,* ਪੰਨਾ 645.

191. *ਉਹੀ,* ਪੰਨਾ 599.

192. *ਉਹੀ,* ਪੰਨਾ 465.

193. *ਉਹੀ,* ਪੰਨਾ 1123.

194. *ਉਹੀ,* ਪੰਨਾ 814.

ਸਤਿਗੁਰ ਤੇ ਭਉ ਉਪਜੈ ਪਾਈਐ ਮੋਖ ਦੁਆਰ॥ ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ॥ ਭੈ ਤੇ ਭੈਜਲੁ ਲੰਘੀਐ ਗੁਰਮਤੀ ਵੀਚਾਰੁ॥ ਭੈ ਤੇ ਨਿਰਭਉ ਪਾਈਐ ਜਿਸ ਦਾ ਅੰਤੁ ਨ ਪਾਰਾਵਾਰੁ॥

*ਉਹੀ,* ਪੰਨਾ 1288.

195. ਕਾਨ੍ਹ ਸਿੰਘ ਨਾਭਾ(ਭਾਈ),*ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 418.

196. *ਉਹੀ,* ਪੰਨਾ 84.

197. ਪਿਆਰਾ ਸਿੰਘ ਪਦਮ(ਸੰਪਾ.),*ਰਹਿਤਨਾਮੇ,* "ਤਨਖ਼ਾਨਾਮਾ ਭਾਈ ਨੰਦ ਲਾਲ ਜੀ", ਸਿੰਘ ਬ੍ਰਦਰਜ਼, ਅੰਮ੍ਰਿਤਸਰ, ਨੌਵੀਂ ਵਾਰ ਫਰਵਰੀ 2010, ਪੰਨਾ 59.

198. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 12.

199. *ਉਹੀ,* ਪੰਨਾ 4.

200. *ਉਹੀ,* ਪੰਨਾ 1381.

201. *ਉਹੀ,* ਪੰਨਾ 1384.

202. ਹੁਕਮੈ ਬੂਝੈ ਤ ਨਿਰਭਉ ਹੋਇ ਵਣਾਹੰਬੈ॥*ਉਹੀ,* ਪੰਨਾ 1104.

203. *ਉਹੀ*, ਪੰਨਾ 1123.

204. ਨਿਰਭਉ ਭਏ ਰਾਮ ਬਲ ਗਰਜਿਤ ਜਨਮ ਮਰਨ ਸੰਤਾਪ ਹਿਰਿਓ॥

*ਉਹੀ*, ਪੰਨਾ 1105.

205. *ਉਹੀ*, ਪੰਨਾ 1351.

206. *ਉਹੀ*, ਪੰਨਾ 722.

207. ਗੁੜ ਕਰਿ ਗਿਆਨੁ ਧਿਆਨੁ ਕਰਿ ਮਹੂਆ ਭਉ ਭਾਠੀ ਮਨ ਧਾਰਾ ॥

*ਉਹੀ*, ਪੰਨਾ 969.

208. *ਉਹੀ*, ਪੰਨਾ 1105.

209. *ਉਹੀ*, ਪੰਨਾ 970.

210. *ਉਹੀ*, ਪੰਨਾ 1366.

211. ਤਾਰਨ ਸਿੰਘ(ਡਾ.),*ਭਗਤੀ ਤੇ ਸ਼ਕਤੀ*, ਪੰਨਾ 150.

212. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ 1378.

213. *ਉਹੀ*, ਪੰਨਾ 1381.

214. *ਉਹੀ*, ਪੰਨਾ 13.

215. *ਉਹੀ*, ਪੰਨਾ 377.

216. *ਉਹੀ*, ਪੰਨਾ 97.

217. *ਉਹੀ*, ਪੰਨਾ 1349.

218. *ਉਹੀ*, ਪੰਨਾ 476.

219. *ਉਹੀ*, ਪੰਨਾ 747.

220. *ਉਹੀ*, ਪੰਨਾ 15.

221. *ਉਹੀ*, ਪੰਨਾ 300.

222. ਵੀਰ ਸਿੰਘ(ਭਾਈ),*ਵਾਰਾਂ ਭਾਈ ਗੁਰਦਾਸ ਸਟੀਕ*, ਵਾਰ 13, ਪਉੜੀ 2, ਪੰਨਾ 212.

223. Ishar Singh, *The Philosophy of Guru Nanak,* Vol-1, Atlantic Publishers and Distributers, Delhi, 1985, Page 153.

224. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ 874.

225. *ਉਹੀ*, ਪੰਨਾ 1158.

226. *ਉਹੀ*, ਪੰਨਾ 951.

227. *ਉਹੀ*, ਪੰਨਾ 671.

228. *ਉਹੀ*, ਪੰਨਾ 1384.

239. ਮਦਨ ਲਾਲ ਹਸੀਦਾ(ਡਾ. ਤੇ ਸੰਪਾ.), *ਗੁਰਮਤਿ ਸਾਹਿਤ ਬਹੁਪੱਖੀ ਅਧਿਐਨ*, ਭਾਸ਼ਾ ਵਿਭਾਗ, ਪੰਜਾਬ, 2006, ਪੰਨਾ 299.

# ਅਧਿਆਇ ਚੌਥਾ

# ਸਿੱਖ ਇਤਿਹਾਸ ਵਿਚ ਨਿਰਭਉ ਨਿਰਵੈਰ : ਵਿਵਹਾਰਿਕ ਪੱਖ

ਸਿੱਖ ਕੌਮ ਜੁਝਾਰੂਆਂ ਤੇ ਸ਼ਹੀਦਾਂ ਦੀ ਕੌਮ ਹੈ। ਸੱਚ ਆਖਣ ਅਤੇ ਸੱਚ ਬੋਲਣ ਦੀ ਕੀਮਤ ਤਾਰਨ ਵਾਸਤੇ ਹਰ ਵੇਲੇ ਤਿਆਰ ਰਹਿਣਾ ਸਿੱਖ ਕੌਮ ਨੇ ਆਪਣੇ ਬਾਨੀਆਂ ਤੋਂ ਹੀ ਸਿੱਖਿਆ ਹੈ। ਸਿੱਖ ਕੌਮ ਦਾ ਇਤਿਹਾਸ ਬਹੁਤ ਹੀ ਲਹੂ ਭਿਜਾ, ਨਿਡਰਤਾ, ਨਿਰਵੈਰਤਾ ਅਤੇ ਸ਼ਹਾਦਤ ਦਾ ਮਿਨਾਰ ਹੈ ਜਿਸ ਵਿਚ ਇੱਟਾਂ ਤੇ ਸੀਮਿੰਟ ਨਹੀਂ ਬਲਕਿ ਸ਼ਹੀਦਾਂ ਦੀਆਂ ਹੱਡੀਆਂ, ਲਹੂ ਲੱਗਾ ਹੈ। ਇਹ ਅਜੀਹੀ ਬਹਾਦਰ ਕੌਮ ਹੈ ਜਿਸ ਦੀ ਬੇਮਿਸਾਲ ਕੁਰਬਾਨੀ, ਸੂਰਬੀਰਤਾ ਦੀ ਤਾਰੀਫ਼ ਬਾਹਰੀ ਇਤਿਹਾਸਕਾਰਾਂ ਨੇ ਵੀ ਕੀਤੀ ਹੈ। ਸੱਚ, ਹੱਕ, ਇਨਸਾਫ, ਧਰਮ ਵਾਸਤੇ ਜਾਨਾਂ ਕੁਰਬਾਨ ਕਰ ਦੇਣ ਦਾ ਸਬਕ ਗੁਰੂ ਸਾਹਿਬ ਨੇ ਆਪ ਹੀ ਸਿਖਾਇਆ। ਕਨਿੰਘਮ ਦੇ ਸ਼ਬਦਾਂ ਵਿਚ "ਇਹ ਸੇਹਰਾ ਗੁਰੂ ਨਾਨਕ ਦੇਵ ਜੀ ਦੇ ਸਿਰ ਹੀ ਸਜਿਆ ਕਿ ਉਹ ਸੁਧਾਰ ਦੇ ਸਹੀ ਸਿਧਾਂਤਾਂ ਦਾ ਅਨੁਭਵ ਕਰਨ ਤੇ ਅਜੇਹੀਆਂ ਨੀਹਾਂ ਰੱਖਣ, ਜਿਸ ਤੇ ਉਨ੍ਹਾਂ ਦੇ ਜਾਨਸ਼ੀਨ ਗੁਰੂ ਗੋਬਿੰਦ ਸਿੰਘ ਸਾਹਿਬ ਨਵੀਂ ਕੌਮੀਅਤ ਦੀ ਉਸਾਰੀ ਕਰ ਸਕਣ।"[1] ਗਿਆਨੀ ਲਾਲ ਸਿੰਘ ਦੇ ਵਿਚਾਰਾਂ ਅਨੁਸਾਰ, "ਇਥੇ ਇਹ ਦੱਸ ਦੇਣਾ ਯੋਗ ਹੋਵੇਗਾ ਕਿ ਇਤਿਹਾਸਕਤਾ ਨੂੰ ਸਿਧਾਂਤ ਨਾਲੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ ਕਿਉਂਕਿ ਇਤਿਹਾਸਕਤਾ ਸਿਧਾਂਤ ਦੀ ਅਭਿਵਿਅਕਤੀ ਹੈ।"[2] ਸਿੱਖ ਧਰਮ ਦੇ ਸਾਰੇ ਸਿਧਾਂਤ ਗੁਰੂ ਨਾਨਕ ਦੇਵ ਜੀ ਦੇ ਗਹਿਰੇ ਰੂਹਾਨੀ ਅਨੁਭਵ ਵਿਚੋਂ ਹੀ ਪ੍ਰਗਟ ਹੋਏ ਹਨ। ਪ੍ਰੋ. ਰਾਮ ਸਿੰਘ ਕੁਲਾਰ ਦੇ ਕਥਨ ਮੁਤਾਬਿਕ, "ਸਿੱਖ ਧਰਮ ਦੀ ਇਹ ਅਦੁੱਤੀ ਵਡਿਆਈ ਹੈ ਕਿ ਇਹ ਕ੍ਰਿਆਤਮਕ ਅਮਲ ਅਤੇ ਵਾਧੂ ਇਛਾਵਾਂ ਦਾ ਤਿਆਗ ਕਰਕੇ ਸੰਸਾਰ ਨੂੰ 'ਬੇਗਮਪੁਰਾ' ਬਣਾਉਣ ਦਾ ਸਿਧਾਂਤ ਦ੍ਰਿੜ ਕਰਾਉਂਦਾ ਹੈ।"[3] ਸੂਬੇਦਾਰ ਬਘੇਲ ਸਿੰਘ ਲਿਖਦੇ ਹਨ “ਅਨੇਕ ਭਾਂਤੀ ਡਰ ਵਿਚ ਤਰਾਸਗੀ ਤੇ ਅਨੇਕ ਭਾਂਤੀ ਵੈਰਾਂ ਵਿਚ ਵੰਡੀ ਮਨੁੱਖਤਾ ਨੂੰ ਗੁਰਮਤਿ ਦਾ 'ਨਿਰਭਉ ਨਿਰਵੈਰ' ਦਾ ਸੰਕਲਪ ਧਰਮਾਂ ਦੇ ਇਤਿਹਾਸ ਨੂੰ ਵੱਡੀ ਦੇਣ ਹੈ।”[4] ਸਿੱਖਾਂ ਦੀ ਨਿਰਭੈਤਾ ਤੇ ਨਿਰਵੈਰਤਾ ਬਾਰੇ ਇਤਿਹਾਸ ਵਿਚ ਕਈ ਗਵਾਹੀਆਂ ਮਿਲਦੀਆਂ ਹਨ। ਸਿੱਖ ਜਗਤ ਦੀ ਸੁੰਦਰਤਾ ਅਤੇ ਮਹਾਨਤਾ ਇਸ ਵਿਚ ਹੀ ਹੈ ਕਿ ਗੁਰੂ ਸਾਹਿਬਾਨਾਂ ਨੇ ਬਾਣੀ ਦੇ ਸਿਧਾਂਤਾਂ ਨੂੰ ਅਮਲੀ ਪੱਖ ਤੋਂ

ਜ਼ਿੰਦਗੀ ਵਿਚ ਕਾਇਮ ਕਰ ਕੇ ਵਿਖਾਇਆ ਹੈ। ਗੁਰੂ ਸਾਹਿਬਾਨ ਦੇ ਜੀਵਨ ਵਿਚ ਉਨ੍ਹਾਂ ਦੇ ਸ਼ਖਸ਼ੀ ਗੁਣ, ਕਾਰਜ ਵਿਚੋਂ ਇਨ੍ਹਾਂ ਗੁਣਾਂ ਦੀ ਝਲਕ ਸਾਨੂੰ ਆਮ ਦੇਖਣ ਨੂੰ ਮਿਲਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਰਬੱਤ ਦੇ ਭਲੇ ਜੇਹੇ ਉੱਚੇ ਆਦਰਸ਼ ਨੂੰ ਅਮਲੀ ਸੂਰਤ ਦਿੱਤੀ। ਮਹਿਮਾ ਪ੍ਰਕਾਸ਼ ਵਿਚਲੀ ਸੱਚਾ ਸੌਦਾ ਸਾਖੀ ਸਾਡੇ ਸਾਹਮਣੇ ਨਿਰਵੈਰਤਾ ਦਾ ਸੰਕਲਪ ਪੇਸ਼ ਕਰਦੀ ਹੈ ਜਿਸ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚ ਦੀ ਕਮਾਈ ਜੋ ਦਰਗਾਹ ਵਿਚ ਵੀ ਕੰਮ ਆਉਦੀ ਹੈ ਸਮਝਾਇਆ।[5] ਪਾਂਧੇ ਨੂੰ ਮੁਕਤੀ ਅਤੇ ਸੱਚਾਈ ਦਾ ਰਾਹ ਦਰਸਾਉਂਦੇ ਹੋਏ ਮੁਕਤੀ ਦੀਆਂ ਅਧਿਆਤਮਿਕ ਵਿਚਾਰਾਂ ਕੀਤੀਆਂ।[6] ਗੁਰੂ ਜੀ ਨੇ ਵੇਈ ਨਦੀਂ ਵਿਚ ਇਸ਼ਨਾਨ ਕਰਨ ਤੋਂ ਜਗਤ ਨੂੰ ਭਾਈਚਾਰੇ ਦਾ ਸਾਝਾਂ ਉਪਦੇਸ਼ 'ਨਾ ਹਮ ਹਿੰਦੂ ਨ ਮੁਸਲਮਾਨ'[7] ਦੇ ਸਾਰਿਆਂ ਨੂੰ ਇਕ ਹੀ ਧਾਗੇ ਵਿਚ ਪ੍ਰੋਅ ਦਿੱਤਾ। ਸੰਸਾਰ ਨੂੰ ਤਾਰਨ ਲਈ ਅਤੇ ਨਿਰਭਉ ਹੋ ਕੇ ਉਸ ਨਿਰਭਉ ਰੂਪੀ ਅਕਾਲ ਪੁਰਖ ਦਾ ਹੋਕਾ ਦੇਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰੇ ਦਿਸ਼ਾਵਾਂ ਵੱਲ ਉਦਾਸੀਆਂ ਕੀਤੀਆਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਨੂੰ '੧ਓਂ' ਕਿਹਾ ਭਾਵ ਅਕਾਲ ਪੁਰਖ ਇਕ ਹੈ ਜੋ ਜੀਵਾਂ ਨੂੰ ਪੈਦਾ ਕਰਨ ਦੇ ਨਾਲ ਨਾਲ ਸਾਂਭ ਸੰਭਾਲ ਵੀ ਕਰਦਾ ਹੈ। ਇਥੇ ਅਕਾਲ ਪੁਰਖ ਤੋਂ ਬਿਨ੍ਹਾਂ ਕੋਈ ਹੋਰ ਹੈ ਹੀ ਨਹੀਂ। ਬਿਨ੍ਹਾਂ ਕਿਸੇ ਭੇਦ ਭਾਵ ਦੇ ਅਕਾਲ ਪੁਰਖ ਸਭ ਜੀਵਾਂ ਨੂੰ ਇਕ ਸਮਾਨ ਵੇਖਦਾ ਹੈ। ਸਾਰੇ ਜੀਵਾਂ ਵਿਚ ਵੀ ਉਸ ਇਕ ਦੀ ਜੋਤਿ ਹੀ ਵਿਦਮਾਨ ਹੈ। ਗੁਰੂ ਸਾਹਿਬਾਨਾਂ ਨੇ ਮਨੁੱਖ ਨੂੰ ਉਸ ਰੱਬੀ ਜੋਤਿ ਨੂੰ ਪਛਾਨਣ ਦਾ ਉਪਦੇਸ਼ ਦਿੱਤਾ ਹੈ:

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲ ਪਛਾਣ॥[8]

ਪਹਿਲੀ ਵਾਰ ਗੁਰੂ ਜੀ ਨੇ ਅਕਾਲ ਪੁਰਖ ਨੂੰ 'ਨਿਰਭਉ ਨਿਰਵੈਰ' ਆਖ ਕੇ ਅਕਾਲ ਪੁਰਖ ਦੇ ਬੇਪਰਵਾਹੀ ਰਾਜ ਅਤੇ ਪ੍ਰੇਮ ਦਇਆਲਤਾ ਰੂਪੀ ਛਵੀ ਨੂੰ ਪੇਸ਼ ਕੀਤਾ। ਗੁਰੂ ਜੀ ਦੇ ਪ੍ਰਕਾਸ਼ ਸਮੇਂ ਸਮਾਜ ਹਿੰਦੂ ਅਤੇ ਮੁਸਲਮਾਨ ਦੋ ਸ਼੍ਰੇਣੀਆਂ ਵਿਚ ਵੰਡਿਆ ਹੋਇਆ ਸੀ। ਇਸਲਾਮ ਧਰਮ ਸ਼ਰ੍ਹਾਂ ਤੇ ਜਥੇਬੰਦੀ ਦਾ ਧਰਮ ਸੀ। ਹਿੰਦੂਆਂ ਦੇ ਵਰਨ ਆਸ਼ਰਮ ਅਤੇ ਸਮਾਜਕ ਬੰਧਨ ਬੜੇ ਕਰੜੇ ਸਨ ਜਿਵੇਂ ਕਿ ਸ਼ੂਦਰਾਂ ਨੂੰ ਨੀਵਾਂ ਸਮਝਣਾ, ਭਗਵਾਨ ਦਾ ਨਾਮ ਲੈਣ ਉੱਤੇ ਸਜ਼ਾ ਦੇਣਾ, ਭਗਤੀ ਦਾ ਅਧਿਕਾਰੀ ਨਾ ਹੋਣਾ ਆਦਿ। ਇਸਲਾਮ ਦੇ ਪੈਰੋਕਾਰ ਮੁਸਲਮਾਨ ਬਾਦਸ਼ਾਹ ਤਾਕਤਵਰ ਸਨ। ਅਜਿਹੇ ਸਮੇਂ ਵਿਚ ਪੱਛਮ ਵਿਚ ਈਸਾਈ ਮਤ ਦੇ ਵਿਰੁੱਧ ਅੰਦੋਲਨ ਹੋ ਰਹੇ ਸਨ। ਜੈਨ ਤੇ ਬੁੱਧ ਧਰਮ ਮਿਟ ਚੁਕੇ ਸਨ ਪਰ ਉਨ੍ਹਾਂ ਦਾ ਕਾਫ਼ੀ ਅਸਰ ਬਾਕੀ ਸੀ। ਇਸ ਤਰ੍ਹਾਂ

ਪੂਰਬ ਪੱਛਮ ਵਿਚ ਸਥਿਤੀ ਕਾਫ਼ੀ ਡਾਵਾਂਡੋਲ ਸੀ।[9] ਅਜਿਹੇ ਮਾਹੌਲ ਵਿਚ ਵਿਸ਼ਵ ਦੇ ਸਾਹਮਣੇ ਅਕਾਲ ਪੁਰਖ ਨੂੰ ਇਕ ਕਹਿਣਾ ਆਪਣੇ ਆਪ ਵਿਚ ਨਿਰਭੈਅਤਾ ਦੀ ਨਿਸ਼ਾਨੀ ਸੀ।

ਗੁਰੂ ਜੀ ਨੇ ਨਵਾਬਾਂ, ਮੁੱਲੇ ਮੁਲਾਣਿਆਂ ਨੂੰ ਵੀ ਭਗਤੀ ਕਰਨ ਦਾ ਸਹੀ ਮਾਰਗ ਦੱਸਿਆ। ਨਿਡਰ ਹੋ ਕੇ ਉਨ੍ਹਾਂ ਨੂੰ ਸਹੀ ਮਨ ਤੋਂ ਪਰਮਾਤਮਾ ਦੀ ਭਗਤੀ ਕਰਨ ਲਈ ਤਾੜਿਆ। ਪਰਮਾਤਮਾ ਦੇ ਭੈ ਵਿਚ ਰਹਿ ਕੇ ਉਸ ਦੀ ਹਜ਼ੂਰੀ ਵਿਚ ਮਨ ਨੂੰ ਰੱਖਣਾ ਹੀ ਅਸਲ ਭਗਤੀ ਹੈ।[10] ਉਦਾਸੀਆਂ ਦੌਰਾਨ ਗੁਰੂ ਜੀ ਨੇ ਸੱਚ ਦੀ ਕਮਾਈ, ਨਾਮ ਜਪਣ ਤੇ ਵੰਡ ਛਕਣ ਦੇ ਸਿਧਾਤਾਂ ਨੂੰ ਦ੍ਰਿੜ ਕਰਵਾਇਆ। ਭਾਈ ਲਾਲੋ ਤੋਂ ਸੱਚ ਦੀ ਕਮਾਈ ਖਾਣ ਅਤੇ ਰਿਸ਼ਵਤ ਲੈਣ ਵਾਲੇ ਮਲਿਕ ਭਾਗੋ ਨੂੰ ਵੀ ਮੂੰਹ ਉੱਤੇ ਹੀ ਸੱਚ ਕਹਿਣ ਤੋਂ ਨਾ ਰੁੱਕੇ। ਮਲਿਕ ਭਾਗੋ ਵਰਗੇ ਸਰਦਾਰ ਅਖ਼ਵਾਉਣ ਵਾਲੇ ਨੂੰ ਲਾਲਚ ਦੀ ਕਮਾਈ ਖਾਣ ਤੋਂ ਰੋਕ ਚੰਗੇ ਇਨਸਾਨ ਬਣਨ ਲਈ ਪ੍ਰੇਰਿਆ ਹੈ।[11] ਇਹ ਸਭ ਤਾਂ ਹੀ ਸੰਭਵ ਸੀ ਜੇਕਰ ਗੁਰੂ ਜੀ ਆਪ ਨਿਰਭਉ ਰੂਪੀ ਇਸ਼ਟ ਦੇ ਪੁਜਾਰੀ ਸਨ ਅਤੇ ਬਿਨ੍ਹਾਂ ਡਰੇ ਹਰੇਕ ਨੂੰ ਸੱਚ ਦਾ ਹੋਕਾ ਦਿੰਦੇ ਸਨ। ਗੁਰੂ ਜੀ ਨੇ ਸਿੱਧਾਂ, ਨਾਥਾਂ, ਜੋਗੀਆਂ, ਤਾਂਤ੍ਰਿਕਾਂ ਨਾਲ ਗੋਸ਼ਟੀਆਂ ਕੀਤੀਆਂ। ਅੰਤਰ ਧਰਮ ਸੰਵਾਦ ਰਾਹੀਂ ਉਨ੍ਹਾਂ ਨੂੰ ਧਰਮ ਦੇ ਅਸਲੀ ਅਰਥਾਂ ਤੋਂ ਜਾਣੂ ਕਰਵਾਇਆ। ਸਿੱਖ ਧਰਮ ਹੀ ਇਕੋ ਇਕ ਧਰਮ ਹੈ ਜੋ ਸਾਮੀ ਤੇ ਭਾਰਤੀ ਦੋਹਾਂ ਨਾਲ ਅੰਤਰ ਧਰਮ ਸੰਵਾਦ ਰਚਦਾ ਹੈ। ਅੰਤਰ ਧਰਮ ਸੰਵਾਦ ਜਿਸ ਵਿਚ ਵੱਖੋ-ਵੱਖਰੇ ਧਰਮਾਂ ਦੇ ਪੈਰੋਕਾਰਾਂ ਤੇ ਲੋਕਾਂ ਦਾ ਇਕੱਠੇ ਹੋ ਕੇ ਸ਼ਾਂਤੀ ਨਾਲ ਵਾਰਤਾਲਾਪ ਕਰਨੀ ਤੇ ਇਸ ਤਰ੍ਹਾਂ ਦੂਸਰੇ ਧਰਮਾਂ ਨੂੰ ਸਮਝਣ ਦਾ ਮੌਕਾ ਮਿਲਣਾ। ਜਿਸ ਅੰਤਰ ਧਰਮ ਸੰਵਾਦ ਦੀ ਗੱਲ ਅੱਜ ਪੱਛਮੀ ਵਿਦਵਾਨ ਕਰ ਰਹੇ ਹਨ ਉਸ ਦੀ ਸਥਾਪਤੀ ਗੁਰੂ ਸਾਹਿਬਾਨਾਂ ਨੇ ਅੱਜ ਤੋ 500 ਸਾਲ ਪਹਿਲਾ ਹੀ ਕਰ ਦਿੱਤੀ ਸਿੱਖ ਇਤਿਹਾਸ ਵੱਲ ਝਾਤ ਮਾਰੀਏ ਤਾਂ ਅੰਤਰ ਧਰਮ ਸੰਵਾਦ ਦੀ ਝਲਕ ਆਸਾਨੀ ਨਾਲ ਦੇਖੀ ਜਾ ਸਕਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਵਿਭਿੰਨ ਬ੍ਰਾਹਮਣੀ, ਮੁਸਲਮਾਨੀ, ਬੋਧੀ, ਜੈਨੀ, ਜੋਗ ਮੱਤ ਆਦਿਕ ਨਾਲ ਸੰਬੰਧਿਤ ਧਾਰਮਿਕ ਕੇਦਰਾਂ ਉੱਤੇ ਆਪ ਚਲ ਕੇ ਗਏ। ਉਨ੍ਹਾਂ ਦੁਆਰਾ ਰਚੀ ਬਾਣੀ ਵਿਚ ਵੀ ਅੰਤਰ ਧਰਮ ਸੰਵਾਦ ਦੀ ਝਲਕ ਦੇਖੀ ਜਾ ਸਕਦੀ ਹੈ:

1. ਦੱਖਣੀ ਓਅੰਕਾਰ ਬਾਣੀ ਵਿਚ ਪੰਡਿਤ ਨਾਲ ਸੰਵਾਦ।
2. ਆਸਾ ਦੀ ਵਾਰ ਵਿਚ ਸਮਾਜਿਕ ਤੇ ਰਾਜਨੀਤਿਕ ਸੰਵਾਦ।
3. ਸਿਧ ਗੋਸਟਿ ਵਿਚ ਸਿੱਧਾਂ ਨਾਲ ਸੰਵਾਦ।

4. ਬਗਦਾਦ ਵਿਚ ਮੁਸਲਿਮ ਫਕੀਰਾਂ ਨਾਲ ਸੰਵਾਦ।

ਇਸ ਤਰ੍ਹਾਂ ਸਿੱਖ ਇਤਿਹਾਸ ਵਿਚ ਅੰਤਰ ਧਰਮ ਸੰਵਾਦ ਸ਼ੁਰੂ ਤੋਂ ਹੀ ਚਲਿਆ ਆ ਰਿਹਾ ਹੈ ਜੋ ਪਿਆਰ ਤੇ ਨਿਰਵੈਰਤਾ ਨੂੰ ਜਨਮ ਦਿੰਦਾ ਹੈ। ਅਜਿਹੀਆਂ ਵੱਡੀਆਂ ਵੱਡੀਆਂ ਮੰਡਲੀਆਂ ਵਿਚ ਬੈਠ ਕੇ ਉਨ੍ਹਾਂ ਨੂੰ ਧਰਮ ਦਾ ਸਹੀ ਰਾਹ ਦਰਸਾਉਣਾ, ਇਹ ਨਿਡਰਤਾ ਅਤੇ ਪਿਆਰ ਦਾ ਹੀ ਪ੍ਰਗਟਾਅ ਸੀ ਕਿ ਹਰੇਕ ਨੇ ਉਨ੍ਹਾਂ ਨੂੰ ਸਲਾਹਿਆ ਹੈ। ਗੁਰੂ ਜੀ ਨੇ ਉਨ੍ਹਾਂ ਨੂੰ ਨਿਡਰ ਹੋ ਕੇ ਪੰਥ ਤੋਂ ਭਟਕਣ ਦੀ ਗੱਲ ਆਖੀ ਹੈ:

ਜਿਨਹਿ ਖੁਦਾਇ ਬਿਸਾਰਿਓ ਆਵਹਿ ਤਿਨਕੇ ਹੇਤੁ।

ਭਲੋ ਪੰਥ ਦਿਖਾਇਕੈ ਜਾਵਹਿ ਅਪਨ ਨਿਕੇਤੁ॥32॥

ਅਬ ਤੁਮ ਰਾਹ ਪਿਕੰਬਰੀ ਭੂਲ ਗਏ ਮਤਿਮੰਦ ।

ਪੱਖ ਬਾਦ ਉਰ ਮੈਂ ਧਰਯੋ ਜਾਹੁ ਨਰਕ ਜਮਫੰਦ॥33॥[12]

ਗੁਰੂ ਜੀ ਨੇ ਹਿੰਦੂ ਮੁਸਲਮਾਨਾਂ ਨੂੰ ਇਕ ਹੀ ਪਰਮਾਤਮਾ ਦੀ ਔਲਾਦ ਆਖਦੇ ਹੋਏ ਆਪਸੀ ਭਾਈਚਾਰੇ, ਨਿਰਵੈਰਤਾ ਦੀ ਭਾਵਨਾ ਨੂੰ ਵਧਾਇਆ। ਦੋਹਾਂ ਨੇ ਹੀ ਗੁਰੂ ਜੀ ਦੀ ਰੂਹਾਨੀਅਤ ਤੋਂ ਪ੍ਰਭਾਵਿਤ ਹੋ ਕੇ ਅਤੇ ਸੱਚ ਦੇ ਹੋਕੇ ਦੀ ਆਵਾਜ਼ ਸੁਣ ਸਿਜਦਾ ਕੀਤਾ।[13] ਜਿਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਰਭੈਅਤਾ ਅੱਗੇ ਸਭ ਝੁਕੇ ਉਸੇ ਤਰ੍ਹਾਂ ਹੀ ਉਹ ਨਿਰਵੈਰ ਵੀ ਰਹੇ ਕਿ ਹਰੇਕ ਨਾਲ ਪਿਆਰ ਨਾਲ ਆਪਣੀ ਗੱਲ ਰੱਖਦੇ। ਕਈ ਦੇਸ਼ਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵੱਖਰੇ-ਵੱਖਰੇ ਨਾਮਾਂ ਨਾਲ ਯਾਦ ਕੀਤਾ ਜਾਂਦਾ ਹੈ, ਇਹ ਉਨ੍ਹਾਂ ਦੀ ਨਿਰਵੈਰ ਬਿਰਤੀ ਅਤੇ ਨਿਰਭਉ ਸੱਚਾਈ ਲਈ ਹੋਕੇ ਦੀ ਆਵਾਜ਼ ਹੀ ਸੀ। ਇਸੇ ਨਿਰਵੈਰਤਾ ਦਾ ਹੀ ਸਿੱਟਾ ਹੈ ਕਿ ਉਨ੍ਹਾਂ ਨੂੰ ਅੱਜ ਵੀ ਤਿੱਬਤੀ ਲੋਕ 'ਲਾਮਾ ਗੁਰੂ' ਆਖਦੇ ਹਨ ਅਤੇ ਮੰਦਰਾਂ ਵਿਚ ਮੂਰਤੀਆਂ ਬਣਾ ਕੇ 'ਓਲਹਾ ਗੁਰੂ' ਕਹਿ ਕੇ ਧਿਆਉਂਦੇ ਹਨ।[14] ਗੁਰੂ ਜੀ ਨੇ ਜੁਗਤੀ ਦੀ ਵਰਤੋਂ ਕਰ ਬ੍ਰਾਹਮਣ ਪੰਡਿਤ ਨੂੰ ਵੀ ਧਰਮ ਦਾ ਰਾਹ ਦਿਖਾਇਆ।[15]

ਜਦੋਂ ਭਾਰਤ ਤੇ ਬਾਬਰ ਨੇ ਹਮਲਾ ਕਰਕੇ ਲੁੱਟ-ਖਸੁੱਟ ਕੀਤੀ, ਤਾਂ ਗੁਰੂ ਜੀ ਸੱਚਾਈ ਦੇ ਰਾਹ ਉੱਤੇ ਚਲਦੇ ਹੋਏ ਫੌਜੀ ਧੱਕੇਸ਼ਾਹੀ ਹੇਠ ਕੈਦ ਹੋਣ ਤੋਂ ਵੀ ਪਿੱਛੇ ਨਾ ਹਟੇ। ਰੂਹਾਨੀ ਪ੍ਰਭਾਵ ਤੱਕ ਜਦੋਂ ਬਾਬਰ ਨੇ ਕੁਝ ਮੰਗਣ ਦੀ ਗੱਲ ਆਖੀ ਤਾਂ ਗੁਰੂ ਜੀ ਨਿਡਰ ਹੋ ਕੇ ਬੋਲੇ ਅਤੇ ਬਾਬਰ ਨੂੰ 'ਜਾਬਰ' ਆਖ ਕੇ ਉਸ ਦੇ ਅੱਤਿਆਚਾਰ ਅਤੇ ਲੋਕਾਂ ਉਤੇ ਕੀਤੇ ਜੁਲਮ ਨੂੰ ਭੰਡਿਆ।[16] ਬਾਬਰ ਨੂੰ ਆਪਣੇ ਕੀਤੇ ਦਾ ਅਹਿਸਾਸ ਹੋਇਆ

ਅਤੇ ਸੂਰਜ ਪ੍ਰਕਾਸ਼ ਗ੍ਰੰਥ ਅਨੁਸਾਰ ਉਸ ਨੇ ਸਾਰੇ ਕੈਦੀ ਰਿਹਾ ਕਰ ਦਿੱਤੇ ਅਤੇ ਅੱਗੇ ਤੋਂ ਸੱਚਾਈ ਦੇ ਰਾਹ ਚਲਣ ਲਈ ਕਮਰਕੱਸਾ ਕੀਤਾ।[17]

ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਦਾ ਸੱਚਾ ਅਤੇ ਉੱਚਾ ਉਪਦੇਸ਼ ਲੋਕਾਂ ਨੂੰ ਦਿੱਤਾ। ਜਾਬਰ ਨਾਲ ਲੜਨ ਲਈ ਨਿਰਭੈਅਤਾ ਅਤੇ ਨਿਰਵੈਰ ਹੋ ਕੇ ਸਰਬੱਤ ਦਾ ਭਲਾ ਕਰਨਾ ਇਹ ਨਿਰਭਉ ਨਿਰਵੈਰ ਦਾ ਸੰਕਲਪ ਹੀ ਸੀ। ਸਿੱਖ ਇਤਿਹਾਸ ਤੋਂ ਇਹ ਪ੍ਰਤੱਖ ਹੈ ਕਿ ਇਨ੍ਹਾਂ ਸਿਧਾਂਤਾ ਦੀ ਸਫਲਤਾ ਦਾ ਸੇਹਰਾ ਗੁਰੂ ਜੀ ਦੇ ਸਿਰ ਹੀ ਬੱਝਦਾ ਹੈ ਜਿਨ੍ਹਾਂ ਨੇ ਅਕਾਲ ਪੁਰਖ ਦੇ ਰੂਪ ਨੂੰ ਨਿਰਭਉ ਨਿਰਵੈਰ ਆਖਿਆ ਅਤੇ ਇਨ੍ਹਾਂ ਸੰਕਲਪਾਂ ਨੂੰ ਨਿਜੀ ਜ਼ਿੰਦਗੀ ਵਿਚ ਅਮਲੀ ਜਾਮਾ ਵੀ ਦਿੱਤਾ। ਗੁਰੂ ਜੀ ਦੁਆਰਾ ਚਲਾਈਆਂ ਸੰਗਤ, ਪੰਗਤ ਅਤੇ ਲੰਗਰ ਸੰਸਥਾਵਾਂ ਨੇ ਨਿਰਵੈਰਤਾ ਦੀਆਂ ਭਾਵਨਾਵਾਂ ਦਾ ਵਿਕਾਸ ਹੀ ਨਹੀਂ ਕੀਤਾ ਬਲਕਿ ਸਦੀਵੀ ਤੌਰ ਤੇ ਲੋਕਾਂ ਦੇ ਦਿਲਾਂ ਵਿਚ ਆਪਸੀ ਭਾਈਚਾਰੇ, ਮਾਨਵਾਦੀ ਕਦਰਾਂ ਕੀਮਤਾਂ ਨੂੰ ਵੀ ਪ੍ਰਫੁੱਲਿਤ ਕੀਤਾ। ਮਨੁੱਖੀ ਸਮਾਜ ਸੰਸਥਾਵਾਂ ਦਾ ਸਮੂਹ ਹੈ। ਸਮਾਜ ਦੀ ਮੂਲ ਸੰਸਥਾ ਪਰਿਵਾਰ ਹੁੰਦਾ ਹੈ। ਪੰਜਾਬੀ ਵਿਸ਼ਵ ਕੋਸ਼ ਅਨੁਸਾਰ, "ਸੰਸਥਾ ਆਧੁਨਿਕ ਸੰਗਠਿਤ ਸਮਾਜ ਦਾ ਇਕ ਬੁਨਿਆਦੀ ਅੰਗ ਹੈ। ਸੰਸਥਾ ਦੀ ਪਰਿਭਾਸ਼ਾ ਵੱਖ-ਵੱਖ ਸਮਾਜ ਵਿਗਿਆਨੀਆਂ ਨੇ ਆਪਣੇ-ਆਪਣੇ ਦ੍ਰਿਸ਼ਟੀਕੋਣ ਅਨੁਸਾਰ ਕੀਤੀ ਹੈ। ਕੁਝ ਇਸ ਨੂੰ 'ਆਦਰਸ਼ ਦਾ ਇਕੱਠ', ਕੁੱਝ 'ਵੱਡੇ-ਵੱਡੇ ਰਸਮੀ' ਇਕੱਠ ਕਹਿੰਦੇ ਹਨ। ਸੰਸਥਾ ਵਿਵਹਾਰ ਨੂੰ ਨਿਯਮ-ਬੱਧ ਕਰਦੀ ਹੈ। ਵਿਵਹਾਰ ਨੂੰ ਨਿਸ਼ਚਿਤ ਕਰਨਾ ਅਤੇ ਕਿਸੇ ਖਾਸ ਪੱਖ ਤੋਂ ਵਿਵਹਾਰ ਉੱਤੇ ਰੋਕ ਲਗਾਣਾ ਵੀ ਸੰਸਥਾ ਦਾ ਕੰਮ ਹੈ।"[18] ਗੁਰਮਤਿ ਵਿਚਾਰਧਾਰਾ ਅਨੁਸਾਰ ਸਿੱਖ ਨੂੰ ਗ੍ਰਹਿਸਥ ਪਰਿਵਾਰ ਤੋਂ ਬਾਅਦ ਗੁਰੂ ਦੀ ਸੰਗਤ ਕਰਨ ਦੀ ਹਿਦਾਇਤ ਕੀਤੀ ਗਈ ਹੈ। ਗੁਰਦੁਆਰਾ ਜਿਸ ਨੂੰ ਪਹਿਲਾ ਧਰਮਸਾਲ ਵੀ ਕਿਹਾ ਜਾਂਦਾ ਸੀ ਅੱਜ ਇਕ ਮੁੱਢਲੀ ਧਾਰਮਿਕ ਸਮਾਜਿਕ ਸੰਸਥਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਸਾਹਿਬ ਵਿਖੇ ਗ੍ਰਹਿਸਥ ਵਿਚ ਨਿਰਬਾਣ ਰਹਿਣ ਦੀ ਜੀਵਨ ਜਾਂਚ ਸਿਖਾਈ ਅਤੇ ਧਰਮਸਾਲ ਬਣਾ ਕੇ ਸੰਗਤ ਦੀ ਰੀਤ ਚਲਾਈ।[19] ਉਥੇ ਹੀ ਨਾਮ, ਦਾਨ, ਇਸ਼ਨਾਨ, ਅੰਮ੍ਰਿਤ ਵੇਲੇ ਆਸਾ ਦੀ ਵਾਰ, ਸੰਧਿਆ ਵੇਲੇ ਰਹਿਰਾਸ, ਰਾਤ ਨੂੰ ਕੀਰਤਨ ਸੋਹਿਲਾ ਪੜ੍ਹਨ ਦੀ ਮਰਿਆਦਾ ਸੰਗਤ, ਪੰਗਤ ਅਤੇ ਲੰਗਰ ਦੀ ਰੀਤ ਚਲਾਈ।[20] ਸੰਗਤ ਸੰਸਕ੍ਰਿਤ ਦੇ ਸੰਗਤਿ ਦਾ ਪੰਜਾਬੀ ਰੂਪ ਹੈ ਜਿਸ ਦਾ ਅਰਥ ਹੈ ਸਾਥ ਜਾਂ ਸੰਬੰਧ। ਸਿੱਖ ਧਰਮ ਵਿਚ ਵਿਸ਼ੇਸ਼ ਅਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮਰਦਾਂ ਤੇ

ਇਸਤਰੀਆਂ ਦਾ ਇਕੱਠ।[21] ਇਸ ਤਰ੍ਹਾਂ ਜੀਵਨ ਨੂੰ ਸੰਜਮੀ ਅਤੇ ਸੁਖਾਲਾ ਬਣਾ ਕੇ ਸਿੱਖਾਂ ਨੂੰ ਇਸ ਲਈ ਸੁਦ੍ਰਿੜ ਕੀਤਾ। ਲੰਗਰ ਫ਼ਾਰਸੀ ਮੂਲ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਉਹ ਥਾਂ ਜਿਥੇ ਗਰੀਬ, ਅਨਾਥਾਂ ਨੂੰ ਅੰਨ ਦਾ ਦਾਨ ਮਿਲੇ।[22] ਪੰਗਤ ਤੋਂ ਭਾਵ ਇਕੋ ਲਾਇਨ ਵਿਚ ਬੈਠ ਕੇ ਲੰਗਰ ਛਕਣਾ। ਇਸ ਤਰ੍ਹਾਂ ਲੰਗਰ ਨਾਲ ਪੰਗਤ ਸ਼ਬਦ ਵੀ ਪ੍ਰਚਲਿਤ ਹੋ ਗਿਆ। ਨਿਰਵੈਰਤਾ ਦੇ ਅਜਿਹੇ ਬੀਜ ਬੀਜੇ ਜਿਨ੍ਹਾਂ ਨੂੰ ਅਗਲੇ ਗੁਰੂ ਸਾਹਿਬਾਨਾਂ ਨੇ ਵੀ ਨਿਮਰਤਾ ਤੇ ਦਇਆਲਤਾ ਦਾ ਪਾਣੀ ਦੇ ਕੇ ਸਿੰਚਿਆ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤ ਸ੍ਰੀ ਗੁਰੂ ਅੰਗਦ ਦੇਵ ਜੀ ਵਿਚ ਸਮਾਈ:

ਆਪ ਗੁਰੂ ਬਹੁ ਬਾਰ ਬਤਾਏ।

ਮੇਰੋ ਸਰੂਪ ਪਿਖੋ ਤਨ ਅੰਗਦ,

ਭੇਦ ਨਹੀਂ ਇਕ ਮੇਕ ਬਨਾਏ॥11॥[23]

ਸ੍ਰੀ ਗੁਰੂ ਅੰਗਦ ਦੇਵ ਜੀ ਨਿਰਵੈਰਤਾ ਦੀ ਅਜਿਹੀ ਮੂਰਤ ਸਨ, ਉਨ੍ਹਾਂ ਨੇ ਗੁਰੂ ਬਣਨ ਉੱਤੇ ਖਡੂਰ ਸਾਹਿਬ ਵਿਖੇ ਡੇਰੇ ਲਾਏ ਤਾਂਕਿ ਗੁਰਿਆਈ ਲਈ ਲੜਾਈ ਨਾ ਹੋਵੇ।[24] ਸ੍ਰੀ ਗੁਰੂ ਅੰਗਦ ਦੇਵ ਜੀ ਨੇ ਨਿਰਵੈਰਤਾ ਦੀ ਅਜਿਹੀ ਮਿਸਾਲ ਕਾਇਮ ਕੀਤੀ ਜਿਸ ਦੀ ਉਦਾਹਰਣ ਉਨ੍ਹਾਂ ਦੀ ਨਿੱਤ ਦੀ ਕਿਰਿਆ ਚੋਂ ਵੇਖਣ ਨੂੰ ਮਿਲਦੀ ਹੈ ਕਿ ਉਹ ਆਪ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕਦੇ ਸਨ।[25] ਇਸ ਤਰ੍ਹਾਂ ਆਪ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਲੰਗਰ ਸੰਸਥਾ ਦਾ ਵਿਕਾਸ ਕੀਤਾ। ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਲੰਗਰ ਵਿਚ ਦੇਸੀ ਘੀ ਦੀ ਖੀਰ ਬਣਾਈ ਜਾਣ ਲੱਗੀ ਤਾਂ ਕਿ ਸਿੱਖ ਰਿਸ਼ਟ-ਪੁਸ਼ਟ ਰਹਿਣ।[26] ਇਹ ਸੰਸਥਾਵਾਂ ਅੱਜ ਵੀ ਪੂਰੀ ਦੁਨੀਆਂ ਉੱਤੇ ਨਿਰਵੈਰਤਾ, ਮਿੱਤਰਤਾ ਅਤੇ ਆਪਸੀ ਭਾਈਚਾਰੇ ਦਾ ਸੁਨੇਹਾ ਦਿੰਦੀਆ ਹਨ। ਉਸ ਸਮੇਂ ਦੇ ਵਿਚ ਜਾਤ-ਪਾਤ ਦਾ ਬੋਲਬਾਲਾ ਸੀ। ਸ਼ੂਦਰ ਜਾਤੀ ਦੇ ਲੋਕਾਂ ਨੂੰ ਨੀਂਵੇ ਸਮਝਿਆ ਜਾਂਦਾ ਸੀ, ਇਥੋ ਤਕ ਕਿ ਰੱਬੀ ਨਾਮ ਵੀ ਲੈਣ ਦਾ ਉਨ੍ਹਾਂ ਨੂੰ ਅਧਿਕਾਰ ਨਹੀਂ ਸੀ। ਅਜਿਹੇ ਹਾਲਾਤਾਂ ਵਿਚ ਗੁਰੂ ਸਾਹਿਬਾਨਾਂ ਦਾ ਇਨ੍ਹਾਂ ਸੰਸਥਾਵਾਂ ਨੂੰ ਚਾਲੂ ਕਰਨਾ ਆਪਣੇ ਆਪ ਵਿਚ ਬੜਾ ਇਨਕਲਾਬੀ ਕਾਰਜ ਸੀ। ਸਿੱਖਾਂ ਵਿਚ ਨਿਰਭੈਅਤਾ ਪੈਦਾ ਕਰਨ ਲਈ ਗੁਰੂ ਜੀ ਨੇ 'ਮੱਲ ਅਖਾੜਾ ਰਚਾਇਆ। ਨਰੋਏ ਮਨ ਲਈ ਨਰੋਆ ਤਨ ਵੀ ਜ਼ਰੂਰੀ ਹੈ ਇਸ ਲਈ ਗੁਰੂ ਜੀ ਤੀਜੇ ਪਹਿਰ ਘੋਲ ਕਰਵਾਉਂਦੇ ਸਨ। ਪਹਿਲਵਾਨ ਲੜਦੇ ਅਤੇ ਕੋਈ ਜਿਤਦਾ ਤੇ ਕੋਈ ਹਾਰਦਾ।[27] ਗੁਰੂ ਜੀ ਨੇ ਸਿੱਖਾਂ ਨੂੰ

ਸਰੀਰਕ ਤੌਰ ਤੇ ਤੰਦਰੁਸਤ ਅਤੇ ਬਲਵਾਨ ਬਣਨ ਲਈ ਆਖਿਆ ਤਾਂ ਕਿ ਦੀਨ ਵਾਸਤੇ ਲੜਨ ਲਈ ਉਹ ਹਰ ਸਮੇਂ ਤਿਆਰ-ਬਰ-ਤਿਆਰ ਰਹਿਣ।

ਮਾਨਸਿਕ ਤੌਰ ਤੇ ਵੀ ਸਿੱਖਾਂ ਨੂੰ ਮਜਬੂਤ ਬਣਾਉਣ ਲਈ ਪਨੀਰੀ ਭਾਵ ਬੱਚਿਆਂ ਨੂੰ ਗੁਰਮੁਖੀ ਸਿਖਾਉਣ ਲਈ 'ਬਾਲ ਵਿਦਿਆਲਾ ਚਲਾਇਆ। ਇਸ ਤਰ੍ਹਾਂ ਸੰਤ ਤੋਂ ਸਿਪਾਹੀ ਤੱਕ ਦਾ ਸਫ਼ਰ ਤਹਿ ਕਰਨ ਦੀ ਤਿਆਰੀ ਗੁਰੂ ਜੀ ਨੇ ਸ਼ੁਰੂ ਕਰ ਦਿੱਤੀ ਸੀ।[28] ਸ੍ਰੀ ਗੁਰੂ ਅੰਗਦ ਦੇਵ ਜੀ ਸਮ ਬਿਰਤੀ ਦੇ ਮਾਲਕ ਸਨ, ਉਨ੍ਹਾਂ ਦਾ ਕਿਸੇ ਨਾਲ ਵੈਰ ਨਹੀਂ ਸੀ। ਉਹ ਹਮੇਸ਼ਾ ਪ੍ਰੇਮ ਰਸ ਵਿਚ ਰਹਿੰਦੇ ਸਨ।[29] ਆਪਨੇ ਗੋਰਖਨਾਥ, ਭਰਖਰੀ ਅਤੇ ਚਰਪਟ ਵਰਗੇ ਸਾਧੂਆਂ ਨਾਲ ਅੰਤਰ ਧਰਮ ਸੰਵਾਦ ਕਰਕੇ ਸਮਝਾਇਆ ਕਿ ਸਹਜ ਯੋਗ ਹੀ ਉੱਤਮ ਹੈ ਅਤੇ ਨਾਮ ਰਾਹੀਂ ਮੁਕਤੀ ਪ੍ਰਾਪਤ ਹੁੰਦੀ ਹੈ। ਆਪ ਜੀ ਨੇ ਉਨ੍ਹਾਂ ਦੇ ਸ਼ੰਕਿਆਂ ਨੂੰ ਦੂਰ ਕੀਤਾ।[30] ਗੁਰੂ ਜੀ ਦੀ ਨਿਰਭੈਅਤਾ ਬਾਰੇ ਹੰਮਾਯੂ ਦੇ ਸੇਵਕਾਂ ਨੇ ਵੀ ਇੰਜ ਆਖਿਆ:

ਕਹੀ ਪੁਸ਼ਤ ਲੈ ਫੁਰਯੋ ਨ ਬੈਨਾ। ਬੂਝਹਿ ਤਿਹ ਸੋ  ਜਿਹ ਉਰ ਭੈ ਨਾ।

ਤਬ ਵਜ਼ੀਰ ਨੇ ਕਹਾ ਸੁਨਾਈ। ਗੁਰੂ ਅੰਗਦ ਬੈਠਯੋ ਤਿਨ ਥਾਈ॥49॥[31]

ਜਦੋਂ ਹੰਮਾਯੂ ਨੇ ਹੰਕਾਰ ਨਾਲ ਗੁਰੂ ਜੀ ਅੱਗੇ ਤਲਵਾਰ ਚੁੱਕੀ ਤਾਂ ਗੁਰੂ ਜੀ ਨੇ ਨਿਡਰਤਾ ਨਾਲ ਉਸ ਦੀ ਕਾਇਰਤਾ ਨੂੰ ਭੰਡਿਆ। ਹੰਮਾਯੂ ਨੇ ਮੁਆਫ਼ੀ ਮੰਗੀ ਅਤੇ ਦੀਨ ਦੁਨੀ ਦੇ ਮਾਲਕ ਨੇ ਉਸ ਨੂੰ ਬਖਸ਼ ਦਿੱਤਾ।[32] ਸਿੱਖਾਂ ਨੂੰ ਉਪਦੇਸ਼ ਦਿੱਤਾ ਕਿ ਮੈਦਾਨ ਵਿਚ ਯੋਧੇ ਭਾਵੇ ਥੋੜ੍ਹੇ ਹੀ ਹੋਣ ਪਰ ਸਾਹਮਣੇ ਹੋ ਕੇ ਲੜਨਾ ਅਤੇ ਨਿਰਭੈ ਹੋ ਕੇ ਸ਼ਸਤਰ ਚਲਾਉਣਾ ਉਨ੍ਹਾਂ ਦਾ ਕਰਮ ਹੈ। ਸੂਰਮੇ ਮੈਦਾਨ ਵਿਚ ਸਾਹਮਣੇ ਹੋ ਕੇ ਲੜਦੇ ਹਨ।[33] ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਵਰਣ ਆਸ਼ਰਮ ਦਾ ਨੇਮ ਨਾ ਰੱਖ ਕੇ ਇਕੱਠੇ ਬਿਠਾਉਣਾ, ਇਕੱਠੇ ਖਿਲਾਉਣਾ, ਇਕੱਠੇ ਲੜਾਉਣਾ ਅਤੇ ਪੜ੍ਹਾਉਣਾ ਇਸ ਤਰ੍ਹਾਂ ਸਮਾਜ ਵਿਚ ਰੰਗ, ਨਸਲ ਆਦਿ ਸਭ ਵਿਤਕਰੇ ਖ਼ਤਮ ਹੋਣ ਲੱਗੇ ਅਤੇ ਉਨ੍ਹਾਂ ਨੇ ਸਿੱਖਾਂ ਵਿਚ ਨਿਰਭਉ ਨਿਰਵੈਰ ਰੂਪੀ ਨੈਤਿਕ ਕੀਮਤਾਂ ਨੂੰ ਹੋਰ ਪ੍ਰਫੁੱਲਿਤ ਕੀਤਾ।

ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਬਾਅਦ ਸ੍ਰੀ ਗੁਰੂ ਅਮਰਦਾਸ ਜੀ ਜਿਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਬਣਾ ਕੇ ਅਜਿਹੀ ਸੇਵਾ ਦੀ ਘਾਲ ਸਿੱਖਾਂ ਨੂੰ ਕਰਕੇ ਦਿਖਾਈ ਕਿ ਗੁਰੂ ਅਤੇ ਸਿੱਖ ਵਿਚ ਅਜਿਹਾ ਪਿਆਰ ਅਤੇ ਸੇਵਾ ਸਿਮਰਨ ਦੀ ਡੋਰ ਹੋਣੀ ਚਾਹੀਦੀ ਹੈ, ਜੋ ਉਸ ਨੂੰ ਗੁਰੂ ਵਿਚ ਅਭੇਦ ਕਰ ਦੇਵੇ। ਗੁਰੂ ਜੀ

ਨੇ ਸਿੱਖਾਂ ਲਈ ਸੇਵਾ, ਸਿਮਰਨ ਦੀ ਮਿਸਾਲ ਕਾਇਮ ਕੀਤੀ ਉਹ ਹਰ ਰੋਜ ਬਿਆਸਾ ਵਿਚੋਂ ਪਾਣੀ ਦੀ ਗਾਗਰ ਲਿਆ ਆਪਣੇ ਗੁਰੂ ਦਾ ਇਸ਼ਨਾਨ ਕਰਾਉਂਦੇ ਸਨ। ਇਹ ਉਨ੍ਹਾਂ ਦੀ ਨਿਤ ਦੀ ਕਿਰਿਆ ਸੀ।[34] ਇਕ ਵਾਰੀ ਕਾਲੀ ਬੋਲੀ ਹਨ੍ਹੇਰੀ ਵਿਚ ਪਾਣੀ ਦੀ ਗਾਗਰ ਲਿਆਉਂਦੇ ਸਮੇਂ ਅਚਾਨਕ ਉਨ੍ਹਾਂ ਦਾ ਜੁਲਾਹੇ ਦੀ ਖੱਡੀ ਨਾਲ ਠੇਡਾ ਲੱਗਾ। ਬੜੀ ਮੁਸ਼ਕਿਲ ਨਾਲ ਗਾਗਰ ਬਚਾਉਂਦੇ ਹੋਏ ਉਹ ਸੰਭਲੇ। ਇਸ ਖੜਾਕ ਦਾ ਕਾਰਨ ਜੁਲਾਹੇ ਵਲੋਂ ਪੁੱਛਣ ਤੇ ਜੁਲਾਹੀ ਨੇ ਕਿਹਾ ਇਹ ਅਮਰੂ ਨਿਥਾਵਾ ਹੈ ਜੋ ਰਾਤ ਨੂੰ ਵੀ ਆਰਾਮ ਨਹੀਂ ਕਰਦਾ।[35] ਐਸੀ ਸੇਵਾ ਤੋਂ ਖੁਸ਼ ਹੋ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ 'ਨਿਥਾਵਿਆਂ ਦੇ ਥਾਂ, ਧੀਰਜ ਰਹਿਤਾ ਨੂੰ ਧੀਰਜ ਦੇਣ ਵਾਲੇ, ਘੜਨ ਤੇ ਭੰਨਣ ਸਮਰੱਥ ਹੋ, ਆਦਿ ਦੀਆਂ ਅਨੇਕਾਂ ਹੀ 12 ਬਖਸ਼ੀਸ਼ਾ ਗੁਰੂ ਅਮਰਦਾਸ ਜੀ ਉੱਤੇ ਕੀਤੀਆਂ।'[36]

ਸ੍ਰੀ ਗੁਰੂ ਅਮਰਦਾਸ ਜੀ ਨੂੰ ਜਦੋਂ ਗੁਰਿਆਈ ਮਿਲੀ ਤਾਂ ਗੁਰੂ ਪੁੱਤਰਾਂ ਨੇ ਈਰਖਾ ਰੱਖੀ ਪਰ ਸ੍ਰੀ ਗੁਰੂ ਅਮਰਦਾਸ ਜੀ ਨਿਰਵੈਰਤਾ ਦਾ ਪੁੰਜ ਬਣੇ। ਬਾਬਾ ਦਾਤੂ ਜੀ ਨੇ ਈਰਖਾ ਤੇ ਕ੍ਰੋਧ ਵਸ ਗੁਰੂ ਜੀ ਦੇ ਲੱਤ ਮਾਰੀ ਪਰ ਗੁਰੂ ਜੀ ਹਲੀਮੀ ਨਾਲ ਉਨ੍ਹਾਂ ਦੇ ਪੈਰ ਘੁੱਟਣ ਲੱਗੇ ਤੇ ਨਿਮਰਤਾ ਤੇ ਪਿਆਰ ਭਰਪੂਰ ਸ਼ਬਦ ਉਚਾਰਨ ਕੀਤੇ।[37] ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰੂ ਅਮਰਦਾਸ ਜੀ ਦੀ ਮਹਿਮਾ ਇੰਝ ਕਹਿ ਕੇ ਗਾਈ ਹੈ:

'ਕਲਿਜੁਗ ਨਰ ਤਾਰਨ, ਲਖਿ ਇਹ ਕਾਰਨ, ਤਨ ਕੋ ਧਾਰਨ ਕੀਨ ਪ੍ਰਭੋ!।
ਸਿੱਖਨ ਹਿਤਕਾਰੀ ਜਮ ਭੈ ਹਾਰੀ ਭਗਤਿ ਬਿਥਾਰੀ ਆਪ ਬਿਭੋ।[38]

ਗੁਰੂ ਜੀ ਨੇ ਅੰਤਰ ਜਾਤੀ ਵਿਆਹ, ਸਤੀ ਦੀ ਰਸਮ ਅਤੇ ਪਰਦੇ ਦੀ ਪ੍ਰਥਾ ਦਾ ਅੰਤ ਕਰਵਾ ਕੇ ਸਮਾਜ ਵਿਚ ਔਰਤ ਦੀ ਮਾਨਸਿਕਤਾ ਵਿਚੋਂ ਡਰ ਕੱਡ ਕੇ ਨਿਰਭਉ ਦੀ ਭਾਵਨਾ ਨੂੰ ਜਗਾਇਆ ਅਤੇ ਉਸ ਨੂੰ ਬਰਾਬਰ ਦਾ ਸਨਮਾਨ ਦੇਣ ਵਿਚ ਪਹਿਲ ਕੀਤੀ। ਪੰਗਤ ਤੇ ਲੰਗਰ ਰਾਹੀਂ ਗੁਰੂ ਜੀ ਨੇ ਬਰਾਬਰਤਾ ਪੈਦਾ ਕਰਨ ਲਈ ਹੁਕਮ ਜਾਰੀ ਕਰ ਦਿੱਤਾ ਸੀ ਕਿ ਕੋਈ ਭਾਵੇਂ ਰਾਜਾ, ਅਮੀਰ, ਗਰੀਬ ਕੋਈ ਵੀ ਮੇਰੇ ਦਰਸ਼ਨ ਕਰਨਾ ਲੋਚਦਾ ਹੈ ਤਾਂ ਪਹਿਲਾ ਪੰਗਤ ਵਿਚ ਬੈਠੇ ਕੇ ਲੰਗਰ ਛਕੇ ਉਪਰੰਤ ਹੀ ਦਰਸ਼ਨ ਲਈ ਆਵੇ,[39] 22 ਮੰਜੀਆ ਦੀ ਸਥਾਪਨਾ ਕਰਨਾ,[40] ਸਿੱਖਾਂ ਨੂੰ ਜੱਥੇਬੰਦ ਕਰਨਾ ਅਤੇ ਸਿੱਖ ਸੰਗਤਾਂ ਨੂੰ ਇਕੱਤਰ ਕਰਨ ਲਈ ਸਲਾਨਾ ਸਿੱਖ ਸਮਾਗਮ ਕਰਨੇ ਆਰੰਭ ਕੀਤੇ। ਮੰਜੀ ਤੋਂ ਭਾਵ ਛੋਟਾ ਮੰਜਾ। ਗੁਰਦੁਆਰੇ ਦਾ ਉਹ ਥੜਾ ਜੋ ਗੁਰੂ ਸਾਹਿਬ ਦੇ ਬੈਠਣ ਦੀ ਥਾਂ, ਸਨਮਾਨ ਵਾਸਤੇ ਬਣਾਇਆ ਹੋਵੇ।[41] ਗੁਰੂ ਦੇ ਸਿੱਖ ਮੰਜੀ ਉਤੇ ਬੈਠਦੇ ਅਤੇ ਸਾਰੀ ਸੰਗਤ

ਇਕੱਠੀ ਹੋ ਗੁਰੂ ਦਾ ਜਸ, ਕੀਰਤਨ ਤੇ ਸਿਮਰਨ ਕਰਦੀ। ਮੰਜੀ ਸੰਸਥਾ ਵਿਚ ਗੁਣੀ ਵਿਅਕਤੀਆਂ ਨੂੰ ਬਿਠਾ ਕੇ ਤੀਸਰੇ ਗੁਰੂ ਸਾਹਿਬਾਨ ਨੇ ਆਪਸੀ ਮਿਲਵਰਤਨ ਦਾ ਸੁਨੇਹਾ ਅਤੇ ਸੱਚ ਦਾ ਉਪਦੇਸ਼ ਦੇਣ ਦਾ ਜੋ ਕਾਰਜ ਕੀਤਾ ਉਹ ਬਹੁਤ ਹੀ ਸੁਲਝਿਆ ਹੋਇਆ ਕਾਰਜ ਸੀ। ਮੰਜੀਦਾਰ ਸੱਚ ਦਾ ਸੁਨੇਹਾ ਸਾਰੇ ਲੋਕਾਂ ਤਕ ਪਹੁੰਚਾਉਂਦੇ ਅਤੇ ਉਨ੍ਹਾਂ ਦੀਆਂ ਭੇਟਾਵਾਂ ਅਤੇ ਵਿਚਾਰ ਇਨ੍ਹਾਂ ਰਾਹੀਂ ਗੁਰੂ ਸਾਹਿਬਾਨਾਂ ਤੱਕ ਪੁੱਜਦੇ। ਇਕ ਤਰ੍ਹਾਂ ਨਾਲ ਇਹ ਗੁਰੂ ਅਤੇ ਸਿੱਖਾਂ ਵਿਚ ਲੜੀ ਦਾ ਕਾਰਜ ਕਰਦੇ। ਇਸ ਤਰ੍ਹਾਂ ਵੱਖੋ-ਵੱਖਰੇ ਵਰਗ ਦੇ ਲੋਕ ਇਕ ਦੂਜੇ ਦੇ ਨੇੜੇ ਆਏ ਤੇ ਆਪਸੀ ਮੇਲ ਜੋਲ ਨੇ ਵੈਰ ਨੂੰ ਖ਼ਤਮ ਕੀਤਾ। ਅਕਬਰ ਅਤੇ ਹਰੀਪੁਰ ਦੇ ਰਾਜੇ ਵੀ ਪਹਿਲਾ ਗੁਰੂ ਜੀ ਦੀ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਅਤੇ ਫਿਰ ਗੁਰੂ ਜੀ ਦੇ ਦਰਸ਼ਨ ਕਰ ਸਕੇ। ਇਸ ਤਰ੍ਹਾਂ ਗੁਰੂ ਸਾਹਿਬ ਨੇ ਲੋਕਾਂ ਦੀ ਮਾਨਸਿਕਤਾ ਵਿਚੋਂ ਵੱਡੇ ਛੋਟੇ ਦਾ ਫ਼ਰਕ ਮਿਟਾ ਦਿੱਤਾ।

ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਜੀ ਦੀ ਸੇਵਾ ਸਿਮਰਨ ਤੋਂ ਪ੍ਰਸੰਨ ਹੋ ਕੇ ਗੁਰਿਆਈ ਸ੍ਰੀ ਗੁਰੂ ਰਾਮਦਾਸ ਜੀ ਨੂੰ ਦਿੱਤੀ। ਤੀਜੇ ਗੁਰੂ ਜੀ ਬੋਲੇ ਕਿ ਸ੍ਰੀ ਗੁਰੂ ਰਾਮਦਾਸ ਅਤੇ ਮੇਰੇ ਵਿਚ ਕੋਈ ਵੀ ਭੇਦ ਨਹੀਂ ਹੈ। ਅਸੀਂ ਇਕ ਹੀ ਹਾਂ। ਤੀਜੀ ਜੋਤ ਚੌਥੀ ਜੋਤ ਵਿਚ ਸਮਾ ਗਈ।[42] ਸ੍ਰੀ ਗੁਰੂ ਰਾਮਦਾਸ ਜੀ (ਭਾਈ ਜੇਠਾ ਜੀ ) ਦੇ ਮਾਂ-ਬਾਪ ਦੇ ਅਕਾਲ ਚਲਾਣੇ ਤੋਂ ਬਾਅਦ ਆਪਣੀ ਨਾਨੀ ਜੀ ਕੋਲ ਰਹਿੰਦੇ ਸਨ ਤੇ ਘੁਗੰਣੀਆਂ ਵੇਚ ਕੇ ਗੁਜਾਰਾ ਕਰਦੇ ਸਨ। ਫਿਰ ਗੋਇੰਦਵਾਲ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਰਨ ਆ ਸੇਵਾ ਭਾਵਨਾ ਵਿਚ ਲੀਨ ਹੋ ਗਏ। ਭਾਈ ਸੰਤੋਖ ਸਿੰਘ ਜੀ ਸ੍ਰੀ ਗੁਰੂ ਰਾਮਦਾਸ ਜੀ ਨੂੰ ਜਮਾਂ ਦਾ ਡਰ ਦੂਰ ਕਰਨ ਵਾਲੇ, ਪ੍ਰੇਮ ਸਰੂਪ, ਕ੍ਰੋਧ ਅਤੇ ਵੈਰ ਦਾ ਅਭਾਵ, ਗਿਆਨ ਦਾ ਸੂਰਜ ਆਖਦੇ ਹਨ।[43] ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖਾਂ ਲਈ 'ਗੁਰੂ ਦਾ ਚੱਕ' ਨਗਰ ਦੀ ਨੀਂਹ ਰੱਖ ਕੇ ਬਹੁਤ ਹੀ ਵੱਡਾ ਤੀਰਥ ਅਸਥਾਨ ਸੰਗਤਾਂ ਨੂੰ ਦਿੱਤਾ। ਇਸ ਦੀ ਮਹਿਮਾ ਕਥਨ ਤੋਂ ਬਾਹਰ ਹੈ, ਉਥੇ ਉਨ੍ਹਾਂ ਨੇ 52 ਜਾਤੀਆਂ ਦੇ ਲੋਕਾਂ ਨੂੰ ਵਸਾਇਆ।[44] ਮੰਜੀਆਂ ਦੀ ਥਾਂ 'ਮਸਨਦਾਂ' ਕਾਇਮ ਕੀਤੀਆਂ ਕਿਉਂਕਿ ਸਿੱਖੀ ਦਾ ਪ੍ਰਚਾਰ ਬਹੁਤ ਵੱਧ ਗਿਆ ਸੀ। ਸ੍ਰੀ ਗੁਰੂ ਰਾਮਦਾਸ ਜੀ ਨੇ ਸ਼ਬਦ ਗੁਰੂ ਦੀ ਮਹਾਨਤਾ ਨੂੰ ਬਹੁਤ ਪ੍ਰਫ਼ੁੱਲਿਤ ਕੀਤਾ। 'ਬਾਣੀ ਗੁਰੂ ਹੈ' ਦੇ ਸਿਧਾਂਤ ਨੂੰ ਸਿੱਖਾਂ ਵਿਚ ਪ੍ਰਪੱਕ ਕੀਤਾ। ਆਪ ਨੇ ਜਿੰਨ੍ਹੀ ਬਾਣੀ ਰਚੀ ਉਸ ਵਿਚ ਸ਼ਬਦ ਗੁਰੂ ਦੀ ਹੀ ਮਹਿਮਾ ਨਜ਼ਰੀ ਪੈਂਦੀ ਹੈ:

- ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ॥[45]

- ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰ ਸਿਖਹੁ।[46]

ਗੁਰੂ ਜੀ ਦਾ ਕਿਸੇ ਨਾਲ ਵੀ ਵੈਰ, ਵਿਰੋਧ ਨਹੀਂ ਸੀ, ਉਹ ਸੀਲ ਸੰਜਮੀ ਅਤੇ ਇਕ ਰਸ ਬ੍ਰਿਤੀ ਦੇ ਮਾਲਕ ਸਨ।

ਹਰਖ ਨ, ਸ਼ੋਕ ਨ, ਬੈਰੀ ਮੀਤ ਨ। ਤਤਪਰ ਰਹੈ ਏਕ ਮਨ ਜੀਤਨ।

ਨਿਸ਼ਕਾਮੀ, ਨਿਤ ਸਹਿਨ ਸੁਸ਼ੀਲ। ਸਦਾ ਏਕ ਰਸ ਮਹਿਂ ਬ੍ਰਿਤਿ ਮੀਲ॥52॥[47]

ਸ੍ਰੀ ਗੁਰੂ ਰਾਮਦਾਸ ਜੀ ਨ੍ਰਿਮਤਾ ਦੇ ਪੁੰਜ ਸਨ। ਜਦੋਂ ਸ੍ਰੀ ਚੰਦ ਜੀ ਨੇ ਲੰਮੇ ਦਾੜ੍ਹੇ ਬਾਰੇ ਪੁੱਛਿਆ ਤਾ ਨਿਮਰ ਸੁਭਾਅ ਦੇ ਮਾਲਕ ਬੋਲੇ:

ਚਰਨ ਗਹੇ ਕਰਿ ਪ੍ਰੇਮ ਸੋ ਪੌਛਹਿਂ ਬਾਰੰਬਾਰ।

'ਇਸ ਹੀ ਹੇਤੁ ਵਧਾਤਿ ਭੇ, ਸੁਨੀਏ ਗੁਰ ਸੁਤ ਦਯਾਰ॥78॥[48]

ਜਦੋਂ ਅਰਜਨ ਦੇਵ ਜੀ ਦੁਆਰਾ ਭੇਜੀਆਂ ਚਿੱਠੀਆਂ ਨੂੰ ਪ੍ਰਿਥੀ ਚੰਦ ਨੇ ਗੁਰੂ ਜੀ ਤੋਂ ਛੁਪਾਇਆ। ਗੁਰੂ ਜੀ ਨੇ ਭਰੀ ਸਭਾ ਵਿਚ ਨਿਰਭਉ ਹੋ ਕੇ ਆਪਣੇ ਪੁੱਤਰ ਦੀ ਮੂਰਖਤਾਈ ਉੱਤੇ ਉਸ ਨੂੰ ਭੰਡਿਆ:

ਬਡੋ ਗਰੀਬ ਕਪਟ ਤੇ ਹੀਣਾ। ਨਹੀਂ ਕੁਟਿਲਤਾ ਦੀਰਘ ਮੀਣਾ।

ਓਰਕ ਲੈ ਹਠ ਕੋ ਨਿਰਬਹੀਆ। ਭਯੋ ਨਿਲਾਇਕ ਗੁਰ ਕੁਲ ਮਹੀਆ॥34॥[49]

ਗੁਰੂ ਜੀ ਨੇ ਅਰਜਨ ਦੇਵ ਨੂੰ ਗੁਰਿਆਈ ਦੇ ਦਿੱਤੀ।[50] ਸ੍ਰੀ ਗੁਰੂ ਅਰਜਨ ਦੇਵ ਜੀ ਨੂੰ 'ਸ਼ਾਂਤੀ ਦਾ ਪੁੰਜ' ਕਿਹਾ ਜਾਂਦਾ ਹੈ। ਗੁਰੂ ਜੀ ਸ਼ੁਰੂ ਤੋਂ ਹੀ ਸਿਮਰਨ ਤੇ ਸੇਵਾ ਆਦਿ ਗੁਣਾਂ ਨਾਲ ਸਰਸ਼ਾਰ ਸਨ ਤਾਂ ਹੀ ਸ੍ਰੀ ਗੁਰੂ ਅਮਰਦਾਸ ਜੀ ਨੇ 'ਦੋਹਤਾ ਬਾਣੀ ਦਾ ਬੋਹਿਥਾ' ਕਹਿ ਕੇ ਗੁਰੂ ਜੀ ਬਾਬਤ ਬਚਨ ਕਹੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖ ਜਗਤ ਨੂੰ ਇਕ ਨਵਾਂ ਤੀਰਥ ਸਥਾਨ ਅਤੇ ਪਵਿੱਤਰ ਧਰਮ ਗ੍ਰੰਥ ਦਿੱਤਾ। ਉਨ੍ਹਾਂ ਦੁਆਰਾ ਅੰਮ੍ਰਿਤਸਰ ਵਿਖੇ ਸੰਤੋਖਸਰ ਸਰੋਵਰ ਦੀ ਖੁਦਵਾਈ ਕਰਵਾਉਣਾ ਅਤੇ ਸ੍ਰੀ ਹਰਿਮੰਦਰ ਸਾਹਿਬ ਦਾ ਨਿਰਮਾਣ ਨਿਵੇਕਲਾ ਕਾਰਜ ਸੀ।[51]

ਨਿਰਭਉ ਨਿਰਵੈਰ ਨੂੰ ਜਪਣ ਵਾਲੀ ਕੌਮ ਅੰਦਰ ਭਗਤੀ ਅਤੇ ਸ਼ਕਤੀ ਅਸੀਂ ਇਤਿਹਾਸਿਕ ਦ੍ਰਿਸ਼ਟੀ ਤੋਂ ਵੇਖਦੇ ਹਾਂ ਤਾਂ ਪੰਚਮ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੋ-ਜੋ ਕਾਰਜ ਕੀਤੇ ਸਨ ਉਹ ਨਿਰਭਉ

ਨਿਰਵੈਰ ਦੀ ਭਾਵਨਾ ਨੂੰ ਸਿੱਖਾਂ ਦੇ ਮਨਾਂ ਅੰਦਰ ਪੈਦਾ ਕਰਦੇ ਹਨ ਜਿਵੇਂ ਉਨ੍ਹਾਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਆਪਣੇ ਗੁਰੂ ਪਿਤਾ ਦੇ ਹੁਕਮਾਂ ਨੂੰ ਪੂਰਾ ਕਰਦੇ ਹੋਏ ਸਰੋਵਰ ਦੀ ਸੇਵਾ ਸੰਪੂਰਨ ਕਰਵਾਈ। ਪਹਿਲੀ ਮਾਘ ਸੰ: 1649 ਬਿ: ਨੂੰ ਤਾਲ ਦੇ ਮੱਧ ਸ੍ਰੀ ਗੁਰੂ ਅਰਜਨ ਦੇਵ ਨੇ ਸੂਫੀ ਫ਼ਕੀਰ ਸਾਂਈ ਮੀਆਂ ਮੀਰ ਪਾਸੋਂ ਹਰਿਮੰਦਰ ਦੀ ਨੀਂਹ ਰਖਾਈ।[52] ਇਹ ਕਾਰਜ ਨਿਰਵੈਰਤਾ ਦੀ ਮਿਸਾਲ ਹੈ ਕਿ ਉਨ੍ਹਾਂ ਨੇ ਬਗੈਰ ਕਿਸੇ ਮਜ਼ਹਬੀ ਵਿਤਕਰੇ ਤੋਂ ਰੂਹਾਨੀਅਤ ਨੂੰ ਮੁੱਖ ਰੱਖ ਕੇ ਰੱਬ ਦੇ ਘਰ ਦੀ ਨੀਂਹ ਇਸਲਾਮ ਧਰਮ ਦੇ ਫ਼ਕੀਰ ਤੋਂ ਰਖਵਾਈ। ਇਥੇ ਹੀ ਬੱਸ ਨਹੀਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਇਮਾਰਤ ਨੂੰ ਪੂਰਾ ਕਰਨ ਉਪਰੰਤ ਸੰ: 1661 ਬਿ: ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਸਥਾਪਨ ਕੀਤੇ।[53] ਜਿਸ ਨੂੰ ਉਸ ਸਮੇਂ 'ਸ੍ਰੀ ਆਦਿ ਗ੍ਰੰਥ' ਤੇ 'ਪੋਥੀ ਸਾਹਿਬ' ਕਿਹਾ ਜਾਂਦਾ ਸੀ। ਸ੍ਰੀ ਹਰਿਮੰਦਰ ਦੀ ਬਨਾਵਟ ਵਿਚ ਵੀ ਗੁਰੂ ਸਾਹਿਬ ਨੇ ਸਿਧਾਂਤਕ ਵਿਚਾਰਾਂ ਨੂੰ ਪ੍ਰਤੀਕ ਰੂਪ ਦਿੱਤੇ ਹਨ। ਭਾਰਤ ਦੀ ਪੁਰਾਣੀ ਸੰਸਕ੍ਰਿਤੀ ਅਨੁਸਾਰ ਚਾਰ ਵਰਣ, ਚਾਰ ਆਸ਼ਰਮ ਮੰਨੇ ਜਾਂਦੇ ਹਨ। ਗੁਰੂ ਜੀ ਨੇ ਚੌਹਾਂ ਵਰਨਾਂ ਤੇ ਚੌਹਾਂ ਆਸ਼ਰਮਾਂ ਦੇ ਲੋਕਾਂ ਅਤੇ ਦਸਾਂ ਦਿਸ਼ਾ ਵੱਲੋਂ ਆਉਣ ਵਾਲੇ ਸਰਧਾਲੂਆਂ ਨਾਲ ਮਜ਼ਹਬ, ਰੰਗ, ਨਸਲ ਜਾਂ ਜਾਤ ਪਾਤ ਦੇ ਅਧਾਰ ਤੇ ਕੋਈ ਵਿਤਕਰਾ ਨਹੀਂ ਕੀਤਾ। ਸਾਰੀ ਮਾਨਵਤਾ ਦੇ ਕਲਿਆਣ ਲਈ ਇਹੋ ਜਿਹਾ ਸਾਂਝਾ ਅਸਥਾਨ ਬਣਾ ਦਿਤਾ ਜਿਥੇ ਬੈਠ ਕੇ ਦੁਨੀਆ ਭਰ ਦੇ ਇਨਸਾਨ ਆਪਣੇ ਤਨ ਤੇ ਮਨ ਦੀ ਪਿਆਸ ਬੁਝਾ ਸਕਦੇ ਹਨ।[54] ਸ੍ਰੀ ਹਰਿਮੰਦਰ ਦੀ ਬਨਾਵਟ ਗੁਰੂ ਨਾਨਕ-ਦਰਸ਼ਨ 'ਜੈਸੇ ਜਲ ਮਹਿ ਕਮਲ ਨਿਰਾਲਮ' ਨੂੰ ਰੂਪਮਾਨ ਕਰਦੀ ਹੈ।[55] ਪ੍ਰਿੰਸੀਪਲ ਸੁਰਜੀਤ ਸਿੰਘ ਅਨੁਸਾਰ, "ਹਰਿਮੰਦਰ ਦੇ ਗੁੰਬਦ ਦਾ ਸਭ ਤੋਂ ਉਪਰਲਾ ਭਾਗ ਇਸਦੇ ਸਰਵ ਸੱਤਾ ਮਾਣ ਹੋਣ ਦੀ ਨਿਸ਼ਾਨੀ ਹੈ।"[56] ਹਰਿਮੰਦਰ ਸਾਹਿਬ ਦੀ ਉਸਾਰੀ ਨਿਵਾਣ ਵਿਚ ਕੀਤੀ ਗਈ ਹੈ ਇਸਦੇ ਵੀ ਬਹੁਤ ਗਹਿਰੇ ਅਰਥ ਹਨ। "ਹਰਿਮੰਦਰ ਜੋ ਹਰੀ ਦਾ ਨਿਵਾਸ ਹੈ, ਹਰੀ ਤੱਕ ਪਹੁੰਚਣ ਲਈ, ਮਨ ਨੂੰ ਨੀਵਾਂ ਲਿਆਉਣ ਦਾ ਪ੍ਰਤੀਕ, ਇਸ ਨਿਵਾਣ ਰਾਹੀਂ ਹੇਠਾ ਉਤਰਨਾ ਹੀ ਪੈਣਾ ਹੈ।" ਗਿਆਨੀ ਲਾਲ ਸਿੰਘ ਦੇ ਕਥਨ ਅਨੁਸਾਰ, "ਹਰਿਮੰਦਰ ਸਾਹਿਬ ਦੀ ਸੰਸਕ੍ਰਿਤੀ ਆਪਣੇ ਮਧੁਰ ਬੋਲਾਂ ਰਾਹੀਂ ਹੰਕਾਰੀ ਹਾਕਮਾਂ ਨੂੰ ਤਾੜਨਾ ਦਿੰਦੀ ਹੈ, ਮਾਇਆਧਾਰੀ ਲੋਟੂਆਂ ਨੂੰ ਘੂਰਦੀ ਹੈ, ਸਮਾਜ ਵਿਚ ਵਿਤਕਰੇ ਪਾਉਣ ਵਾਲਿਆਂ ਨੂੰ ਹੁਰਕਦੀ ਹੈ, ਦਬੇਲਾਂ ਨੂੰ ਸਾਹਸ ਬਖਸ਼ਦੀ ਹੈ, ਨਿਤਾਣੇ ਨਿਆਸਰਿਆਂ ਨੂੰ ਸਵੈਮਾਨ ਨਾਲ ਖੜਾ ਕਰਦੀ ਹੈ।"[58]

ਸ੍ਰੀ ਹਰਿਮੰਦਰ ਸਾਹਿਬ ਵਿਚ ਧਰਮ ਨਸਲ, ਜਾਤੀ, ਊਚ-ਨੀਚ, ਰੰਗ ਆਦਿ ਦੇ ਵਿਤਕਰੇ ਤੋਂ ਪਰ੍ਹੇ ਹਰ ਕੋਈ ਆ ਸਕਦਾ ਅਤੇ ਦਰਸ਼ਨ ਕਰ ਸਕਦਾ ਸੀ। ਗੁਰੂ ਜੀ ਦੀ ਚਲਾਈ ਇਹ ਰੀਤ ਅੱਜ ਵੀ ਇਸੇ ਤਰ੍ਹਾਂ ਕਾਇਮ ਹੈ। ਗੁਰੂ ਜੀ ਦੀ ਮਹਿਮਾ ਬਹੁਤ ਵੱਧ ਗਈ ਸੀ। ਪ੍ਰਿਥੀਆ ਅਤੇ ਉਸ ਦੀ ਪਤਨੀ ਕਰਮੋਂ ਗੁਰੂ ਜੀ ਦਾ ਵਿਰੋਧ ਕਰਦੇ, ਚਾਲਾਂ ਚਲਦੇ ਅਤੇ ਗੁਰੂ ਘਰ ਦੇ ਨਿੰਦਕ ਬਣ ਕੇ ਰਹੇ ਪਰ ਗੁਰੂ ਜੀ ਨੇ ਉਨ੍ਹਾਂ ਦੀ ਨਿੰਦਿਆਂ ਨੂੰ ਸਹਾਰਿਆ ਅਤੇ ਬੇਪਰਵਾਹੀ ਵਿਚ ਹੀ ਵਿਚਰਦੇ ਰਹੇ।[59] ਡਾ. ਮਹਿੰਦਰ ਕੌਰ ਗਿਲ ਦੇ ਕਥਨ ਅਨੁਸਾਰ, "ਕਨਿੰਘਮ, ਨਾਰੰਗ, ਲਤੀਫ਼, ਬੈਨਰਜੀ ਤੇ ਹੋਰ ਸਿੱਖ ਲਿਖਾਰੀਆਂ ਨੇ ਇਸ ਹਵਾਲੇ ਵੱਲ ਸੰਕੇਤ ਕੀਤਾ ਹੈ ਕਿ ਪੰਚਮ ਗੁਰੂ ਨੇ ਸਿੱਖਾਂ ਨੂੰ ਤੁਰਕਿਸਤਾਨ ਵੱਲ ਘੋੜਿਆਂ ਦੀ ਤਜਾਰਤ ਲਈ ਪ੍ਰੇਰਿਆ। ਇਸਦਾ ਪਹਿਲਾ ਲਾਭ ਇਹ ਹੋਇਆ ਕਿ ਲੋਕ ਧਰਮ ਦੇ ਨਾਲ–ਨਾਲ ਤਜਾਰਤ ਵਿਚ ਵੀ ਨਿਪੁੰਨ ਹੋਣ ਲੱਗੇ, ਦੂਜਾ ਸਿੱਖਾਂ ਪਾਸ ਬਹੁਤ ਸਾਰੇ ਘੋੜੇ ਹੋ ਗਏ ਤੇ ਇਸ ਦੇ ਨਾਲ ਹੀ ਸਿੱਖ ਚੰਗੇ ਸ਼ਾਹ ਸਵਾਰ ਬਣ ਗਏ। ਇਸ ਤਰ੍ਹਾਂ ਪਰਵਰਤੀ ਫ਼ੌਜ਼ ਦੀ ਨੀਂਹ ਰੱਖ ਦਿਤੀ ਗਈ।"[60]

ਦੂਸਰਾ ਗੁਰੂ ਜੀ ਨੇ ਜਗਤ ਕਲਿਆਣ ਹਿਤ ਨਿਮਰਤਾ ਸਹਿਤ ਮੋਹਨ ਜੀ ਪਾਸ ਜਾ ਕੇ ਪੋਥੀਆਂ ਲਈਆਂ ਅਤੇ ਬਾਣੀ ਸੰਕਲਨ ਦਾ ਕਾਰਜ ਆਰੰਭ ਕੀਤਾ।[61] ਬਾਣੀ ਦੀ ਸੰਪਾਦਨ ਕਲਾ ਨਿਰਭਉਤਾ ਅਤੇ ਨਿਰਵੈਰਤਾ ਨੂੰ ਪੇਸ਼ ਕਰਦੀ ਹੈ। ਦੁਨੀਆ ਦੇ ਇਤਿਹਾਸ ਵਿਚ ਇਹ ਸਿੱਖ ਧਰਮ ਦੀ ਨਿਵੇਕਲੀ ਪਛਾਣ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਸ਼ਬਦ ਗੁਰੂ' ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੇਵਲ ਸਿੱਖ ਧਰਮ ਦੇ ਲਈ ਹੀ ਨਹੀਂ ਬਲਕਿ ਸਮੁੱਚੀ ਮਨੁੱਖਤਾ ਲਈ ਮਾਰਗ ਦਰਸ਼ਕ ਹਨ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਪਾਦਨ ਕਲਾ ਸਮੇਂ ਅਜਿਹੀ ਬ੍ਰਹਿਮੰਡੀ ਚੇਤਨਾ ਪੈਦਾ ਕੀਤੀ ਜਿਸ ਦੀ ਦੁਨੀਆ ਉਤੇ ਕੋਈ ਮਿਸਾਲ ਹੀ ਨਹੀਂ ਮਿਲਦੀ। ਗੁਰੂ ਜੀ ਨੇ ਕੇਵਲ ਅਕਾਲ ਪੁਰਖ ਦੀ ਸਿਫਿਤ ਸਲਾਹ ਅਤੇ ਗੁਰਮਤਿ ਸਿਧਾਂਤਾਂ ਜਿਹੜੇ ਕਿ ਜਨ ਕਲਿਆਣ, ਪਰਉਪਕਾਰ, ਮਾਨਵਤਾ ਅਤੇ ਭਾਈਚਾਰੇ ਦੀ ਸਾਂਝ ਰਖਦੇ ਹੋਣ ਨੂੰ ਹੀ ਗੁਰਬਾਣੀ ਵਿਚ ਰੱਖਿਆ। ਸਮੁੱਚੀ ਬਾਣੀ ਨਿਡਰਤਾ ਨਾਲ ਖੋਖਲੇ ਰੀਤੀ ਰਿਵਾਜਾਂ, ਕਰਮਕਾਡਾਂ ਅਤੇ ਅਣਮਨੁੱਖੀ ਕਾਰਜਾਂ ਨੂੰ ਭੰਡਦੀ ਹੋਈ ਆਪਸੀ ਭਾਈਚਾਰੇ, ਵਿਸ਼ਵ ਸ਼ਾਂਤੀ, ਪਿਆਰ, ਦਇਆ ਅਤੇ ਪਰਉਪਕਾਰ ਦਾ ਸੁਨੇਹਾ ਦਿੰਦੀ ਹੈ। ਇਹ ਸੁਨੇਹਾ ਕੇਵਲ ਸਿੱਖ ਧਰਮ ਲਈ ਹੀ ਨਹੀਂ ਬਲਕਿ ਸਮੁੱਚੀ ਮਨੁੱਖਤਾ ਲਈ ਹੈ। ਬਾਣੀ ਵਿਚ ਕਿਸੇ

ਵੀ ਧਰਮ ਜਾਂ ਮਤ ਮਤਾਤਰਾਂ ਦਾ ਵਿਰੋਧ ਨਹੀਂ ਬਲਕਿ ਗੁਰੂ ਸਾਹਿਬ ਦੁਆਰਾ ਹਰ ਧਰਮ ਦੇ ਪੈਰੋਕਾਰਾਂ ਨਾਲ ਅੰਤਰ ਧਰਮ ਸੰਵਾਦ ਕਰਦੇ ਹੋਏ ਸੱਚ ਦੀ ਗੱਲ ਆਖੀ ਗਈ ਹੈ।

ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਬਹੁਤ ਵੱਡੇ ਬਦਲਾਅ ਕੀਤੇ। ਛੇਵੇਂ ਗੁਰੂ ਜੀ ਦੀ ਗੁਰਤਾ ਗੱਦੀ ਸੰਭਾਲਣ ਸਮੇਂ ਜੋ ਤਤਕਾਲੀ ਘਟਨਾ ਇਸ ਵੱਡੇ ਬਦਲਾਅ ਦਾ ਕਾਰਨ ਬਣੀ ਉਹ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸੀ ਜਿਸ ਵਿਚ ਸਮੇਂ ਦੀ ਹਕੂਮਤ ਨੇ ਗੁਰੂ ਸਾਹਿਬ ਨੂੰ ਉਨ੍ਹਾਂ ਵਲੋਂ ਕੀਤੇ ਗਏ ਸਿੱਖੀ ਦੇ ਪ੍ਰਚਾਰ-ਪ੍ਰਸਾਰ ਨੂੰ ਨਾ ਸਹਾਰਦੇ ਹੋਏ ਤੇ ਹੋਰ ਤਤਕਾਲੀ ਕਾਰਨਾਂ ਨੂੰ ਜੋੜ ਕੇ ਬਹਾਨੇ ਸਹਿਤ ਸ਼ਹੀਦ ਕੀਤਾ ਗਿਆ। ਜਿਥੇ ਹੁਣ ਤਕ ਮਾਲਾ (ਭਗਤੀ) ਦੀ ਪ੍ਰਧਾਨਤਾ ਰਹੀ ਸੀ ਉਥੇ ਹੁਣ ਛੇਵੇਂ ਗੁਰੂ ਜੀ ਦੇ ਗੁਰੂ ਪਿਤਾ ਜੀ ਦੀ ਸ਼ਹਾਦਤ ਸ਼ਾਂਤੀ ਦਾ ਸਿਖਰ ਸੀ। ਪੰਜਵੇਂ ਗੁਰੂ ਨਿਰਭਉ ਹੋ ਕੇ ਪੂਰਨ ਸਹਿਜ ਤੇ ਸ਼ਾਂਤੀ ਸਹਿਤ ਤੱਤੀ ਤਵੀ ਤੇ ਅਡੋਲ ਬਹਿ ਕੇ ਜ਼ੁਲਮ ਦਾ ਟਾਕਰਾ ਸਬਰ ਨਾਲ ਕਰ ਗਏ ਸਨ। ਹੁਣ ਸਮਾਂ ਤੇ ਹਾਲਤ ਬਦਲ ਚੁੱਕੇ ਸਨ। ਮਾਲਾ (ਭਗਤੀ) ਦੇ ਨਾਲ ਹੁਣ ਧਰਮ ਦੀ ਰਾਖੀ ਲਈ ਸ਼ਸਤਰ ਦਾ ਹੋਣਾ ਲਾਜਮੀ ਹੋ ਗਿਆ ਸੀ। ਗੁਰਤਾ ਗੱਦੀ ਤੇ ਬਿਰਾਜਮਾਨ ਹੋਣ ਸਾਰ ਹੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸੰਗਤਾਂ ਨੂੰ ਵਧੀਆ ਸ਼ਸਤਰ ਤੇ ਘੋੜੇ ਆਦਿ ਭੇਟਾ ਕਰਨ ਹਿਤ ਹੁਕਮ ਦਿਤੇ।[62] ਇਹ ਸਭ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਿੱਤੇ ਜੀਵਨ ਰਾਹ ਦੇ ਪਹਿਲੂ ਸਨ, ਜੋ ਪੜਾਅ ਦਰ ਪੜਾਅ ਉਨ੍ਹਾਂ ਦੇ ਉਤਰਾਧਿਕਾਰੀਆਂ ਦੁਆਰਾ ਪ੍ਰਚਾਰਿਤ ਕੀਤੇ ਜਾ ਰਹੇ ਸਨ। ਬਾਬਾ ਬੁੱਢਾ ਜੀ ਜੋ ਸ਼ਸਤਰ ਵਿਦਿਆ ਵਿਚ ਨਿਪੁੰਨ ਸਨ, ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੂੰ ਛੋਟੇ ਹੁੰਦਿਆਂ ਹੀ ਘੋੜਸਵਾਰੀ ਅਤੇ ਸ਼ਸਤਰ ਵਿਦਿਆ ਵਿਚ ਪ੍ਰਬੀਨ ਕਰ ਦਿੱਤਾ ਸੀ। ਹੁਣ ਸਿਖਾਂ ਲਈ ਵੀ ਗੁਰੂ ਸਾਹਿਬ ਨੇ ਸ਼ਸਤਰ ਵਿਦਿਆ ਦੇ ਪ੍ਰਬੰਧ ਕਰਕੇ ਜੰਗੀ ਨਿਰਭਉ ਸੈਨਾ ਤਿਆਰ ਕਰ ਲਈ, ਜੋ ਨਿਰਵੈਰਤਾ ਤੇ ਅਧਾਰਿਤ ਸੀ। ਛੇਵੇਂ ਪਾਤਸ਼ਾਹ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਨਿਰਮਾਣ ਕਰਦੇ ਹੋਏ ਬੇਡਰ ਅਤੇ ਬਹਾਦਰੀ ਨੂੰ ਪ੍ਰਫੁੱਲਿਤ ਕਰਨ ਲਈ ਅਖਾੜੇ ਸਜਾਏ। ਜਿਸ ਤਰ੍ਹਾਂ ਕਿ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਬਿਲਕੁਲ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ ਜਿਸ ਵਿਚ ਕਿਸੇ ਰਾਜ-ਮਿਸਤਰੀ ਨੂੰ ਨਹੀਂ ਲਾਇਆ ਬਲਕਿ ਆਪ ਨਾਲ ਲੱਗ ਕੇ ਬਾਬਾ ਬੁੱਢਾ ਸਾਹਿਬ ਤੇ ਭਾਈ ਗੁਰਦਾਸ ਜੀ ਨੂੰ ਲਾ ਕੇ ਇਹ ਕਾਰਜ ਸੰਪੂਰਨ ਕੀਤਾ।[63] ਇਹ ਦੋਵੇਂ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਤੇ ਉਸਦੇ ਐਨ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਗੁਰੂ ਨਾਨਕ

ਦੇਵ ਜੀ ਦੇ ਨਿਰਭਉ ਨਿਰਵੈਰ ਦੇ ਸੰਕਲਪ ਦਾ ਪ੍ਰਗਟ ਰੂਪ ਹਨ ਜੋ ਜਥੇਬੰਦਕ ਤਰੀਕੇ ਸਹਿਤ ਸਿਧਾਂਤਕ ਸੰਸਥਾਵਾਂ ਦਾ ਰੂਪ ਧਾਰਨ ਕਰ ਚੁਕੇ ਹਨ। ਗੁਰੂ ਸਾਹਿਬ ਨੇ ਨਿਡਰ ਅਤੇ ਨਿਰਵੈਰ ਹੋ ਕੇ ਨਿਆਂ ਕਰਨ ਦੀ ਰੀਤ ਚਲਾ ਯਥਾਰਥਕ ਪ੍ਰਮਾਣ ਦਿੱਤਾ। ਸੰਤ ਦੇ ਨਾਲ-ਨਾਲ ਸਿਪਾਹੀ ਬਣਨ ਲਈ ਸੰਗਤ ਨੂੰ ਆਖਿਆ। ਹੁਣ ਸਮਾਂ ਤੇ ਹਾਲਾਤ ਬਦਲ ਚੁੱਕੇ ਸਨ, ਸੰਤਤਾਈ ਦੇ ਨਾਲ ਹੁਣ ਧਰਮ ਦੀ ਰਾਖੀ ਲਈ ਸ਼ਸ਼ਤਰ ਦਾ ਹੋਣਾ ਲਾਜ਼ਮੀ ਹੋ ਗਿਆ ਸੀ। ਆਪ ਵੀ ਉਨ੍ਹਾਂ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ, ਦੀਨ ਤੇ ਦੁਨੀ ਦੀ ਰੱਖਿਆ ਲਈ ਨਿਡਰ ਹੋ ਕੇ ਲੜਨ ਦੀ ਗੱਲ ਆਖੀ ਅਤੇ ਕਰਕੇ ਵੀ ਦਿਖਾਇਆ। ਸ੍ਰੀ ਗੁਰੂ ਹਰਿਗੋਬਿੰਦ ਸਿੰਘ ਜੀ ਨਿਰਭੈਅਤਾ ਅਤੇ ਨਿਰਵੈਰਤਾ ਦੀ ਜਾਗਦੀ ਮੂਰਤ ਸਨ ਉਨ੍ਹਾਂ ਦੁਆਰਾ ਅਕਾਲ ਬੁੰਗੇ ਦਾ ਨਿਰਮਾਣ,[64] ਹੋਰ ਰਸਦ ਦੀ ਜਗ੍ਹਾ ਸ਼ਸਤਰ, ਘੋੜੇ ਭੇਟਾ ਕਰਨ ਦੇ ਹੁਕਮਨਾਮੇ ਜਾਰੀ ਕਰਨ,[65] ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਨੀਆਂ[66], ਜ਼ੁਲਮ ਦੇ ਖ਼ਿਲਾਫ਼ ਲੋਹਾ ਲੈਣਾ ਆਦਿ ਨਿਰਭਉ ਹੋਣ ਦੀ ਨਿਸ਼ਾਨੀ ਹੈ। ਗੁਰੂ ਜੀ ਦੇ ਸ਼ਸਤਰਧਾਰੀ ਵੀਰ ਰਸੀ ਰੂਪ ਦੀ ਉਪਮਾ ਭਾਈ ਸੰਤੋਖ ਸਿੰਘ ਜੀ ਨੇ ਇਸ ਪ੍ਰਕਾਰ ਕੀਤੀ ਹੈ :

ਦੁਇ ਸ਼ਮਸ਼ੇਰ ਗਰੇ ਸਮ ਸ਼ੇਰ। ਕਟ ਨਿਖੰਗ ਕਰ ਮਹਿੰ ਧਨੁ ਹੇਰਿ।
ਸ਼ਸਤ੍ਰਨ ਸਹਤ ਡੀਲ ਬਰ ਬੰਕਾ। ਸੁਖਦ ਸੇਵਕਨਿ ਰਿਪੁਨਿ ਅਤੰਕਾ॥9॥[67]

ਗੁਰਬਾਣੀ ਅਨੁਸਾਰ ਜਿਸਦਾ ਅਰਾਧਨ ਕੋਈ ਕਰਦਾ ਹੈ ਉਸ ਜੈਸੇ ਗੁਣ ਉਸ ਅਰਾਧੀ ਅੰਦਰ ਸਹਿਜ ਨਾਲ ਹੀ ਅੰਕੁਰਿਤ ਹੋ ਜਾਂਦੇ ਹਨ।[68] ਜਿਨ੍ਹਾਂ ਦਾ ਝਲਕਾਰਾ ਉਸਦੇ ਚਰਿਤਰ ਤੋਂ ਤੇ ਉਸਦੇ ਵਿਹਾਰਕ ਜੀਵਨ ਚੋਂ ਨਜ਼ਰੀ ਪੈਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੇ ਆਦਿ ਵਿਚ ਹੀ ਅਕਾਲ ਪੁਰਖ ਨੂੰ ਨਿਰਭਉ ਨਿਰਵੈਰ ਆਖ ਕੇ ਸੰਤ-ਸਿਪਾਹੀ ਦੇ ਸੰਕਲਪ ਦਾ ਬੀਜ ਸੂਖਮ ਰੂਪ ਵਿਚ ਰੱਖ ਦਿੱਤਾ ਸੀ। ਛੇਵੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੱਕ ਇਹੀ ਸੰਕਲਪ ਭਗਤੀ ਸ਼ਕਤੀ ਦਾ ਰੂਪ ਧਾਰਨ ਕਰਦਾ ਹੋਇਆ ਮੀਰੀ ਪੀਰੀ ਦੇ ਸਿਧਾਂਤ ਨਾਲ ਪ੍ਰਗਟ ਹੋਇਆ। ਮੀਰੀ-ਪੀਰੀ ਦੇ ਸਿਧਾਂਤ ਪਿਛੇ ਉਹੀ ਨਿਰਭਉ ਨਿਰਵੈਰ ਦਾ ਸੰਕਲਪ ਅਧਾਰ ਰੂਪ ਹੋ ਕੇ ਖੜਾ ਪ੍ਰਤੀਤ ਹੁੰਦਾ ਹੈ। ਸੁਰਜੀਤ ਸਿੰਘ ਭਾਟੀਆ ਦੇ ਕਥਨ ਅਨੁਸਾਰ ,"ਮੀਰੀ ਦੀ ਤਲਵਾਰ ਸੰਸਾਰਕ ਤੇ ਵਿਹਾਰਕ ਦੋਵੇ ਰੂਪਾਂ ਵਿਚ ਸ਼ਕਤੀ ਦਾ ਪ੍ਰਤੀਕ ਸੀ ਅਤੇ ਪੀਰੀ ਦੀ ਤਲਵਾਰ ਰੂਹਾਨੀ ਪ੍ਰਮੁਖਤਾ ਤੇ ਅਗਵਾਈ ਦੀ। ਇਨ੍ਹਾਂ ਦੋ ਤਲਵਾਰਾਂ ਦਾ ਜੋੜ ਅਤੇ ਇਨ੍ਹਾਂ ਨੂੰ ਇਕੱਠਿਆਂ ਪਹਿਨਣਾ ਨਾ ਕੇਵਲ

ਭਗਤੀ ਤੇ ਸ਼ਕਤੀ ਦੇ ਸੁਮੇਲ ਦਾ ਸੰਕਲਪ ਤੇ ਸਿਧਾਂਤ ਹੀ ਸੀ, ਸਗੋਂ ਵਿਹਾਰਿਕ ਜੀਵਨ ਜੁਗਤੀ ਦਾ ਜਾਹਿਰਾ ਰੂਪ ਵੀ ਸੀ।"[69]

ਮੀਰੀ-ਪੀਰੀ ਦਾ ਸਿਧਾਂਤ ਮਨੁੱਖੀ ਜੀਵਨ ਦੀ ਅਧਿਆਤਮਿਕ ਤੇ ਵਿਹਾਰਕ ਦੋਹਾਂ ਪੱਖਾਂ ਤੋਂ ਪ੍ਰਤੀਨਿਧਤਾ ਕਰਦਾ ਹੈ। ਇਹ ਪਰਮਾਤਮਾ ਦੇ ਇਕ ਹੀ ਸਮੇਂ ਵਿਚ ਦਿਆਲੂ (ਨਿਰਵੈਰ) ਪੁਰਖ ਤੇ ਸਰਵ ਸਕਤੀਮਾਨ (ਨਿਰਭਉ) ਹੋਣ ਦਾ ਝਲਕਾਰਾ ਹੈ।[70] ਡਾ. ਮਾਨ ਸਿੰਘ ਨਿਰੰਕਾਰੀ ਦੇ ਅਨੁਸਾਰ "ਮੀਰੀ ਪੀਰੀ ਦਾ ਕੇਵਲ ਰਾਜਸੀ ਭਾਵ ਲੈਣਾ ਬਿਲਕੁਲ ਨਿਰਮੂਲ ਹੈ, ਇਹ ਪਾਤਸ਼ਾਹੀ ਧਰਤੀ ਦੇ ਕਿਸੇ ਵਿਸ਼ੇਸ਼ ਖਿਤੇ ਦੀ ਨਹੀਂ ਸਗੋਂ ਸ੍ਰਿਸ਼ਟੀ ਦੀ ਹੈ। ਇਸ ਪੱਧਰ ਦੀ ਪਹੁੰਚ ਦੀ ਆਤਮਕਤਾ ਧਰਤੀ ਤੇ ਸਵਰਗ ਦਾ ਸੰਦੇਸ਼ ਲੈ ਕੇ ਆਉਂਦੀ ਹੈ ਅਤੇ ਕਲਿਯੁਗ ਵਿਚ ਸਤਿਜੁਗ ਸਥਾਪਤ ਕਰਦੀ ਹੈ।"[71]

ਸ਼ਸਤਰ-ਬਸਤਰ ਧਾਰਨ ਕਰ, ਸੀਸ ਉਤੇ ਕਲਗੀ ਸਜਾ ਕੇ ਜਦੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਕਾਲ ਤਖ਼ਤ ਤੇ ਬਿਰਾਜਮਾਣ ਹੋਏ ਤਾਂ ਉਨ੍ਹਾਂ ਦੇ ਹਜੂਰੀ ਢਾਡੀਆਂ ਨੱਥਾਂ ਤੇ ਅਬਦੁਲਾ ਨੇ ਜੋ ਵਾਰਾਂ ਗੁਰੂ ਜੀ ਦੀ ਸ਼ਾਨ ਬਾਬਤ ਗਾਈਆਂ ਉਹ ਕਮਾਲ ਦਾ ਦ੍ਰਿਸ਼ ਪੇਸ਼ ਕਰਦੀਆਂ ਹਨ।[72] ਇਥੇ ਇਹ ਗਲ ਵੀ ਜ਼ਿਕਰਯੋਗ ਹੈ ਕਿ ਹਰਿਮੰਦਰ ਸਾਹਿਬ ਵਿਖੇ ਜਿਥੇ ਹਰ ਸਮੇਂ ਰੱਬੀ ਕੀਰਤਨ ਦੀਆਂ ਧੁਨਾਂ ਸੁਣਾਈ ਦਿੰਦੀਆਂ ਸਨ ਉਥੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਿਨ ਦੇ ਤੀਜੇ ਪਹਿਰ ਗੁਰੂ ਹਰਿਗੋਬਿੰਦ ਸਾਹਿਬ ਉੱਚੇ ਤਖ਼ਤ ਉੱਤੇ ਬਿਰਾਜਮਾਨ ਹੋ ਕੇ ਢਾਡੀਆਂ ਕੋਲੋਂ ਬੀਰ ਰਸੀ ਵਾਰਾਂ ਸੁਣਦੇ ਤੇ ਸਿਖ-ਸੰਗਤਾਂ ਵਿਚ ਇਸ ਤਰ੍ਹਾਂ ਬੀਰ ਰਸ ਦਾ ਲਗਾਤਾਰੀ ਸੰਚਾਰ ਕਰਦੇ ਸਨ। ਗੁਰੂ ਸਾਹਿਬ ਦੇ ਅਜਿਹੇ ਨਿਰਭਉ ਨਿਰਵੈਰ ਸਰੂਪ ਦੇ ਦਰਸ਼ਨ ਕਰ ਭਾਈ ਗੁਰਦਾਸ ਜੀ ਨੇ ਉਨ੍ਹਾਂ ਨੂੰ 'ਗੁਰ ਭਾਰੀ' ਲਿਖ ਕੇ ਸਲਾਹੁਣਾ ਕੀਤਾ ਹੈ।[73]

ਗੁਰਬਾਣੀ ਵਿਚ ਇਸ ਵਿਸ਼ੇ ਬਾਰੇ ਦੱਸਿਆ ਗਿਆ ਹੈ ਕਿ ਨਾਂ ਫਜ਼ੂਲ ਕਿਸੇ ਨੂੰ ਡਰਾਉਣਾ ਹੈ ਤੇ ਨਾ ਕਿਸੇ ਤੋਂ ਡਰਨਾ ਹੈ।[74] ਬਹੁਤ ਉੱਚ ਦਰਜੇ ਦੇ ਅਸੂਲ ਗੁਰੂ ਸਾਹਿਬ ਨੇ ਸੰਸਾਰ ਪੱਧਰ ਉੱਤੇ ਪ੍ਰਾਣੀ-ਮਾਤਰ ਨੂੰ ਦਿੱਤੇ ਹਨ। ਉਸ ਸਮੇਂ ਦੀ ਹਕੂਮਤ ਨੂੰ ਗੁਰੂ ਸਾਹਿਬ ਦੀਆਂ ਇਹ ਗੱਲਾਂ ਰਾਸ ਨਹੀਂ ਆ ਰਹੀਆਂ ਸੀ, ਜਿਵੇਂ ਕਿਹਾ ਜਾਂਦਾ ਹੈ ਕਿ ਸੱਚ ਦੀ ਲੋਅ ਹਮੇਸ਼ਾ ਹੀ ਜੁਲਮੀ ਬੰਦੇ ਦੀਆਂ ਅੱਖਾਂ ਨੂੰ ਚੁੰਧਿਆ ਜਾਂਦੀ ਹੈ, ਇਵੇਂ ਹੀ ਹੋਇਆ ਵਕਤੀ ਹਕਮੂਤਾਂ ਦੇ ਹੰਕਾਰੀ ਜਰਨੈਲਾਂ ਨਾਲ ਗੁਰੂ ਸਾਹਿਬ ਨੂੰ ਕਈ ਜੰਗ ਲੜਨੇ ਪਏ। ਇਤਿਹਾਸਕਾਰ ਚਾਰ ਜੰਗਾਂ ਦਾ ਜ਼ਿਕਰ ਕਰਦੇ ਹਨ ਉਨ੍ਹਾਂ ਦਾ ਵਿਸਥਾਰ ਦੇਣਾ ਸਾਡਾ ਇਥੇ ਵਿਸ਼ਾ ਨਹੀ ਹੈ

ਪਰ ਜੰਗਾਂ ਦੌਰਾਨ ਵਰਤੀਆਂ ਕੁਝ ਕੁ ਘਟਨਾਵਾਂ ਦਾ ਜ਼ਿਕਰ ਕਰਨਾ ਲਾਜ਼ਮੀ ਹੈ ਜਿਸ ਵਿਚ ਗੁਰੂ ਸਾਹਿਬ ਦੇ ਨਿਰਭਉ ਨਿਰਵੈਰ ਦੇ ਉਚੇ ਆਦਰਸ਼ਕ ਗੁਣਾਂ ਦਾ ਅੰਦਾਜਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ।

ਪੈਂਦੇ ਖਾਂ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਪੁੱਤਰਾਂ ਦੇ ਤੁੱਲ, ਬਗੈਰ ਕਿਸੇ ਵਿਤਕਰੇ ਤੋਂ ਪਾਲਿਆ ਤੇ ਆਪਣੀਆਂ ਫੌਜਾਂ ਵਿਚ ਜਰਨੈਲ ਦੇ ਤੌਰ ਤੇ ਸ਼ਾਮਲ ਕੀਤਾ। ਉਹ ਹੰਕਾਰ ਵੱਸ ਹੋ ਕੇ ਗੁਰੂ ਸਾਹਿਬ ਦੇ ਵਿਰੁੱਧ ਜੰਗ ਦੇ ਮੈਦਾਨ ਵਿਚ ਆ ਖੜਾ ਹੋਇਆ, ਉਸ ਸਾਰੀ ਘਟਨਾ ਨੂੰ *ਗੁਰਬਿਲਾਸ ਪਾਤਸ਼ਾਹੀ ੬* ਦੇ ਕਰਤਾ ਭਗਤ ਸਿੰਘ ਨੇ ਆਪਣੀ ਰਚਨਾ ਵਿਚ ਅੰਕਿਤ ਕੀਤਾ ਹੈ ਜਿਥੇ ਉਹ ਦੱਸਦੇ ਹਨ ਕਿ ਕਿਵੇਂ ਪੈਂਦੇ ਖਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੇ ਵਾਰ ਕੀਤੇ।[75] ਪੈਂਦੇ ਖਾਂ ਗੁਰੂ ਸਾਹਿਬ ਦੇ ਇਕ ਵਾਰ ਨਾਲ ਹੀ ਘੋੜੇ ਤੋਂ ਥੱਲੇ ਜਾ ਡਿੱਗਾ ਤੇ ਡਿਗਦੇ ਹੋਏ ਹਾਏ ਕਿਹਾ ਤਾਂ ਗੁਰੂ ਸਾਹਿਬ ਨੇ ਉਸਨੂੰ ਕਲਮਾ ਪੜਨ ਲਈ ਕਿਹਾ।[76] ਪੈਦੇ ਖਾਂ ਨੇ ਜਦੋਂ ਕਿਹਾ ਕਿ ਹੁਣ ਤੇਰੀ ਕਿਰਪਾਨ ਹੀ ਮੇਰਾ ਕਲਮਾ ਹੋ ਗਈ ਹੈ ਤਾਂ ਗੁਰੂ ਸਾਹਿਬ ਨੇ ਉਸਦੀ ਗੱਲ ਸੁਣ ਕੇ ਉਸਦਾ ਸਿਰ ਗੋਦ ਵਿਚ ਲੈ ਕੇ, ਆਪਣੀ ਢਾਲ ਦੀ ਛਾਂ ਉਸਦੇ ਚਿਹਰੇ ਤੇ ਕੀਤੀ ਤੇ ਉਸਦੇ ਅੰਤਿਮ ਸਮੇਂ ਵਿਚ ਉਸਦੇ ਸਹਾਈ ਹੋਏ।[77] ਇਸ ਘਟਨਾ ਤੋਂ ਸਾਫ਼-ਸਾਫ਼ ਪਤਾ ਲੱਗਦਾ ਹੈ ਕਿ ਗੁਰੂ ਹਸਤੀ ਸਦਾ ਹੀ ਨਿਰਵੈਰ ਤੇ ਨਿਰਾਲੀ ਹੁੰਦੀ ਹੈ।[78] ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਭਾਵੇਂ ਸ਼ਸਤਰ ਚੁੱਕ ਕੇ ਧਰਮ ਦੀ ਰਾਖੀ ਲਈ ਜੰਗ ਵੀ ਲੜੇ ਪਰ ਇਸ ਦੌਰਾਨ ਆਪ ਫੇਰ ਵੀ ਕਿਸੇ ਵੈਰ ਵਿਚ ਨਹੀਂ ਆਏ। ਨਿਰਭਉ ਹੋ ਕੇ ਜੰਗ ਦੇ ਮੈਦਾਨ ਵਿਚ ਡਟੇ ਜ਼ਰੂਰ ਹਨ, ਪਰ ਨਿਰਵੈਰਤਾ ਦੀ ਮੂਰਤ ਹੋ ਕੇ। ਇਸਦੀ ਮਿਸਾਲ ਉਪਰੋਕਤ ਪੈਂਦੇ ਖਾਂ ਦੀ ਘਟਨਾ ਤੋਂ ਸਾਬਿਤ ਹੁੰਦੀ ਹੈ। ਹੋਰ ਵੀ ਬਹੁਤ ਮਿਸਾਲਾਂ ਦਿੱਤੀਆ ਜਾ ਸਕਦੀਆਂ ਹਨ ਪਰ ਇਥੇ ਸਿਰਫ ਟੂਕ ਮਾਤਰ ਜ਼ਿਕਰ ਕੀਤਾ ਹੈ ਤਾਂ ਕਿ ਗੁਰੂ ਸਾਹਿਬ ਦੇ ਮੀਰੀ ਪੀਰੀ ਦੇ ਸਿਧਾਂਤ ਵਿਚਲੇ ਨਿਰਭਉ ਨਿਰਵੈਰ ਦੇ ਆਦਰਸ਼ ਰੂਪ ਸੰਕਲਪ ਦਾ ਪ੍ਰਤੀਪਾਦਨ ਕੀਤਾ ਜਾ ਸਕੇ। ਇਕ ਹੋਰ ਗਲ ਬਹੁਤ ਜ਼ਰੂਰੀ ਸੀ ਕਿ ਗੁਰੂ ਸਾਹਿਬ ਨੇ ਜੰਗ ਦੇ ਮੈਦਾਨ ਵਿਚ ਆਪਣੀਆਂ ਫੌਜਾਂ ਲਈ ਪੱਕੇ ਅਸੂਲ ਕਾਇਮ ਕੀਤੇ ਸੀ ਕਿ ਵੈਰੀ ਦੇ ਸਨਮੁਖ ਹੋ ਕੇ ਲੜਨਾ ਹੈ, ਪਿੱਠ ਨਹੀਂ ਵਿਖਾਉਣੀ ਤੇ ਪਿੱਠ ਪਿਛੋਂ ਵਾਰ ਨਹੀ ਕਰਨਾ, ਭੱਜੇ ਜਾਂਦੇ ਉੱਤੇ ਵਾਰ ਨਹੀਂ ਕਰਨਾ, ਸ਼ਸਤਰ-ਹੀਣ ਉਪਰ ਵੀ ਵਾਰ ਨਹੀਂ ਕਰਨਾ ਆਦਿ।[79]

ਜਿਥੇ ਗੁਰੂ ਸਾਹਿਬ ਨੇ ਨਿਰਭੈਅਤਾ ਧਾਰਨ ਕੀਤੀ ਉਥੇ ਹੀ ਸੈਨਾ ਇਕੱਤਰ ਕਰਨ ਸਮੇਂ ਹਰੇਕ ਜਾਤ ਦੇ ਵਿਅਕਤੀ ਨੂੰ ਆਪਣੀ ਸੈਨਾ ਵਿਚ ਭਰਤੀ ਕਰਕੇ ਨਿਰਵੈਰਤਾ ਵੀ ਦਿਖਾਈ। ਰੋਜ਼ਗਾਰ ਹਿਤ ਆਏ

ਕਈ ਜਵਾਨਾਂ ਨੂੰ ਦਇਆ ਕਰ ਸੈਨਾ ਵਿਚ ਭਰਤੀ ਕੀਤਾ। ਸੈਨਾ ਦੇ ਉਤਸ਼ਾਹ ਲਈ ਢਾਡੀ ਵਾਰਾਂ ਦਾ ਪ੍ਰਬੰਧ ਕਰਨਾ, ਸ਼ਸਤਰ ਵਿਦਿਆ ਦੀ ਸਿਖਲਾਈ ਦੇਣਾ, ਸ਼ਿਕਾਰ ਖੇਡਣ ਜਾਣਾ ਆਦਿ ਸਭ ਗੁਰੂ ਸਾਹਿਬ ਦੀ ਨਿਰਭੈਅ ਰੂਪੀ ਬਿਰਤੀ ਨੂੰ ਪੇਸ਼ ਕਰਦੇ ਸਨ।[80] ਗਵਾਲੀਅਰ ਕਿਲ੍ਹੇ ਵਿਚ ਕੈਦ ਹੋਣ ਦੇ ਬਾਵਜੂਦ ਉਨ੍ਹਾਂ ਨੇ ਉਥੇ ਦੇ 52 ਰਾਜਿਆਂ ਨੂੰ ਕੈਦਖ਼ਾਨੇ ਤੋਂ ਛਡਵਾਇਆ।[81] ਗੁਰੂ ਜੀ ਬੜੇ ਦਿਆਲੂ ਕ੍ਰਿਪਾਲੂ ਸੁਭਾਅ ਦੇ ਸਨ, ਉਹ ਦੁੱਖੀ ਨੂੰ ਦੇਖ ਨਹੀਂ ਸੀ ਸਕਦੇ ਹਰੇਕ ਦਾ ਦੁੱਖ ਦੂਰ ਕਰਦੇ ਸਨ। ਇਸੇ ਦਇਆ ਦੀ ਵਡਿਆਈ ਦੇਖ ਕੇ ਭਾਈ ਸੰਤੋਖ ਜੀ ਲਿਖਦੇ ਹਨ :

'ਧੰਨਯ ਧੰਨਯ ਗੁਰ ਬਡਿ ਉਪਕਾਰੀ। ਕਯੋਂ ਨ ਗਹੈਂ ਨਰ ਸ਼ਰਨਿ ਤੁਮਾਰੀ।

ਜੀਵਤਿ ਮ੍ਰਿਤਕ ਸਦਾ ਰਖਵਾਰੇ। ਦੇਤਿ ਅਨੰਦ ਕਸ਼ਟ ਨਿਰਵਾਰੇ'॥29॥[82]

ਉਨ੍ਹਾਂ ਦੁਆਰਾ ਦੂਸਰੇ ਧਰਮ ਦੀ ਬੀਬੀ ਕੌਲਾਂ ਜੀ ਦੇ ਗੁਰੂ ਘਰ ਪ੍ਰਤੀ ਸ਼ਰਧਾ ਰੱਖਣ ਉੱਤੇ ਰਾਖੀ ਕਰਨਾ, ਪ੍ਰੇਮ ਦੇ ਬੰਨ੍ਹੇ ਹੋਏ ਗੁਰੂ ਜੀ ਦਾ ਡਰੋਲੀ ਸਾਈ ਦਾਸ ਨੂੰ ਮਿਲਣਾ, ਅਲਮਸਤਾ ਨੂੰ ਵਰ ਬਖ਼ਸਣਾ, ਆਪਣੇ ਪੁੱਤਰ ਗੁਰਦਿੱਤਾ ਜੀ ਨੂੰ ਬਾਬਾ ਸ੍ਰੀ ਚੰਦ ਜੀ ਦੀ ਝੋਲੀ ਪਾਉਣਾ, ਪੈਦੇ ਖਾਂ ਨੂੰ ਸ਼ਸਤਰ ਵਿਦਿਆ ਸਿਖਾਉਣਾ, ਕਸ਼ਮੀਰ ਦੀ ਭਾਗਭਰੀ ਮਾਤਾ ਨੂੰ ਦਰਸ਼ਨ ਦੇਣੇ ਆਦਿ ਸਭ ਗੁਰੂ ਜੀ ਦੀ ਦਿਆਲਤਾ ਤੇ ਪਰਉਪਕਾਰੀ ਸੁਭਾਅ ਸੀ। ਗੁਰੂ ਜੀ ਦੇ ਪ੍ਰੇਮ ਵਸ ਬਿਧੀ ਚੰਦ ਵਰਗੇ ਚੋਰ ਵੀ ਸੁਧਰ ਗਏ ਅਤੇ ਗੁਰੂ ਘਰ ਪ੍ਰਤੀ ਸਾਰੀ ਜ਼ਿੰਦਗੀ ਸੇਵਾ ਵਿਚ ਲਗਾਈ। ਅਬਦੁਲ ਖਾਂ ਉਸ ਦੇ ਪੁੱਤਰ ਅਤੇ ਹੋਰ ਅਨੇਕਾਂ ਵੈਰੀਆਂ ਦੀਆਂ ਲਾਸ਼ਾਂ ਨੂੰ ਵੀ ਗੁਰੂ ਜੀ ਨੇ ਖੱਡੇ ਵਿਚ ਪੁਆ ਕੇ ਦਫਨਾਇਆ। ਇਹ ਗੁਰੂ ਜੀ ਦੀ ਨਿਰਵੈਰਤਾ ਦਾ ਸਬੂਤ ਸੀ।[83] ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਨਿਡਰਤਾ ਤੇ ਦਇਆਲਤਾ ਦੀ ਵਡਿਆਈ ਕਰਦਿਆਂ ਭਾਈ ਗੁਰਦਾਸ ਜੀ ਨੇ ਇੰਞ ਆਖਿਆ ਹੈ:

ਦਲਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।[84]

ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਦੇ ਜੀਵਨ ਵਿਚੋਂ ਅਕਾਲ ਪੁਰਖ ਦੇ ਨਿਰਭਉ ਨਿਰਵੈਰ ਦੇ ਗੁਣਾਂ ਦਾ ਪ੍ਰਤੱਖ ਝਲਕਾਰਾ ਪੈਂਦਾ ਹੈ। ਬਚਪਨ ਤੋਂ ਹੀ ਗੁਰੂ ਹਰਿ ਰਾਇ ਸਾਹਿਬ ਬਹੁਤ ਹੀ ਕੋਮਲ ਦਿਲ ਦੇ ਸਨ। ਉਨ੍ਹਾਂ ਦੇ ਚੋਲੇ ਨਾਲ ਲਗ ਕੇ ਫੁੱਲ ਟੁੱਟ ਜਾਣਾ ਅਤੇ ਉਨ੍ਹਾਂ ਦਾ ਇਸ ਗੱਲ ਤੋਂ ਉਦਾਸ ਹੋ ਜਾਣਾ, ਇਹ ਉਨ੍ਹਾਂ ਦੇ ਅੱਤ ਹੀ ਕੋਮਲ ਹਿਰਦੇ ਦੀ ਨਿਸ਼ਾਨੀ ਨੂੰ ਮੂਰਤੀਮਾਨ ਕਰਦਾ ਹੈ। ਸ੍ਰੀ ਗੁਰੂ ਹਰਿ ਰਾਇ ਸਾਹਿਬ

ਕੋਲ ਘੋੜਸਵਾਰ, ਤੋਪਖਾਨਾ ਆਦਿ ਹਥਿਆਰ ਬੰਦ ਸੈਨਾ ਹੋਣ ਦੇ ਬਾਵਜੂਦ ਕਿਸੇ ਨਾਲ ਜੰਗ ਨਾ ਲੜਨਾ ਵੀ ਨਿਰਵੈਰਤਾ ਦਾ ਸਿਖਰ ਸੀ। ਇਸੇ ਤਰ੍ਹਾਂ ਹੀ ਮੁਗਲ ਰਾਜ ਵਿਚ ਆਪਣੀ ਹਥਿਆਰਬੰਦ ਸੈਨਾ ਰੱਖਣੀ ਵੀ ਉਨ੍ਹਾਂ ਦੇ ਨਿਰਭਉ ਹੋਣ ਦਾ ਸਬੂਤ ਦਿੰਦੀ ਹੈ।[85]

ਸ੍ਰੀ ਗੁਰੂ ਹਰਿ ਰਾਇ ਜੀ ਨੇ ਸਾਰੀ ਉਮਰ ਨਿਰਭੈ ਅਤੇ ਨਿਰਵੈਰ ਹੋ ਕੇ ਗੁਜਾਰੀ। ਹਮੇਸ਼ਾ ਸੱਚ ਦੀ ਗਵਾਹੀ ਦਿੰਦੇ ਹੋਏ ਡਰੇ ਨਹੀਂ। ਉਨ੍ਹਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਚਿਖਾ ਵਿਚ ਛਾਲ ਮਾਰਨ ਵਾਲਿਆਂ ਨੂੰ ਬਾਂਹ ਪਕੜ ਬੜੀ ਨਿਰਭੈਅਤਾ ਨਾਲ ਪਾਸੇ ਕੀਤਾ। ਆਪਣੇ ਵੱਡੇ ਭਰਾ ਧੀਰਮਲ ਦੇ ਵੈਰ ਵਿਰੋਧ ਤੋਂ ਡਰੇ ਨਹੀਂ ਭਾਵੇਂ ਉਸ ਨੇ ਕਿੰਨੇ ਹੀ ਡਰ ਡਰਾਵੇ ਦਿੱਤੇ। ਧੀਰਮਲ ਨੇ ਸ਼ਾਹਜਹਾਨ ਨਾਲ ਵੀ ਬਣਾਈ ਅਤੇ ਹੋਰਨਾਂ ਨੂੰ ਗੁਰੂ ਖਿਲਾਫ਼ ਕਰਨ ਦੀ ਕੋਸ਼ਿਸ਼ ਕੀਤੀ ਪਰ ਗੁਰੂ ਜੀ ਆਪਣੀ ਬੇਪਰਵਾਹੀ ਵਿਚ ਹੀ ਵਿਚਰਦੇ ਰਹੇ। ਫੌਜ਼ਾਂ ਰੱਖਣੀਆਂ, ਕਿਲ੍ਹੇ ਬਣਾਉਣੇ, ਨਗਾਰੇ ਵਜਾਉਣੇ, ਝੰਡੇ ਝੁਲਾਉਣੇ ਆਪ ਜੀ ਦੀ ਇਸੇ ਬੇਪਰਵਾਹੀ ਦਾ ਸਬੂਤ ਸਨ।[86] ਦਾਰਾ ਸਿਕੋਹ ਗੁਰੂ ਜੀ ਦੀ ਸ਼ਰਨ ਆਇਆ ਤਾਂ ਆਪ ਜੀ ਨੇ ਉਸ ਦੀ ਬਾਂਹ ਪਕੜ ਛੱਡੀ ਨਹੀਂ, ਬੇਆਸਰਿਆਂ ਦੇ ਆਸਰੇ ਬਣੇ। ਔਰੰਗਜ਼ੇਬ ਦੇ ਹਮਲਿਆਂ ਅਤੇ ਜ਼ਮੀਨਾਂ ਜਾਂ ਜਗੀਰਾਂ ਤੇ ਕਬਜ਼ੇ ਆਦਿ ਤੋਂ ਗੁਰੂ ਜੀ ਘਬਰਾਏ ਨਹੀਂ। ਆਪ ਬੇਮੁਹਤਾਜ ਹੋ ਕੇ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ।

ਜਦੋਂ ਗੁਰੂ ਸਾਹਿਬ ਦੇ ਵੱਡੇ ਪੁੱਤਰ ਰਾਮ ਰਾਇ ਨੇ ਖੁਸ਼ਾਮਦ ਵਿਚ ਆ ਕੇ ਗੁਰਬਾਣੀ ਦੀ ਤੁੱਕ ਬਦਲੀ ਤਾਂ ਬੜੀ ਨਿਰਭੈਅਤਾ ਨਾਲ ਗੁਰੂ ਜੀ ਨੇ ਉਸ ਨੂੰ ਨਲਾਇਕ ਅਤੇ ਥੋੜੀ ਅਕਲ ਦਾ ਆਖ ਹਮੇਸ਼ਾ ਲਈ ਤਿਆਗ ਦਿੱਤਾ।[87] ਗੌਰਾ ਜੋ ਕਿ ਗੁਰੂ ਘਰ ਦਾ ਨਿਕਟਵਰਤੀ ਸੀ ਅਤੇ ਭਾਈ ਭਗਤੂ ਦਾ ਬਹਾਦਰ ਪੁੱਤਰ ਸੀ ਜਦੋਂ ਉਸ ਨੇ ਨਿਰਦੋਸ਼ ਭਾਈ ਜੱਸੇ ਦਾ ਸਿਰ ਲਾਹਿਆ ਤਾਂ ਉਸ ਨੂੰ 'ਹਤਿਆਰਾ' ਕਹਿਣ ਤੋਂ ਵੀ ਗੁਰੂ ਜੀ ਨੇ ਸੰਕੋਚ ਨਹੀਂ ਕੀਤਾ। ਸਮਾਂ ਪਾ ਕੇ ਗੌਰੇ ਨੇ ਮੁਗਲਾਂ ਦੇ ਹਮਲੇ ਦਾ ਟਾਕਰਾ ਕੀਤਾ ਅਤੇ ਆਪਣੇ ਸਾਥੀਆਂ ਸਮੇਤ ਗੁਰੂ ਘਰ ਲਈ ਜਾਨ ਵਾਰ ਦਿੱਤੀ। ਗੁਰੂ ਸਾਹਿਬ ਨੂੰ ਜਦੋਂ ਪਤਾ ਲੱਗਾ ਤਾਂ ਉਨ੍ਹਾਂ ਨੇ ਭਾਈ ਗੌਰੇ ਨੂੰ ਬਖ਼ਸ਼ ਦਿੱਤਾ।[88] ਇਸ ਤਰ੍ਹਾਂ ਸੱਤਵੇਂ ਪਾਤਸ਼ਾਹ ਸੱਚ ਦੇ ਧਾਰਨੀ ਤੇ ਦਇਆ ਦੀ ਮੂਰਤ ਸਨ। ਗੁਰੂ ਸਾਹਿਬ ਦੇ ਸਿੱਖ ਜਵਾਨ ਬਹੁਤ ਬਹਾਦਰ ਅਤੇ ਦਲੇਰ ਸਨ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ 2200 ਚੋਣਵੇਂ ਸਵਾਰਾਂ ਦੀ ਇਕ ਫੌਜ਼ ਬਣਾਈ ਸੀ ਜਿਸ ਦਾ ਨਾਂ 'ਗੁਰੂ ਹਰਿ ਰਾਇ ਜੀ ਦਾ ਡੇਰਾ ਰੱਖਿਆ । ਇਹ ਫੌਜ਼ ਹਮੇਸ਼ਾ ਜਿੱਤ ਹਾਸਿਲ ਕਰਦੀ ਸੀ।[89] ਜਾਨਵਰ ਤੇ ਪੰਛੀ ਵੀ ਗੁਰੂ

ਜੀ ਦੀ ਨਿਰਵੈਰਤਾ ਦੇ ਕਾਇਲ ਹੋ ਕੇ ਬਹੁਤ ਹੀ ਨੇੜੇ ਹੋ ਕੇ ਗੁਰੂ ਸਾਹਿਬ ਜੀ ਨਾਲ ਪਿਆਰ ਕਰਦੇ ਸਨ। ਗੁਰੂ ਸਾਹਿਬ ਦੇ ਸੂਰਮੇ ਘੋੜਿਆਂ ਨੂੰ ਭਜਾਉਂਦੇ ਅਤੇ ਥਕਾ ਕੇ ਜਾਨਵਰਾਂ ਨੂੰ ਫੜ ਲੈਂਦੈ। ਗੁਰੂ ਜੀ ਨੇ ਆਪ ਵੀ ਬਲਵਾਨ ਘੋੜਿਆਂ ਨੂੰ ਭਜਾ ਕੇ ਪਸ਼ੂਆਂ ਨੂੰ ਫੜਿਆ। ਉਨ੍ਹਾਂ ਨੂੰ ਸੁੱਖ ਨਾਲ ਪਾਲਦੇ ਸਨ। ਬਾਘ, ਬਿੱਲੇ, ਸਹੇ, ਹਿਰਨ, ਬਾਰਾਂ ਸਿੰਘੇ ਆਦਿ ਬਹੁਤ ਜਾਨਵਰ 'ਰੱਖਾ ਵਿਚ ਰੱਖੇ ਸਨ।[90]

ਮਨੁੱਖਤਾ ਦੀ ਸੇਵਾ ਲਈ ਦਵਾਖ਼ਾਨਾ ਖੋਲਣਾ ਵੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਦਾ ਬਹੁਤ ਵੱਡਾ ਪਰਉਪਕਾਰੀ ਕਾਰਜ ਸੀ, ਜਿਥੇ ਬਿਨ੍ਹਾਂ ਕਿਸੇ ਵਿਤਕਰੇ ਅਤੇ ਵੈਰ ਦੀ ਭਾਵਨਾ ਦੇ ਸਭ ਨੂੰ ਦਵਾਈ ਮਿਲਦੀ ਸੀ। ਨਿਰਵੈਰਤਾ ਦੀ ਵੱਡੀ ਮਿਸਾਲ ਸਾਨੂੰ ਗੁਰ ਇਤਿਹਾਸ ਵਿਚੋਂ ਦੇਖਣ ਨੂੰ ਮਿਲਦੀ ਹੈ ਕਿ ਮੁਗਲ ਬਾਦਸ਼ਾਹ ਦਾ ਪੁੱਤਰ ਦਾਰਾ ਸਿਕੋਹ ਕਿਸੇ ਭਿਆਨਕ ਬਿਮਾਰੀ ਦਾ ਸ਼ਿਕਾਰ ਸੀ। ਉਸ ਨੂੰ ਠੀਕ ਕਰਨ ਲਈ ਜੋ ਦਵਾਈ ਕਿਤੋ ਨਹੀਂ ਮਿਲੀ ਉਹ ਸ੍ਰੀ ਗੁਰੂ ਹਰਿ ਰਾਇ ਸਾਹਿਬ ਦੇ ਦਵਾਖ਼ਾਨੇ ਤੋਂ ਪ੍ਰਾਪਤ ਹੋਈ ਸੀ, ਜਿਸ ਨਾਲ ਉਹ ਰਾਜੀ ਹੋਇਆ।[91] ਗੁਰੂ ਸਾਹਿਬ ਨੇ ਕਦੇ ਵੀ ਵੈਰ ਦੀ ਭਾਵਨਾ ਨਹੀਂ ਰੱਖੀ ਭਾਵੇਂ ਕਿ ਮੁਗਲ ਬਾਦਸ਼ਾਹਾਂ ਨੇ ਗੁਰੂ ਘਰ ਨਾਲ ਮਾੜਾ ਸਲੂਕ ਕੀਤਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ ਛੇਵੇਂ ਪਾਤਸ਼ਾਹ ਜੀ ਨਾਲ ਜੰਗਾਂ ਵੀ ਸਾਹਮਣੇ ਸਨ ਪਰ ਫਿਰ ਵੀ ਗੁਰੂ ਸਾਹਿਬ ਨੇ ਆਪਣੇ ਨਿਰਵੈਰਤਾ ਦੇ ਗੁਣ ਨੂੰ ਨਹੀਂ ਵਿਸਾਰਿਆ। ਗੋਬਿੰਦ ਪਿਆਰ ਦਾ ਭੁੱਖਾ ਹੈ। ਗੁਰੂ ਕੇਵਲ ਪਿਆਰ ਮੰਗਦਾ ਹੈ। ਜਿਥੇ ਪਿਆਰ ਹੈ ਉਥੇ ਹੀ ਨਿਰਵੈਰਤਾ ਦੀ ਭਾਵਨਾ ਜਨਮ ਲੈਂਦੀ ਹੈ। ਇਸੇ ਹੀ ਪ੍ਰੇਮ ਵਿਚ ਗੁਰੂ ਜੀ ਨੇ ਬਿਰਧ ਮਾਈ ਦੀ ਇੱਛਾ ਪੂਰੀ ਕੀਤੀ। ਬਿਨਾਂ ਮਰਿਯਾਦਾ ਤੋਂ ਘੋੜੇ ਉੱਤੇ ਅਸਵਾਰ ਹੀ ਹੱਥਾਂ ਵਿਚ ਭੋਜਨ ਰੱਖ ਕੇ ਛਕ ਲਿਆ। ਸਿੱਖਾਂ ਦੇ ਬੇ ਮਰਿਯਾਦਾ ਭੋਜਨ ਛਕਣ ਬਾਰੇ ਪੁੱਛਣ ਤੇ ਦੱਸਿਆ ਪ੍ਰੇਮ ਭੋਜਨ ਦਾ ਸਵਾਦ ਹੀ ਹੋਰ ਹੈ।[92]

ਲੋਕ ਦਰਦੀ ਅਤੇ ਦਇਆ ਦੀ ਮੂਰਤ ਜਦੋਂ ਪੰਜਾਬ ਵਿਚ ਕਾਲ ਪੈ ਗਿਆ ਤਾਂ ਗੁਰੂ ਜੀ ਨੇ ਸਭ ਪਾਸੇ ਹੁਕਮਨਾਮੇ ਭੇਜ ਕਾਰ ਭੇਟਾ ਰਾਹੀਂ ਉਥੇ ਲੰਗਰ ਵਰਤਾਉਣ ਲਈ ਕਿਹਾ। ਲੰਗਰ ਸ਼ੁਰੂ ਹੋਣ ਤੇ ਨਗਾਰਾ ਵਜਾਉਣਾ, ਖਲੋ ਕੇ ਅਰਦਾਸ ਕਰਨ ਅਤੇ ਸਿੱਖਾਂ ਨੂੰ ਇਕ ਚੁੱਟਕੀ ਆਟੇ ਦੀ ਆਏ ਲੰਗਰ ਵਿਚ ਪਾਉਣਾ ਆਖ, ਉਨ੍ਹਾਂ ਵਿਚ ਦੇਣ ਦੀ ਬਿਰਤੀ ਬਣਾਈ। ਕੀਰਤਨੀਏ ਹਰ ਜਗ੍ਹਾ ਨਹੀਂ ਸੀ ਜਾ ਸਕਦੇ ਇਸ ਲਈ ਸੰਗਤ ਨੂੰ ਇਕੱਠੇ ਹੋ ਕੇ ਜੋਟੀਆਂ ਵਿਚ ਸ਼ਬਦ ਗਾਉਣ ਦੀ ਰੀਤ ਆਪ ਨੇ ਹੀ ਚਲਾਈ ਸੀ। ਇਸ ਤਰ੍ਹਾਂ ਸਮਾਜ ਵਿਚ ਆਪਸੀ ਪਿਆਰ ਵਧਿਆ। ਗੁਰੂ ਜੀ ਗੁਰਬਾਣੀ ਦਾ ਇੰਨਾ ਜ਼ਿਆਦਾ ਸਤਿਕਾਰ ਕਰਦੇ ਸਨ ਕਿ ਗੋਡੇ ਉਤੇ

ਚੋਟ ਲਗਣ ਦੀ ਪਰਵਾਹ ਨਹੀਂ ਕੀਤੀ ਪਰ ਗੁਰੂ ਸ਼ਬਦ ਦੇ ਸਤਿਕਾਰ ਵਿਚ ਖੜੇ ਹੋਣ ਸਮੇਂ ਢਿੱਲ ਨਹੀਂ ਪੈਣ ਦਿੱਤੀ। ਸਿੱਖਾਂ ਨੂੰ ਬਾਣੀ ਦਾ ਸਤਿਕਾਰ ਕਰਨ ਦੀ ਪ੍ਰੇਰਨਾ ਦ੍ਰਿੜ ਕਰਵਾਈ। ਸਿੱਖਾਂ ਦੇ ਪੁੱਛਣ ਉੱਤੇ ਗੁਰੂ ਜੀ ਨੇ ਦੱਸਿਆ ਇਹ ਬਾਣੀ ਅਨਭੈ ਹੈ। ਗੁਰੂ ਦਾ ਅਨੁਭਵ ਬਾਣੀ ਦੇ ਰੂਪ ਵਿਚ ਹੈ। ਇਸ ਦਾ ਅਦਬ ਕਰਨਾ ਅਤਿ ਜ਼ਰੂਰੀ ਹੈ।[93] ਗੁਰੂ ਦਾ ਨਿਰਮਲ ਭੈਅ ਮਨੁੱਖ ਨੂੰ ਸਚਿਆਰ ਬਣਾਉਂਦਾ ਹੈ ਅਤੇ ਗਲਤ ਰਾਹ ਵੱਲ ਜਾਣ ਤੋਂ ਰੋਕਦਾ ਹੈ। ਗੁਰਬਾਣੀ ਨਾਲ ਗੁਰੂ ਜੀ ਦਾ ਇੰਨਾ ਪਿਆਰ ਸੀ ਕਿ ਆਪ ਹੀ ਕਥਾ ਕਰ ਬਾਣੀ ਦੀਆਂ ਰਮਜ਼ਾਂ ਖੋਲਦੇ ਸਨ ਅਤੇ ਆਪ ਨੇ ਰਾਮ ਰਾਇ ਦਾ ਤਿਆਗ ਤਾਂ ਕਰ ਦਿੱਤਾ ਪਰ ਬਾਣੀ ਦਾ ਅਪਮਾਨ ਨਾ ਸਹਾਰਿਆ। ਭਾਈ ਨੰਦ ਲਾਲ ਜੀ ਨੇ ਵੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਨੂੰ ਮੌਤ ਦੇ ਫੰਧੇ ਤੋੜਨ ਵਾਲਾ ਅਤੇ ਜਮਰਾਜ ਨੂੰ ਨੀਵਾਂ ਦਿਖਾਲਣ ਵਾਲਾ ਆਖਿਆ।[94] ਉਨ੍ਹਾਂ ਨੇ ਗੁਰੂ ਜੀ ਨੂੰ ਕਰਤਾ, ਸੱਚ ਦੇ ਪਾਲਣਹਾਰ, ਸੱਚ ਦਾ ਧਾਰਨੀ, ਕਹਿ ਕੇ ਮਹਿਮਾ ਗਾਈ ਹੈ [95] ਅਤੇ ਹੰਕਾਰੀਆਂ ਨੂੰ ਮਾਰਨ ਵਾਲੇ, ਦਿਲੀ ਨਿੰਮ੍ਰਤਾ ਵਾਲਿਆਂ ਦੇ ਸਹਾਇਕ ਦੱਸ ਕੇ ਗੁਰੂ ਜੀ ਦੀ ਵਡਿਆਈ ਕੀਤੀ ਹੈ।[96]

ਅੱਠਵੇਂ ਪਾਤਸ਼ਾਹ ਦਇਆ ਅਤੇ ਕਰੁਣਾ ਦੀ ਮੂਰਤ ਸਨ। ਸ੍ਰੀ ਹਰਿਕ੍ਰਿਸ਼ਨ ਜੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਦੇ ਛੋਟੇ ਸਪੁੱਤਰ ਸਨ। ਵੱਡੇ ਪੁੱਤਰ ਰਾਮਰਾਇ ਦੇ ਤਿਆਗ ਤੋਂ ਬਾਅਦ ਗੁਰੂ ਜੀ ਨੇ ਛੋਟੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਗੁਰਿਆਈ ਬਖ਼ਸ਼ੀ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਅਬਚਲ ਖਿਮਾਵਾਨ ਸਨ। ਉਨ੍ਹਾਂ ਦਾ ਧੀਰਜ ਧਰਤੀ ਸਮਾਨ ਸੀ। ਬਹੁਤ ਹੀ ਕੋਮਲ ਹਿਰਦਾ ਅਤੇ ਸਾਰੇ ਸ਼ੁਭ ਗੁਣਾਂ ਨਾਲ ਭਰਪੂਰ ਸਨ।[97] ਸ੍ਰੀ ਹਰਿਕ੍ਰਿਸ਼ਨ ਜੀ ਬਾਰੇ ਸੰਤੋਖ ਸਿੰਘ ਲਿਖਦੇ ਹਨ :

ਜਾਨਿ ਸਿੱਖ ਆਪਨੋ, ਹਰਿਤਿ ਤੀਨ ਤਾਪਨੇ,
ਬਿਨਾਂ ਹੀ ਤਾਪਨੋ ਸੁ ਫਲ ਮਹਾਂ ਪਾਵਈਂ॥5॥[98]

ਅਰਦਾਸ ਵਿਚ ਵੀ 'ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੇ ਸਭ ਦੁਖ ਜਾਇ' ਕਹਿ ਕੇ ਗੁਰੂ ਜੀ ਦੀ ਮਹਿਮਾ ਗਾਈ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਸਭ ਤੋਂ ਛੋਟੀ ਉਮਰ ਦੇ ਗੁਰੂ ਹੋਏ। ਇਥੇ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਗੁਰੂ ਸਰੀਰ ਨਹੀਂ ਬਲਕਿ ਸ਼ਬਦ ਗੁਰੂ ਹੈ ਅਤੇ ਇਕੋ ਜੋਤ ਹੀ ਸਾਰੇ ਗੁਰੂਆਂ ਵਿਚ ਸਮਾਈ ਹੋਈ ਹੈ। ਛੋਟੀ ਉਮਰ ਵਿਚ ਗੁਰੂ ਬਣਨਾ ਅਤੇ ਆਪਣੇ ਭਾਈ ਦੇ ਵਿਰੋਧ ਨੂੰ ਸਹਾਰਨਾ ਵੱਡੀ ਬੇਪਰਵਾਹੀ ਸੀ। ਉਨ੍ਹਾਂ ਨੇ ਛੋਟੀ ਉਮਰੇ ਸਿੱਖੀ ਦੀ ਵਾਗਡੋਰ ਸੰਭਾਲੀ। ਆਪਣੇ ਪਿਤਾ ਜੀ ਦੇ ਧਰਮ ਦੇ ਪ੍ਰਣ ਤੇ ਡਟਣਾ ਅਤੇ ਬਾਦਸ਼ਾਹ ਨੂੰ

ਮਿਲਣ ਲਈ ਨਿਡਰਤਾ ਨਾਲ ਇਨਕਾਰ ਕਰਨਾ ਬਹੁਤ ਬਹਾਦਰੀ ਅਤੇ ਨਿਰਭੈਅਤਾ ਦਾ ਸਬੂਤ ਸੀ। ਗੁਰੂ ਜੀ ਜੈ ਸਿੰਘ ਦੀ ਪ੍ਰੇਮ ਮਈ ਬੇਨਤੀ ਉੱਤੇ ਦਿੱਲੀ ਜਾਣ ਲਈ ਤਿਆਰ ਹੋ ਗਏ।[99] ਗੁਰੂ ਜੀ ਨੇ ਪਾਖੰਡੀ ਹੰਕਾਰੀ ਪੰਡਿਤ ਦਾ ਹੰਕਾਰ ਤੋੜਿਆ ਅਤੇ ਉਸ ਨੂੰ ਸੱਚ ਦਾ ਰਾਹ ਦਿਖਾਇਆ। ਝੀਵਰ ਤੋਂ ਕਥਾ ਕਰਵਾ ਕੇ ਉਨ੍ਹਾਂ ਨੇ ਅਕਾਲ ਪੁਰਖ ਦੇ ਸਰਬ ਸ਼ਕਤੀਮਾਨ ਹੋਣ ਅਤੇ ਉਸ ਦੇ ਹੁਕਮ ਵਿਚ ਹਰ ਸ਼ੈਅ ਦਾ ਹੋਣਾ ਦਸ ਕੇ ਉਸ ਦਾ ਘੁਮੰਡ ਤੋੜਿਆ।[100] ਦਿੱਲੀ ਪੁਜ ਕੇ ਬਾਦਸ਼ਾਹ ਦੇ ਭੇਜੇ ਦੂਤ ਨੂੰ ਬੜੀ ਹੀ ਸੂਰਬੀਰਤਾ ਨਾਲ ਆਖਿਆ ਕਿ ਔਰੰਗਜ਼ੇਬ ਨੇ ਆਪਣੇ ਭਰਾ ਮਾਰ ਦਿੱਤੇ ਅਤੇ ਅਸੀਂ ਆਪਣੇ ਪਿਤਾ ਜੀ ਦੀ ਦਿੱਤੀ ਸਿੱਖਿਆ ਨੂੰ ਕਾਇਮ ਰੱਖਦੇ ਹੋਏ ਔਰੰਗਜ਼ੇਬ ਨੂੰ ਨਹੀਂ ਮਿਲਾਂਗੇ।[101]

ਦਿੱਲੀ ਗੁਰੂ ਸਾਹਿਬ ਨੇ ਸਿੱਖਾਂ ਨੂੰ ਦਰਸ਼ਨ ਦਿੱਤੇ। ਆਪਣੇ ਭਰਾ ਦੀ ਦਿੱਲੀ ਵਿਖੇ ਈਰਖਾ ਦਾ ਸਾਹਮਣਾ ਕੀਤਾ, ਫਿਰ ਵੀ ਧੀਰਜ ਧਾਰਿਆ। ਭਾਈ ਸੰਤੋਖ ਸਿੰਘ ਜੀ ਅਨੁਸਾਰ 'ਦਰਸ ਆਪ ਕੇ ਨਾਸਹਿ ਰੋਗ। ਭਏ ਨਗਰ ਗਨ ਲੋਗ ਅਰੋਗ' ਦਿੱਲੀ ਨਗਰ ਦੇ ਨਿਵਾਸੀਆਂ ਦੇ ਸਾਰੇ ਰੋਗ ਦੁਖ ਦੂਰ ਕੀਤੇ। ਗੁਰੂ ਜੀ ਦੇ ਸੀਤਲਾ ਨਿਕਲ ਆਉਣ ਤੇ ਉਹ ਲੋਕਾਂ ਵਿਚ ਬੜੀ ਬੇਬਾਕੀ ਨਾਲ ਵਿਚਰਦੇ ਰਹੇ। ਉਨ੍ਹਾਂ ਨੇ ਗਰੀਬ ਅਤੇ ਬੇਸਹਾਰਾ ਲੋਕਾਂ ਲਈ ਬਹੁਤ ਯਤਨ ਕੀਤੇ। ਉਨ੍ਹਾਂ ਨੇ ਛੂਤ ਦੀ ਬੀਮਾਰੀ ਲਈ ਦਵਾਈਆਂ ਬਣਵਾਈਆਂ ਅਤੇ ਦਵਾਖਾਨੇ ਦੀ ਵਰਤੋਂ ਕਰਦੇ ਹੋਏ ਆਪ ਬੀਮਾਰ ਲੋਕਾਂ ਦੀ ਮਲਮ ਪੱਟੀ ਅਤੇ ਦੇਖਭਾਲ ਤੱਕ ਦੀ ਸੇਵਾ ਵਿਚ ਆਪਣੇ ਆਪ ਨੂੰ ਇੰਨਾ ਖੋਬ ਦਿੱਤਾ ਕਿ ਉਨ੍ਹਾਂ ਨੂੰ ਆਪ ਵੀ ਛੂਤ ਦੀ ਬਿਮਾਰੀ ਲੱਗ ਗਈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਇਸ ਤਰ੍ਹਾਂ ਦਿੱਲੀ ਦੀਆਂ ਸੰਗਤਾਂ ਦਾ ਉਧਾਰ ਕਰਦੇ ਹੋਏ ਜੋਤੀ ਜੋਤ ਸਮਾਏ। ਅੰਤ ਸਮੇਂ 'ਬਾਬਾ ਬਕਾਲੇ' ਦਸ ਕੇ ਆਪਣੀ ਖੇਡ ਵਰਤਾਈ।[102]

ਨੌਵੇਂ ਪਾਤਸ਼ਾਹ ਜੀ ਵੀ ਧੀਰਜ, ਖਿਮਾ ਅਤੇ ਦਇਆਲਤਾ ਦੀ ਮੂਰਤ ਸਨ। ਜਿੰਨੇ ਵੱਡੇ ਕਿਰਪਾਲੂ ਉੰਨੇ ਵੱਡੇ ਹੀ ਨਿਡਰ ਯੋਧਾ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਜੰਗ ਵਿਚ ਜਿੱਤ ਜਾਣ ਉੱਤੇ ਅਤੇ ਜੰਗ ਵਿਚ ਬਹਾਦਰੀ ਵਿਖਾਣ ਕਰਕੇ ਹੀ ਉਨ੍ਹਾਂ ਦਾ ਨਾਮ ਤੇਗ ਬਹਾਦਰ ਰੱਖਿਆ ਜੋ ਉਨ੍ਹਾਂ ਦੀ ਬੀਰਤਾ ਦੀ ਗਵਾਹੀ ਦਿੰਦਾ ਹੈ। ਉਹ ਤੇਗ ਦੇ ਧਨੀ ਸਨ। ਧੀਰਮਲ ਦੇ ਵਿਰੋਧ ਉੱਤੇ ਉਨ੍ਹਾਂ ਕੋਈ ਵੀ ਪ੍ਰਤੀ ਕਿਰਿਆ ਨਹੀਂ ਕੀਤੀ ਬਲਕਿ ਆਪਣੀ ਸਮਾਧੀ ਵਿਚ ਰਹੇ। ਬਕਾਲੇ ਵਿਖੇ ਵੀ ਧੀਰਮਲ ਅਤੇ ਹੋਰ ਸੋਢੀ ਆਪਣੀਆਂ ਗੱਦੀਆਂ ਲਾ ਕੇ ਬੈਠ ਗਏ ਸਨ, ਫਿਰ ਵੀ ਆਪ ਬੇਪਰਵਾਹੀ ਵਿਚ ਵਿਚਰਦੇ ਰਹੇ। ਜਦੋ ਮੱਖਣ ਸ਼ਾਹ ਲੁਬਾਣਾ ਵਰਗੇ

ਸ਼ਰਧਾਵਾਨ ਗੁਰਸਿੱਖਾਂ ਨੇ ਆਪ ਨੂੰ ਪ੍ਰਗਟ ਕੀਤਾ ਤਦ ਵੀ ਗੁਰੂ ਜੀ ਧੀਰਜ ਦੇ ਪੁੰਜ ਰਹੇ। ਸੋਢੀਆਂ ਦੀ ਈਰਖਾ ਬਹੁਤ ਵੱਧ ਗਈ ਸੀ। ਉਨ੍ਹਾਂ ਨੇ ਗੁਰੂ ਜੀ ਉੱਤੇ ਅਨੇਕਾਂ ਵਾਰ ਕੀਤੇ। ਗੋਲੀ ਚਲਵਾਈ, ਮਸੰਦਾਂ ਨੂੰ ਭਰਮਾਇਆ, ਸਿੱਖਾਂ ਨੂੰ ਰੋਕਣਾ ਚਾਹਿਆ, ਸਮਾਨ ਲੁੱਟ ਲਿਆ ਪਰ ਸੱਚ ਦਾ ਸੂਰਜ ਕਿਸੇ ਦੇ ਲੁਕਾਇਆ ਲੁਕਦਾ ਨਹੀਂ, ਗੁਰੂ ਜੀ ਸਿੱਖਾਂ ਵਿਚ ਬੜੀ ਬੇਪਰਵਾਹੀ ਨਾਲ ਵਿਚਰਦੇ ਰਹੇ। ਵਿਰੋਧੀਆਂ ਪ੍ਰਤੀ ਕੋਈ ਵੀ ਭਾਵ ਪ੍ਰਗਟ ਨਹੀਂ ਕੀਤਾ।[103] ਗੁਰੂ ਜੀ ਸਿੱਖੀ ਦਾ ਪ੍ਰਚਾਰ ਕਰਦੇ ਰਹੇ। ਭਾਈ ਸੰਤੋਖ ਸਿੰਘ ਜੀ ਨੇ ਗੁਰੂ ਜੀ ਦੀ ਮਹਿਮਾ ਦੇ ਗੁਣ ਇਸ ਪ੍ਰਕਾਰ ਗਾਏ ਹਨ:

ਇਕ ਰਸ ਨਿਤ ਉਰ ਧੀਰਜਵੰਤ ਮਹਿਦ ਜਿਤਿੰਦ੍ਰੈ ਗੁਨਨਿ ਮਹੰਤ।

ਬਡ ਉਦਾਰ, ਤੇਜ, ਬੁਧਿਵਾਨ। ਛਿਮਾਵੰਤ, ਉਰ ਕ੍ਰਿਪਾ ਮਹਾਨ॥17॥[104]

ਇੰਨੇ ਵੱਡੇ ਹਮਲੇ ਤੋਂ ਗੁਰੂ ਜੀ ਘਬਰਾਏ ਨਹੀਂ ਉਸੇ ਤਰ੍ਹਾਂ ਹੀ ਨਿਤ ਦੀ ਕਾਰ ਕਰਨ ਲੱਗੇ। ਗੁਰੂ ਜੀ ਨੇ ਆਪਣੇ ਕੋਲ ਸੈਨਾਂ ਤਾਂ ਰੱਖੀ ਪਰ ਕੋਈ ਵੀ ਜੰਗ ਨਹੀਂ ਲੜੀ। ਉਨ੍ਹਾਂ ਦੇ ਸ਼ਰੀਕਾਂ ਨੇ ਕਈ ਹਮਲੇ ਅਤੇ ਵਿਉਤਾਂ ਰਚੀਆਂ। ਆਪਨੇ ਵਿਰੋਧੀਆਂ ਦਾ ਵਿਰੋਧ ਵੀ ਨਹੀਂ ਕੀਤਾ, ਬਹੁਤ ਵੱਡਾ ਧੀਰਜ ਧਾਰਨ ਕੀਤਾ। ਗੁਰੂ ਜੀ ਨੇ ਆਪਣੇ ਗੁਰਸਿੱਖਾਂ ਨੂੰ ਵੀ ਨਿਰਵੈਰ ਹੋਣ ਲਈ ਉਪਦੇਸ਼ ਦਿੱਤਾ, ਜਦੋਂ ਮੱਖਣ ਸ਼ਾਹ ਨੇ ਵਿਰੋਧੀਆਂ ਦਾ ਵਿਰੋਧ ਕੀਤਾ ਤਾਂ ਗੁਰੂ ਜੀ ਨੇ ਉਸ ਨੂੰ ਵਰਜਿਆ ਅਤੇ ਖਿਮਾ ਧਾਰਨ ਕਰਨ ਦਾ ਉਪਦੇਸ਼ ਦਿੱਤਾ।[105] ਉਨ੍ਹਾਂ ਨੇ ਵਿਰੋਧੀਆਂ ਨੂੰ ਵੀ ਮੁਆਫ਼ ਕੀਤਾ ਅਤੇ ਧੀਰਮਲ ਦੀਆਂ ਚੀਜਾਂ ਮੋੜ ਦਿੱਤੀਆਂ। ਇਸ ਤਰ੍ਹਾਂ ਦਇਆ ਅਤੇ ਖਿਮਾ ਕਰਨੀ ਨੌਵੇਂ ਪਾਤਸ਼ਾਹ ਜੀ ਨੇ ਆਪਣੇ ਸਿੱਖਾਂ ਨੂੰ ਵਿਵਹਾਰਿਕ ਰੂਪ ਵਿਚ ਕਰਕੇ ਦਿਖਾਈ। ਗੁਰੂ ਜੀ ਲਈ ਮਾਨ-ਅਪਮਾਨ ਇਕ ਸਮਾਨ ਸੀ। ਉਹ ਬ੍ਰਹਮ ਗਿਆਨ ਦੀ ਮੂਰਤ ਸਨ। ਗੁਰਬਾਣੀ ਅਨੁਸਾਰ:

ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥

ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥

ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥[106]

ਇਨ੍ਹਾਂ ਸ਼ਬਦਾਂ ਦੀ ਜੁਗਤ ਉਨ੍ਹਾਂ ਦੇ ਜੀਵਨ ਵਿਚੋਂ ਸਾਫ਼ ਝਲਕਦੀ ਸੀ। ਉਹ ਬਹੁਤ ਹੀ ਬੇਪਰਵਾਹ, ਧੀਰਜਵਾਨ ਤੇ ਦਰਿਆ ਦਿਲ ਸਨ। ਜਦੋਂ ਉਨ੍ਹਾਂ ਕੋਲ ਕਸ਼ਮੀਰੀ ਪੰਡਿਤ ਫਰਿਆਦ ਲੈ ਕੇ ਆਏ:

ਹਿੰਦੂ ਬਚੈਂ ਲੁਕ ਬਤੇਰਾ ਕਹੈਂ। ਔਰ ਲਏ ਸਭ ਮੁਸਲੈ ਕਰੈ।

ਯੌਂ ਸਭ ਜਗ ਸੁਨ ਭਯੋ ਤਰਾਸਾ। ਤਬ ਬਿਪ ਆਏ ਸਤਿਗੁਰ ਪਾਸਾ॥8॥[107]

ਹਿੰਦੂਆ ਦੀ ਟੇਕ ਰੱਖਣ ਲਈ ਗੁਰੂ ਸਾਹਿਬ ਨੇ ਆਪਣਾ ਆਪਾ ਤਕ ਕੁਰਬਾਨ ਕੀਤਾ। ਆਪਣੇ ਧਰਮ ਲਈ ਸੂਰਬੀਰ ਜਾਨ ਦਿੰਦੇ ਹਨ ਪਰ ਜਗਤ ਵਿਚ ਇਹ ਪਹਿਲੀ ਵਾਰ ਹੋਇਆ ਕਿ ਗੁਰੂ ਜੀ ਨੇ ਹੋਰ ਧਰਮ ਦੀ ਰੱਖਿਆ ਲਈ ਆਪਣਾ ਸੀਸ ਦੇ ਦਿੱਤਾ। ਅਜਿਹੇ ਸਨ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ, ਉਹ ਨਾ ਕਿਸੇ ਤੋਂ ਡਰਦੇ ਸਨ ਅਤੇ ਨਾ ਹੀ ਕਿਸੇ ਨੂੰ ਡਰਾਉਣ ਦੇ ਹੱਕ ਵਿਚ ਸਨ। ਗੁਰਬਾਣੀ ਅਨੁਸਾਰ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥[108]

ਬਾਦਸ਼ਾਹ ਨੇ ਬਹੁਤ ਡਰਾਇਆ, ਤਸੀਹੇ ਵੀ ਦਿੱਤੇ, ਪਰ ਗੁਰੂ ਜੀ ਅਡੋਲ ਰਹੇ। ਅਜਿਹੀ ਨਿਰਵੈਰਤਾ ਹੋਰ ਕਿਸੇ ਧਰਮ ਵਿਚ ਸਾਨੂੰ ਦੇਖਣ ਨੂੰ ਨਹੀਂ ਮਿਲੇਗੀ ਉਨ੍ਹਾਂ ਨੂੰ ਲੋਕ ਹਿੰਦੂਆਂ ਦੇ ਪੀਰ ਕਹਿ ਕੇ ਬੁਲਾਉਂਦੇ ਸਨ।[109] ਬਾਦਸ਼ਾਹ ਨੇ ਬੜਾ ਜ਼ੋਰ ਲਾਇਆ, ਕੈਦ ਕੀਤਾ, ਭੁੱਖਾ ਰੱਖਿਆ ਪਰ ਫਿਰ ਵੀ ਗੁਰੂ ਜੀ ਨਿਹਚਲ ਹੀ ਰਹੇ :

ਕਿੰਚਤ ਨਹੀਂ ਤ੍ਰਾਸ ਕਰਿ ਮਾਨੀ। ਅਧਿਕ ਢੀਠਤਾ ਮਨ ਮਹਿਂ ਠਾਨੀ।[110]

ਬਾਦਸ਼ਾਹ ਨੇ ਦੋ ਸ਼ਰਤਾਂ ਰੱਖੀਆਂ ਜਾ ਦੀਨ ਬਦਲੋ ਜਾਂ ਕਰਾਮਾਤ ਦਿਖਾਉ:[111]

ਕੈਚ ਪਾਇ ਬਹੁ ਦਿਵਾਯੋ ਤ੍ਰਾਸ। ਫੇਰ ਮੁਸਲ ਇਕ ਭੇਜਯੋ ਪਾਸ।

ਖੋਟਾ ਬੋਲ ਔ ਡਾਸ ਦਿਵਾਯਾ। ਤੁਰਕ ਹੋਹਿ ਤਿਨ ਆਖ ਸੁਵਾਯ॥37॥

ਅਕੇ ਦਿਖਾਇਓ ਕਹਾ ਸੁ ਮਾਤ। ਜਿਸ ਗੁਰੂ ਅਖਾਵੈਂ ਦਿਖਾਓ ਸੋਊ ਬਾਤ।[112]

ਗੁਰੂ ਜੀ ਨੇ ਬੜੀ ਨਿਡਰਤਾ ਨਾਲ ਮਨਾ ਕੀਤਾ ਅਤੇ ਮੌਤ ਨੂੰ ਕਬੂਲਿਆ। ਗੁਰੂ ਜੀ ਨੂੰ ਲੋਹੇ ਦੇ ਪਿੰਜਰੇ ਵਿਚ ਰੱਖਿਆ ਗਿਆ।[113] ਉਨ੍ਹਾਂ ਦੇ ਸਾਹਮਣੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਦਿੱਤਾ ਗਿਆ, ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ, ਭਾਈ ਦਿਆਲਾ ਜੀ ਨੂੰ ਦੇਗ ਵਿਚ ਉਬਾਲ ਕੇ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਤਾਂ ਕਿ ਗੁਰੂ ਜੀ ਡਰ ਜਾਣ ਪਰ ਗੁਰੂ ਜੀ ਅਡੋਲ ਸਮਾਧੀ ਵਿਚ ਰਹੇ। ਅੰਤ ਉਨ੍ਹਾਂ ਨੇ ਆਪਣਾ ਸੀਸ ਮਨੁੱਖੀ ਹੱਕਾਂ ਦੀ ਰਾਖੀ ਲਈ ਲੇਖੇ ਲਾ ਦਿੱਤਾ। ਭਾਈ ਜੈਤਾ ਜੀ ਵਰਗੇ ਮਹਾਨ ਗੁਰਸਿੱਖ ਡਰ ਨੂੰ ਦੂਰ ਕਰਕੇ ਉਨ੍ਹਾਂ ਦਾ ਸੀਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਲੈ ਕੇ ਆਏ, ਉਥੇ ਗੁਰੂ ਜੀ ਨੇ ਅੰਤਿਮ ਸੰਸਕਾਰ ਕੀਤਾ। ਇਧਰ ਮੱਖਣ ਸ਼ਾਹ ਲੁਬਾਣੇ ਨੇ ਨਿਰਭੈ ਹੋ ਕੇ ਗੁਰੂ ਜੀ ਦੇ ਧੜ ਦਾ ਸੰਸਕਾਰ ਕਰਨ ਲਈ ਆਪਣੇ ਘਰ ਨੂੰ ਅੱਗ ਲਗਾ ਦਿੱਤੀ।[114] ਗੁਰੂ ਜੀ ਆਪ ਨਿਰਭੈ ਦੀ ਪਦਵੀ ਨੂੰ ਪ੍ਰਾਪਤ ਸਨ ਅਤੇ ਉਨ੍ਹਾਂ ਦੇ ਗੁਰਸਿੱਖ ਵੀ ਇਸ

ਪਦਵੀ ਨੂੰ ਪ੍ਰਾਪਤ ਕਰ ਚੁੱਕੇ ਸਨ। ਗੁਰੂ ਨਿਰਵੈਰ ਸੀ ਅਤੇ ਉਸ ਦੇ ਗੁਰਸਿੱਖ ਵੀ ਨਿਰਵੈਰ ਹੋ ਕੇ ਵਿਚਰੇ। ਸਾਰੀ ਜਿੰਦਗੀ ਨੌਵੇਂ ਗੁਰੂ ਜੀ ਨੇ ਨਿਡਰਤਾ ਅਤੇ ਬਹਾਦਰੀ ਨਾਲ ਗੁਜਾਰੀ, ਉਨ੍ਹਾਂ ਨੇ ਨਿਰਭੈਤਾ ਅਤੇ ਨਿਰਵੈਰਤਾ ਦੀ ਅਜਿਹੀ ਮਿਸਾਲ ਕਾਇਮ ਕੀਤੀ ਜੋ ਰਹਿੰਦੀ ਦੁਨਿਆ ਤਕ ਯਾਦ ਰਹੇਗੀ। ਹਿੰਦੂ ਧਰਮ ਲਈ ਆਪਣਾ ਸੀਸ ਦੇ ਦੇਣਾ ਨਿਰਵੈਰਤਾ ਦਾ ਸਿਖਰ ਸੀ। ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਨੂੰ 'ਹਿੰਦ ਦੀ ਚਾਦਰਾ ਕਿਹਾ ਜਾਂਦਾ ਹੈ।[115] ਜਿਨ੍ਹਾਂ ਨੇ ਤਿਲਕ ਅਤੇ ਜੰਞੂ ਦੀ ਰਾਖੀ ਲਈ ਆਪਣਾ ਆਪਾ ਤੱਕ ਕੁਰਬਾਨ ਕਰ ਦਿੱਤਾ। ਦੂਸਰੇ ਧਰਮ ਦੇ ਲਈ ਆਪਣੀ ਕੁਰਬਾਨੀ ਦੇਣਾ ਆਪਣੇ ਆਪ ਵਿਚ ਬਹੁਤ ਹੀ ਵਿਲੱਖਣ ਅਤੇ ਦਲੇਰੀ ਦਾ ਕਾਰਜ ਸੀ। ਸੱਚ ਦੀ ਗਵਾਹੀ ਲਈ ਸਿਰ ਲੇਖੇ ਵਿਚ ਲਾਉਣਾ ਸੂਰਮਿਆਂ ਦਾ ਕੰਮ ਹੁੰਦਾ ਹੈ। ਗੁਰੂ ਪਾਤਸ਼ਾਹ ਜੀ ਨੇ ਔਰੰਗਜ਼ੇਬ ਦੇ ਜ਼ਬਰੀ ਧਰਮ ਬਦਲਾਉਣ ਦਾ ਵਿਰੋਧ ਕੀਤਾ ਅਤੇ ਸੱਚ ਦੇ ਧਾਰਨੀ ਬਣਨ ਦਾ ਉਪਦੇਸ਼ ਦਿੱਤਾ। ਅਜਿਹੀ ਨਿਰਭਉ ਰੂਪੀ ਹਸਤੀ ਕਿ ਦੂਜੇ ਧਰਮ ਲਈ ਕੁਰਬਾਨੀ ਦਿੱਤੀ ਅਤੇ ਨਿਰਵੈਰਤਾ ਦੀ ਭਾਵਨਾ ਨੂੰ ਆਪਣੀ ਜ਼ਿੰਦਗੀ ਵਿਚ ਯਥਾਰਥਕ ਰੂਪ ਵਿਚ ਪੇਸ਼ ਕੀਤਾ ਹੈ।

ਸਿੱਖਾਂ ਦੇ ਦਸਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੋਏ। ਗੁਰੂ ਜੀ ਬੀਰ ਰਸ ਨਾਲ ਭਰਪੂਰ ਬਹਾਦਰ ਯੋਧੇ ਅਤੇ ਨਿਡਰ ਸਨ। ਉਹ ਪਿਆਰ ਅਤੇ ਉਦਾਰ ਵਾਲੀ ਸਮਦ੍ਰਿਸ਼ਟੀ ਦੇ ਮਾਲਕ ਸਨ। ਭਾਈ ਸੰਤੋਖ ਸਿੰਘ ਜੀ ਲਿਖਦੇ ਹਨ:

ਰਸ ਬੀਰ ਭਰੇ, ਜਨ ਧੀਰ ਕਰੇ, ਬਹੁ ਪੀਰ ਹਰੇ ਭਵ ਫੰਧਨ ਕੇ।

------------------------------------------------

ਅਤਿ ਮਿੱਤ੍ਰ ਪਵਿੱਤ੍ਰ ਬਚਿੱਤ੍ਰ ਚਰਿੱਤ੍ਰਤਿ ਤੇਗ ਬਹਾਦੁਰ ਨੰਦਨ ਕੇ।।22।।[116]

ਗੁਰੂ ਜੀ ਨੇ ਆਪ ਆਪਣੇ ਪਿਤਾ ਜੀ ਨੂੰ ਸੀਸ ਭੇਟ ਕਰਨ ਲਈ ਦਿੱਲੀ ਭੇਜਿਆ ਸੀ ਅਜਿਹੀ ਮਿਸਾਲ ਦੁਨੀਆਂ ਵਿਚ ਕਿਧਰੇ ਵੀ ਦੇਖਣ ਨੂੰ ਨਹੀਂ ਮਿਲਦੀ ਕਿ ਪੁੱਤਰ ਆਪਣੇ ਪਿਤਾ ਨੂੰ ਦੂਸਰੇ ਦੇ ਧਰਮ ਲਈ ਜਾਨ ਨਿਛਾਵਰ ਕਰਨ ਨੂੰ ਆਖੇ। ਜਦੋਂ ਭਾਈ ਜੈਤਾ ਜੀ ਸੀਸ ਲੈ ਕੇ ਆਏ ਉਦੋਂ ਵੀ ਬੜੇ ਹੀ ਧੀਰਜ ਨਾਲ ਸਿੱਖੀ ਦੀ ਵਾਗਡੋਰ ਸੰਭਾਲੀ ਅਤੇ ਸਭ ਨੂੰ ਧੀਰਜ ਦਿੱਤਾ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਸੰਸਕਾਰ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮਝ ਗਏ ਸਨ ਕਿ ਦੀਨ ਦੀ ਰੱਖਿਆ ਲਈ ਤਲਵਾਰ ਅਤਿ ਜ਼ਰੂਰੀ ਹੈ। ਗੁਰੂ ਜੀ ਨੇ ਹਰੇਕ ਸਿੱਖ ਨੂੰ ਦੀਨ ਦੁਨੀ ਦੀ ਰੱਖਿਆ ਲਈ ਹਥਿਆਰ ਰੱਖਣ ਲਈ ਕਿਹਾ। ਉਹ ਹਰ ਸਮੇਂ

ਜੰਗ ਲਈ ਤਿਆਰ-ਬਰ-ਤਿਆਰ ਰਹਿੰਦੇ ਸਨ। ਉਨ੍ਹਾਂ ਨੇ ਸਿੱਖਾਂ ਨੂੰ ਵੀ ਇਸ ਲਈ ਪ੍ਰੇਰਿਤ ਕੀਤਾ ਅਤੇ ਸਿਖਲਾਈ ਵੀ ਦੇਣ ਲੱਗੇ। ਗੁਰੂ ਸਾਹਿਬ ਨੇ ਅਨੇਕਾਂ ਹੀ ਪਰਉਪਕਾਰ ਦੇ ਕਾਰਜ ਕੀਤੇ। ਉਨ੍ਹਾਂ ਨੇ ਪਾਣੀ ਦਾ ਪ੍ਰਬੰਧ ਕਰਵਾਇਆ, ਲੰਗਰ, ਪੰਗਤ, ਸੰਸਥਾਵਾਂ ਦਾ ਵਿਕਾਸ ਅਤੇ ਨਗਰ ਵਸਾਏ। ਗੁਰੂ ਜੀ ਨੇ ਇਕ ਵੱਡੇ ਨਗਾਰੇ ਦਾ ਪ੍ਰਬੰਧ ਕੀਤਾ ਤਾਂ ਕਿ ਸੈਨਾ ਵਿਚ ਨਗਾਰਾ ਵਜਾਉਣ ਨਾਲ ਉਤਸ਼ਾਹ ਪੈਦਾ ਹੋ ਸਕੇ। ਗੁਰੂ ਜੀ ਨੇ ਨਗਾਰੇ ਦਾ ਨਾਮ 'ਰਣਜੀਤ ਨਗਾਰਾ' ਰੱਖਿਆ।[117]

ਗੁਰੂ ਜੀ ਦੀ ਬਹਾਦਰੀ ਦਾ ਪ੍ਰਮਾਣ ਇਸ ਗੱਲ ਤੋਂ ਵੀ ਮਿਲਦਾ ਹੈ ਕਿ ਉਨ੍ਹਾਂ ਨੇ ਸ਼ਿਕਾਰ ਖੇਡਦੇ ਹੋਏ ਸ਼ੇਰ ਨੂੰ ਮਾਰਿਆ।[118] ਉਹ ਆਪ ਤੀਰ ਕਮਾਨ, ਤਲਵਾਰ, ਬੰਦੂਕ, ਨੇਜ਼ਾ ਆਦਿ ਸ਼ਸਤਰ ਵਿਦਿਆ ਵਿਚ ਪੂਰੀ ਤਰ੍ਹਾਂ ਨਿਪੁੰਨ ਸਨ ਅਤੇ ਆਪਣੀ ਸੈਨਾ ਨੂੰ ਵੀ ਬਹਾਦਰ ਬਣਾਉਣਾ ਚਾਹੁੰਦੇ ਸਨ। ਗੁਰੂ ਜੀ ਨਾ ਕੇਵਲ ਜ਼ੁਲਮ ਦੇ ਖਿਲਾਫ਼ ਸਨ ਬਲਕਿ ਨਿਆਂ ਕਰਨ ਸਮੇਂ ਸਮਦ੍ਰਿਸ਼ਟੀ ਦੇ ਮਾਲਕ ਵੀ ਸਨ। ਜਦੋਂ ਪਹਾੜੀ ਰਾਜੇ ਗੁਰੂ ਜੀ ਕੋਲ ਸਹਾਇਤਾ ਲਈ ਆਏ ਤਾਂ ਗੁਰੂ ਜੀ ਨੇ ਬਿਨਾਂ ਕਿਸੇ ਭੇਦ ਭਾਵ ਦੇ ਉਨ੍ਹਾਂ ਦੀ ਸਹਾਇਤਾ ਕੀਤੀ।[119] ਉਨ੍ਹਾਂ ਨੇ ਆਪਣੇ ਸਿੱਖ ਜੋ ਮਸੰਦ ਬਣੇ ਹੋਏ ਸਨ ਅਤੇ ਸਿੱਖੀ ਸਿਧਾਤਾਂ ਤੋਂ ਉਲਟ ਹੋ ਗਏ ਸਨ, ਨੂੰ ਸਜਾ ਦੇਣ ਵਿਚ ਵੀ ਦੇਰੀ ਨਹੀਂ ਕੀਤੀ। 1100 ਦੇ ਕਰੀਬ ਮਸੰਦ ਫੜੇ ਅਤੇ ਉਨ੍ਹਾਂ ਨੂੰ ਕੀਤੇ ਦੀ ਸਜਾ ਦਿੱਤੀ।[120] ਅਜਿਹੀ ਨਿਆਂ ਅਤੇ ਨਿਰਵੈਰਤਾ ਦੀ ਮੂਰਤ ਸਨ ਦਸਮੇਸ਼ ਪਿਤਾ ਜੀ। ਦਸਮੇਸ਼ ਪਿਤਾ ਜੀ ਦੀ ਨਿਆਂ, ਸਮਦ੍ਰਿਸ਼ਟੀ ਅਤੇ ਨਿਰਵੈਰਤਾ ਇੰਨੀ ਪ੍ਰਸਿੱਧ ਸੀ ਕਿ ਬੁੱਧੂ ਸ਼ਾਹ ਵਰਗੇ ਪਠਾਣ ਵੀ ਆਪਣੇ ਮੁਰੀਦਾਂ ਅਤੇ ਚਾਰ ਪੁੱਤਰਾਂ ਨੂੰ ਲੈ ਕੇ ਗੁਰੂ ਜੀ ਦਾ ਸਾਥ ਦੇ ਕੇ ਜ਼ੁਲਮ ਖਿਲਾਫ਼ ਜੰਗ ਵਿਚ ਲੜੇ। ਪਠਾਣ ਗੁਰੂ ਜੀ ਦੀ ਸੱਚ ਦੀ ਲੜਾਈ ਵਿਚ ਨਾਲ ਸਨ। ਗੁਰੂ ਜੀ ਨੇ ਭੰਗਾਣੀ ਯੁੱਧ ਵਿਚ ਪਹਾੜੀ ਰਾਜਿਆਂ ਦੇ ਹੰਕਾਰ ਨੂੰ ਤੋੜਿਆ। ਦਸਵੇਂ ਪਾਤਸ਼ਾਹ ਜੀ ਨੇ ਨਿਰਭਉ ਅਤੇ ਨਿਰਵੈਰ ਦੇ ਇਨ੍ਹਾਂ ਗੁਣਾਂ ਨੂੰ ਖਾਲਸੇ ਦੀ ਸਾਜਣਾ ਸਮੇਂ ਹੋਰ ਵੀ ਪ੍ਰੱਪਕ ਕੀਤਾ ਜਦੋਂ ਉਨ੍ਹਾਂ ਨੇ ਖਾਲਸਾ ਪੰਥ ਦੀ ਸਾਜਣਾ ਸਮੇਂ ਬਿਨ੍ਹਾਂ ਕਿਸੇ ਵਿਤਕਰੇ ਦੇ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਲਈ ਕਿਹਾ:

ਪੰਜ ਭੁਜੰਗੀ ਲਏ ਉਠਾਇ।
ਚਾਰੈ ਬਰਨ ਇਕ ਕੀਏ ਭਰਾਇ।[121]

ਪੰਜ ਪਿਆਰੇ ਵੱਖਰੇ-ਵੱਖਰੇ ਇਲਾਕੇ, ਜਾਤੀ, ਰੰਗ ਦੇ ਸਨ। ਖਾਲਸੇ ਦੀ ਸਾਜਣਾ ਸਮੇਂ ਜਾਤੀ ਪ੍ਰਥਾ, ਲਿੰਗ, ਨਸਲ ਆਦਿ ਦੀ ਨਿਖੇਧੀ ਕਰ ਸਾਰਿਆਂ ਨੂੰ ਇਕ ਹੀ ਕਰ ਦਿੱਤਾ। 'ਪੰਜ ਪਿਆਰਿਆਂ ਨੂੰ ਭਾਈਚਾਰੇ ਦੇ ਜੱਥੇਬੰਦਕ ਢਾਂਚੇ ਨਾਲ ਜੋੜਨਾ ਆਪਣੇ ਆਪ ਵਿਚ ਹੀ ਮਿਸਾਲ ਸੀ। ਇਸ ਨਾਲ ਲੋਕਾਂ ਵਿਚ ਆਪਸੀ ਸਾਂਝ, ਪ੍ਰੇਮ ਵਧਿਆ ਅਤੇ ਉਹ ਜ਼ੁਲਮ ਲਈ ਇਕ ਜੁੱਟ ਹੋ ਕੇ ਲੜਨ ਲਈ ਤਿਆਰ ਹੋ ਗਏ। ਖ਼ਾਲਸੇ ਦੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਕੌਰ ਜੀ, ਆਨੰਦਪੁਰ ਸਾਹਿਬ ਜਨਮ, ਇਹ ਸਭ ਸਾਰੀ ਮਨੁੱਖਤਾ ਨੂੰ ਇਕ ਹੀ ਧਾਗੇ ਵਿਚ ਪ੍ਰੋਅ ਕੇ ਰੱਖਣ ਦਾ ਯਤਨ ਸੀ।[122] ਇਕ-ਇਕ ਸਿੱਖ ਸਵਾ ਲੱਖ ਦੇ ਬਰਾਬਰ, ਇਹ ਜ਼ਜਬਾ ਲੋਕਾਂ ਵਿਚ ਭਰਨਾ ਦਸਮੇਸ਼ ਪਿਤਾ ਜੀ ਦੀ ਹੀ ਦੇਣ ਸੀ। ਦਸਮੇਸ਼ ਪਿਤਾ ਦੀ ਨਿਰਵੈਰਤਾ ਵੀ ਸਿਖਰ ਦੀ ਸੀ। ਲੜਾਈ ਦੇ ਮੈਦਾਨ ਵਿਚ ਗੁਰੂ ਜੀ ਦੇ ਹਰੇਕ ਤੀਰ ਨਾਲ ਸੋਨਾ ਲੱਗਿਆ ਹੋਇਆ ਸੀ ਤਾਂ ਕਿ ਜਿਸ ਦੇ ਵੀ ਉਹ ਤੀਰ ਲੱਗੇ ਉਸ ਨਾਲ ਉਸ ਵਿਅਕਤੀ ਦੀ ਮਲਮ ਪੱਟੀ ਜਾਂ ਸੰਸਕਾਰ ਹੋ ਸਕੇ। ਗੁਰੂ ਜੀ ਨੇ ਖਾਲਸੇ ਨੂੰ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਤੇ ਹਮਲਾ ਕਰਨ ਤੋਂ ਰੋਕਿਆ ਹੋਇਆ ਸੀ ਫਿਰ ਚਾਹੇ ਉਹ ਕਿਸੇ ਵੀ ਧਰਮ ਦੇ ਕਿਉਂ ਨਾ ਹੋਣ। ਖਾਲਸਾ ਹਰੇਕ ਦੀਨ ਦੁਖੀ ਦੀ ਸਹਾਇਤਾ ਕਰਦਾ ਹੈ, ਬਿਨ੍ਹਾਂ ਕਿਸੇ ਵਿਤਕਰੇ ਦੇ। ਆਨੰਦਪੁਰ ਸਾਹਿਬ, ਚਮਕੌਰ ਸਾਹਿਬ ਅਤੇ ਖਿਦਰਾਣਾ ਦੀ ਜੰਗ ਵਿਚ ਸਿੱਖਾਂ ਨੇ ਬੜੀ ਹੀ ਬਹਾਦਰੀ ਦਿਖਾਈ। ਕਈ ਸਿੰਘ ਸਹੀਦ ਹੋਏ।[123]

ਦਸ਼ਮੇਸ਼ ਪਿਤਾ ਜੀ ਦੇ ਚਾਰੇ ਸਾਹਿਬਜ਼ਾਦਿਆਂ ਨੇ ਜੋ ਨਿਰਭੈਅਤਾ ਅਤੇ ਨਿਰਵੈਰਤਾ ਦੀ ਮਿਸਾਲ ਕਾਇਮ ਕੀਤੀ, ਦੁਨੀਆ ਵਿਚ ਕਿਤੇ ਵੀ ਅਜਿਹੀ ਮਿਸਾਲ ਵੇਖਣ ਨੂੰ ਨਹੀਂ ਮਿਲਦੀ। ਵੱਡੇ ਦੋਵੇਂ ਸਾਹਿਬਜ਼ਾਦੇ ਬੜੀ ਬਹਾਦਰੀ ਨਾਲ ਚਮਕੌਰ ਦੀ ਜੰਗ ਵਿਚ ਲੜਦੇ ਸਮੇਂ ਸ਼ਹੀਦ ਹੋਏ।[124] ਛੋਟੇ ਸਾਹਿਬਜ਼ਾਦੇ ਬਾਬਾ ਜੋਰਾਵਰ ਸਿੰਘ ਅਤੇ ਫ਼ਤਿਹ ਸਿੰਘ ਧਰਮ ਉੱਤੇ ਕਾਇਮ ਰਹੇ ਅਤੇ ਉਨ੍ਹਾਂ ਨੇ ਮੁਗਲ ਹਕੂਮਤ ਦੇ ਅੱਤਿਆਚਾਰ ਨੂੰ ਬੜੀ ਨਿਡਰਤਾ ਨਾਲ ਸਹਾਰਦੇ ਹੋਏ ਧਰਮ ਦੀ ਰਾਖੀ ਕੀਤੀ। ਮੁਗਲ ਦਰਬਾਰ ਵਿਚ ਬੜੀ ਹੀ ਦਲੇਰੀ ਤੇ ਨਿਡਰਤਾ ਨਾਲ ਸੱਚ ਦੀ ਗੱਲ ਆਖੀ ਅਤੇ ਨਿਰਭੈਅਤਾ ਦੀ ਪਦਵੀ ਨੂੰ ਪ੍ਰਾਪਤ ਇਨ੍ਹਾਂ ਸਾਹਿਬਜ਼ਾਦੀਆਂ ਨੂੰ ਨੀਹਾਂ ਵਿਚ ਚਿਣ ਦਿੱਤਾ ਗਿਆ। ਮੌਤ ਨੂੰ ਕਬੂਲ ਕੀਤਾ ਪਰ ਇੰਨੀ ਛੋਟੀ ਉਮਰ ਦੇ ਬੱਚਿਆਂ ਨੇ ਆਪਣੇ ਧਰਮ ਨੂੰ ਨਹੀਂ ਛੱਡਿਆ। ਇੰਨੀ ਛੋਟੀ ਉਮਰ ਵਿਚ ਧਰਮ ਲਈ ਕੁਰਬਾਨ ਹੋਣਾ ਆਪਣੇ ਆਪ ਵਿਚ ਬਹੁਤ

ਮਹਾਨ ਕਾਰਜ ਸੀ। 7 ਅਤੇ 9 ਸਾਲ ਦੇ ਬੱਚਿਆਂ ਵਿਚ ਅਜਿਹੀ ਨਿਰਭੈ ਰੂਪੀ ਭਾਵਨਾ ਕਿ ਮੁਗਲਾਂ ਦੀਆਂ ਚਾਲਾਂ ਅਤੇ ਡਰਾਵਿਆਂ ਤੋਂ ਉਹ ਬਿਲਕੁਲ ਵੀ ਨਹੀਂ ਘਬਰਾਏ ਅਤੇ ਹਸਦੇ ਹੋਏ ਕੁਰਬਾਨ ਹੋ ਗਏ।[125]

ਸ੍ਰੀ ਗੁਰੂ ਗੋਬਿਦ ਸਿੰਘ ਜੀ ਨੇ ਔਬੰਗਜ਼ੇਬ ਬਾਦਸ਼ਾਹ ਨੂੰ ਇਕ ਚਿੱਠੀ ਲਿਖੀ ਜਿਸ ਨੂੰ 'ਜ਼ਫਰਨਾਮਾ' ਕਿਹਾ ਜਾਂਦਾ ਹੈ। ਜਿਸ ਵਿਚ ਗੁਰੂ ਸਾਹਿਬ ਜੀ ਨੇ ਬਾਦਸ਼ਾਹ ਦੇ ਜ਼ੁਲਮੀ ਰਾਜ, ਵਿਅਕਤੀਗਤ ਗੁਣ-ਔਗੁਣ ਦਾ ਜ਼ਿਕਰ ਕਰਦੇ ਹੋਏ ਸੱਚ ਦੀ ਗੱਲ ਆਖੀ ਹੈ।[126] ਸ੍ਰੀ ਗੁਰੂ ਗੋਬਿਦ ਸਿੰਘ ਜੀ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨੂੰ ਗੁਰਤਾ ਗੱਦੀ ਦੇ ਕੇ ਸਮੁੱਚੀ ਸਿੱਖ ਕੌਮ ਨੂੰ 'ਸ਼ਬਦ ਗੁਰੂ' ਦੇ ਲੜ ਲਾਇਆ। ਜਿਹੜਾ ਸ਼ਬਦ ਗੁਰੂ ਆਪ ਨਿਰਭਉ ਅਤੇ ਨਿਰਵੈਰ ਹੈ, ਉਸ ਦਾ ਸਿਮਰਨ ਕਰਨ ਉਤੇ ਸਿੱਖ ਵੀ ਨਿਰਭਉ ਅਤੇ ਨਿਰਵੈਰ ਦੀ ਪਦਵੀ ਨੂੰ ਪ੍ਰਾਪਤ ਕਰਨਗੇ। ਇਤਿਹਾਸ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਅਨੇਕਾਂ ਹੀ ਸੂਰਵੀਰ ਸੱਚ ਲਈ ਸ਼ਹੀਦ ਹੋਏ ਉਨ੍ਹਾਂ ਦੀਆਂ ਸ਼ਹੀਦੀ ਜੀਵਨੀਆਂ ਆਪਣੇ ਆਪ ਵਿਚ ਮਿਸਾਲ ਹਨ। ਸ਼ਹੀਦ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਗਵਾਹੀ ਦੇਣ ਵਾਲਾ। ਸੱਚ ਦੀ ਰਾਖੀ ਅਤੇ ਦੀਨ-ਦੁਨੀ ਦੀ ਰੱਖਿਆ ਲਈ ਆਪਣੇ ਸੀਸ ਧੜ ਦੀ ਬਾਜੀ ਲਗਾਉਣ ਵਾਲਾ ਹੀ ਸੂਰਮਾ ਕਹਾਉਂਦਾ ਹੈ।[127] ਸਿੱਖ ਕੌਮ ਆਪਣੇ ਖ਼ੂਨੀ ਭਿਜੇ ਇਤਿਹਾਸ ਕਾਰਨ ਸਾਰੀ ਦੁਨਿਆ ਵਿਚ ਸਤਿਕਾਰੀ ਜਾਂਦੀ ਹੈ। ਸ਼ਹੀਦ ਨਿਰਭਉ ਨਿਰਵੈਰ ਗੁਣਾਂ ਦੇ ਧਾਰਨੀ ਹੁੰਦੇ ਹਨ, ਜਿਥੇ ਗੁਰੂ ਸਾਹਿਬਾਨਾਂ ਨੇ ਆਪਣੇ ਜੀਵਨ ਵਿਚ ਇਨ੍ਹਾਂ ਗੁਣਾਂ ਨੂੰ ਅਪਣਾਇਆ ਅਤੇ ਬਾਣੀ ਰਾਹੀਂ ਸਹੀ ਸੇਧ ਦਿੱਤੀ ਹੈ, ਉਥੇ ਸਿੱਖ ਇਤਿਹਾਸ ਵਿਚ ਅਨੇਕਾਂ ਹੀ ਮਹਾਨ ਸ਼ਹੀਦ ਸਿੰਘ ਸਿੰਘਣੀਆਂ ਵੀ ਹਨ ਜਿਨ੍ਹਾਂ ਨੇ ਸਮੇਂ ਦੀ ਹਕੂਮਤ ਦਾ ਵਿਰੋਧ ਕਰਦੇ ਹੋਏ, ਦੀਨ ਦੁਖੀ ਦੀ ਰੱਖਿਆ ਕੀਤੀ ਅਤੇ ਆਪਣੇ ਧਰਮ ਨੂੰ ਨਹੀਂ ਛੱਡਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਜੰਗਾਂ ਸਮੇਂ ਭਾਈ ਘਨ੍ਹਈਆ ਜੀ ਦੁਆਰਾ ਜੰਗ ਵਿਚ ਹਰੇਕ ਨੂੰ ਪਾਣੀ ਪਿਲਾਉਣ ਦੀ ਘਟਨਾ ਨਿਰਵੈਰਤਾ ਰੂਪੀ ਗੁਣਾਂ ਦੀ ਪ੍ਰਤੱਖ ਤਸਵੀਰ ਹੈ। ਅਨੇਕਾਂ ਹੀ ਗੁਰਸਿੱਖ ਜਿਨ੍ਹਾਂ ਨੇ ਨਿਰਭੈ ਹੋ ਕੇ ਜੰਗਾਂ ਲੜੀਆਂ ਅਤੇ ਕਈ ਧਰਮ ਦੀ ਰਾਖੀ ਤੇ ਸੱਚ ਦੀ ਗਵਾਹੀ ਲਈ ਕੁਰਬਾਨ ਹੋਏ।[128] ਸੱਚਾਈ ਲਈ ਸੂਰਮੇ ਸੂਰਮਤਾਈ ਦਿਖਾਉਂਦੇ ਹਨ ਅਤੇ ਸੱਚ ਦੀ ਗਵਾਹੀ ਦਿੰਦੇ ਹਨ। ਇਸੇ ਸੱਚ ਦੀ ਗਵਾਹੀ ਲਈ ਉਹ ਆਪਣਾ ਆਪਾ ਤਕ ਕੁਰਬਾਨ ਕਰਨ ਤੋਂ ਸਕੋਚ ਨਹੀਂ ਕਰਦੇ:

ਮਰਣ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥[129]

ਅਜਿਹੇ ਸੂਰਮੇ ਬਾਬਾ ਬੰਦਾ ਸਿੰਘ ਬਹਾਦਰ ਹੋਏ, ਜਿਨ੍ਹਾਂ ਨੇ ਲੋਕਾਈ ਉਤੇ ਹੋ ਰਹੇ ਜ਼ੁਲਮ ਵਿਰੁੱਧ ਕਮਰਕੱਸਾ ਕੀਤਾ। ਇਹ ਸਭ ਕੁਝ ਉਨ੍ਹਾਂ ਦੇ ਨਿਰਭਉ ਨਿਰਵੈਰ ਗੁਣਾਂ ਦੀ ਨਿਸ਼ਾਨੀ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਜ਼ੁਲਮੀ ਅਤੇ ਅੱਤਿਆਚਾਰੀ ਹਾਕਮਾਂ ਨੂੰ ਮੌਤ ਦੇ ਘਾਟ ਉਤਾਰਿਆ। ਸਿੰਘਾਂ ਨੇ ਹਿੰਦੂ ਇਸਤਰੀਆਂ ਨੂੰ ਜਾਲਮਾਂ ਦੇ ਹੱਥੋਂ ਛਡਾ ਕੇ ਘਰ-ਘਰ ਪਹੁੰਚਾਇਆ। ਹਿੰਦੂਆਂ ਨੂੰ ਕੁਤਬੁਦੀਨ ਦੇ ਅੱਤਿਆਚਾਰਾਂ ਤੋਂ ਆਜ਼ਾਦ ਕਰਵਾਇਆ।[130]

ਹੋਰਨਾਂ ਦੀ ਪਤਿ ਦੀ ਰਾਖੀ ਤੇ ਸਹਾਇਤਾ ਕਰਨੀ, ਇਸ ਤਰ੍ਹਾਂ ਦਾ ਅਣਖੀ ਕਾਰਜ ਗੁਰੂ ਜੀ ਦੇ ਦਿੱਤੇ ਸਿਧਾਤਾਂ ਤੋਂ ਹੀ ਸਿੰਘਾਂ ਨੇ ਗ੍ਰਹਿਣ ਕੀਤਾ ਅਤੇ ਅਮਲੀ ਰੂਪ ਦਿੱਤਾ। ਗੁਰੂ ਜੀ ਨੇ ਆਪਣੇ ਸਿੰਘਾਂ ਨੂੰ ਮਜ਼ਲੂਮਾਂ ਦੀ ਰੱਖਿਆ ਕਰਨ, ਜ਼ਾਲਮਾਂ ਦਾ ਨਾਸ਼ ਕਰਨ, ਸਿੱਖੀ ਵਿਚ ਆਪਣਾ ਆਪਾ ਤਕ ਵਾਰ ਦੇਣ ਦੀ ਸਿੱਖਿਆ ਦਿੱਤੀ। ਅਜਿਹੇ ਸਿੰਘਾਂ ਵਿਚ ਗੁਰਬਾਣੀ ਦੀ 'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥'[131] ਦੀ ਭਾਵਨਾ ਪ੍ਰਤੱਖ ਨਜ਼ਰੀ ਪੈਂਦੀ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਸੈਨਾ ਵਿਚ ਬੇਦਿਲੀ ਅਤੇ ਭੈਅ ਪੈਦਾ ਕਰਨ ਲਈ ਵਜੀਰ ਖਾਂ ਨੇ ਇਕ ਚਾਲ ਚੱਲੀ। ਸੁੱਚਾ ਨੰਦ ਦੇ ਭਤੀਜੇ ਨੂੰ ਇਕ ਹਜ਼ਾਰ ਸੈਨਿਕਾਂ ਸਮੇਤ ਬਾਬਾ ਬੰਦਾ ਸਿੰਘ ਨਾਲ ਮਿਲਣ ਲਈ ਭੇਜਿਆ। ਬਾਬਾ ਬੰਦਾ ਸਿੰਘ ਬਹਾਦਰ ਨੇ ਉਨ੍ਹਾਂ ਨੂੰ ਨਾਲ ਰਲਾ ਲਿਆ, ਜਦ ਕਿ ਇਸ ਸੈਨਾ ਨੇ ਮੈਦਾਨ ਛੱਡ ਕੇ ਭੱਜਣਾ ਸੀ, ਤਾਂ ਕਿ ਬੰਦੇ ਦੀ ਸੈਨਾ ਘਬਰਾ ਜਾਵੇ ਪਰ ਦਲੇਰ ਬਾਬਾ ਬੰਦਾ ਸਿੰਘ ਨਾ ਆਪ ਡਰੇ ਅਤੇ ਨਾ ਉਨ੍ਹਾਂ ਦੀ ਸੈਨਾ ਡਰੀ। ਇਸ ਗੱਲ ਦੀ ਗਵਾਹੀ ਗੁਰਬਾਣੀ ਵਿਚੋਂ ਸਾਨੂੰ ਮਿਲਦੀ ਹੈ ਕਿ ਜਦੋਂ ਕੋਈ ਸੂਰਮਾ ਜੰਗ ਦੇ ਮੈਦਾਨ ਵਿਚ, ਰੱਬ ਦੇ ਭੈਅ ਵਿਚ ਰਹਿ ਕੇ, ਗੁਰੂ ਦੇ ਹੁਕਮ ਉਤੇ ਸੱਚ ਲਈ ਲੜਦਾ ਹੈ ਤਾਂ ਅਕਾਲ ਪੁਰਖ ਦੀ ਮਿਹਰ ਦੀ ਮੋਹਰ ਉਸ ਉੱਤੇ ਹੁੰਦੀ ਹੈ:

ਦਾਗੇ ਹੋਹਿ ਸੁ ਰਨ ਮਹਿ ਜੂਝਹਿ ਬਿਨੁ ਦਾਗੇ ਭਗਿ ਜਾਈ॥[132]

ਅਕਾਲ ਪੁਰਖ ਦੀ ਮਿਹਰ ਦੀ ਮੋਹਰ ਵਾਲੇ ਹੀ ਡਟ ਕੇ ਜੋਸ਼ ਨਾਲ ਮੁਕਾਬਲਾ ਕਰ ਸਕਦੇ ਹਨ ਬਾਕੀ ਤਾਂ ਬੁਜ਼ਦਿਲ ਅਤੇ ਕਮਜ਼ੋਰ ਭੱਜ ਜਾਂਦੇ ਹਨ। ਬਹਾਦਰ ਵਿਅਕਤੀ ਹੀ ਜੰਗ ਦੇ ਮੈਦਾਨ ਵਿਚ ਸੂਰਮਤਾਈ ਦੇ ਝੰਡੇ ਗੱਡਦੇ ਹਨ। ਉਹ ਜਨਮ ਮਰਨ ਦੇ ਭੈਅ ਤੋਂ ਮੁਕਤ ਹੁੰਦੇ ਹਨ ਅਤੇ ਮਰਨ ਨੂੰ ਆਪਣਾ ਸੁਭਾਗ ਸਮਝਦੇ ਹੋਏ ਆਨੰਦ ਨਾਲ ਮੌਤ ਨੂੰ ਕਬੂਲ ਕਰਦੇ ਹਨ। ਇਸ ਲਈ ਉਨ੍ਹਾਂ ਦੀ ਜੰਗ ਵਿਚ ਜਿੱਤ ਹਮੇਸ਼ਾ ਸੰਭਵ ਹੁੰਦੀ

ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਸੈਨਾ ਆਪਣੇ ਨਿਡਰ ਫੌਜ਼ਦਾਰ ਦੀ ਅਗਵਾਈ ਵਿਚ ਡੱਟ ਕੇ ਲੜੀ ਅਤੇ ਲੜਾਈ ਜਿੱਤ ਲਈ।[133]

ਗੁਰਸਿੱਖ ਉਹ ਹੁੰਦਾ ਹੈ ਜੋ ਕੇਵਲ ਤੇ ਕੇਵਲ ਇਕ ਅਕਾਲ ਪੁਰਖ ਨੂੰ ਮੰਨਦਾ ਹੈ ਅਤੇ ਗੁਰੂ ਦੇ ਦਿੱਤੇ ਹੁਕਮ ਨੂੰ ਆਪਣਾ ਸਿਰ ਦੇ ਕੇ ਵੀ ਪੂਰਾ ਕਰਦਾ ਹੈ, ਬਾਬਾ ਬੰਦਾ ਸਿੰਘ ਬਹਾਦਰ ਵੀ ਅਜਿਹਾ ਗੁਰਸਿੱਖ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਜਦੋਂ ਸਰਹਿੰਦ ਉੱਤੇ ਚੜ੍ਹਾਈ ਕੀਤੀ ਤਾਂ ਉਨ੍ਹਾਂ ਨੇ ਵਜੀਰ ਖਾਂ ਵਰਗੇ ਜ਼ਾਲਮ ਹਾਕਮ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਉਨ੍ਹਾਂ ਨੇ ਹਿੰਦੂਆਂ ਅਤੇ ਮੁਸਲਿਮ ਲੋਕਾਂ ਨਾਲ ਕੋਈ ਵੀ ਬੁਰਾ ਵਿਵਹਾਰ ਨਹੀਂ ਕੀਤਾ ਬਲਕਿ ਆਮ ਜਨਤਾ ਦੀ ਸਹਾਇਤਾ ਕੀਤੀ।[134] ਉਸ ਨੇ ਧਰਮ ਨਿਰਪੱਖਤਾ ਦੀ ਨੀਤੀ ਨੂੰ ਅਪਣਾਇਆ। ਬੰਦਾ ਸਿੰਘ ਬਹਾਦਰ ਦੇ ਸਿੰਘਾਂ ਨੇ ਮੁਸਲਮਾਨ ਪੀਰਾਂ-ਫਕੀਰਾਂ ਦੀਆਂ ਥਾਵਾਂ ਜਿਉਂ ਦੀਆਂ ਤਿਉਂ ਰਹਿਣ ਦਿੱਤੀਆਂ, ਜਿਵੇ 'ਸ਼ਾਹ ਅਬਦੁਲ ਹਮੀਦ ਗੰਜੇ ਇਲਮ' ਅਤੇ 'ਸ਼ਾਹ ਅਬਦੁਲ ਵਹਾਬ ਕੁਤਬੁਲ ਅਕਤਾਬਾ ਦੀਆਂ ਖਾਨਗਾਹਾਂ ਦੋਵੇਂ ਹੁਣ ਤੀਕ ਮੌਜੂਦ ਹਨ। ਜਦੋਂ ਕਿ ਕਿਸੇ ਮੁਸਲਮਾਨ ਜੇਤੂ ਫੌਜ਼ ਨੇ ਅਜਿਹਾ ਕਦੇ ਨਹੀਂ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਤੇ ਸਿੰਘਾਂ ਨੇ ਕਿਸੇ ਵੀ ਗੈਰ ਧਰਮੀ ਦੀ ਇਮਾਰਤ ਜਾਂ ਕਬਰ ਨੂੰ ਕੋਈ ਨੁਕਸਾਨ ਨਹੀ ਪਹੁੰਚਾਇਆ।[135]

*'ਜਾਮਿ-ਉ-ਤਵਾਰੀਖ਼'* ਕਰਤਾ ਕਾਜੀ ਫਕੀਰ ਮੁਹੰਮਦ ਦਾ ਹਵਾਲਾ ਦੇ ਕੇ ਲਿਖਦੇ ਹਨ ਕਿ ਬੰਦਾ ਸਿੰਘ ਬਹਾਦਰ ਦਾ ਹਰ ਕਿਸੇ ਨੂੰ ਸਿੰਘ ਪਦਵੀ ਨਾਲ ਬਲਾਉਂਣਾ। ਉਦਾਹਰਣ ਲਈ ਜੇ ਕੋਈ ਮੁਸਲਮਾਨ ਇਨ੍ਹਾਂ ਦੇ ਪੰਥ ਵਿਚ ਆ ਜਾਵੇ ਤਾਂ ਉਸ ਨੂੰ 'ਨਮਾਜ਼ੀ ਸਿੰਘ' ਕਹਿੰਦੇ ਸਨ। ਡਾ. ਗੰਡਾ ਸਿੰਘ ਦੇ ਕਹਿਣ ਅਨੁਸਾਰ ਇਹ ਉਨ੍ਹਾਂ ਦੇ ਖੁੱਲ੍ਹਦਿਲੀ ਵਾਲੇ ਵਤੀਰੇ ਦਾ ਹੀ ਨਤੀਜਾ ਸੀ ਜੋ ਬਾਬਾ ਬੰਦਾ ਸਿੰਘ ਬਹਾਦਰ ਨੇ ਮੁਸਲਮਾਨ ਰਈਅਤ ਨਾਲ ਕੀਤਾ।[136] *'ਅਖਬਾਰ-ਏ-ਦਰਬਾਰ'* ' ਮੌਲਾ ਵਿਚਲੀਆਂ ਸੂਚਨਾਵਾਂ ਬਾਬਾ ਬੰਦਾ ਸਿੰਘ ਬਹਾਦਰ ਦੀ ਹੋਰਨਾਂ ਧਰਮਾਂ ਦੇ ਲੋਕਾਂ ਪ੍ਰਤੀ ਸਹਿਣਸ਼ੀਲਤਾ ਅਤੇ ਭਾਈਚਾਰੇ ਦੇ ਗੁਣਾਂ ਦੀ ਗਵਾਹੀ ਦਿੰਦੀਆਂ ਹਨ। ਇਨ੍ਹਾਂ ਵਿਚ ਲਿਖਿਆ ਹੈ ਕਿ ਮੈਂ ਮੁਸਲਮਾਨਾਂ ਨੂੰ ਨਹੀਂ ਸਤਾਉਣਾ ਅਤੇ ਜਿਹੜਾ ਵੀ ਮੁਸਲਮਾਨ ਉਨ੍ਹਾਂ ਕੋਲ ਆਉਂਦਾ, ਉਹ ਉਸ ਲਈ ਰੋਜ਼ਾਨਾ ਭੱਤਾ ਅਤੇ ਤਨਖ਼ਾਹ ਨਿਸਚਿਤ ਕਰਦੇ ਅਤੇ ਉਸ ਦਾ ਖ਼ਿਆਲ ਰੱਖਦੇ। ਮੁਸਲਮਾਨਾਂ ਨੂੰ ਧਾਰਮਿਕ ਆਜ਼ਾਦੀ ਦਿੱਤੀ ਗਈ ਸੀ। ਇਹੋ ਕਾਰਨ ਸੀ ਕਿ ਪੰਜ ਹਜ਼ਾਰ ਮੁਸਲਮਾਨ ਉਨ੍ਹਾਂ ਦੀ ਫੌਜ਼ ਵਿਚ ਸ਼ਾਮਿਲ ਹੋ ਗਏ।[137] ਇਹ ਉਨ੍ਹਾਂ ਦੀ ਧਾਰਮਿਕ ਸਹਿਣਸ਼ੀਲਤਾ,

ਇਨਸਾਨੀਅਤ ਦਾ ਸਬੂਤ ਸੀ, ਜਿਸ ਨੇ ਇਕ ਨਿਰਵੈਰ ਗੁਰਸਿੱਖ ਦੀ ਸਖ਼ਸ਼ੀਅਤ ਨੂੰ ਪੇਸ਼ ਕੀਤਾ।ਇਹ ਇਕ ਅਜਿਹਾ ਯੋਧਾ ਸੀ, ਜਿਸ ਦਾ ਕਿਸੇ ਨਾਲ ਕੋਈ ਵੈਰ ਨਹੀਂ ਸੀ।

ਬਾਬਾ ਬੰਦਾ ਸਿੰਘ ਬਹਾਦਰ ਨੇ ਖੇਤਾਂ ਵਿਚ ਕੰਮ ਕਰਨ ਵਾਲੇ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾਇਆ। ਡਾ. ਗੰਡਾ ਸਿੰਘ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਤੇ ਸਿੱਕੇ ਵੀ ਜਾਰੀ ਕੀਤੇ। ਜਿਨ੍ਹਾਂ ਉੱਤੇ ਫ਼ਾਰਸੀ ਦੇ ਸ਼ਬਦ ਉੱਕਰੇ ਹੋਏ ਸਨ:

ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗਿ ਨਾਨਕ ਵਾਹਿਬ ਅਸਤ

ਫ਼ਤਿਹ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫ਼ਜਲਿ ਸੱਚਾ ਸਾਹਿਬ ਅਸਤ [138]

ਬਾਬਾ ਬੰਦਾ ਸਿੰਘ ਬਹਾਦਰ ਨੇ ਸਰਕਾਰੀ ਦਸਤਾਵੇਜ਼, ਸਨਦਾਂ, ਪ੍ਰਵਾਨਿਆਂ ਆਦਿ ਲਈ ਮੋਹਰ ਬਣਵਾਈ :

ਦੇਗੋ ਤੇਗੋ ਫ਼ਤਿਹ ਓ ਨੁਸਰਤਿ ਬੇ-ਦਿਰੰਗ ਯਾਫ਼ਤ ਅਜ ਨਾਨਕ ਗੁਰੂ ਗੋਬਿੰਦ ਸਿੰਘ [139]

ਇਸ ਦੇ ਨਾਲ ਹੀ ਉਨ੍ਹਾਂ ਨੇ ਲੋਹਗੜ੍ਹ ਕਿਲ੍ਹੇ ਨੂੰ ਰਾਜਧਾਨੀ ਬਣਾਇਆ। ਸਿੱਕੇ ਜਾਰੀ ਕਰਨਾ, ਮੋਹਰ ਚਲਾਉਣੀ, ਰਾਜਧਾਨੀ ਬਣਾਉਣੀ, ਜਿੱਤੇ ਇਲਾਕਿਆਂ ਉਤੇ ਫੌਜਦਾਰ ਨਿਯੁਕਤ ਕਰਨੇ ਇਹ ਸਭ ਖਾਲਸਾਈ ਕੌਮ ਦੇ ਪਹਿਲੇ ਸੁਤੰਤਰ ਸਿੱਖ ਰਾਜ ਦੀ ਸਥਾਪਨਾ ਕਰਨ ਵੱਲ ਇਕ ਕਦਮ ਸੀ। ਖਾਲਸਾ ਕੌਮ ਨਿਰਭਉ ਅਤੇ ਨਿਰਵੈਰ ਯੋਧਿਆਂ ਦੀ ਕੌਮ ਹੈ। ਬਾਬਾ ਬੰਦਾ ਸਿੰਘ ਬਹਾਦਰ ਇਸ ਕੌਮ ਦੇ ਪਹਿਲੇ ਜਰਨੈਲ ਸਨ। ਜਿਨ੍ਹਾਂ ਨੇ ਗੁਰੂ ਜੀ ਦੇ ਹੁਕਮ ਅਨੁਸਾਰ ਸਿੱਖ ਸੈਨਾ ਦੀ ਅਗਵਾਈ ਕੀਤੀ। ਗੁਰਦਾਸ ਨੰਗਲ ਦੀ ਲੜਾਈ ਵਿਚ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀ ਬਹਾਦਰੀ ਨਾਲ ਲੜੇ। ਮੁਗਲ ਫੌਜਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਤੇ ਉਨ੍ਹਾਂ ਦੇ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਨ੍ਹਾਂ ਉੱਤੇ ਬਹੁਤ ਸਾਰੇ ਜ਼ੁਲਮ ਕੀਤੇ। ਮੁਗਲਾਂ ਨੇ ਉਨ੍ਹਾਂ ਦਾ ਬਹੁਤ ਅਪਮਾਨ ਕੀਤਾ ਪਰ ਸਿੰਘ ਚੜ੍ਹਦੀ ਕਲਾ ਵਿਚ ਹੀ ਰਹੇ। ਬਾਬਾ ਬੰਦਾ ਸਿੰਘ ਬਹਾਦਰ ਦੇ ਸਾਹਮਣੇ ਕਈ ਸਿੱਖ ਸ਼ਹੀਦ ਕੀਤੇ ਗਏ ਤਾਂ ਕਿ ਉਹ ਡਰ ਜਾਣ, ਪਰ ਉਹ ਨਾ ਡਰੇ:

ਮਰਨ ਮੰਗੈ ਸਿੰਘ ਸੇ ਕਤ ਡਰੈਂ। ਕਸਾਵੈਂ ਸਿਦਕ ਨ ਕਿਸ ਤੇ ਡਰਹੀਂ।

ਏਕ ਆਸ ਪਰਮੇਸ਼ਰ ਕਰਹੀ॥20॥[140]

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਵੀ ਆਪਣੇ-ਆਪ ਵਿਚ ਨਿਰਭੈਤਾ ਦੀ ਇਕ ਵਿਲੱਖਣ ਮਿਸਾਲ ਹੈ। ਬਾਬਾ ਬੰਦਾ ਸਿੰਘ ਬਹਾਦਰ ਨੂੰ ਲੋਹੇ ਦੀਆਂ ਬੇੜੀਆਂ ਵਿਚ ਜਕੜਿਆ ਅਤੇ ਪਿੰਜਰੇ ਵਿਚ ਬੰਦ ਕੀਤਾ ਗਿਆ।

ਉਨ੍ਹਾਂ ਨੂੰ ਇਸਲਾਮ ਜਾਂ ਮੌਤ ਵਿਚੋਂ ਕਿਸੇ ਇਕ ਨੂੰ ਚੁਣਨ ਲਈ ਕਿਹਾ ਗਿਆ ਪਰ ਉਸ ਗੁਰੂ ਦੇ ਸਿਦਕੀ ਤੇ ਸੱਚੇ ਸਿੱਖ ਨੇ ਮੌਤ ਨੂੰ ਹੀ ਖਿੜ੍ਹੇ ਮੱਥੇ ਸਵੀਕਾਰ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਦੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਨੂੰ ਉਨ੍ਹਾਂ ਦੇ ਸਾਹਮਣੇ ਕਤਲ ਕਰਕੇ ਉਸ ਦਾ ਤੜਫਦਾ ਦਿਲ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿਚ ਪਾਇਆ ਗਿਆ।[141] ਉਹ ਫਿਰ ਵੀ ਨਾ ਡੋਲੇ ਅਤੇ ਆਪਣੇ ਧਰਮ ਵਿਚ ਅਡੋਲ ਰਹੇ। ਬਾਬਾ ਬੰਦਾ ਸਿੰਘ ਬਹਾਦਰ ਦੀ ਪਹਿਲਾਂ ਸੱਜੀ ਅੱਖ ਕੱਢੀ ਗਈ ਫਿਰ ਖੱਬੀ ਅੱਖ ਕੱਢੀ ਗਈ। ਇਸ ਤੋਂ ਬਾਅਦ ਉਨ੍ਹਾਂ ਦੇ ਪੈਰ ਵੱਢੇ ਅਤੇ ਪਿਛੋਂ ਦੋਨੋਂ ਹੱਥ ਵੱਢ ਕੇ ਵੱਖ-ਵੱਖ ਕਰ ਦਿੱਤੇ ਗਏ। ਭਖਦੇ ਲਾਲ ਗਰਮ ਲੋਹੇ ਦੇ ਚਿਮਟਿਆਂ ਨਾਲ ਉਨ੍ਹਾਂ ਦੇ ਪਿੰਡੇ ਦੇ ਮਾਸ ਦੀਆਂ ਬੋਟੀਆਂ ਖਿੱਚ-ਖਿੱਚ ਕੇ ਤੋੜੀਆਂ ਗਈਆਂ ਅਤੇ ਅੰਤ ਉਨ੍ਹਾਂ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ।[142] ਬਾਬਾ ਬੰਦਾ ਸਿੰਘ ਬਹਾਦਰ ਨੂੰ ਬੜੀ ਹੀ ਨਿਰਦੈਅਤਾ ਨਾਲ ਸ਼ਹੀਦ ਕੀਤਾ ਗਿਆ। ਗੁਰਬਾਣੀ ਅਨੁਸਾਰ:

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥[143]

ਸੱਚ ਮੁੱਚ ਹੀ ਉਨ੍ਹਾਂ ਨੇ ਆਪਣੇ ਸਰੀਰ ਦਾ ਪੁਰਜਾ ਪੁਰਜਾ ਕੱਟਵਾ ਕੇ ਵੀ ਹੱਕ ਅਤੇ ਸੱਚ ਦੀ ਗਵਾਹੀ ਦਿੱਤੀ। ਐਨੇ ਤਸੀਹੇ ਝੱਲਣ ਤੋਂ ਬਾਅਦ ਵੀ ਉਹ ਸਿੱਖੀ ਦੇ ਰਸਤੇ ਤੇ ਕਾਇਮ ਰਹੇ। ਇਸ ਤਰ੍ਹਾਂ ਉਹ ਗੁਰੂ ਜੀ ਦੇ ਸਿਦਕੀ ਗੁਰਸਿੱਖ ਸਨ। ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖਾਂ ਲਈ ਬਹੁਤ ਜ਼ੁਲਮ ਦਾ ਸਮਾਂ ਆਇਆ। ਮੁਗਲ ਹਕੂਮਤ ਨੇ ਹੁਕਮ ਜਾਰੀ ਕੀਤਾ ਕਿ ਹਰੇਕ ਸਿੱਖ ਨੂੰ ਕਤਲ ਕਰ ਦਿੱਤਾ ਜਾਵੇ। ਸਿੱਖ ਅਜਿਹੇ ਮਾੜੇ ਹਾਲਾਤ ਦੇ ਬਾਵਜੂਦ ਵੀ ਚੜ੍ਹਦੀ ਕਲਾ ਵਿਚ ਵਿਚਰਦੇ ਰਹੇ। ਨਿਰਭਉ ਹੋ ਕੇ ਸਿੱਖ ਯੋਧੇ ਜੰਗਲਾਂ ਵਿਚ ਬਨਵਾਸ, ਭੁੱਖ, ਗਰੀਬੀ, ਕੈਦਾਂ,  ਜੰਗ, ਸ਼ਹੀਦੀਆਂ ਝਲਦੇ ਰਹੇ ਪਰ ਗੁਰੂ ਦੀ ਸਿੱਖੀ ਨੂੰ ਉਨ੍ਹਾਂ ਨੇ ਨਹੀਂ ਤਿਆਗਿਆ। ਉਹ ਮਰਨ ਤੋਂ ਡਰੇ ਨਹੀਂ ਬਲਕਿ ਝੁੰਡ ਬਣਾ ਕੇ ਰਹਿਣ ਲੱਗੇ ਅਤੇ ਜ਼ੁਲਮ ਦਾ ਸਮੇਂ-ਸਮੇਂ ਤੇ ਵਿਰੋਧ ਕਰਦੇ ਰਹੇ। ਉਹ ਅਜਿਹੇ ਨਿਰਭਉ ਸਿੱਖ ਸਨ ਜਿਨ੍ਹਾਂ ਨੂੰ ਆਪਣੀ ਮੌਤ ਦਾ ਡਰ ਨਹੀਂ ਸੀ। ਗੁਰਬਾਣੀ ਅਨੁਸਾਰ:

- ਜਿਨ ਨਿਰਭਉ ਨਾਮੁ ਧਿਆਇਆ ਤਿਨ ਕਉ ਭਉ ਕੋਈ ਨਾਹਿ॥[144]
- ਨਿਡਰੇ ਕਉ ਕੈਸਾ ਡਰ ਕਵਨੁ॥[145]

ਉਹ ਨਿਡਰ ਯੋਧੇ ਅਜਿਹੇ ਬਿਖੜੇ ਸਮੇਂ ਨੂੰ ਆਪਣੇ ਉੱਤੇ ਝੇਲ ਗਏ। ਮੈਲਕਮ ਲਿਖਦਾ ਹੈ ਕਿ ਇਸ ਭਿਆਨਕ ਸਮੇਂ ਸਿੱਖਾਂ ਨੇ ਜਿਤਨੀਆਂ ਸੱਟਾਂ ਖਾਧੀਆਂ, ਉਤਨੇ ਜਿਆਦਾ ਉਤਾਂਹ ਉਠੇ। ਪੰਜਾਬ ਦੀ ਖੇਲ-ਭੂਮੀ ਵਿਚ ਬੀਰ ਸਿੰਘਾਂ ਦੀ ਕੌਮ ਉਸ ਖਿੱਦੋਂ ਵਾਂਗ ਸੀ ਜਿਸ ਨੂੰ ਸਭ ਪਾਸਿਓ ਠੁੱਡੇ ਪੈ ਰਹੇ ਹੋਣ, ਪਰ ਉਹ ਹਮੇਸ਼ਾ ਅਸਮਾਨ ਵੱਲ ਨੂੰ ਉਛਲਦੀ ਜਾ ਰਹੀ ਸੀ।[146] ਉਨ੍ਹਾਂ ਸਿੱਖਾਂ ਨੂੰ ਕੇਵਲ ਤੇ ਕੇਵਲ ਗੁਰੂਆਂ ਦੇ ਬਚਨ ਅਤੇ ਆਪਣੇ ਅਕਾਲ ਪੁਰਖ ਉਤੇ ਭਰੋਸਾ ਸੀ।[147] ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ। ਅਬਦੁੱਸ ਸਮੱਦ ਖਾਂ ਅਤੇ ਜਕਰੀਆਂ ਖਾਂ ਨੇ ਸਿੱਖਾਂ ਨੂੰ ਮਾਰ ਮੁਕਾਉਣ ਲਈ ਅੱਤ ਚੁੱਕੀ ਹੋਈ ਸੀ। ਫਿਰ ਵੀ ਸਿੱਖ ਅਜਿਹੇ ਸਮੇਂ ਵਿਚ ਅਡੋਲ ਰਹੇ। ਜਿਹੜੇ ਸਿੱਖ ਅਡੋਲ ਅਕਾਲ ਪੁਰਖ ਨੂੰ ਜਪਦੇ ਸਨ, ਉਹ ਡੋਲਣ ਵਾਲੇ ਕਿਥੋਂ ਸਨ, ਸਗੋਂ ਹੋਰ ਵੀ ਤਕੜੇ ਹੋ ਗਏ। ਮੁਗਲਾਂ ਨੇ ਹਰ ਕੋਸ਼ਿਸ਼ ਕੀਤੀ, ਲਾਲਚ ਵੀ ਦਿੱਤੇ, ਧਮਕਾਇਆ ਵੀ। ਜਗੀਰਾਂ, ਪੈਸਾ ਸਭ ਸਿੱਖ ਪੈਰਾਂ ਦੀ ਧੂੜ ਸਮਝਦੇ ਸਨ। ਮੁਗਲਾਂ ਦੇ ਜਗੀਰ ਦੇਣ ਤੇ ਸਿੱਖਾਂ ਨੇ ਕਬੂਲੀ ਨਹੀਂ ਬਲਕਿ ਪੰਜ ਪਿਆਰਿਆਂ ਦੇ ਪੈਰਾਂ ਵਿਚ ਰੱਖ ਲੰਗਰ ਲਈ ਪਰਵਾਨ ਕੀਤੀ।[148] ਭਾਈ ਮਨੀ ਸਿੰਘ ਵਰਗੇ ਅਣਖੀ ਸਿੱਖ ਯੋਧੇ ਨੂੰ 1734 ਈ: ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ।[149] ਭਾਈ ਤਾਰੂ ਸਿੰਘ ਜੀ ਨੂੰ ਵੀ ਮੁਗਲ ਹਕੂਮਤ ਨੇ ਗ੍ਰਿਫਤਾਰ ਕੀਤਾ ਅਤੇ ਦੀਨ ਕਬੂਲਣ ਲਈ ਆਖਿਆ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾਈ ਸਿੱਖ ਨੇ ਮੌਤ ਨੂੰ ਕਬੂਲਿਆ:

ਸਾਖੀ ਤਾਰੂ ਸਿੰਘ ਕੀ ਸੁਨੋਂ ਸਿੰਘ ਮਨ ਲਾਇ।
ਜੋ ਖਾਨ ਬਹਾਦਰ ਲੈ ਤੁਰਯੋ ਖੋਪਰੀ ਸਿਰੋਂ ਉਤਰਾਇ॥[150]

ਉਨ੍ਹਾਂ ਦਾ ਖੋਪਰ ਲਾਹ ਦਿੱਤਾ ਗਿਆ ਪਰ ਉਨ੍ਹਾਂ ਨੇ ਮੂੰਹ ਤੋਂ ਸੀ ਤੱਕ ਨਾ ਆਖੀ ਉਹ ਡਰ ਅਤੇ ਭੈਅ ਤੋਂ ਉਪਰ ਉੱਠ ਚੁੱਕੀਆਂ ਰੂਹਾਂ ਸਨ, ਜਿਨ੍ਹਾਂ ਨੂੰ ਨਿਰਭਉ ਦੀ ਪਦਵੀ ਪ੍ਰਾਪਤ ਸੀ। ਉਹ ਆਪਣੇ ਸਰੀਰ ਤੋਂ ਉਪਰ ਉੱਠ ਅਕਾਲ ਪੁਰਖ ਦੇ ਸਿਮਰਨ ਵਿਚ ਸਮਾਧੀ ਲਾ ਕੇ ਸ਼ਹੀਦੀਆਂ ਪਾ ਗਏ। ਭਾਈ ਬੋਤਾ ਸਿੰਘ ਅਤੇ ਭਾਈ ਗਰਜਾ ਸਿੰਘ ਦੀ ਅਣਖ ਨੂੰ ਵੰਗਾਰ ਪਈ। ਉਨ੍ਹਾਂ ਨੇ ਹੱਥ ਵਿੱਚ ਸੋਟਾ ਲੈ ਕੇ ਹੀ ਆਪਣੀ ਹੋਂਦ ਨੂੰ ਉਜਾਗਰ ਕਰ ਦਿੱਤਾ। ਸਿੱਖ ਹਮੇਸ਼ਾ ਹੀ ਆਪਣੇ ਦ੍ਰਿੜ੍ਹ ਇਰਾਦੇ ਨਾਲ ਆਪਣੇ ਮਕਸਦ ਵਿੱਚ ਕਾਮਯਾਬੀ ਹਾਸਿਲ ਕਰਦਾ ਹੈ। ਉਹ ਕਦੇ ਵੀ ਅਰਾਮ ਨਾਲ ਨਹੀਂ ਬੈਠਦਾ। ਇਸ ਦ੍ਰਿੜ੍ਹਤਾ ਨੂੰ ਸਿੱਖ ਧਰਮ ਵਿੱਚ ਸਿਰੜ ਵੀ ਕਿਹਾ ਜਾਂਦਾ ਹੈ। ਜਿਸ ਕਾਰਨ ਸਿੱਖ ਆਪਣਾ ਸੀਸ ਤਾਂ ਦੇ ਦਿੰਦਾ ਹੈ ਪਰ ਸਿਦਕ ਕਦੇ ਨਹੀਂ ਹਾਰਦਾ। ਬਾਬਾ

ਗਰਜਾ ਸਿੰਘ ਅਤੇ ਬਾਬਾ ਬੋਤਾ ਸਿੰਘ ਵਰਗੇ ਸੂਰਬੀਰ ਸੌ-ਸੌ ਸਵਾਰ ਆਈ ਸੈਨਾ ਨਾਲ ਕੇਵਲ ਮੋਟੇ ਸਲੋਤਰਾਂ ਨਾਲ ਰਣ ਵਿਚ ਜੂਝਦੇ ਸ਼ਹੀਦੀਆਂ ਪਾ ਗਏ:

ਅਖਾਂ ਤਾਂ ਸੋਈ ਮੋੜੇ ਜਿਸ ਚਿਤ ਕਿਛ ਸੰਕਾਇ।
ਜਿਨ ਜੀਵਨ ਆਸਾ ਤਜੀ ਨਹਿ ਵਹਿ ਆਂਖ ਚੁਰਾਇ॥3॥
ਸੂਰੇ ਭਿੜਤ ਹੈ ਆਂਖਨ ਆਂਖ ਮਿਲਾਇ।
ਲਾਲੀ ਮੁਖ ਭੁਜ ਫਰਕ ਹੈਂ ਮੁਖ ਤਲਵਾਰਾਂ ਖਾਇ॥40॥
ਟੂਕ ਟੂਕ ਸੋ ਤੁਰਕਨ ਕਰੇ। ਮਤ ਸਿੰਘ ਫੇਰ ਨ ਹੋਵੈ ਖਰੇ।
ਇਸ ਬਿਧ ਸਿੰਘਨ ਸ਼ਹੀਦੀ ਪਾਈ। ਧੰਨ ਮਾਤਾ ਧੰਨ ਪਿਤਾ ਉਸ ਭਾਈ॥4॥[151]

ਜੰਗਲਾਂ ਵਿਚ ਰਹਿੰਦੇ ਸਿੱਖਾਂ ਦੀ ਨਵੀਂ ਪੀੜੀ ਵੀ ਜਵਾਨ ਹੋਈ ਅਤੇ ਬੋਲ-ਚਾਲ ਵਿਚ ਨਵੀਂ ਸ਼ਬਦਾਵਲੀ ਜੁੜੀ। ਇਹ ਸ਼ਬਦਾਵਲੀ ਬੜੀ ਇੱਛਾ-ਸ਼ਕਤੀ ਵਧਾਉਣ, ਦੁੱਖ ਤਕਲੀਫ਼ ਸਹਿਣ ਕਰਨ, ਚੜ੍ਹਦੀ ਕਲਾ ਦਾ ਅਹਿਸਾਸ ਤੇ ਦਲੇਰ ਮਰਦਾ ਵਾਲੀ ਸੀ ਜੋ ਨਿਰਭੈਅਤਾ ਨੂੰ ਜਨਮ ਦਿੰਦੀ ਸੀ। ਕੁਝ ਗੱੜਗੱਜ ਬੋਲੇ ਜੋ ਉਨ੍ਹਾਂ ਦੀ ਸੂਰਬੀਰਤਾ ਨੂੰ ਹੋਰ ਵੀ ਵਧਾਉਂਦੇ ਚੜਦੀ ਕਲ੍ਹਾ ਰੱਖਦੇ ਸਨ। ਇਕ ਸਿੱਖ ਨੂੰ ਸਵਾ ਲੱਖ, ਬੱਚਿਆਂ ਨੂੰ ਭੁਝੰਗੀ ਸਿੰਘ, ਪਤਨੀ ਨੂੰ ਸ਼ੇਰਨੀ, ਦੋ ਤਿੰਨ ਸਿੰਘਾ ਨੂੰ ਫੌਜ, ਛੋਲਿਆਂ ਨੂੰ ਬਦਾਮ, ਲੰਗਰ ਦੇ ਖਤਮ ਹੋਣ ਨੂੰ ਲੰਗਰ ਮਸਤ ਹੋਣਾ, ਕਾਣੇ ਨੂੰ ਲੱਖ ਨੇਤਰ ਅਤੇ ਅੰਨ੍ਹੇ ਨੂੰ ਸੂਰਮਾ ਕਹਿਣਾ ਆਦਿ ਅਜਿਹੀ ਚੜ੍ਹਦੀ ਕਲਾ ਵਾਲੀ ਗੱੜਗੱਜ ਬੋਲਬਾਣੀ ਸਿੱਖਾਂ ਵਿਚ ਪ੍ਰਚਲਿਤ ਹੋ ਗਈ ਸੀ।[152] ਨਾਦਰ ਸ਼ਾਹ ਦੇ ਆਉਣ ਤੇ ਜ਼ਕਰੀਆ ਖਾਂ ਨੇ ਹੋਰ ਸਖ਼ਤੀ ਕੀਤੀ, ਇਸ ਸਖਤੀ ਦੇ ਚਲਦਿਆਂ ਹਜ਼ਾਰਾਂ ਹੀ ਸਿੱਖਾਂ ਨੂੰ ਫੜ-ਫੜ ਕੇ ਕਤਲ ਕਰ ਦਿੱਤਾ ਗਿਆ। ਸੁਬੇਗ ਸਿੰਘ ਅਤੇ ਸਾਹਬਾਜ ਸਿੰਘ ਨੂੰ ਵੀ ਈਨ ਮੰਨਣ ਲਈ ਕਿਹਾ ਗਿਆ:

ਹੋਹਿ ਲੜਕੇ ਤੂੰ ਮੁਸਲਮਾਨ। ਕਲਮਾ ਪੜੋ ਤੌ ਛੋਡੈਂ ਪ੍ਰਾਨ॥52॥
ਤਬ ਲਾਕੇ ਨੇ ਬਚਨ ਉਚਾਰਾ। ਆਪਨਾ ਕਲਮਾ ਹਮੈਂ ਪਿਆਰਾ।
ਸਤਿਨਾਮ ਜੋ ਗੁਰ ਤੇ ਲੀਆ। ਵਹਿਗੁਰੂ ਗੁਰ ਕਲਮਾ ਦੀਆ।52॥
----------------------------
ਤਬ ਨਬਾਬ ਨੇ ਦੋਉ ਮੰਗਾਏ। ਦੁਖ ਦੇਵੇ ਤੇ ਲੋਕ ਹਟਾਏ॥59॥

ਬੰਦੀਖਾਨੇ ਦਏ ਪਹੁੰਚਾਇ। ਰਤਨ ਸਿੰਘ ਸੁਨ ਲਿਖਯੋ ਬਨਾਇ।।

ਸੁਬੇਗ ਸਿੰਘ ਗੁਰ ਪਤਿਰਖ ਲਈ। ਸੁਬੇਗ ਸਿੰਘ ਯੋ ਸਾਥੀ ਭਈ॥60॥[153]

ਪਰ ਉਨ੍ਹਾਂ ਨੇ ਧਰਮ ਨਾ ਛੱਡਣ ਲਈ ਮੌਤ ਨੂੰ ਕਬੂਲਿਆ। ਉਨ੍ਹਾਂ ਦੋਹਾਂ ਨੂੰ ਚਰਖੜੀਆਂ ਉੱਤੇ ਚੜ੍ਹਾਅ ਕੇ ਕੋਹ-ਕੋਹ ਕੇ ਸ਼ਹੀਦ ਕੀਤਾ ਗਿਆ। ਸੂਰਬੀਰ ਸਿੰਘ ਮੌਤ ਨੂੰ ਤਾਂ ਕਬੂਲ ਕਰਦੇ ਪਰ ਗੁਰੂ ਨੂੰ ਪਿੱਠ ਨਾ ਦਿਖਾਈ। ਅਜਿਹੇ ਅਭੈ ਪਦ ਨੂੰ ਪ੍ਰਾਪਤ ਹੋਏ ਸਿੱਖ ਮੌਤ ਨੂੰ ਮਖੌਲਾਂ ਕਰਦੇ ਸਨ। ਬੇਪਰਵਾਹ ਸਿੱਖਾਂ ਨੇ ਮੁਗਲ ਹਕੂਮਤ ਦੀ ਈਨ ਨਾ ਮੰਨੀ ਅਤੇ ਸ਼ਹੀਦੀ ਪਾ ਗਏ। ਮੀਰ ਮੰਨੂ ਵਰਗੇ ਜ਼ਾਲਮ ਹਾਕਮਾਂ ਨੇ ਸਿੱਖਾਂ ਨੂੰ ਮਿਟਾਉਣ ਲਈ ਪੂਰਾ ਜ਼ੋਰ ਲਾਇਆ ਹੋਇਆ ਸੀ।

ਸਿੱਖ ਇਤਿਹਾਸ ਵਿੱਚ ਅਨੇਕਾਂ ਥਾਵਾਂ ਤੇ ਅਜਿਹੀਆਂ ਬਹਾਦਰ ਸਿੰਘਣੀਆਂ ਦਾ ਵੀ ਜ਼ਿਕਰ ਆਉਂਦਾ ਹੈ ਜਿਨ੍ਹਾਂ ਨੇ ਕਦੇ ਵੀ ਹੱਠ ਨਹੀਂ ਛੱਡਿਆ। ਸਮੇਂ ਅਨੁਸਾਰ ਜੇ ਲੋੜ ਪਈ ਤਾਂ ਸ਼ਾਂਤ ਚਿੱਤ ਰਹਿ ਕੇ ਮੀਰ ਮੰਨੂ ਦੀ ਜੇਲ੍ਹ ਵਿੱਚ ਸਵਾ-ਸਵਾ ਮਣ ਦੇ ਪੀਸਣੇ ਪੀਸੇ, ਆਪਣੇ ਛੋਟੇ-ਛੋਟੇ ਬੱਚੇ, ਜਿਨ੍ਹਾਂ ਨੂੰ ਅਜੇ ਲੋਰੀਆਂ ਦੇ ਕੇ ਸਲਾਉਣ ਦਾ ਵੇਲਾ ਸੀ, ਉਨ੍ਹਾਂ ਦੇ ਟੋਟੇ-ਟੋਟੇ ਕਰਵਾ ਕੇ ਨੇਜ਼ਿਆ ਤੇ ਟੰਗਵਾਇਆ ਤੇ ਸਿਰਾਂ ਦੇ ਹਾਰ ਬਣਾ-ਬਣਾ ਮਾਵਾਂ ਨੇ ਆਪਣੇ ਗਲਾਂ ਵਿੱਚ ਪਵਾ ਲਏ ਪਰ ਫਿਰ ਵੀ ਹੌਂਸਲਾ ਨਹੀ ਹਾਰਿਆ। ਇੱਕ ਮਾਂ ਦਾ ਇਸ ਤੋਂ ਵੱਡਾ ਜਿਗਰਾ ਹੋਰ ਕੀ ਹੋ ਸਕਦਾ ਹੈ ਕਿ ਉਹ ਆਪਣੀਆਂ ਅੱਖਾਂ ਸਾਹਮਣੇ ਆਪਣੇ ਬੱਚਿਆਂ ਨੂੰ ਕਤਲ ਹੁੰਦਾ ਵੇਖੇ ਤੇ ਫਿਰ ਵੀ ਰੱਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨ ਲਵੇ। ਮਾਤਾ ਗੁਜਰੀ ਜੀ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਸਿੱਖੀ ਦੀ ਅਜਿਹੀ ਪੜ੍ਹਾਈ ਕਰਾਈ ਕਿ ਉਨ੍ਹਾਂ ਨੇ ਸੂਬੇ ਦੀ ਕਚਹਿਰੀ ਵਿਚ ਵੀ ਬੁਲੰਦ ਹੋਸਲੇ ਨਾਲ ਜ਼ੁਲਮ ਖਿਲਾਫ ਆਵਾਜ ਉਠਾਈ ਅਤੇ ਵਜੀਰ ਖਾਂ ਦੇ ਅਨੇਕਾਂ ਲਾਲਚ ਅਤੇ ਡਰਾਬੇ ਦੇ ਬਾਅਦ ਵੀ ਝੁਕੇ ਨਹੀਂ ਬਲਕਿ ਸ਼ਹੀਦੀ ਦਾ ਜਾਮ ਪੀ ਗਏ।[154] ਇਸ ਦੇ ਨਾਲ ਹੀ ਜੇਕਰ ਤਲਵਾਰ ਚੁੱਕਣ ਦੀ ਲੋੜ ਪਈ ਤਾਂ ਬਹਾਦਰ ਸਿੰਘਣੀਆਂ ਨੇ ਇਸ ਤੋਂ ਵੀ ਗੁਰੇਜ਼ ਨਹੀਂ ਕੀਤਾ। ਇਸ ਦੀ ਸਭ ਤੋਂ ਵੱਡੀ ਮਿਸਾਲ ਮਾਈ ਭਾਗੋ ਹੈ ਜਿਸ ਨੇ ਮੁਕਤਸਰ ਦੀ ਜੰਗ ਵਿਚ 40 ਮੁਕਤਿਆਂ ਦੀ ਅਗਵਾਈ ਕੀਤੀ। ਬੀਬੀ ਭਿੱਖਾਂ ਜੋ ਬਜਰ ਸਿੰਘ (ਰਾਠੌਰ) ਦੀ ਪੁੱਤਰੀ ਤੇ ਭਾਈ ਆਲਮ ਸਿੰਘ ਨੱਚਣਾ (ਚੌਹਾਨ) ਦੀ ਪਤਨੀ ਸੀ, ਨੇ 1705 ਈ: (ਸਰਸਾ ਨਦੀ ਦੇ ਨੇੜੇ) ਪਿੰਡ ਛੱਖੀਆਂ ਦੀ ਜੂਹ ਵਿਚ ਸ਼ਹੀਦੀ ਹਾਸਿਲ ਕੀਤੀ ਸੀ। ਇਸ ਤਰ੍ਹਾਂ ਸਿੱਖ ਇਤਿਹਾਸ ਵਿਚ ਅਨੇਕਾਂ ਹੀ ਸਿੱਖ ਬੀਬੀਆਂ ਨੇ ਸ਼ਹਾਦਤਾਂ ਦਿੱਤੀਆਂ।[155] ਅਜਿਹੀਆਂ ਦਲੇਰ ਬਹਾਦਰ ਔਰਤਾਂ ਦੁਨੀਆਂ ਦੇ

ਇਤਿਹਾਸ ਵਿਚ ਹੋਰ ਕਿਤੇ ਵੀ ਵੇਖਣ ਨੂੰ ਨਹੀ ਮਿਲਦੀਆਂ, ਜਿਨ੍ਹਾਂ ਨੇ ਆਪਣੇ ਛੋਟੇ ਛੋਟੇ ਬੱਚਿਆਂ ਦੇ ਸਰੀਰਾਂ ਦੇ ਟੋਟਿਆਂ ਦੇ ਹਾਰ ਗਲਾਂ ਵਿਚ ਪਾ ਲਏ ਪਰ ਗੁਰੂ ਤੋਂ ਪਿੱਠ ਨਾ ਕੀਤੀ। ਉਨ੍ਹਾਂ ਅਗਲੇਰੀ ਕੌਮ ਨੂੰ ਵੀ ਸਿੱਖਿਆ ਦਿੱਤੀ ਕਿ ਮਮਤਾ ਤੋਂ ਵੱਡੀ ਸਿੱਖੀ ਗੁਰੂ ਦਾ ਹੁਕਮ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਹੋਈ ਬੇਅਦਬੀ ਦਾ ਬਦਲਾ ਲੈਣ ਲਈ ਤੁਰੇ ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਨੇ ਆਖਿਆ :

ਮਰਨੇ ਤੇ ਕਯਾ ਡਰਪਨਾ ਲੇ ਪਾਹੁਲ ਖੰਡੇ ਧਾਰ।[156]

ਉਨ੍ਹਾਂ ਨੇ ਆਪਣੇ ਧਾਰਮਿਕ ਸਥਾਨ ਨੂੰ ਅਪਵਿੱਤਰ ਹੋਣ ਤੋਂ ਬਚਾਇਆ ਅਤੇ ਮੱਸਾ ਰੱਘੜ ਨੂੰ ਕਤਲ ਕਰ ਦਿੱਤਾ। ਹੌਲੀ-ਹੌਲੀ ਸਿੱਖ ਮਿਸਲਾਂ ਹੋਂਦ ਵਿਚ ਆਈਆਂ, ਜਿਨ੍ਹਾਂ ਨੇ ਸਿੱਖਾਂ ਨੂੰ ਇਕ ਜੱਥੇ ਵਿਚ ਪ੍ਰੋਅ ਦਿੱਤਾ ਸਿੱਖਾਂ ਦੇ ਛੋਟੇ ਛੋਟੇ ਜਥੇ ਮਿਸਲਾਂ ਦਾ ਰੂਪ ਧਾਰਨ ਕਰ ਗਏ। ਅਜਿਹੇ ਨਿਰਭਉ ਸਿੱਖ ਜਿਨ੍ਹਾਂ ਨੂੰ ਮੁਗਲ ਖ਼ਤਮ ਕਰਨ ਉੱਤੇ ਤੁਲੇ ਹੋਏ ਸਨ, ਉਹ ਅਕਾਲ ਤਖ਼ਤ ਦੇ ਸਾਹਮਣੇ ਇਕੱਠੇ ਹੋਏ ਤੇ ਸੰਗਠਤ ਹੋ ਕੇ 'ਸਰਬੱਤ ਖਾਲਸਾ' ਸਾਜਿਆ। ਅੰਤ ਸਿੱਖਾਂ ਨੇ ਆਪਣੀ ਛੋਟੀਆਂ-ਛੋਟੀਆਂ ਰਿਆਸਤਾਂ ਕਾਇਮ ਕੀਤੀਆਂ। ਇਨ੍ਹਾਂ ਮਿਸਲਾਂ ਦੇ ਸਰਦਾਰ ਬੜੇ ਬਹਾਦਰ ਅਤੇ ਅਣਖੀਲੇ ਸਨ। ਜਿਨ੍ਹਾਂ ਦੀਆਂ ਬਹਾਦਰੀ ਦੀਆਂ ਮਿਸਾਲਾਂ ਦੁਨੀਆਂ ਉਤੇ ਕਾਇਮ ਹਨ। ਸਮੁੱਚੀ ਫੌਜ ਨੂੰ 'ਦਲ ਖਾਲਸਾ' ਦਾ ਨਾਂ ਦਿੱਤਾ ਅਤੇ ਆਗੂ ਭਾਈ ਜੱਸਾ ਸਿੰਘ ਪੜੇ ਲਿਖੇ, ਸਿਆਣੇ ਸਿੰਘ ਨੂੰ ਬਣਾਇਆ ਗਿਆ। ਇਹ ਮਿਸਲਾਂ ਦੀਨ ਦੁਨੀ ਦੀ ਰੱਖਿਆ ਕਰਦੀਆਂ ਅਤੇ ਅਕਾਲ ਪੁਰਖ ਉੱਤੇ ਭਰੋਸਾ ਰੱਖ ਨੇਕੀ ਲਈ ਲੜਦੀਆਂ ਸਨ। ਮੀਰ ਮੰਨੂ, ਅਬਦਾਲੀ, ਸ਼ਾਹ ਨਿਵਾਜ ਖਾਂ ਸਿੱਖਾਂ ਨੂੰ ਮਾਰ ਮੁਕਾਉਣ ਉੱਤੇ ਤੁਲੇ ਹੋਏ ਸਨ ਪਰ ਜਿਸ ਦੀ ਰਾਖੀ ਅਕਾਲ ਪੁਰਖ ਕਰਦਾ ਉਸ ਨੂੰ ਕੋਈ ਵੀ ਨਹੀਂ ਮੁਕਾ ਸਕਦਾ। ਸਿੰਘ ਵਧਦੇ ਗਏ ਅਤੇ ਬੇਡਰ ਤੇ ਨਿਡਰ ਹੋ ਕੇ ਮੁਗਲਾਂ, ਅਫਗਾਨਾਂ ਦੀਆਂ ਸੈਨਾਵਾਂ ਦਾ ਮੂੰਹ ਤੋੜ ਜਵਾਬ ਦਿੰਦੇ। ਉਹ ਕੇਵਲ ਅਕਾਲ ਪੁਰਖ ਦਾ ਹੀ ਡਰ ਮੰਨਦੇ ਹੋਰ ਕਿਸੇ ਦਾ ਨਹੀਂ, ਬਾਣੀ ਅਨੁਸਾਰ :

- ਭਉ ਭਾਗਾ ਨਿਰਭਉ ਮਨਿ ਬਸੈ॥[157]
- ਜਿਸ ਕੋ ਸੁਆਮੀ ਵਲਿ ਨਿਰਭਉ ਸੋ ਭਈ॥[158]
- ਨਾਮੇ ਹੀ ਹਮ ਨਿਰਭਉ ਭਏ॥[159]

ਗੁਰੂ ਦੇ ਪਾਏ ਪੂਰਨਿਆਂ ਉੱਤੇ ਖਰੇ ਉਤਰਨਾ ਸਿੱਖ ਦਾ ਫਰਜ਼ ਹੈ ਅਤੇ ਇਹ ਗੁਰੂ ਕਿਰਪਾ ਨਾਲ ਸੰਭਵ ਹੈ। ਅਬਦਾਲੀ ਨੇ ਦੂਸਰਾ ਹਮਲਾ 1757 ਈ: ਵਿਚ ਕੀਤਾ ਉਪਰੰਤ ਜਦ ਉਹ ਅਨੇਕਾਂ ਮੁਗਲ ਇਸਤਰੀਆਂ, ਰਾਣੀਆਂ ਨੂੰ ਬੰਨ ਕੇ ਲੈ ਜਾ ਰਿਹਾ ਸੀ ਤਾਂ ਸਿੱਖਾਂ ਨੇ ਤੁਰੰਤ ਹਮਲਾ ਕਰਕੇ ਉਨ੍ਹਾਂ ਇਸਤਰੀਆਂ ਨੂੰ ਛੁਡਾਇਆ ਅਤੇ ਘਰੋ ਘਰੀ ਪਹੁੰਚਾਇਆ ਵੀ। ਸਿੱਖਾਂ ਦਾ ਆਚਰਨ ਇੰਨਾ ਉੱਚਾ ਅਤੇ ਸੁੱਚਾ ਸੀ।[160]

ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਆਪਣੇ ਆਪ ਵਿਚ ਇਕ ਮਿਸਾਲ ਹੈ। ਉਨ੍ਹਾਂ ਨੇ ਗੁਰਬਾਣੀ ਦੀ ਤੁੱਕ ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰ ਧਰਿ ਤਲੀ ਗਲੀ ਮੇਰੀ ਆਉ॥[161] ਨੂੰ ਆਪਣੇ ਜੀਵਨ ਵਿਚ ਕਰ ਕੇ ਦਿਖਾਇਆ। ਜਦੋਂ ਉਹ ਅੰਮ੍ਰਿਤਸਰ ਸਾਹਿਬ ਦੇ ਕੁੱਝ ਬਾਹਰ ਹੀ ਸਨ ਤਾਂ ਜਮਾਲ ਖਾਨ ਨਾਲ ਹੱਥੋ-ਹੱਥੀ ਯੁੱਧ ਵਿਚ ਬਾਬਾ ਜੀ ਦਾ ਸੀਸ ਕੱਟਿਆ ਗਿਆ ਪਰ ਇਸ ਦੇ ਬਾਵਜੂਦ ਵੀ ਬਾਬਾ ਦੀਪ ਸਿੰਘ ਜੀ ਆਪਣੇ ਗੁਰੂ ਦੇ ਪਿਆਰ ਵਿਚ ਦੁਸ਼ਮਣਾਂ ਦਾ ਮੁਕਾਬਲਾ ਕਰਦੇ ਹੋਏ ਸ੍ਰੀ ਦਰਬਾਰ ਸਾਹਿਬ ਜੀ ਦੀ ਪਰਕਰਮਾਂ ਵਿਚ ਪਹੁੰਚੇ ਤੇ ਇੱਥੇ ਆਪ ਜੀ ਨੇ ਸ਼ਹੀਦੀ ਜਾਮ ਪੀਤਾ। ਇਹ ਬਾਬਾ ਦੀਪ ਸਿੰਘ ਜੀ ਦਾ ਹੱਠ ਤੇ ਸਿਰੜ ਹੀ ਸੀ ਕਿ ਉਨ੍ਹਾਂ ਨੇ ਆਪਣੀ ਬਜ਼ੁਰਗ ਅਵਸਥਾ ਵਿੱਚ ਆ ਕੇ ਵੀ ਆਪਣੇ ਪ੍ਰੀਤਮ ਦੀ ਪ੍ਰੀਤੀ ਬਣਾਈ ਰੱਖਣ ਲਈ ਸ਼ਹੀਦੀ ਜਾਮ ਪੀ ਲਿਆ ਪਰ ਗੁਰੂ ਦੇ ਲਈ ਪਿਆਰ ਰਤਾ ਭਰ ਵੀ ਫਿੱਕਾ ਨਹੀਂ ਪੈਣ ਦਿੱਤਾ। ਇੱਥੇ ਕੇਵਲ ਬਾਬਾ ਜੀ ਹੀ ਸ਼ਹੀਦ ਨਹੀਂ ਹੋਏ ਉਨ੍ਹਾਂ ਨਾਲ ਹਜ਼ਾਰਾਂ ਸਿੰਘਾਂ ਨੇ ਵੀ ਸ਼ਹੀਦੀਆਂ ਹਾਸਿਲ ਕੀਤੀਆਂ। ਉਨ੍ਹਾਂ ਸਭ ਦੇ ਅੰਦਰ ਵੀ ਉਹੀ ਹੱਠ, ਦ੍ਰਿੜ੍ਹਤਾ ਤੇ ਸਿਰੜ ਸੀ ਜੋ ਬਾਬਾ ਦੀਪ ਸਿੰਘ ਜੀ ਅੰਦਰ ਸੀ।[162]

ਸਿੱਖ ਵਿਚ ਅਜਿਹੀ ਬੀਰਤਾ ਅਤੇ ਅਣਖੀ ਸਿਦਕ ਗੁਰੂ ਬਾਣੀ ਅਤੇ ਹੁਕਮ ਸਦਕਾ ਹੀ ਸੀ ਕਿਉਂਕਿ ਇਨ੍ਹਾਂ ਦੀ ਆਤਮਿਕ ਸ਼ਕਤੀ ਵਿਚ ਨਿਰਭਉ ਨਿਰਵੈਰਤਾ ਦਾ ਅਜਿਹਾ ਬਲ ਸੀ ਕਿ ਉਨ੍ਹਾਂ ਨੇ ਜਨਮ ਮਰਨ ਦੇ ਡਰ ਉੱਤੇ ਵੀ ਕਾਬੂ ਪਾਇਆ ਹੋਇਆ ਸੀ। ਗੁਰਬਾਣੀ ਅਨੁਸਾਰ:

- ਨਾਨਕ ਜਨਮ ਮਰਨ ਭੈ ਕਾਟੇ ਮਿਲਿ ਸਾਧੂ ਬਿਨਸੇ ਸੋਕ॥[163]
- ਜਨਮ ਮਰਨ ਭੈ ਕਈਅਹਿ ਨਿਰਚਲ ਸਚੁ ਥਾਉ॥[164]

ਜਨਮ ਮਰਨ ਦਾ ਭੈਅ ਸਿੱਖਾਂ ਨੇ ਗੁਰੂ ਦੀ ਕਿਰਪਾ ਸਦਕਾ ਖ਼ਤਮ ਕਰ ਲਿਆ ਸੀ, ਹੁਣ ਕੋਈ ਵੀ ਤਾਕਤ ਇਨ੍ਹਾਂ ਨੂੰ ਡਰਾ ਨਹੀਂ ਸੀ ਸਕਦੀ। ਉਹ ਵੈਰੀ ਦਾ ਮੁਕਾਬਲਾ ਨਿਰਭਉ ਹੋ ਕੇ ਕਰਦੇ ਸਨ। ਮੁਗਲ ਅਤੇ ਤੁਰਕ

ਇਨ੍ਹਾਂ ਤੋਂ ਬਹੁਤ ਜਿਆਦਾ ਡਰ ਗਏ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਇਨ੍ਹਾਂ ਦਾ ਗੁਰੂ ਕਾਮਿਲ ਹੈ ਜੋ ਆਬ-ਏ-ਹਯਾਤ ਪਿਲਾ ਕੇ ਇਨ੍ਹਾਂ ਨੂੰ ਅਮਰ ਕਰਦਾ ਹੈ ਜਦਕਿ ਉਹ ਇਹ ਨਹੀਂ ਸੀ ਜਾਣਦੇ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦੇ ਸਰੂਪ ਨੂੰ ਨਿਰਭਉ ਨਿਰਵੈਰ ਆਖ ਕੇ ਇਨ੍ਹਾਂ ਵਿਚ ਭੈਅ ਦੀ ਭਾਵਨਾ ਨਾਸ਼ ਕਰ ਦਿੱਤੀ ਸੀ। ਗੁਰੂ ਸਾਹਿਬ ਨੇ ਸਿੱਖਾਂ ਵਿਚ ਮਿੱਤਰਤਾ ਤੇ ਪ੍ਰੇਮ ਦੀਆਂ ਅਜਿਹੀਆਂ ਭਾਵਨਾਵਾਂ ਪ੍ਰਫੁੱਲਿਤ ਕੀਤੀਆਂ ਕਿ ਉਹ ਪਰਉਪਕਾਰ ਦੇ ਕਾਰਜ ਕਰਨ ਤੋਂ ਪਿੱਛੇ ਨਹੀਂ ਸਨ ਹੱਟਦੇ।

ਫਿਰ ਮਿਸਲਾਂ ਦਾ ਸਮਾਂ ਆਇਆ ਤੇ ਉਨ੍ਹਾਂ ਨੇ ਕਈ ਕਾਰਜ ਪਰਉਪਕਾਰ ਤੇ ਲੋਕ ਭਲਾਈ ਲਈ ਕੀਤੇ। ਲੋਕਾਂ ਨੂੰ ਜ਼ੁਲਮੀ ਰਾਜ ਅਤੇ ਜ਼ਾਲਮ ਹਾਕਮਾਂ ਤੋਂ ਛਡਾਉਣਾ, ਬ੍ਰਾਹਮਣਾਂ ਦੀ ਰੱਖਿਆ, ਸੈਨਿਕਾਂ ਦੀ ਹਿਰਾਸਤ ਚੋਂ ਇਸਤਰੀਆਂ ਨੂੰ ਛਡਾਉਣਾ, ਜ਼ੁਲਮ ਦਾ ਟਾਕਰਾ ਕਰਦੇ ਸਨ। ਇਸ ਤਰ੍ਹਾਂ ਉਹ ਸਚਿਆਰ ਵਾਲਾ ਜੀਵਨ ਬਤੀਤ ਕਰਦੇ ਸਨ। ਗੁਰਬਾਣੀ ਵਿਚ ਸਚਿਆਰ ਬਣਨ ਦੀ ਗੱਲ ਆਖੀ ਗਈ ਹੈ:

- ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥[165]
- ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ
  ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥[166]

ਸਿੰਘਾਂ ਨੇ ਗੁਰੂ ਹੁਕਮ ਵਿਚ ਚਲ ਕੇ ਆਪਣੇ ਆਚਰਨ ਨੂੰ ਉੱਚਾ ਚੁੱਕਿਆ ਅਤੇ ਸਚਿਆਰ ਬਣੇ। ਇਹ ਸਿੰਘਾਂ ਦੀ ਨਿਰਵੈਰਤਾ ਦੀ ਭਾਵਨਾ ਹੀ ਸੀ ਜਿਸ ਕਰਕੇ ਪੰਜਾਬ ਦੇ ਲੋਕਾਂ ਨੇ ਮੁਗਲਾਂ, ਤੁਰਕਾਂ, ਅਫਗਾਨਾਂ ਆਦਿ ਦੀ ਜਗ੍ਹਾ ਸਿੱਖਾਂ ਨੂੰ ਆਪਣੇ ਭਰੋਸੇਯੋਗ ਦੱਸਿਆ ਹੈ। ਮੈਲਕਮ ਨੇ ਸਿੱਖ ਰਾਜ ਦੀ ਤਾਰੀਫ਼ ਕਰਦਿਆਂ ਕਿਹਾ ਹੈ, "ਕਿਸੇ ਮੁਲਕ ਵਿਚ ਵੀ ਰਈਅਤ ਨਾਲ ਅਜੇਹਾ ਲਿਹਾਜ਼ ਭਰਿਆ ਵਰਤਾਉ ਨਹੀਂ ਕੀਤਾ ਜਾਂਦਾ।"[167] ਆਮ ਲੋਕਾਂ ਲਈ ਲੋੜ ਪੈਣ ਤੇ ਸਿੱਖ ਸਰਦਾਰਾਂ ਨੇ ਥਾਂ-ਥਾਂ ਲੰਗਰ ਲਾਏ। ਮੁਲਤਾਨ ਗਜ਼ਟੀਅਰ ਲਿਖਦਾ ਹੈ, "ਜਦੋਂ (1782 ਤੋਂ 1840 ਈ: ਤੱਕ) ਚਾਲੀਏ ਦਾ ਕਾਲ ਪਿਆ ਤਾਂ ਇਲਾਕੇ ਦੇ ਮਾਲਕ ਸ. ਬੁਧ ਸਿੰਘ ਨੇ ਆਪਣੀ ਸਾਰੀ ਜਾਇਦਾਦ ਵੇਚ ਕੇ ਲੋਕਾਂ ਨੂੰ ਖਵਾ ਛੱਡੀ ਸੀ।"[168] ਮਿਸਲਾਂ ਦੀ ਲੋਕਾਂ ਪ੍ਰਤੀ ਉਦਾਰਚਿਤ ਨੀਤੀ ਬਾਰੇ ਇਤਿਹਾਸਕਾਰ ਇੰਝ ਦਸਦੇ ਹਨ।ਸਰ ਲੈਪਲ ਗ੍ਰਿਫਨ ਨੇ ਵੀ ਇਸ ਗੱਲ ਦੀ ਗਵਾਹੀ ਭਰੀ ਹੈ ਕਿ ਉਹ ਸੰਗਰਾਮ ਤੇ ਲੁੱਟ ਵੇਲੇ ਮਨੁੱਖ ਹੀ ਰਹਿੰਦੇ ਹਨ, ਭੂਤਨੇ ਨਹੀਂ ਬਣਦੇ। ਸਿੱਖ ਇਤਿਹਾਸ ਵਿਚ ਔਰਤਾਂ ਦੀ ਬੇਪਤੀ ਕਰਨ ਤੇ ਆਦਮੀਆਂ ਨੂੰ ਕਰੜੇ ਤਸੀਹੇ ਦੇਣ ਦੀ ਕੋਈ ਘਟਨਾ ਨਹੀਂ ਮਿਲਦੀ।[169] ਇਸੇ ਤਰ੍ਹਾਂ ਸਿੱਖ

ਸਦਾਚਾਰ ਦੀ ਉੱਚਤਾ ਦੀ ਗਵਾਹੀ ਭਰਦਾ ਤਵਾਰੀਖ਼-ਏ-ਪੰਜਾਬ ਵਿਚ ਬੂਟੇ ਸ਼ਾਹ ਲਿਖਦਾ ਹੈ, "ਜੇ ਕਿਧਰੇ ਸਿੱਖ ਕਿਸੇ ਕਾਫਲੇ ਉੱਤੇ ਹੱਲਾ ਬੋਲਦੇ ਤਾਂ ਉਹ ਮਰਦ ਦੇ ਸਿਰੋਂ ਪਗੜੀ ਨਹੀਂ ਸੀ ਉਤਾਰਦੇ ਤੇ ਨਾ ਹੀ ਔਰਤਾਂ ਦੇ ਗਹਿਣੇ ਗੱਟਿਆਂ ਜਾਂ ਕੱਪੜਿਆਂ ਤੇ ਹੱਥ ਪਾਉਂਦੇ।"[170] ਲੋਕਾਂ ਵਿਚੋਂ ਹੀ ਸਰਦਾਰ ਬਣਨ ਅਤੇ ਗੁਰਮਤਿ ਰਾਹੀਂ ਚੋਣ ਕਰਕੇ ਲੋਕ-ਭਲਾਈ ਦੇ ਕਾਰਜ ਸਿੰਘਾਂ ਨੇ ਕੀਤੇ ਅਤੇ ਲੋਕ-ਰਾਜ ਕਾਇਮ ਕੀਤਾ। ਅਜਿਹੀ ਮਿਸਾਲ ਹਿੰਦ ਦੇ ਇਤਿਹਾਸ ਵਿਚ ਸਾਨੂੰ ਹੋਰ ਕਿਧਰੇ ਵੀ ਵੇਖਣ ਨੂੰ ਨਹੀਂ ਮਿਲਦੀ। ਇਹ ਸਭ ਗੁਰੂ ਸਾਹਿਬਾਨਾਂ ਦੇ ਪਾਏ ਪੂਰਨਿਆਂ ਤੇ ਸੱਚੇ ਆਦਰਸ਼ਾਂ ਦਾ ਹੀ ਸਿੱਟਾ ਸੀ ਕਿ ਇਕ ਸਿੱਖ ਸੁਤੰਤਰ ਰਾਜ ਕਾਇਮ ਹੋ ਸਕਿਆ।

ਮਹਾਰਾਜਾ ਰਣਜੀਤ ਸਿੰਘ ਨੇ ਲਾਹੌਰ ਉੱਤੇ ਕਬਜਾ ਕੀਤਾ ਤੇ ਨਾਨਕਸ਼ਾਹੀ ਸਿੱਕਾ ਚਾਲੂ ਕੀਤਾ, ਜਿਸ ਵਿਚ ਸ਼ਬਦ ਅੰਕਿਤ ਸਨ:

- ਦੇਗੋ ਤੇਗੋ ਫ਼ਤਹ ਵ ਨੁਸਰਤ ਬੇਦਰੰਗ। ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।[171]

ਰਾਜਧਾਨੀ ਬਣਾਉਣਾ, ਸਿੱਕੇ ਜਾਰੀ ਕਰਨਾ, ਆਪਣੇ ਇਲਾਕੇ ਦੇ ਰਾਜ ਦੀ ਸੁਤੰਤਰ ਰਾਜ ਪ੍ਰਣਾਲੀ ਆਦਿ ਸਭ ਇਕ ਸੁਤੰਤਰ ਰਾਜ ਦੀ ਸਥਾਪਨਾ ਸੀ। ਸਮੇਂ ਦੇ ਰਾਜ ਵਿਚ ਜੇਕਰ ਇਕ ਫਿਰਕੇ ਦਾ ਰਾਜ ਹੋਵੇਗਾ ਤਾਂ ਉਹ ਦੂਜੇ ਫਿਰਕੇ ਨੂੰ ਬਰਾਬਰ ਦਾ ਸਥਾਨ ਨਹੀਂ ਦੇਵੇਗਾ। ਇਤਿਹਾਸ ਗਵਾਹ ਹੈ ਮੁਸਲਮਾਨਾਂ ਨੇ ਸਮੇਂ-ਸਮੇਂ ਤੇ ਹਿੰਦੂਆਂ ਤੇ ਹੋਰਨਾਂ ਜਾਤੀਆਂ ਨੂੰ ਤੰਗ ਕੀਤਾ ਅਤੇ ਹਿੰਦੂਆਂ ਦੇ ਬ੍ਰਾਹਮਣ ਰਾਜ ਵਿਚ ਵੀ ਇਹ ਵਿਤਕਰਾ ਦੇਖਣ ਨੂੰ ਮਿਲਿਆ ਪਰ ਸਿੱਖ ਰਾਜ ਵਿਚ ਇਹ ਵਿਤਕਰਾ ਕਿਤੇ ਵੀ ਇਤਿਹਾਸ ਵਿਚ ਸਾਨੂੰ ਦੇਖਣ ਨੂੰ ਨਹੀਂ ਮਿਲਦਾ। ਜਦੋ ਅਸੀਂ ਕਿਸੇ ਰਾਜ ਦੀ ਗੱਲ ਕਰਦੇ ਹਾਂ ਤਾਂ ਇਤਿਹਾਸ ਵਿਚ ਜ਼ਿਕਰ ਆਉਂਦਾ ਕਿ ਜਿਸ ਹੁਕਮਰਾਨ ਦਾ ਰਾਜ ਹੁੰਦਾ ਉਸ ਦੇ ਧਰਮ ਦਾ ਜੀਵਨ ਦੇ ਹਰ ਪੱਖ ਤੇ ਪ੍ਰਭਾਵ ਅਤੇ ਨਾਲ ਹੀ ਉਸ ਦੇ ਪ੍ਰਚਾਰ ਲਈ ਹੁਕਮਰਾਨ ਅਤਿਆਚਾਰ, ਧੱਕਾ ਕਰਨੋਂ ਗੁਰੇਜ ਨਹੀਂ ਕਰਦੇ ਸਨ **ਪਰ** ਸਿੱਖ ਇਤਿਹਾਸ ਵਿਚ ਅਜਿਹਾ ਸਾਨੂੰ ਦੇਖਣ ਨੂੰ ਨਹੀਂ ਮਿਲਦਾ। ਮਿ. ਐਚ. ਈ. ਫੇਨ ਲਿਖਦਾ ਹੈ, "ਰਣਜੀਤ ਸਿੰਘ ਨੂੰ ਉਸਦੀ ਪਰਜਾ ਬੜਾ ਉਦਾਰਚਿਤ ਬਾਦਸ਼ਾਹ ਮੰਨਦੀ ਹੈ ਤੇ ਸਾਰੇ ਹੋ ਚੁੱਕੇ ਬਾਦਸ਼ਾਹਾਂ ਵਿਚੋਂ ਵਧੇਰੇ ਪਿਆਰਾ ਤੇ ਚੰਗਾ ਹੁਕਮਰਾਨ ਜਾਣਦੀ ਹੈ, ਉਸ ਨੂੰ ਨਾ ਕੇਵਲ ਵੱਡੇ ਹੀ ਪਿਆਰ ਕਰਦੇ ਹਨ ਸਗੋਂ ਨਿੱਕੇ ਬੱਚੇ ਵੀ ਆਪਣਾ ਕਿਰਪਾਲੂ ਬਾਦਸ਼ਾਹ ਮੰਨਦੇ ਹਨ।"[172] ਡਬਲਿਉ. ਜੀ. ਅਸੌਬਰਨ ਲਿਖਦਾ ਹੈ ਕਿ ਇਹ ਠੀਕ ਹੈ ਕਿ

ਉਹ ਤੇਗ ਦੇ ਬਲ ਨਾਲ ਹਕੂਮਤ ਚਲਾਉਂਦਾ ਹੈ ਪਰ ਇਨਸਾਫ਼ ਨਾਲ ਇਹ ਆਖਣਾ ਪੈਂਦਾ ਹੈ ਕਿ ਖੁੱਲੀ ਲੜ੍ਹਾਈ ਤੋਂ ਬਿਨ੍ਹਾਂ ਉਸ ਨੇ ਕਦੇ ਕਿਸੇ ਨੂੰ ਜਾਨੋਂ ਨਹੀਂ ਮਾਰਿਆ ਭਾਵੇਂ ਉਸ ਦੀ ਜਾਨ ਲੈਣ ਲਈ ਕਈ ਕਈ ਹੱਤਿਆਕਾਰੀ ਹੱਲੇ ਵੀ ਹੋਏ, ਕਈ ਮਜ਼ਹਬੀ ਰਾਜਿਆਂ ਦੇ ਦੇਸਾਂ ਨਾਲੋਂ ਉਸ ਦਾ ਰਾਜ ਜਬਰ ਜ਼ੁਲਮ ਤੋਂ ਰਹਿਤ ਹੈ।[173]

ਅੰਗਰੇਜ਼ਾਂ ਦੇ ਸਮੇਂ ਇਹ ਸਭ ਕਰਨਾ ਅਤੇ ਬਾਹਰੀ ਤਾਕਤਾਂ ਤੋਂ ਵੀ ਰੱਖਿਆ ਕਰਨਾ ਅਜਿਹਾ ਹੌਸਲੇ ਭਰਿਆ ਕਾਰਜ ਕੇਵਲ ਇਕ ਉਦਾਰ ਸਿੱਖ ਹੀ ਕਰ ਸਕਦਾ ਹੈ ਜੋ ਕਿ ਮਹਾਰਾਜਾ ਰਣਜੀਤ ਸਿੰਘ ਨੇ ਕੀਤਾ। ਮਹਾਰਾਜਾ ਰਣਜੀਤ ਸਿੰਘ ਦੁਆਰਾ ਦੁਸਹਿਰਾ, ਦੀਵਾਲੀ, ਵਿਸਾਖੀ ਉੱਤੇ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ, ਦਰਸ਼ਨ ਕਰਨ ਆਉਣਾ, ਗੁਰੂ ਘਰ ਲਈ ਲੱਖਾਂ ਰੁਪਏ ਦਾਨ ਕਰਨਾ, ਗਰੀਬਾਂ ਦੀ ਸਹਾਇਤਾ ਕਰਨੀ, ਬਹੁਮੁੱਲੀ ਚਾਨਣੀ ਭੇਟ ਕਰਨੀ ਅਤੇ ਸੋਨੇ, ਚਾਂਦੀ ਅਤੇ ਸੰਗਮਰਮਰ ਦੀ ਸੇਵਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਰਵਾਉਣੀ ਆਦਿ ਇਹ ਸਭ ਕੁਝ ਉਸ ਦੀ ਸਿੱਖ ਧਰਮ ਪ੍ਰਤੀ ਨਿਸ਼ਠਾ ਅਤੇ ਦ੍ਰਿੜਤਾ ਨੂੰ ਉਜਾਗਰ ਕਰਦਾ ਹੈ।[174] ਸ. ਹਰੀ ਸਿੰਘ ਨਲੂਆ ਮਹਾਰਾਜਾ ਰਣਜੀਤ ਸਿੰਘ ਦੀ ਸੱਜੀ ਬਾਂਹ ਸੀ ਜਿਸ ਨੇ ਅਜਿਹਾ ਸੁਤੰਤਰ ਰਾਜ ਸਥਾਪਿਤ ਕਰਨ ਵਿਚ ਮਦਦ ਕੀਤੀ। ਰਣਜੀਤ ਸਿੰਘ ਦੇ ਰਾਜ ਵਿਚ ਨਿਰਵੈਰਤਾ ਇਥੋਂ ਹੀ ਪਤਾ ਲਗਦੀ ਹੈ ਕਿ ਉਸ ਰਾਜ ਵਿਚ ਸਿੱਖ, ਮੁਸਲਮਾਨ, ਹਿੰਦੂ ਮਿਲ ਕੇ ਰਹਿੰਦੇ ਸਨ ਪਰ ਇਥੇ ਇਹ ਵੀ ਜਾਣ ਲੈਣਾ ਜ਼ਰੂਰੀ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਗਲਤੀ ਕਰਨ ਉੱਤੇ ਖਾਲਸੇ ਦੁਆਰਾ ਕੋਰੜੇ ਮਾਰਨ ਦੀ ਸਜ਼ਾ ਵੀ ਦਿੱਤੀ ਗਈ ਸੀ।[175] ਉਹ ਅਕਾਲ ਪੁਰਖ ਦੇ ਅਧੀਨ ਫੌਜ ਦਾ ਫੌਜਦਾਰ ਸੀ। ਹੋਰ ਇਤਿਹਾਸ ਵਿਚ ਮੁਗਲ, ਅਫਗਾਨ, ਤੁਰਕਾਂ ਦੇ ਰਾਜ ਹੋਏ ਉਹ ਬੜੇ ਅੱਤਿਆਚਾਰੀ ਸਨ ਪਰ ਇਤਿਹਾਸਕਾਰ ਗਵਾਹੀ ਦਿੰਦੇ ਹਨ ਕਿ ਸਿੱਖ ਰਾਜ ਵਿਚ ਨਿਰਵੈਰਤਾ ਅਤੇ ਹਲੀਮੀ ਦੇਖਣ ਨੂੰ ਮਿਲਦੀ ਹੈ।

ਸਿੱਖਾਂ ਦੀ ਬਹਾਦਰੀ ਅਤੇ ਹੌਸਲੇ ਦੀਆਂ ਮਿਸਾਲਾਂ ਦਾ ਇਤਿਹਾਸ ਵਿਚ ਵਾਰ-ਵਾਰ ਜ਼ਿਕਰ ਆਉਂਦਾ ਹੈ। 1818 ਈ : ਵਿਚਲੇ ਜੰਗ ਦੀ ਲੜਾਈ ਵਿਚ ਸਿੱਖ ਜਿੱਤ ਦੇ ਜੋਸ਼ ਨਾਲ ਲੜਦੇ ਸਨ। ਤੋਪ ਦਾ ਪਹੀਆ ਟੁੱਟਣ ਤੇ ਵੀ ਸਿੱਖ ਵਾਰੀ-ਵਾਰੀ ਮੋਡੇ ਤੇ ਤੋਪ ਚਲਾਉਂਦੇ ਰਹੇ ਅਤੇ ਵੈਰੀਆਂ ਨੂੰ ਮਾਰ ਦਿੱਤਾ। ਅਜਿਹਾ ਕਰਦੇ ਸਮੇਂ ਕਈ ਸਿੱਖ ਸ਼ਹੀਦ ਹੋ ਗਏ। ਉਨ੍ਹਾਂ ਨੇ ਜਾਨ ਦੀ ਪ੍ਰਵਾਹ ਨਹੀਂ ਕੀਤੀ। ਅਕਾਲੀ ਫੂਲਾ ਸਿੰਘ ਨੇ ਲਾਸਾਨੀ ਸੂਰਬੀਰਤਾ ਦਿਖਾਉਂਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ।[176] ਜੰਗ ਸਮੇਂ ਸਿੰਘਾਂ ਦੀ ਸੂਰਬੀਰਤਾ

ਦੀ ਤਾਰੀਫ਼ ਕਰਨ ਵਿਚ ਇਤਿਹਾਸਕਾਰ ਵੀ ਪਿੱਛੇ ਨਹੀਂ ਹਟੇ। ਗੁਰੂ ਦੇ ਸਿੰਘਾਂ ਦੀ ਬਹਾਦਰੀ ਦੀ ਲੜਾਈ ਬਾਰੇ ਸੱਯਦ ਗੁਲਾਮ ਜੀਲਾਨੀ ਮੁਲਤਾਨ ਦੇ ਜੰਗ ਵਿਚ ਅੱਖੀ ਡਿੱਠੀ ਘਟਨਾ ਲਿਖਦਾ ਹੈ, "ਮੈਂ ਸਿੰਘਾਂ ਦਾ ਕੌਮੀ ਪ੍ਰੇਮ ਤੇ ਕੁਰਬਾਨੀ ਦਾ ਚਾਅ ਵੇਖ ਕੇ ਸਭ ਤੋਂ ਪਹਿਲਾ ਆਪਣਾ ਮੋਢਾ ਢਾਹ ਕੇ ਨਿਸਾਰ ਹੋ ਜਾਣਾ ਚਾਹੁੰਦਾ ਸਾਂ। ਮੈਂ ਪਿੱਛੇ ਇਸ ਲਈ ਰਹਿ ਗਿਆ ਤਾਂ ਕਿ ਸਿੰਘਾਂ ਦੀ ਲਾਸਾਨੀ ਸੂਰਬੀਰਤਾ ਦੀ ਕਹਾਣੀ ਸੰਸਾਰ ਨੂੰ ਦੱਸ ਸਕਾਂ।"[177] ਹਰੀ ਸਿੰਘ ਨਲੂਆ ਅਜਿਹਾ ਹੁਕਮਰਾਨ ਹੋਇਆ ਜਿਸ ਨੇ ਅਫਗਾਨਿਸਤਾਨ ਵਰਗੇ ਕਬੀਲੀ ਇਲਾਕੇ ਨੂੰ ਆਪਣੀ ਸੂਝ-ਬੂਝ ਨਾਲ ਜਿੱਤਿਆ। ਉਨ੍ਹਾਂ ਦੀ ਬਹਾਦਰੀ ਦੀ ਧਾਕ ਅੱਜ ਵੀ ਕਾਇਮ ਹੈ। 1837 ਈ: ਵਿਚ ਜਮਰੌਦ ਦੀ ਲੜਾਈ ਵਿਚ ਨਿਧੜਕ ਜਰਨੈਲ ਨੇ ਅਜਿਹੀ ਲੜਾਈ ਲੜੀ ਕਿ ਪਠਾਣਾਂ ਨੂੰ ਭਾਜੜਾਂ ਪੈ ਗਈਆਂ। ਕੇਵਲ ਥੋੜੇ ਜਿਹੇ ਗਿਣਤੀ ਸਿੱਖਾਂ ਦੁਆਰਾ ਪਠਾਣਾਂ ਦਾ ਸਾਹਮਣਾ ਕਰਨਾ ਬੜੀ ਦਲੇਰੀ ਦਾ ਕਾਰਜ ਸੀ। ਸਰਦਾਰ ਹਰੀ ਸਿੰਘ ਨਲੂਏ ਦੀ ਛਾਤੀ ਵੀ ਪਹਾੜ ਉਹਲੇ ਲੁਕੇ ਪਠਾਣ ਦੀ ਗੋਲੀ ਨਾਲ ਜ਼ਖਮੀ ਹੋਈ ਅਤੇ ਉਹ ਗੁਰੂ ਚਰਨਾਂ ਵਿਚ ਜਾ ਬਿਰਾਜੇ।[178] ਉਨ੍ਹਾਂ ਦੀ ਬਹਾਦਰੀ ਤੇ ਹੌਸਲੇ ਬਾਰੇ ਮਿ. ਬਰਨਜ਼ ਕਹਿੰਦਾ ਹੈ, "ਮੈਂ ਅਟਕ ਦਰਿਆ ਪਾਰ ਕਰਨ ਸਮੇਂ ਘਬਰਾਇਆ, ਸਰਦਾਰ ਨਲੂਏ ਨੇ ਕਿਹਾ ਕਿ ਮਿ. ਬਰਨਜ਼, ਸਿੰਘ ਬਣਨ ਦਾ ਕੀ ਫ਼ਾਇਦਾ ਜੇ ਅਟਕ ਪਾਰ ਨਾ ਕੀਤਾ। ਉਹ ਮੈਨੂੰ ਵੀ ਘੋੜੇ ਉੱਤੇ ਨਾਲ ਬਿਠਾ ਕੇ ਲੈ ਆਇਆ।"[179] ਅੱਜ ਤਕ ਪਠਾਣੀ ਇਲਾਕੇ ਵਿਚ ਨਲੂਏ ਦੇ ਨਾਂ ਦੀ ਧਾਕ ਰਹੀ ਹੈ। ਦੁਨੀਆਂ ਦੇ ਮਹਾਨ ਸੂਰਬੀਰਾਂ ਵਿਚ ਸ. ਹਰੀ ਸਿੰਘ ਨਲੂਆ ਦਾ ਨਾਮ ਸਭ ਤੋਂ ਉਪਰ ਹੈ।

ਅੰਗਰੇਜ਼ਾਂ ਅਤੇ ਸਿੱਖਾਂ ਦੀ ਲੜਾਈ ਵਿਚ ਅੰਗਰੇਜਾਂ ਸਿੱਖਾਂ ਦੀ ਬਹਾਦਰੀ ਤੇ ਹੌਸਲੇ ਨੂੰ ਦੇਖ ਕੇ ਦੰਗ ਰਹਿ ਗਏ। ਨਿਰਭਉ ਦਲੇਰ ਸਿੱਖ ਅੰਗਰੇਜਾਂ ਦੇ ਸਮੇਂ ਵਿਚ ਵੀ ਦਲੇਰੀ ਤੇ ਬਹਾਦਰੀ ਦੇ ਕਾਰਨਾਮੇ ਕਰਦੇ ਸਨ ਕਿ ਅੰਗਰੇਜ਼ ਤਾਰੀਫ਼ ਕਰਨੋ ਨਾ ਰੁਕਦੇ। ਕਪਤਾਨ ਹੰਬਲੇ ਆਪਣੇ *ਰੋਜ਼ਨਾਮਚੇ* ਵਿਚ ਸਿੱਖਾਂ ਦੀ ਬਹਾਦਰੀ ਦੱਸਦਾ ਲਿਖਦਾ ਹੈ, "ਸਿੱਖ ਪਿਆਦਾ ਸਿਪਾਹੀ ਸਾਡੇ ਭਾਲੇ ਦੀ ਚੋਟ ਆਪਣੇ ਸਰੀਰ ਤੇ ਖਾਂਦਾ ਪਰ ਉਸ ਵਿਚ ਇਤਨਾ ਬਲ ਤੇ ਹੌਸਲਾ ਸੀ ਕਿ ਚੁੱਭੇ ਹੋਏ ਭਾਲੇ ਦੀ ਨੋਕ ਨੂੰ ਖਿੱਚ ਕੇ ਬਾਹਰ ਕੱਢਣ ਤੋਂ ਪਹਿਲਾ ਹੀ ਸਾਡੇ ਸਵਾਰ ਦਾ ਸਿਰ ਆਪਣੀ ਤਲਵਾਰ ਨਾਲ ਉਡਾ ਦੇਂਦਾ।"[180]

ਸਭਰਾਉ ਦੀ ਲੜਾਈ ਵਿਚ ਸਿੰਘਾਂ ਦੀ ਬਹਾਦਰੀ ਬਾਰੇ ਕਨਿੰਘਮ ਲਿਖਦਾ ਹੈ ਕਿ ਭਾਵੇਂ ਸਾਡੀਆਂ ਪਲਟਨਾਂ ਤੇ ਰਸਾਲਿਆਂ ਨੇ ਹਰ ਪਾਸਿਉ ਚੜ੍ਹ ਚੜ੍ਹ ਹੱਲੇ ਕੀਤੇ ਪਰ ਗੁਰੂ ਗੋਬਿੰਦ ਸਿੰਘ ਦੇ ਕਿਸੇ ਨਾਮ ਲੇਵਾ

ਨੇ ਈਨ ਮੰਨਣੀ ਪਰਵਾਨ ਨਾ ਕੀਤੀ। ਸ਼ਾਮ ਸਿੰਘ ਅਟਾਰੀ ਵਾਲੇ ਬੜੀ ਬਹਾਦਰੀ ਨਾਲ ਲੜੇ ਅਤੇ ਸੱਤ ਜਖਮ ਖਾਂ ਕੇ ਰਣ ਵਿਚ ਜੁਝਦੇ ਹੋਏ ਸ਼ਹੀਦ ਹੋਏ।[181] 1849 ਈ: ਵਿਚ ਚਿਲੀਆਂ ਵਾਲੇ ਵਿਖੇ ਲੜਾਈ ਬਾਰੇ ਮਿ. ਥੈਕਵਲ ਅੱਖੀ ਡਿਠੇ ਹਾਲ ਵਿਚ ਲਿਖਦਾ ਹੈ ਕਿ ਕਈ ਲੋਕ ਇਸ ਗੱਲ ਉਤੇ ਨਿਸ਼ਚਾ ਨਹੀਂ ਕਰਨਗੇ ਕਿ ਚਿਲੀਆਂ ਵਾਲੇ ਦੀ ਜੰਗ ਵਿਚ ਇਕ ਸਿੱਖ ਸਿਪਾਹੀ ਨੇ ਤਿੰਨ ਨੇਜ਼ਾਬਾਜ ਅੰਗਰੇਜ਼ ਸਵਾਰਾਂ ਨੂੰ ਹਾਰ ਦਿੱਤੀ। ਇਹ ਇਕ ਅਸਲੀਅਤ ਹੈ ਕਿ ਉਹ ਸਿੰਘ ਪਹਿਲੋਂ ਆਪਣੀ ਢਾਲ ਝਪਟ ਦੇ ਕੇ ਆਪਣੇ ਤੇਗੇ ਨਾਲ ਨੇਜ਼ਾਬਾਜ ਨੂੰ ਵੱਢ ਦੇਂਦਾ ਸੀ।[182]

ਸਿੱਖ ਰਾਜ ਉਦੋਂ ਤਕ ਕਾਇਮ ਰਿਹਾ ਜਦੋਂ ਤੱਕ ਸਿੱਖਾਂ ਵਿਚ ਗੁਰਬਾਣੀ, ਸਚਿਆਰ ਪਦ ਅਤੇ ਅਣਖ ਜਿੰਦਾ ਰਹੀ ਜਦੋਂ ਇਨ੍ਹਾਂ ਨੇ ਸਿੱਖੀ ਸਿਧਾਤਾਂ ਅਤੇ ਸਚਿਆਰਪੁਣੇ ਨੂੰ ਛਡਿਆ ਤਾਂ ਇਹ ਕੌਮ ਤਬਾਹੀ ਵੱਲ ਵਧੀ। ਇਸ ਤੋਂ ਇਹ ਸਾਬਿਤ ਹੁੰਦਾ ਹੈ ਕੌਮ ਉਹੀ ਜਿੰਦਾ ਅਤੇ ਜੇਤੂ ਰਹਿੰਦੀ ਹੈ ਜੋ ਆਪਣੇ ਮੂਲ ਅਸੂਲਾਂ ਤੇ ਕਾਇਮ ਰਹੇ, ਅਜਿਹੀ ਬਹਾਦਰ ਅਤੇ ਦਲੇਰ ਕੌਮ ਜਿਸ ਵਿਚ ਆਪਣੇ ਇਸ਼ਟ ਵਰਗੇ ਨਿਰਭਉ ਨਿਰਵੈਰ ਮਹਾਨ ਗੁਣ ਸਨ। ਜਿਨ੍ਹਾਂ ਦੀ ਨਿਰਭੈਅਤਾ ਨੂੰ ਕਈ ਭਾਰਤੀ ਇਤਿਹਸਕਾਰਾਂ ਤੋਂ ਇਲਾਵਾ ਹੋਰਨਾਂ ਨੇ ਵੀ ਸਲਾਹਿਆ ਹੈ। ਸਿੱਖ ਕੌਮ ਦੀ ਨਿਰਭੈਅਤਾ ਬਾਰੇ ਮਿ. ਬਰਨਜ਼ ਇਕ ਘਟਨਾ ਬਾਰੇ ਲਿਖਦਾ ਹੈ, "ਵਿਕਰਾਲ ਜਾਨਵਰ ਨੂੰ ਕਿਸੇ ਨੇ ਬੜੀ ਫੁਰਤੀ ਨਾਲ ਜ਼ਖਮੀ ਕਰ ਦਿੱਤਾ। ਕਈ ਘੋੜ ਸਵਾਰ ਡਰਦੇ ਮਾਰੇ ਆਪਣੇ ਘੋੜਿਆਂ ਤੋਂ ਉਤਰ ਗਏ। ਫਿਰ ਸਿੱਖ ਹੱਥ ਵਿਚ ਤਲਵਾਰ ਲੈਕੇ ਪੈਦਲ ਹੀ ਬਾਘ ਤੇ ਹਮਲਾ ਕਰਨ ਲਈ ਅੱਗੇ ਵਧੇ। ਬਾਘ ਬੜੀ ਤੇਜ਼ੀ ਨਾਲ ਇਕ ਤੇ ਝਪਟਿਆ ਤੇ ਜਿਉਂ ਉਸਨੇ ਉਹਦੇ ਖੱਬੇ ਮੋਢੇ ਨੂੰ ਫੜਿਆ ਤਾਂ ਉਸ ਨੇ ਨਿਸ਼ਾਨਾ ਲੈਕੇ ਉਸ ਦੇ ਸਿਰ ਤੇ ਵਾਰ ਕਰ ਦਿੱਤਾ। ਇਹ ਟੱਕਰ ਤਾਂ ਬਰਾਬਰ ਦੀ ਨਹੀਂ ਸੀ ਤੇ ਉਹ ਆਦਮੀ ਵੀ ਬੁਰੀ ਤਰ੍ਹਾਂ ਚਿਰੀਆ-ਫਾੜਿਆ ਭੁੰਜੇ ਡਿੱਗ ਪਿਆ ਸੀ। ਉਸ ਦੇ ਸਾਥੀ ਤੁਰੰਤ ਹੀ ਉਸ ਵੱਲ ਦੌੜ ਕੇ ਗਏ ਜ਼ਖਮਾਂ ਕਾਰਨ ਬਾਘ ਵੀ ਛੇਤੀ ਹੀ ਡਿੱਗ ਪਿਆ। ਉਹ ਇਕ ਵੱਡਾ ਜਾਨਵਰ ਸੀ ਜਿਸ ਦੀ ਲੰਬਾਈ 10 ਫੁੱਟ ਸੀ। ਉਸ ਦੇ ਪੱਟ ਪੂਰੇ ਜੁਆਨ ਆਦਮੀ ਦੇ ਆਕਾਰ ਦੇ ਸਨ। ਸਿੱਖਾਂ ਦਾ ਸਹਿਜ ਹੌਸਲੇ ਤੇ ਵਿਸ਼ਵਾਸ ਕਰਨਾ ਕਠਿਨ ਜਾਪਦਾ ਹੈ।" ਉਹ ਇਸ ਨਤੀਜੇ ਤੇ ਪਹੰਚਿਆ ਕਿ ਸਿੱਖ ਭਾਰਤੀਆਂ ਵਿਚ ਬੀਰਤਾ ਪੱਖੋਂ ਸਰਵੋਤਮ ਹਨ।[183]

ਜਿਸ ਕੌਮ ਦੀ ਬਾਹਰੀ ਇਤਿਹਾਸਕਾਰ ਅਤੇ ਅੰਗਰੇਜ਼ ਵੀ ਤਾਰੀਫ਼ ਕਰਨੋਂ ਆਪਣੇ ਆਪ ਨੂੰ ਰੋਕ ਨਾ ਸਕੇ ਅਜਿਹੇ ਵਿਚ ਆਪਣੇ ਰਾਜ ਭਾਗ ਵਿਚ ਮਸਤ ਹੋ, ਉਸ ਦੇ ਖੁਸ ਜਾਣ ਦੇ ਡਰ, ਅਤੇ ਔਗੁਣਾਂ ਕਰਕੇ

ਅੰਗਰੇਜ਼ਾਂ ਵਰਗੀ ਬਾਹਰੀ ਤਾਕਤ ਨੇ ਇਨ੍ਹਾਂ ਨੂੰ ਹਲੂਣ ਦਿੱਤਾ। ਸੁਆਰਥੀ ਰਾਜਿਆ ਨੇ ਰਾਜ ਐਸ਼ੋ ਆਰਾਮ, ਖੁਸ਼ ਜਾਣ ਦੇ ਡਰ ਤੋਂ ਵਿਦੇਸ਼ੀ ਤਾਕਤਾਂ ਦੀ ਸ਼ਰਨ ਲਈ। ਇਸ ਤਰ੍ਹਾਂ ਇਸ ਕੌਮ ਦੇ ਔਗੁਣੀ ਸਰਦਾਰਾਂ ਤੇ ਰਾਜਿਆਂ ਵਿਚ ਡਰ ਦੀ ਭਾਵਨਾ ਨੇ ਇਨ੍ਹਾਂ ਨੂੰ ਤਬਾਅ ਕੀਤਾ। ਗੁਰਬਾਣੀ ਅਨੁਸਾਰ:

ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ॥[184]

ਜੋ ਆਚਰਨ ਤੋਂ ਡਿੱਗੇ ਉਨ੍ਹਾਂ ਦਾ ਬਲ ਘੱਟ ਗਿਆ, ਫਿਰ ਸਭ ਕੁਝ ਜਾਂਦਾ ਰਿਹਾ। ਜਿਸ ਕੌਮ ਦਾ ਉੱਚਾ ਆਚਰਨ ਹੁੰਦਾ ਹੈ ਉਨ੍ਹਾਂ ਦੀ ਸ਼ਾਹੀ ਠਾਠ ਰਹਿੰਦੀ ਹੈ ਪਰ ਜੋ ਸਚਿਆਰ ਨਾ ਬਣੇ, ਮਨੁੱਖੀ ਭੈਅ ਵਿਚ ਆਏ, ਰੱਬ ਦੀ ਅਜਿਹੀ ਖੇਡ ਵਰਤੀ ਕਿ ਉਨ੍ਹਾਂ ਦਾ ਸਭ ਖੁਸ ਗਿਆ। ਇਥੇ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਅਕਾਲ ਪੁਰਖ ਦੇ ਭੈਅ ਵਿਚ ਚਲਣ ਵਾਲੇ ਖੁਸ਼ੀ ਪ੍ਰਾਪਤ ਕਰਦੇ ਹਨ। *ਰਹਿਤਨਾਮੇ ਭਾਈ ਦਯਾ ਸਿੰਘ ਜੀ* ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਕਿਹਾ ਸੀ:

ਹਮਾਰੇ ਕੋ ਭੇਖ ਬਰਣ ਪਿਆਰਾ ਨਹੀਂ, ਰਹਣੀ ਪਿਆਰੀ ਹੈ।[185]

ਨਿਯਮ ਵਿਚ ਰਹਿਣ ਵਾਲਾ ਹੀ ਆਪਣੇ ਡਰ ਤੋਂ ਮੁਕਤ ਹੈ। ਡਰ, ਤੇ ਲਾਲਚ ਵਿਚ ਆ ਕੇ ਮਨੁੱਖ ਆਪਣੇ ਅਸੂਲਾਂ ਤੋਂ ਡੋਲਦਾ ਹੈ। ਸਚਿਆਰ ਮਨੁੱਖ ਹੀ ਨਿਰਭਉ ਨਿਰਵੈਰ ਹੋ ਨਿਬੜਦਾ ਹੈ। ਡਰ ਵਾਲਾ ਮਨੁੱਖ ਗੁਲਾਮ ਬਣ ਜਾਂਦਾ ਹੈ। ਸਮੇਂ ਦੀ ਚਾਲ ਚਲਦਿਆਂ ਸਿੱਖ ਧਰਮ ਵਿਚ ਕਈ ਤਰ੍ਹਾਂ ਦੀਆਂ ਹਿੰਦੂ ਕੁਰੀਤੀਆਂ ਜਿਵੇਂ ਮੂਰਤੀ ਪੂਜਾ, ਮੜੀ ਮਸਾਣੀ ਪੁਜਣਾ, ਭਰਮ, ਪਿੱਤਰ ਪੂਜਾ, ਸਗਨ ਅਪਸਗਨ ਆਦਿ ਆ ਗਈਆਂ। ਨਾਮਧਾਰੀ, ਸਿੰਘ ਸਭਾ ਆਦਿ ਲਹਿਰਾਂ ਤੇ ਸੰਸਥਾਵਾਂ ਨੇ ਸਿੱਖ ਸਿਧਾਤਾਂ ਦਾ ਪ੍ਰਚਾਰ ਕੀਤਾ ਅਤੇ ਗੁਰਬਾਣੀ ਨਾਲ ਮੁੜ ਸਿੱਖਾਂ ਨੂੰ ਸੁਰਜੀਤ ਕੀਤਾ। ਗੁਰਬਾਣੀ ਨਾਲ ਜੁੜ ਕੇ ਸਿੱਖਾਂ ਵਿਚ ਫਿਰ ਤੋਂ ਆਤਮਿਕ ਬਲ ਆ ਗਿਆ ਅਤੇ ਉਹ ਫਿਰ ਤੋਂ ਸੂਰਬੀਰ ਯੋਧੇ ਹੋ ਨਿਬੜੇ।

ਕੁਰਬਾਨੀਆਂ ਦਾ ਹੀ ਨਤੀਜਾ ਸੀ ਕਿ ਲੋਕਾਂ ਵਿਚ ਆਜ਼ਾਦੀ ਲਈ ਸੰਗਰਾਮ ਸ਼ੁਰੂ ਹੋ ਗਿਆ। ਨਿਰਵੈਰਤਾ ਸਿੱਖ ਧਰਮ ਵਿਚ ਅਜਿਹੀ ਸੀ ਕਿ ਗਦਰ ਪਾਰਟੀ ਦੇ ਸਮੇਂ ਇਕ ਮੁਸਲਮਾਨ ਅਬਦੁੱਲਾ ਸੀ, ਜੋ ਕੈਦ ਕੀਤਾ ਗਿਆ ਸੀ ਉਸ ਨੂੰ ਕਿਹਾ ਗਿਆ, "ਤੂੰ ਕਾਫ਼ਰਾਂ, ਨਾਲ ਫਾਂਸੀ ਚੜ੍ਹ ਕੇ ਕੀ ਲੈਣਾ ਹੈ, ਮਾਫ਼ੀ ਮੰਗ ਲੈ"। ਉਸ ਨੇ ਕਿਹਾ, "ਜਿਥੇ ਵਫਾਦਾਰ ਲਛਮਣ ਸਿੰਘ ਵਰਗੇ ਸਾਥੀ ਹੋਣ, ਉਹਨਾਂ ਨਾਲ ਮੈ ਬਹਿਸ਼ਤ ਵਿਚ ਹੀ ਜਾਵਾਂਗਾ"। ਇਨ੍ਹਾਂ 12 ਸਿੱਖਾਂ ਵਿਚੋਂ ਇਕ ਮੁਸਲਮਾਨ ਸੀ ਜਿਸ ਨੂੰ ਫਾਂਸੀ ਦੇ ਦਿੱਤੀ ਗਈ, ਕਈਆਂ ਨੂੰ ਦੇਸ਼

ਨਿਕਾਲਾ ਤੇ ਕਾਲੇ ਪਾਣੀ ਦੀ ਸ਼ਜਾ, ਉਮਰ ਕੈਦਾਂ ਦਿੱਤੀਆਂ ਪਰ ਸਿੱਖ ਕਾਇਮ ਰਹੇ ਡੋਲੇ ਨਹੀਂ।[186] ਸਿੱਖ ਧਰਮ ਵਿਚ ਜਿਥੇ ਮੁਸਲਮਾਨਾਂ ਨੇ ਆਪਣਾ ਸਾਥ ਦਿੱਤਾ ਉਹ ਸਭ ਸਿੱਖ ਧਰਮ ਦੀ ਨਿਰਵੈਰ ਸੰਕਲਪ ਦੀ ਭਾਵਨਾ ਕਰਕੇ ਹੀ ਸੀ ਕਿ ਲੋਕ ਸਿੱਖਾਂ ਨੂੰ ਆਪਣਾ ਮਿੱਤਰ ਮੰਨਦੇ ਸਨ ਤੇ ਉਨ੍ਹਾਂ ਲਈ ਜਾਨ ਦੇਣ ਤੋਂ ਵੀ ਸੰਕੋਚ ਨਹੀਂ ਸੀ ਕਰਦੇ। ਜਲਾਲ ਭਰੀ ਅਨੋਖੀ ਨਿਆਰੀ ਫੌਜ਼ ਵਿਚ ਹਰੇਕ ਲਈ ਪਿਆਰ ਤੇ ਪ੍ਰੇਮ ਸੀ। ਨਿਰਵੈਰਤਾ ਅਜਿਹੀ ਕਿ ਹਰੇਕ ਨੂੰ ਗਲੇ ਮਿਲਾਉਂਦੇ ਸਨ।

ਅੰਗਰੇਜ਼ ਸਰਕਾਰ ਡਰਦੀ ਸੀ ਕਿ ਜੇਕਰ ਸਿੱਖਾਂ ਵਿਚ ਮੁੜ ਸੂਰਬੀਰਤਾ ਆ ਗਈ ਤਾਂ ਅੰਗਰੇਜ਼ਾਂ ਦਾ ਰਾਜ ਨਹੀਂ ਰਹਿਣਾ ਇਸ ਲਈ ਘਾਬਰੀ ਹੋਈ ਫ਼ਿਰੰਗੀ ਫੌਜ ਸਿੱਖਾਂ ਦੀ ਹਰ ਜੰਥੇਬੰਦੀ ਉੱਤੇ ਨਜ਼ਰ ਰੱਖਦੀ ਕਿਉਂ ਜੋ ਉਨ੍ਹਾਂ ਨੂੰ ਇਨਕਲਾਬ ਦੀ ਬੂ ਮਾਰਦੀ। ਸਿੱਖ ਅਜਿਹੇ ਦਲੇਰ ਸਨ ਕਿ ਆਜ਼ਾਦੀ ਦੀ ਲਹਿਰ ਵਿਚ ਉਨ੍ਹਾਂ ਨੇ ਬਹੁਤ ਵੱਡਾ ਹਿੱਸਾ ਪਾਇਆ। ਇਸ ਇਨਕਲਾਬ ਦੇ ਹੁੰਦਿਆਂ ਕਈ ਜਾਨਾਂ ਵੀ ਦਿੱਤੀਆਂ। ਗਦਰ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਜ਼ਿਲਿਆਵਾਲਾ ਬਾਗ ਘਟਨਾਵਾਂ ਆਦਿ ਸਭ ਵਿਚ ਸਿੱਖ ਕੌਮ ਨੇ ਧਰਮ ਦੀ ਰੱਖਿਆ, ਦੇਸ਼ ਦੀ ਆਜ਼ਾਦੀ ਅਤੇ ਜ਼ੁਲਮ ਦਾ ਟਾਕਰਾ ਕਰਦੇ ਹੋਏ ਲੱਖਾਂ ਹੀ ਕੁਰਬਾਨੀਆਂ ਕੀਤੀਆਂ। ਇਹ ਭਾਵਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਉਪਜੇ ਉਪਦੇਸ਼ ਸਦਕਾ ਹੀ ਸੀ। ਗੁਰਬਾਣੀ ਹਰੇਕ ਨੂੰ ਸਾਝਾਂ ਉਪਦੇਸ਼ ਦਿੰਦੀ ਹੋਈ ਇਕ ਅਕਾਲ ਪੁਰਖ ਦੀ ਸੰਤਾਨ ਮੰਨਦੀ ਹੈ। ਇਸੇ ਉਪਦੇਸ਼ ਨੂੰ ਸਿੱਖਾਂ ਨੇ ਜਿੰਦਗੀ ਵਿਚ ਵਿਵਹਾਰਿਕ ਰੂਪ ਦਿੱਤਾ ਹੈ। ਸਿੰਘਾਂ ਵਿਚ ਨਿਰਭਉ ਨਿਰਵੈਰ ਦੇ ਗੁਣ ਅਜਿਹੇ ਅੰਦਰ ਤਕ ਭਰੇ ਹੋਏ ਸਨ ਕਿ ਉਨ੍ਹਾਂ ਨੇ ਸਾਕੇ ਨਨਕਾਣੇ ਸਮੇਂ ਅੱਤਿਆਚਾਰ ਨੂੰ ਵੀ ਖਿੜੇ ਮੱਥੇ ਸ਼ਾਂਤੀ ਨਾਲ ਸਹਾਰਿਆ, ਕਈ ਬਦਮਾਸ਼ਾ ਨੇ ਸ਼ਾਂਤਮਈ ਬੈਠੇ ਸਿੰਘਾਂ ਨੂੰ ਗੋਲੀਆਂ ਮਾਰੀਆਂ, ਨੇਜਿਆਂ ਨਾਲ ਮਾਰਿਆ, ਮਿੱਟੀ ਦਾ ਤੇਲ ਪਾ ਕੇ ਸਾੜਿਆ ਗਿਆ। ਸਿੱਖ ਨਾ ਡੋਲੇ ਅਡੋਲ ਅਕਾਲ ਪੁਰਖ ਦਾ ਸਿਮਰਨ ਕਰਦੇ ਰਹੇ। ਭਾਈ ਲਛਮਣ ਸਿੰਘ ਧਾਰੋਵਾਲ ਨੂੰ ਜੰਡ ਨਾਲ ਬੰਨ ਕੇ ਸਾੜ੍ਹ ਦਿੱਤਾ ਗਿਆ। ਅਜਿਹੇ ਤਸੀਹੇ ਤੇ ਅੱਤਿਆਚਾਰ ਨੂੰ ਸਹਾਰਨਾ ਬਹੁਤ ਵੱਡੀ ਦਲੇਰੀ ਸੀ।[187] ਸਿੱਖਾਂ ਵਿਚ ਜਾਨ ਨਾਲੋਂ ਧਰਮ ਦੀ ਕੀਮਤ ਜ਼ਿਆਦਾ ਸੀ। ਜੋ ਕੌਮ ਆਪਣੀ ਧਰਮ ਦੀ ਰਾਖੀ ਲਈ ਖ਼ੂਨ ਵਹਾਉਂਦੀ ਹੈ ਉਹ ਸੰਸਾਰ ਵਿਚ ਸੁਨਹਿਰੀ ਇਤਿਹਾਸ ਸਿਰਜਦੀ ਹੈ।

ਅਜ਼ਾਦੀ ਦੀ ਲਹਿਰ ਵਿਚ ਸਿੱਖਾਂ ਨੇ ਬਹੁਤ ਕੁਰਬਾਨੀਆਂ ਕੀਤੀਆਂ। 1946 ਈ: ਵਿਚ ਹਿੰਦੂ ਮੁਸਲਮਾਨ ਫਸਾਦ ਵਿਚ ਜੋ ਨਿਰਵੈਰਤਾ ਸਿੱਖਾਂ ਨੇ ਦਿਖਾਈ ਉਹ ਇਤਿਹਾਸ ਵਿਚ ਕਿਧਰੇ ਵੀ ਵੇਖਣ ਨੂੰ

ਨਹੀਂ ਮਿਲਦੀ। ਸਿੱਖਾਂ ਨੇ ਮਜ਼ਲੂਮਾਂ ਲਈ ਲੰਗਰ ਖੋਲੇ। 1947 ਈ: ਸਮੇ. ਸਿੱਖਾਂ ਦੀ ਬਹੁਤ ਬਰਬਾਦੀ ਹੋਈ ਇਸ ਬਰਬਾਦੀ ਨੂੰ ਸਬਰ, ਧੀਰਜ, ਸਾਹਸ ਨਾਲ ਸਿੱਖ ਕੌਮ ਨੇ ਸਹਾਰਿਆ, ਉਸ ਦੀ ਮਿਸਾਲ ਵੀ ਹੋਰ ਕਿਧਰੇ ਘੱਟ ਹੀ ਮਿਲਦੀ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਸ਼ਹੀਦੀ ਸਿਲਸਿਲਾ ਰੁਕਿਆ ਨਹੀਂ ਬਲਕਿ ਜਾਰੀ ਹੈ ਅਤੇ ਜਾਰੀ ਰਹੇਗਾ ਕਿਉਂ ਜੋ ਵੀ ਸਮੇਂ ਦੇ ਨਾਲ ਅਤਿਆਚਾਰ, ਵਧੀਕੀਆਂ ਸਮਾਜ ਵਿਚ ਜਨਮ ਲੈਣਗੀਆਂ ਉਸ ਸਮੇਂ ਤੱਕ ਸ਼ਹੀਦ ਆਪਣੇ ਲਹੂ ਨਾਲ ਇਨ੍ਹਾਂ ਨੂੰ ਸਮਾਜ ਵਿਚੋਂ ਧੋਹ ਕੇ ਬਾਹਰ ਕੱਢਦੇ ਰਹਿਣਗੇ।

ਅੰਤ ਵਿੱਚ ਅਸੀ ਆਖ ਸਕਦੇ ਹਾਂ ਕਿ ਸਿੱਖ ਇਤਿਹਾਸ ਸ਼ਹੀਦੀਆਂ ਦੀ ਇਕ ਲੰਬੀ ਗਾਥਾ ਹੈ। ਜੁਝਾਰੂ, ਨਿਡਰ ਤੇ ਨਿਰਵੈਰ ਕੌਮ ਨੂੰ ਹੱਕ, ਸੱਚ, ਧਰਮ ਵਾਸਤੇ ਜਾਨਾਂ ਕੁਰਬਾਨ ਕਰਨ ਦਾ ਸਬਕ ਗੁਰੂ ਸਾਹਿਬਾਨਾਂ ਨੇ ਆਪ ਹੀ ਸਿਖਾਇਆ ਹੈ। ਪਹਿਲਾ ਗੁਰੂ ਸਾਹਿਬਾਨਾਂ ਨੇ ਸੱਚ ਬੋਲਣ, ਨਿਮਰਤਾ, ਪਿਆਰ, ਦਰਿਆਦਿਲੀ, ਸੰਤ ਦੀ ਸਮਦ੍ਰਿਸ਼ਟੀ, ਪਰਉਪਕਾਰ, ਸੇਵਾ ਸਿਮਰਨ ਆਦਿ ਨੈਤਿਕ ਕਦਰਾਂ ਕੀਮਤਾਂ ਨੂੰ ਆਪਣੇ ਜੀਵਨ ਵਿਚ ਆਪ ਕਮਾ ਕੇ ਸਿੱਖਾਂ ਲਈ ਸੇਧ ਦਾ ਕਾਰਜ ਕੀਤਾ। ਸੰਗਤ, ਪੰਗਤ ਅਤੇ ਲੰਗਰ ਸੰਸਥਾਵਾਂ ਦਾ ਵਿਕਾਸ ਕਰਕੇ ਜਾਤੀ ਪ੍ਰਥਾ ਨੂੰ ਕਰੜੀ ਸੱਟ ਮਾਰੀ, ਇਸਤਰੀਆਂ ਦੇ ਹੱਕ ਵਿਚ ਅਵਾਜ਼ ਉਠਾ ਬਾਲ ਵਿਆਹ ਤੇ ਸਤੀ ਪ੍ਰਥਾ ਦਾ ਵਿਰੋਧ ਕਰਨਾ, ਅਕਾਲ ਤਖ਼ਤ ਦੀ ਸਥਾਪਨਾ ਕਰ ਰਾਜਨੀਤਿਕ ਪੱਖ ਨੂੰ ਉੱਚਾ ਚੁੱਕ ਉਥੇ ਢਾਡੀ ਵਾਰਾਂ, ਘੋਲਾਂ, ਨਕਲੀ ਜੰਗਾਂ ਕਰਵਾ ਕੇ ਸਿੱਖਾਂ ਦੀ ਮਾਨਸਿਕ ਤੇ ਸਰੀਰਕ ਸ਼ਕਤੀ ਨੂੰ ਬਲ ਦੇਣਾ, ਨਗਾਰੇ ਵਜਾਉਣੇ, ਕਿਲ੍ਹੇ ਉਸਾਰਨੇ, ਫੌਜ਼ਾਂ ਰੱਖਣੀਆਂ, ਸ਼ਿਕਾਰ ਖੇਡਣਾ ਆਦਿ ਸਭ ਗੁਰੂਆਂ ਦੀ ਨਿਰਭੈਅਤਾ ਨੂੰ ਦਰਸਾਉਂਦਾ ਹੋਇਆ ਸਿੱਖਾਂ ਲਈ ਮਾਰਗ ਦਰਸ਼ਨ ਕਰਦਾ ਹੈ।

ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ, ਬਾਣੀ ਦਾ ਸੰਕਲਨ, ਦੂਸਰੇ ਧਰਮ ਲਈ ਆਪਾ ਕੁਰਬਾਨ ਕਰਨਾ, ਖਾਲਸਾ ਪੰਥ ਦੀ ਸਾਜਣਾ, ਜਬਰ ਜ਼ੁਲਮ ਲਈ ਇੱਕਜੁਟ ਹੋ ਕੇ ਲੜਨਾ, ਸਿੱਖ ਰਾਜ ਵਿਚ ਅਨੇਕਾਂ ਧਰਮਾਂ ਦੇ ਲੋਕਾਂ ਦਾ ਇਕਸਾਰ ਨਿਆਂ ਪ੍ਰਬੰਧ ਦੀ ਸਥਾਪਨਾ ਆਦਿ ਸਭ ਸਿੱਖ ਧਰਮ ਦੀ ਨਿਰਵੈਰਤਾ ਨੂੰ ਦਰਸਾਉਂਦਾ ਹੈ। ਸੀਸ ਭੇਂਟ ਕਰਨਾ, ਚੱਰਖੜੀਆਂ ਤੇ ਚੜਨਾ, ਦੇਗ ਵਿਚ ਉਬਾਲੇ ਜਾਣਾ, ਬੰਦ-ਬੰਦ ਕੱਟਵਾਉਣੇ, ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ, ਸਿੱਖ ਬੀਬੀਆਂ ਦੀਆਂ ਸ਼ਹਾਦਤਾਂ ਆਦਿ ਸਭ ਨੇ ਸਿੱਖ ਕੌਮ ਨੂੰ ਦੁਨੀਆਂ ਦੇ ਇਤਿਹਾਸ ਵਿਚ ਇਕ ਵਿਲੱਖਣ ਸ਼ਹੀਦੀ ਕੌਮ ਦਾ ਦਰਜਾ ਦਿੱਤਾ। ਜਿਸ ਨੂੰ ਅੱਖੋਂ ਉਹਲੇ ਨਹੀ

ਕੀਤਾ ਜਾ ਸਕਦਾ। ਗੁਰੂ ਦੇ ਦੱਸੇ ਨਿਰਭਉ ਤੇ ਨਿਰਵੈਰ ਦੇ ਸੰਕਲਪ ਨੂੰ ਅਪਣਾ ਕੇ ਹੀ ਮਨੁੱਖ ਅੰਤਰ-ਰਾਸ਼ਟਰੀ ਏਕਤਾ ਤੇ ਮਾਨਵਤਾ ਪ੍ਰਤੀ ਆਪਣਾ ਸੁੱਚਜਾ ਫ਼ਰਜ ਨਿਭਾ ਸਕਦਾ ਹੈ। ਚੌਥੇ ਅਧਿਆਇ ਵਿਚ ਅਜੋਕੇ ਸਮਾਜ ਵਿਚਲੇ ਡਰ ਅਤੇ ਵੈਰ ਦੀਆਂ ਭਾਵਨਾਵਾਂ ਦਾ ਜ਼ਿਕਰ ਕਰਦੇ ਹੋਏ ਨਿਰਭਉ ਨਿਰਵੈਰ ਦੇ ਗੁਣ ਦੀ ਸਮਕਾਲੀ ਸਾਰਥਕਤਾ ਨੂੰ ਵਾਚਿਆ ਜਾਵੇਗਾ।

**ਹਵਾਲੇ :-**


1. ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸਤੰਬਰ 2014, ਪੰਨਾ 20.

2. ਸੁਰਜੀਤ ਸਿੰਘ(ਪ੍ਰਿੰ.), ਬਲਵਿੰਦਰਪਾਲ ਸਿੰਘ(ਪ੍ਰੋ. ਤੇ ਸੰਪਾ.),*ਹਰਿਮੰਦਰ ਦੀਆਂ ਕਿਆ ਬਾਤਾਂ ਨੇ,* ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ, 1989,ਪੰਨਾ 44.

3. *ਉਹੀ,* ਪੰਨਾ 118.

4. ਬਘੇਲ ਸਿੰਘ(ਸੂਬੇਦਾਰ),*ਅਕਾਲ ਪੁਰਖੁ,* ਵਾਰਿਸ਼ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1993, ਪੰਨਾ 145.

5. ਤਿਨ ਕੇ ਪਾਸ ਬਾਬਾ ਜੀ ਗਏ। ਦੇਖਤ ਤਹਾਂ ਮਗਨ ਮਨ ਭਏ।

   ਜੋ ਸੂਤ ਖਰੀਦ ਕਰਨ ਧਨ ਲਿਆਏ। ਸੋ ਸਾਧਨ ਕੋ ਪੂਜ ਚੜ੍ਹਾਏ॥5॥

   ਸਰੂਪ ਦਾਸ(ਭੱਲਾ),*ਮਹਿਮਾ ਪ੍ਰਕਾਸ਼(ਭਾਗ ਪਹਿਲਾ),* ਭਾਸ਼ਾ ਵਿਭਾਗ, ਪੰਜਾਬ,1999, ਪੰਨਾ 90.

6. *ਉਹੀ,* ਪੰਨੇ 76-77.

7. ਜਬ ਬੋਲੇ ਤਬ ਇਹੀ ਬਿਖਾਨ।ਨਹੀਂ ਕੋਈ ਹਿੰਦੂ ,ਨਹੀਂ ਮੁਸਲਮਾਨ।

   ਸਰੂਪ ਦਾਸ(ਭੱਲਾ),*ਮਹਿਮਾ ਪ੍ਰਕਾਸ਼(ਭਾਗ ਪਹਿਲਾ),* ਪੰਨਾ 110.

8. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 440.

9. ਪ੍ਰਤਾਪ ਸਿੰਘ(ਗਿਆਨੀ),*ਸੰਸਾਰ ਦਾ ਧਾਰਮਿਕ ਇਤਿਹਾਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਛੇਵੀਂ ਵਾਰ, ਸਤੰਬਰ 2013, ਪੰਨਾ 151.

10. ਸੁਨਹੁ ਮੁਲਾਨਾਂ ਕਾਨ ਦੇ ਤਬੈ ਦਿਵਾਨਾ ਹੋਇ।

    ਲਖਿ ਸਾਹਿਬ ਕੇ ਭੈ ਬਸੈ ਅਵਨ ਨ ਜਾਨਹਿ ਕੋਇ॥26॥

    ਸੰਤੋਖ ਸਿੰਘ(ਭਾਈ), *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਤੀਜੀ, ਪੂਰਬਾਰਧ ਅਧਿਆਇ 31, ਭਾਸ਼ਾ ਵਿਭਾਗ, ਪੰਜਾਬ, ਦੂਜੀ ਐਡੀਸ਼ਨ 2011, ਪੰਨਾ 391.

11. ਗਿਆਨ ਸਿੰਘ(ਗਿਆਨੀ),*ਤਵਾਰੀਖ ਗੁਰੂ ਖਾਲਸਾ,* ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, ਪੰਜਵੀਂ ਵਾਰ 2011, ਪੰਨਾ 90.

12. ਸੰਤੋਖ ਸਿੰਘ(ਭਾਈ), *ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਤੀਜੀ, ਪੂਰਬਾਰਧ ਅਧਿਆਇ 58, ਪੰਨਾ 630.

13. ਹਿੰਦੂ ਕਿ ਤੁਰਕ ਕੋਨ ਜਾਨਤਿ ਸਮਾਨ ਜੋਨ,ਭ੍ਰਮ ਕੋ ਬਿਦਾਰ ਉਰ ਦੇਖੈਂ ਏਕ ਸਾਰ ਹੀ।
ਰਾਮ ਸੋ ਰਹੀਮ ਹੈ ਅਲਾਹ ਸੋ ਅਕਾਲ ਰੂਪ, ਜਾਨਿਯੇ ਖੁਦਾਇ ਸੋਊ ਏਕ ਏਕੰਕਾਰ ਹੀ॥
ਮੂਢ ਨਹੀਂ ਪਾਵੈਂ ਭੇਦ ਬਾਦ ਕੋ ਰਚਾਵੈਂ ਨਿਤ, ਪਾਇ ਦੁਖ ਭਾਰੀ ਜਾਇ ਨਰਕ ਮਝਾਰ ਹੀ॥43॥
*ਉਹੀ,* ਜਿਲਦ ਤੀਜੀ, ਪੂਰਬਾਰਧ ਅਧਿਆਇ 58, ਪੰਨਾ 631.

14. ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ,* ਪੰਨਾ 22.

15. ਪਸ਼ਚਮ ਦਿਸ਼ਿ ਮੁਖ ਕਰਿ ਗੁਨਖਾਨੀ।ਕਰ ਅੰਜੁਲ ਸੋ ਸੀਚਤਿ ਪਾਨੀ।
ਕਿਤਿਕ ਕਾਲ ਕਰਿ ਇਸੀ ਪ੍ਰਕਾਰਾ।ਸੁਰਸਰਿ ਕੇ ਮਧ ਖਰੇ ਉਦਾਰਾ॥7॥
ਸੰਤੋਖ ਸਿੰਘ(ਭਾਈ),*ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਚੌਥੀ, ਉਤਰਾਰਧ ਅਧਿਆਇ 8, ਪੰਨਾ 829.

16. ਵੀਰ ਸਿੰਘ(ਭਾਈ)(ਸੰਪਾ.),*ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 18ਵੀਂ ਵਾਰ ਸਤੰਬਰ 2012, ਪੰਨਾ 112-115 ਤੱਕ।

17. ਕਮਲ ਬਦਨ ਕੀ ਗਿਰਾ ਸੁਨੀ ਜਬਿ।ਸਪਦ ਛੁਡਾਏ ਨਰ ਨਾਰੀ ਸਭਿ।
ਅਪਨੀ ਸੌਜ ਪਛਾਨੀ ਜਾਂਹੀ।ਦਈ ਦਿਵਾਇ ਦੇਰਿ ਕਿਯ ਨਾਂਹੀ॥67॥
ਸੰਤੋਖ ਸਿੰਘ(ਭਾਈ),*ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਚੌਥੀ, ਉਤਰਾਰਧ ਅਧਿਆਇ 29, ਪੰਨਾ 1006.

18. ਬਲਵੀਰ ਕੌਰ(ਸੰਪਾ.),*ਪੰਜਾਬੀ ਵਿਸ਼ਵ ਕੋਸ਼,* ਜਿਲਦ ਤੀਜੀ, ਭਾਸ਼ਾ ਵਿਭਾਗ, ਪੰਜਾਬ, ਦੂਜੀ ਐਡੀਸ਼ਨ, 2010, ਪੰਨਾ 307.

19. ਪ੍ਰਭ ਸੂਧਾ ਦੇਖ ਮਨਜੂਰ ਯਹ ਕਰਾ। ਕਰਤਾਰਪੁਰ ਨਾਮ ਚਕ ਕਾ ਧਰਾ।

ਧਰਮਸਾਲ ਹਵੇਲੀ ਤਹਾ ਬਨਾਈ। ਮਾਤਾ ਜੀ ਕੋ ਲੀਆ ਬੁਲਾਈ॥4॥

ਸਰੂਪ ਦਾਸ(ਭੱਲਾ), *ਮਹਿਮਾ ਪ੍ਰਕਾਸ਼(ਭਾਗ ਪਹਿਲਾ),* ਪੰਨਾ 383.

20. ਬਸੋ ਬਾਸ ਸਤਗੁਰ ਜੀ ਕਰਾ। ਲੰਗਰ ਚਲੇ ਕਾਰਜ ਸਭ ਸਰਾ।

ਅਥਿਤ ਸਾਧ ਤਹਾ ਚਲ ਆਵੈ। ਸੇਵਾ ਹੋਇ ਦਰਸਨ ਗੁਰ ਪਾਵੈ॥19॥

ਸਤਗੁਰ ਧਰਮਸਾਲ ਮੋ ਰਹੇ। ਰੋੜੇ ਕੇ ਆਸਨ ਪਰ ਬਹੇ।

ਚੌਕੀ ਭਜਨ ਕੀਰਤਨ ਸਦ ਹੋਇ। ਤਹਾਂ ਮਹਾਂ ਅਨੰਦ,ਸੋਕ ਨਹੀਂ ਕੋਇ॥20॥

*ਉਹੀ,* ਪੰਨਾ 383.

21. ਜੋਧ ਸਿੰਘ(ਡਾ. ਤੇ ਸੰਪਾ.),*ਸਿੱਖ ਧਰਮ ਵਿਸ਼ਵ ਕੋਸ਼,* ਪਹਿਲੀ ਸੈਚੀਂ ੳ ਤੋਂ ਸ਼,ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰਨਾ 299.

22. ਰਤਨ ਸਿੰਘ ਜੱਗੀ(ਡਾ.),*ਗੁਰੂ ਗ੍ਰੰਥ ਵਿਸ਼ਵ ਕੋਸ਼,* ਭਾਗ ਦੂਜਾ (ਜ-ੜ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 466.

23. ਸੰਤੋਖ ਸਿੰਘ(ਭਾਈ),*ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਪੰਜਵੀਂ, ਰਾਸ 1, ਅਸੂੰ 9, ਪੰਨਾ 1341.

24. ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰ॥

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 966.

25. ਪੰਕਤਿ ਬੀਚ ਬੈਠਿ ਗੁਰ ਖਾਹਿ।

ਏਕ ਸਮਾਨ ਅਸਨ ਅਚਵਾਹਿ॥12॥

ਸੰਤੋਖ ਸਿੰਘ(ਭਾਈ),*ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਪੰਜਵੀਂ, ਰਾਸ 1, ਅੰਸੂ 10, ਪੰਨਾ 1346.

26. ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤ ਖੀਰਿ ਘਿਆਲੀ॥

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 967.

27. ਪਹਿਰ ਤੀਸਰੋ ਏਵ ਬਿਤਾਵਹਿ। ਪਹਿਲਵਾਨ ਤਬਿ ਗੁਰੂ ਬੁਲਾਵਹਿ।

ਮਿਲਹਿ ਆਇ ਬਹੁ ਪਰਹਿ ਅਖਾਰਾ। ਭਿਰਹਿ ਆਪ ਮਹਿ ਬਲ ਧਰਿ ਭਾਰਾ॥15॥

ਕਹਿ ਕਹਿ ਤਿਨਹੁ ਭਿਰਾਵਨ ਠਾਨਹਿ। ਕੁਸ਼ਤੀ ਕਰਤਿ ਜੀਤਿ ਕਿਹ ਹਾਨੈ।

*ਉਹੀ,* ਜਿਲਦ ਪੰਜਵੀਂ, ਰਾਸ 1, ਅੰਸੂ 10, ਪੰਨਾ 1347.

28. ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ,* ਪੰਨਾ 28.

29. ਇਕ ਰਸ ਬ੍ਰਿਤਿ ਸਮਾਨ ਜਿਨ ਕੇਰੀ। ਰਾਗ ਨ ਦ੍ਵੇਸ਼, ਮਿੱਤ੍ਰ ਨਹਿ ਬੈਰੀ।

ਸਦਾ ਆਨੰਦ ਪ੍ਰੇਮ ਰਸ ਪਾਗੇ। ਸ੍ਰੀ ਨਾਨਕ ਜਸ ਸੌਂ ਨਿਤਿ ਲਾਗੇ॥21॥

ਸੰਤੋਖ ਸਿੰਘ(ਭਾਈ),*ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਪੰਜਵੀਂ, ਰਾਸ 1, ਅੰਸੂ 10, ਪੰਨਾ 1347.

30. ਸਹਜ ਜੋਗ ਸੰਤਨਿ ਮਤਿ ਐਸੇ।

ਸੰਸੈ ਭਰਮ ਨ ਕੀਜੈ ਕੈਸੇ॥35॥

*ਉਹੀ,* ਜਿਲਦ ਪੰਜਵੀਂ, ਰਾਸ 1, ਅੰਸੂ 10, ਪੰਨਾ 1348.

31. *ਉਹੀ,* ਜਿਲਦ ਪੰਜਵੀਂ, ਰਾਸ 1, ਅੰਸੂ 10, ਪੰਨਾ 1350.

32. ਸ੍ਰੀ ਨਾਨਕ ਥੇ ਜ਼ਾਤਿ ਖ਼ੁਦਾਇ।ਤਿਨ ਕੀ ਬਖ਼ਸ਼ਿਸ਼ ਹੋਤਿ ਬਿਲਾਇ॥59॥

*ਉਹੀ,* ਜਿਲਦ ਪੰਜਵੀਂ, ਰਾਸ 1, ਅੰਸੂ 10, ਪੰਨਾ 1351.

33. ਪੀਠ ਨ ਦੇਹਿ ਸਮੁਖਿ ਰਿਪੁ ਰਹੈ। ਨਿਰਭੈ ਸ਼ਸਤ੍ਰ ਬਹੈ ਜਸ ਲਹੈ।

ਜਗ ਮੀਹ ਪ੍ਰਾਪਤਿ ਬ੍ਰਿੰਦ ਪਦਾਰਥ। ਲੇ ਸਤਿਸੰਗਤਿ ਲਾਇ ਸਕਾਰਥ॥13॥

*ਉਹੀ,* ਜਿਲਦ ਪੰਜਵੀਂ, ਰਾਸ 1, ਅੰਸੂ 12, ਪੰਨਾ 1359.

34. ਗਿਆਨ ਸਿੰਘ(ਗਿਆਨੀ),*ਤਵਾਰੀਖ ਗੁਰੂ ਖਾਲਸਾ,* ਭਾਗ-ਪਹਿਲਾ, ਭਾਸ਼ਾ ਵਿਭਾਗ, ਪੰਜਾਬ, ਪੰਜਵੀਂ ਵਾਰ 2011, ਪੰਨਾ 340.

35. *ਉਹੀ,* ਪੰਨਾ 339.

36. ਤੁਮ ਹੋ ਨਿਥਾਵੇ ਥਾਉ। ਦੇਹੋ ਨਿਮਾਨੇ ਮਾਨ।

ਨਿਹ-ਓਟ ਓਟ ਤੁਮਾਰ। ਨਿਧਰਿਆ ਧਿਰ ਸੁਖ-ਸਾਰ।88।

ਸਰੂਪ ਦਾਸ(ਭੱਲਾ),*ਮਹਿਮਾ ਪ੍ਰਕਾਸ਼,* ਭਾਗ ਦੂਜਾ(ਖੰਡ-1), ਭਾਸ਼ਾ ਵਿਭਾਗ, ਪੰਜਾਬ, ਤੀਜੀ ਵਾਰ, 1999, ਪੰਨਾ 114.

37. ਯਾ ਤੇ ਅਧਿਕ ਸਰੀਰ ਕਠੋਰਾ। ਤੁਮਰੋ ਚਰਨ ਮ੍ਰਿਦੁਲ ਨਹਿ ਥੋਰਾ।

ਹੁਯੋ ਹੋਇਗੋ ਕਸ਼ਟ ਮਹਾਨਾ। ਛਿਮਹੁ ਭਯੋ ਅਪਰਾਧ ਅਜਾਨਾ॥35॥

ਸੰਤੋਖ ਸਿੰਘ(ਭਾਈ),*ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਪੰਜਵੀਂ, ਰਾਸ 1, ਅੰਸੂ 34, ਪੰਨਾ 1462.

38. ਅਜੀਤ ਸਿੰਘ ਔਲਖ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਤੀਜੀ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਦੂਜੀ ਐਡੀਸ਼ਨ, ਜਨਵਰੀ 2011, ਰਾਸ 1, ਅਧਿਆਇ 29, ਪੰਨਾ 219.

39. ਸਾਹਿਬ ਸਿੰਘ,*ਗੁਰ-ਇਤਿਹਾਸ ਪਾਤਸ਼ਾਹੀ ੨ ਤੋਂ ੯* , ਸਿੰਘ ਬ੍ਰਦਰਜ਼, ਅੰਮ੍ਰਿਤਸਰ, 5ਵੀਂ ਵਾਰ, ਮਈ 2011, ਪੰਨਾ 68.

40. ਸੋਹਣ ਸਿੰਘ ਸੀਤਲ(ਗਿਆਨੀ), *ਗੁਰ ਇਤਿਹਾਸ ਦਸ ਪਾਤਸ਼ਾਹੀਆਂ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, ਦੂਜੀ ਵਾਰ, 2014, ਪੰਨਾ 90.

41. ਕਾਨ੍ਹ ਸਿੰਘ ਨਾਭਾ(ਭਾਈ), *ਗੁਰੁਸ਼ਬਦ ਰਤਾਨਾਕਰ ਮਹਾਨ ਕੋਸ਼,* ਪੰਨਾ 1001.

42. ਜੇਠਾ ਜੀ ਇਸ਼ਨਾਨ ਕਰ ਪਹਰੇ ਬਸਤ੍ਰ ਨਵੀਨ।

ਸਤਿਗੁਰ ਕੀ ਚਰਨੀ ਲਗੇ ਭਈ ਜੋਤ ਜੋਤ ਮੋ ਲੀਨ॥11॥

ਸਰੂਪ ਦਾਸ(ਭੱਲਾ), *ਮਹਿਮਾ ਪ੍ਰਕਾਸ਼,* ਭਾਗ ਦੂਜਾ(ਖੰਡ-1), ਪੰਨਾ 273.

43. ਰਾਮ ਸੁ ਦਾਸ ਗੁਰੂ ਸੁਖਰਾਸ ਹਰੈਂ ਜਮ ਤ੍ਰਾਸ ਰਿਦਾ ਨਿਸ਼ਕਾਮ।

ਕਾਮ ਨ ਕ੍ਰੋਧ ਬਿਰੋਧ ਨਿਰੋਧ, ਸਦਾ ਸੁਧ ਬੋਧ ਸਰੂਪ ਨਿਕਾਮ।

ਕਾਮ ਕਰੇ ਜਨ ਸ਼ਾਮ ਪਰੇ ਤਿਨ ਤਾਪ ਹਰੇ ਨਿਤ ਹੋਤਿ ਅਨਾਮ।

ਨਾਮ ਜਪੇ ਅਘ ਬ੍ਰਿੰਦ ਖਪੇ ਸੁ ਰਪੇ ਹਰਿਰੰਗ ਸਦਾ ਅਭਿਰਾਮ॥4॥

ਅਜੀਤ ਸਿੰਘ ਔਲਖ(ਡਾ.),*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਤੀਜੀ, ਰਾਸ 2, ਅਧਿਆਇ 1, ਪੰਨਾ 528.

44. ਸਾਹਿਬ ਸਿੰਘ,*ਗੁਰ–ਇਤਿਹਾਸ ਪਾਤਸ਼ਾਹੀ ੨ ਤੋਂ ੯,* ਪੰਨਾ 89.

45. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 308.

46. *ਉਹੀ,* ਪੰਨਾ 982.

47. ਅਜੀਤ ਸਿੰਘ ਔਲਖ(ਡਾ.),*ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਸਟੀਕ ,* ਜਿਲਦ ਤੀਜੀ, ਰਾਸ 2, ਅਧਿਆਇ 14, ਪੰਨਾ 576.

48. *ਉਹੀ,* ਜਿਲਦ ਤੀਜੀ, ਰਾਸ 2, ਅਧਿਆਇ 14, ਪੰਨਾ 579.

49. *ਉਹੀ,* ਜਿਲਦ ਤੀਜੀ ਰਾਸ 2, ਅਧਿਆਇ 21, ਪੰਨਾ 627.

50. ਮੈਕਸ ਆਰਥਰ ਮੈਕਾਲਿਫ, *ਸਿੱਖ ਇਤਿਹਾਸ,* ਅਜੈਬ ਸਿੰਘ(ਅਨੁ.), ਭਾਗ ਪਹਿਲਾ-ਦੂਜਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2014, ਪੰਨਾ 334.

51. *ਉਹੀ,* ਪੰਨਾ 339.

52. ਮਹਿੰਦਰ ਕੌਰ ਗਿਲ,*ਗੁਰੂ ਅਰਜਨ ਦੇਵ: ਜੀਵਨ ਤੇ ਬਾਣੀ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009,ਪੰਨਾ 22.

53. *ਉਹੀ,* ਪੰਨਾ 12.

54. ਭਜਨ ਸਿੰਘ(ਗਿਆਨੀ),*ਸਾਡੇ ਸ਼ਹੀਦ,* ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ, ਚੰਡੀਗੜ੍ਹ, 1999, ਪੰਨਾ 36.

55. ਮਹਿੰਦਰ ਕੌਰ ਗਿਲ,*ਗੁਰੂ ਅਰਜਨ ਦੇਵ : ਜੀਵਨ ਤੇ ਬਾਣੀ,* ਪੰਨਾ 23.

56. ਸੁਰਜੀਤ ਸਿੰਘ(ਪ੍ਰਿੰ .), ਬਲਵਿੰਦਰਪਾਲ ਸਿੰਘ(ਪ੍ਰੋ. ਤੇ ਸੰਪਾ.),*ਹਰਿਮੰਦਰ ਦੀਆਂ ਕਿਆ ਬਾਤਾਂ ਨੇ,* ਪੰਨਾ 31.

57. *ਉਹੀ,* ਪੰਨਾ 18.

58. *ਉਹੀ,* ਪੰਨਾ 69.

59. ਅਜੀਤ ਸਿੰਘ ਔਲਖ(ਡਾ.),*ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਸਟੀਕ* , ਜਿਲਦ ਚੌਥੀ, ਰਾਸ 3, ਅਧਿਆਇ 18, ਪੰਨਾ 357.

60. ਮਹਿੰਦਰ ਕੋਰ ਗਿਲ,*ਗੁਰੂ ਅਰਜਨ ਦੇਵ: ਜੀਵਨ ਤੇ ਬਾਣੀ,* ਪੰਨਾ 22.

61. 'ਅਤਿ ਪ੍ਰਸੰਨ ਮੋਹਨ ਹੁਇ ਗਇਉ। ਪਰਯੋ ਚਰਨ ਪੁਸਤਕ ਸਭਿ ਦਇਉ' ॥2॥

ਅਜੀਤ ਸਿੰਘ ਔਲਖ(ਡਾ.),*ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਸਟੀਕ* , ਜਿਲਦ ਚੌਥੀ, ਰਾਸ 3, ਅਧਿਆਇ 36, ਪੰਨਾ 508.

62. ਐਸੇ ਬਚਨ ਯਾ ਮਹਿ ਲਿਖੇ ਭੇਟ ਸਸਤ੍ਰ ਹੈ ਲਿਆਇ।

ਪਖ ਦਿਵਸ ਆਇ ਸਭ ਯਾ ਮਹਿ ਦੇਰ ਨ ਲਾਇ।

ਗੁਰਮੁਖ ਸਿੰਘ(ਡਾ. ਤੇ ਸੰਪਾ.),*ਗੁਰ ਬਿਲਾਸ ਪਾਤਸ਼ਾਹੀ-੬ ਕ੍ਰਿਤ ਭਗਤ ਸਿੰਘ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 351.

63. ਕਿਸੀ ਰਾਜ ਨਹਿੰ ਹਾਥ ਲਗਾਯੇ। ਬੁਢੋ ਔ ਗੁਰਦਾਸ ਬਨਾਯੌ।

ਰਖਤ ਰੋਖਤਾ ਤਖਤ ਅਕਾਰ। ਬਨਾਯੋ ਕਣਕ ਉਚ ਨਿਰਧਾਰ॥39॥

ਗੁਰਮੁਖ ਸਿੰਘ(ਡਾ. ਤੇ ਸੰਪਾ.),*ਗੁਰ ਬਿਲਾਸ ਪਾਤਸ਼ਾਹੀ-੬ ਕ੍ਰਿਤ ਭਗਤ ਸਿੰਘ,* ਪੰਨਾ 251.

64. ਪ੍ਰਥਮ ਆਪਨੇ ਲੇਕਰਿ ਹਾਥ। ਧਰੀ ਈਂਟ ਬਲ ਤੇਜ ਕਿ ਸਾਥ।

ਕਹਯੋ 'ਕੁਛਕ ਊਚਾ ਥਲ ਕਰੋ। ਜਹਿਂ ਲਗਿ ਪੌਰ ਏਕ ਸਮ ਧਰੋ'॥16॥

*ਉਹੀ,* ਜਿਲਦ ਪੰਜਵੀਂ, ਭਾਗ 1, ਰਾਸ 4, ਅਧਿਆਇ 42, ਪੰਨਾ 31.

65. ਜੋ ਸਿੱਖ ਆਨਹਿ ਸ਼ਸਤ੍ਰ ਤੁਰੰਗਾ। ਹੋਇ ਖੁਸ਼ੀ ਗੁਰ ਕੀ ਸੁਖ ਸੰਗਾ।

ਸਭਿ ਆਵੈਂ ਦਰਸ਼ਨ ਹਿਤ ਕਰਿਬੇ। ਲਯਾਇਂ ਅਕੋਰ ਬਿਲਮ ਨਹਿਂ ਧਰਿਬੇ'॥18॥

*ਉਹੀ,* ਜਿਲਦ ਪੰਜਵੀਂ, ਰਾਸ 4, ਅਧਿਆਇ 42, ਪੰਨਾ 31.

66. ਸਾਹਿਬ ਸਿੰਘ, *ਗੁਰ–ਇਤਿਹਾਸ ਪਾਤਸ਼ਾਹੀ ੨ ਤੋਂ ੯,* ਪੰਨਾ 207.

67. ਅਜੀਤ ਸਿੰਘ ਔਲਖ(ਡਾ.),*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਪੰਜਵੀਂ, ਰਾਸ 4, ਅਧਿਆਇ 44, ਪੰਨਾ 42.

68. ਜੈਸਾ ਸੇਵੈ ਤੈਸੋ ਹੋਇ॥

*ਉਹੀ,* ਪੰਨਾ 223.

69. ਸੁਰਜੀਤ ਸਿੰਘ ਭਾਟੀਆ,*ਭਗਤੀ ਤੇ ਸ਼ਕਤੀ*, ਨਾਨਕ ਸਿੰਘ ਪੁਸਤਕ ਸ਼ਾਲਾ, ਅੰਮ੍ਰਿਤਸਰ, 1990, ਪੰਨਾ 45.

70. *ਉਹੀ,* ਪੰਨਾ 45.

71. ਮਾਨ ਸਿੰਘ ਨਿਰੰਕਾਰੀ(ਡਾ.),*ਸਿੱਖ ਧਰਮ ਅਤੇ ਸਿਖੀ* , ਲੋਕ ਸਾਹਿਤ ਪ੍ਰਕਾਸ਼ਨ, ਅੰਮਿਤਸਰ, 1981, ਪੰਨਾ 99.

72. ਦੋ ਤਲਵਾਰੀ ਬਧੀਆ ਇਕ ਮੀਰ ਦੀ ਇਕ ਪੀਰ ਦੀ।

ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ-ਵਜ਼ੀਰ ਦੀ।

ਹਿੰਮਤ ਬਾਹਾਂ ਕੋਟ ਗੜ੍ਹ, ਦਰਵਾਜ਼ਾ ਬਲਖ ਬਖੀਰ ਦੀ।

ਪੱਗ ਤੇਰੀ ਕੀ ਜਹਾਂਗੀਰ ਦੀ।

ਸੁਰਜੀਤ ਸਿੰਘ ਭਾਟੀਆ,*ਭਗਤੀ ਤੇ ਸ਼ਕਤੀ,* ਪੰਨਾ 47.

73. ਪੰਜਿ ਪਿਆਲੇ ਪੀਜਿ ਪੀਰ ਛਟਮੁ ਪੀਰੁ ਬੈਠਾ ਗੁਰ ਭਾਰੀ।

ਅਰਜਨ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।

ਚਲੀ ਪੀੜ੍ਹੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।

ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।

ਅਮਰ ਸਿੰਘ ਚਾਕਰ(ਸੰਪਾ.),*ਵਾਰਾਂ ਭਾਈ ਗੁਰਦਾਸ ਜੀ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2005, ਪੰਨਾ 24.

74. ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ॥

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 1426.

75. 1. ਸੁਨਤ ਸ੍ਰੀ ਗੁਰੁ ਮਨ ਮੁਸਕਾਏ। ਭਗਤ ਸਿੰਘ ਅਸ ਬੈਨ ਅਲਾਇ।

ਮੂੜ ਖਾਂਨ ਅਪਨੇ ਬਲ ਕੀਜੈ। ਚਿਤ ਕੀ ਹੋਂਸ ਰਾਖ ਜਿਨ ਲੀਜੈ॥ 569॥

ਤਬ ਪੈਂਦੇ ਰਿਸ ਤੰਗ ਚਲਾਈ। ਕਰ ਗੁਰੁ ਦਾਵ ਪਰ ਢਾਲ ਰੁਕਾਈ।

ਹਨੀ ਔਰ ਰੋਕੀ ਗੁਰ ਢਾਲਾ। ਪੈਂਦੇ ਖਾਂ ਮਨ ਭਯੋ ਬਿਹਾਲਾ॥ 570॥

2. ਛੋਡ ਆਸ੍ਰ ਗੁਰੁ ਭੈ ਪੈ ਆਏ। ਪੈਂਦੇ ਪ੍ਰਤਿ ਅਸ ਬੈਨ ਅਲਾਏ

ਹਮਰੋ ਵਾਰ ਰੋਕ ਕਰ ਖਾਂਨ। ਕਹ ਪੈਦਾ ਜੇਤਕ ਬਲ ਨਾਨ ॥ 576॥

ਗੁਰਮੁਖ ਸਿੰਘ(ਡਾ. ਤੇ ਸੰਪਾ.),*ਗੁਰ ਬਿਲਾਸ ਪਾਤਸ਼ਾਹੀ-੬ ਕ੍ਰਿਤ ਭਗਤ ਸਿੰਘ,* ਪੰਨਾ 802.

76. ਕਹਾ ਗੁਰੂ ਕਲਮਾ ਪੜ੍ਹੋ ਪੈਂਦਾ ਗਿਰਤ ਅਲਾਇ।

ਹੇ ਗੁਰੁ ਮਿਲੀ ਸੁ ਤੇਗ ਤੁਮ ਕਲਮਾ ਰੂਪ ਸੁਹਾਇ॥ 578॥

*ਉਹੀ,* ਪੰਨਾ 802.

77. ਐਗ ਸੁਨਤ ਮਨ ਮੋਹ ਉਪਜਾਯੋ। ਸ੍ਰੀ ਗੁਰੁ ਨੈਨ ਨੀਰ ਬਹਿ ਆਯੋ।

ਛਾਯਾ ਕਰੀ ਢਾਲ ਕੇ ਸਾਖ। ਗੁਰੁ ਸਮ ਕੋਇ ਨਾ ਦੀਨਾ ਨਾਥ॥ 579॥

*ਉਹੀ,* ਪੰਨਾ 802.

78. ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰ ਨਿਰਾਲਾ।

ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।

ਜੇਹਾ ਬੀਜੈ ਸੋ ਲੁਣੈ ਫਲ ਕਰਮ ਸਮਾਲਾ।

ਅਮਰ ਸਿੰਘ ਚਾਕਰ(ਸੰਪਾ.),*ਵਾਰਾਂ ਭਾਈ ਗੁਰਦਾਸ ਜੀ,* ਪੰਨਾ 70.

79. ਕਰਤਾਰ ਸਿੰਘ ਐਮ. ਏ.(ਪ੍ਰੋ.),*ਸਿੱਖ ਇਤਿਹਾਸ-ਭਾਗ ਪਹਿਲਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2003, ਪੰਨੇ 261-62.

80. ਰਹਨਿ ਲਗੇ ਸਤਿਗੁਰ ਕੇ ਤੀਰ। ਆਯੁਧ ਬਿੱਦਯਾ ਨਿਤ ਕਰਿ ਬੀਰ।

ਖੇਡ ਖੜਗ ਤੁਫੰਗ ਕਮਾਨ। ਸਭਿ ਕੋ ਦੇ ਕੀਨੇ ਸਵਧਾਨ॥26॥

---------------------------------------------

ਦਿਨ ਪ੍ਰਤਿ ਵਹਿਰ ਅਖੇਰ ਕਰੰਤੇ। ਤੀਰੇ ਤੁਫੰਗਨਿ ਬ੍ਰਿੰਦ ਛੁਟੰਤੇ।

ਬਾਜ, ਕੁਹੀ, ਜੁਰਰੇ, ਬਡ ਸ੍ਵਾਨ। ਚੀਤੇ, ਸਯਾਹਗੋਸ਼ ਬਲਵਾਨ॥28॥

ਅਜੀਤ ਸਿੰਘ ਔਲਖ(ਡਾ.),*ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਸਟੀਕ ,* ਜਿਲਦ ਪੰਜਵੀਂ, ਰਾਸ 4, ਅਧਿਆਇ 44, ਪੰਨਾ 45 .

81. ਮੈਕਸ ਆਰਥਰ ਮੈਕਾਲਿਫ,*ਸਿੱਖ ਇਤਿਹਾਸ,* ਗੁਰਚਰਨ ਸਿੰਘ ਔਲਖ(ਡਾ. ਤੇ ਅਨੁ.),ਭਾਗ ਤੀਜਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2014, ਪੰਨਾ 28 - 29.

82. ਅਜੀਤ ਸਿੰਘ ਔਲਖ(ਡਾ.),*ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਸਟੀਕ ,* ਜਿਲਦ ਪੰਜਵੀਂ, ਰਾਸ 4, ਅਧਿਆਇ 66, ਪੰਨਾ 196.

83. ਕਹਿ ਸਤਿਗੁਰ ਕੇ ਗਰਤ ਖਨਾਵਾ। ਅਬਦੁਲ ਖਾਨ ਉਠਾਇ ਪੁਵਾਵਾ।

ਪੁਨ ਤਿਸ ਕੇ ਸੁਤ ਖੋਜਿ ਉਠਾਏ। ਤਿਸੀ ਗਰਤ ਮਹਿੰ ਆਨਿ ਸੁ ਪਾਏ॥21॥

ਉਹੀ, ਜਿਲਦ ਛੇਵੀਂ, ਰਾਸ 6, ਅਧਿਆਇ 44, ਪੰਨਾ 93.

84. ਅਮਰ ਸਿੰਘ ਚਾਕਰ(ਸੰਪਾ.),*ਵਾਰਾਂ ਭਾਈ ਗੁਰਦਾਸ ਜੀ,* ਵਾਰ 1, ਪਉੜੀ 48, ਪੰਨਾ 47.

85. ਅਜੀਤ ਸਿੰਘ ਔਲਖ(ਡਾ.),*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਟੀਕ,* ਜਿਲਦ ਸੱਤਵੀਂ, ਰਾਸ 9, ਅਧਿਆਇ 1, ਪੰਨਾ 24.

86. *ਉਹੀ,* ਜਿਲਦ ਸੱਤਵੀਂ, ਰਾਸ 9, ਅਧਿਆਇ 58, ਪੰਨਾ 372.

87. ਮੈਕਸ ਆਰਥਰ ਮੈਕਾਲਿਫ,*ਸਿੱਖ ਇਤਿਹਾਸ*, ਗੁਰਚਰਨ ਸਿੰਘ ਔਲਖ(ਡਾ. ਤੇ ਅਨੁ.),ਭਾਗ ਤੀਜਾ, ਪੰਨਾ 273.

88. *ਉਹੀ,* ਪੰਨਾ 261.

89. ਸਤਿਬੀਰ ਸਿੰਘ, *ਨਿਰਭਉ ਨਿਰਵੈਰੁ ਜੀਵਨੀ ਸ੍ਰੀ ਗੁਰੂ ਹਰਿ ਰਾਇ ਜੀ,* ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, ਸੱਤਵੀਂ ਵਾਰ, 2014, ਪੰਨਾ 142.

90. ਮੈਕਸ ਆਰਥਰ ਮੈਕਾਲਿਫ,*ਸਿੱਖ ਇਤਿਹਾਸ* ,ਗੁਰਚਰਨ ਸਿੰਘ ਔਲਖ(ਡਾ. ਤੇ ਅਨੁ.), ਭਾਗ ਤੀਜਾ, ਪੰਨਾ 224.

91. *ਉਹੀ,* ਪੰਨਾ 245.

92. *ਉਹੀ,* ਪੰਨਾ 248.

93. ਅਜੀਤ ਸਿੰਘ ਔਲਖ(ਡਾ.),*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਸਟੀਕ,* ਜਿਲਦ ਸੱਤਵੀਂ, ਰਾਸ 9, ਅਧਿਆਇ 4, ਪੰਨਾ 47.

94. ਅਜ਼ ਹਮ ਗੁਸਲ ਕਮੰਦੇ ਮਰਗ

ਵ ਹਲਾਕ, ਵ ਮਲਕ ਲਮੌਤੇ ਸਹਿਮੇਨਾਕ

ਅਜ਼ ਅਜ਼ਮਤਸ਼ ਸੀਨਹ ਚਾਕ।

ਭਾਈ ਨੰਦ ਲਾਲ ਗੋਇਆ,*ਗੰਜ ਨਾਮਹ ਸਟੀਕ,* ਭਾਈ ਵੀਰ ਸਿੰਘ(ਭਾਈ)(ਲਿਪੀ ਅੰਤਰਣ ਤੇ ਸਰਲਾਰਥ), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਨੌਵੀਂ ਵਾਰ, ਮਾਰਚ 2012, ਪੰਨਾ 52.

95. ਹਕ ਪਰਵਰ ਹਕ ਕੇਸ਼ ਗੁਰੂ ਕਰਤਾ ਹਰਿਰਾਇ,

ਸੁਲਤਾਨ ਹਮ ਦਰਵੇਸ਼ ਗੁਰੂ ਕਰਤਾ ਹਰਿਰਾਇ।

*ਉਹੀ,* ਪੰਨਾ 53.

96. ਗਰਦਨ ਜ਼ਨੇ ਸਰਕਸ਼ਾਂ ਗੁਰੂ ਕਰਤਾ ਹਰਿ ਰਾਇ,

ਯਾਰੇ ਮੁਤਜੱਰਆਂ ਗੁਰੂ ਕਰਤਾ ਹਰਿਰਾਇ।

*ਉਹੀ,* ਪੰਨਾ 55.

97. ਅਵਿਚਲ ਛਮਾ ਮਨਹੁ ਮਨ ਛੌਨੀ। ਮ੍ਰਿਦੁਲ ਰਿਦਾ ਬਰ ਬਾਨੀ ਨੈਨੀ।

ਕਮਲ ਸਮਾਨ ਪ੍ਰਫੁੱਲਿਤਿ ਆਨਨ। ਸ਼ੁਭ ਗੁਨ ਪੂਰਨ ਜਿਨ ਸਮ ਆਨ ਨ ॥12॥

ਅਜੀਤ ਸਿੰਘ ਔਲਖ(ਡਾ.),*ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਸਟੀਕ*, ਜਿਲਦ ਸੱਤਵੀਂ, ਰਾਸ 10, ਅਧਿਆਇ 27, ਪੰਨਾ 549.

98. *ਉਹੀ,* ਜਿਲਦ ਸੱਤਵੀਂ, ਰਾਸ 10, ਅਧਿਆਇ 28, ਪੰਨਾ 558.

99. ਮੈਕਸ ਆਰਥਰ ਮੈਕਾਲਿਫ,*ਸਿੱਖ ਇਤਿਹਾਸ,* ਗੁਰਚਰਨ ਸਿੰਘ ਔਲਖ(ਡਾ. ਤੇ ਅਨੁ.),ਭਾਗ ਤੀਜਾ, ਪੰਨਾ 282.

100. *ਉਹੀ,* ਪੰਨਾ 283.

101. ਪ੍ਰਾਨ ਜਾਨਿ ਲੈ ਬਚ ਮਹਿ ਰਹਿ ਹੌਂ। ਨਹੀਂ ਚਲਾਇਮਾਨਤਾ ਲਹਿਹੌਂ।

ਇਹ ਆਸ਼ੇ ਹਮਰੇ ਉਰ ਕੇਰਾ। ਕਹਹੁ ਸ਼ਾਹੁ ਸੋ ਇਮਹੁ ਬਡੇਰਾ॥32॥

ਅਜੀਤ ਸਿੰਘ ਔਲਖ(ਡਾ.),*ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਸਟੀਕ*, ਜਿਲਦ ਸੱਤਵੀਂ, ਰਾਸ 10, ਅਧਿਆਇ 40, ਪੰਨਾ 631.

102. ਬਾਬਾ ਬਕਾਲੇ ਇਹੁ ਬਚਨ ਕਹਿ ਗਏ।

ਪਿਆਰਾ ਸਿੰਘ ਪਦਮ(ਸੰਪਾ.), *ਭਾਈ ਕੇਸਰ ਸਿੰਘ ਕ੍ਰਿਤ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਪੰਨਾ 110.

103. ਮੈਕਸ ਆਰਥਰ ਮੈਕਾਲਿਫ,*ਸਿੱਖ ਇਤਿਹਾਸ,* ਗੁਰਚਰਨ ਸਿੰਘ ਔਲਖ(ਡਾ. ਤੇ ਅਨੁ.), ਭਾਗ ਤੀਜਾ, ਪੰਨਾ 293.

104. ਅਜੀਤ ਸਿੰਘ ਔਲਖ(ਡਾ.),*ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਸਟੀਕ*, ਜਿਲਦ ਅੱਠਵੀਂ, ਰਾਸ 11, ਅਧਿਆਇ 14, ਪੰਨਾ 91.

105. ਕਰਨੀ ਛਿਮਾ ਮਹਾਂ ਤਪ ਜਾਨ। ਛਿਮਾ ਕਰਨਿ ਹੀ ਦੈਬੋ ਦਾਨ।

ਛਿਮਾ ਸਕਲ ਤੀਰਥ ਅਸ਼ਨਾਨ। ਛਿਮਾ ਕਰਤਿ ਨਰ ਕੀ ਕਲਿਆਣ॥43॥

*ਉਹੀ*, ਜਿਲਦ ਸੱਤਵੀਂ ,ਰਾਸ 11, ਅਧਿਆਇ 17, ਪੰਨਾ 112.

106. *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 274.

107. ਬਲਵੰਤ ਸਿੰਘ ਢਿੱਲੋਂ(ਡਾ. ਤੇ ਸੰਪਾ.),*ਰਤਨ ਸਿੰਘ ਭੰਗੂ ਕ੍ਰਿਤ ਸ੍ਰੀ ਗੁਰ ਪੰਥ ਪ੍ਰਕਾਸ਼*, 2004, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਨਾ 25

108. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 1427.

109. 'ਸਭਿ ਹਿੰਦੁਨਿ ਕੋ ਪੀਰ ਕਹਾਵੈ।

ਅਜੀਤ ਸਿੰਘ ਔਲਖ(ਡਾ.),*ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ*, ਜਿਲਦ ਸੱਤਵੀਂ, ਰਾਸ 12, ਅਧਿਆਇ 46, ਪੰਨਾ 681.

110. *ਉਹੀ*, ਜਿਲਦ ਸੱਤਵੀਂ, ਰਾਸ 12, ਅਧਿਆਇ 52, ਪੰਨਾ 716.

111. ਮੈਕਸ ਆਰਥਰ ਮੈਕਾਲਿਫ,*ਸਿੱਖ ਇਤਿਹਾਸ,* ਗੁਰਚਰਨ ਸਿੰਘ ਔਲਖ(ਡਾ. ਤੇ ਅਨੁ.), *ਭਾਗ ਤੀਜਾ*, ਪੰਨਾ 333.

112. ਬਲਵੰਤ ਸਿੰਘ ਢਿੱਲੋਂ(ਡਾ. ਤੇ ਸੰਪਾ.),*ਰਤਨ ਸਿੰਘ ਭੰਗੂ ਕ੍ਰਿਤ ਸ੍ਰੀ ਗੁਰ ਪੰਥ ਪ੍ਰਕਾਸ਼,* ਪੰਨਾ 27.

113. ਮੈਕਸ ਆਰਥਰ ਮੈਕਾਲਿਫ,*ਸਿੱਖ ਇਤਿਹਾਸ,* ਗੁਰਚਰਨ ਸਿੰਘ ਔਲਖ(ਡਾ. ਤੇ ਅਨੁ.),*ਭਾਗ ਤੀਜਾ*, ਪੰਨਾ 339.

114. *ਉਹੀ,* ਪੰਨਾ 340.

115. ਪ੍ਰਤਾਪ ਸਿੰਘ(ਗਿਆਨੀ),*ਸੰਸਾਰ ਦਾ ਧਾਰਮਿਕ ਇਤਿਹਾਸ,* ਪੰਨਾ 159.

116. ਅਜੀਤ ਸਿੰਘ ਔਲਖ(ਡਾ.),*ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਸਟੀਕ,* ਜਿਲਦ ਨੌਵੀਂ, ਭਾਗ 1, ਰੁੱਤ 1, ਅਧਿਆਇ 1, ਪੰਨਾ 33.

117. ਦੁੰਦਭਿ ਨਾਮ ਗੁਰੂ ਤਬਿ ਰਾਖਾ। ਸਭਿ ਕੇ ਸੁਨਤਯੋਂ ਊਚੇ ਭਾਖਾ।

'ਗੁਰ ਘਰ ਕੋ ਰਣਜੀਤ ਨਗਰਾ। ਦੁਹਰੀ ਚੋਬ ਦੇਹੁ ਬਲਧਾਰਾ॥21॥

*ਉਹੀ,* ਜਿਲਦ ਨੌਵੀਂ, ਭਾਗ 1, ਰੁਤ 1, ਅਧਿਆਇ 26, ਪੰਨਾ 191.

118. ਆਗੈ ਸਿਪਰ ਕਰੀ ਤਤਕਾਲਾ। ਛਿੱਪ੍ਰ ਨਿਕਾਸਯੋ ਖੜਗ ਕਰਾਲਾ॥22॥

ਊਚੀ ਛਾਲ ਢਾਲ ਪਰ ਲੈ ਕੈ। ਕਰਯੋ ਪ੍ਰਹਾਰ ਆਪ ਬਲ ਕੈ ਕੈ।

ਬਦਨ ਬਚਾਇ ਲਾਕ ਪਰ ਮਾਰਾ। ਬਹਯੋ ਘਾਵ ਜਿਮ ਸਾਬਨ ਤਾਰਾ॥23॥

*ਉਹੀ,* ਜਿਲਦ ਨੌਵੀਂ, ਰੁਤ 1, ਅਧਿਆਇ 51, ਪੰਨਾ 349.

119. ਗੁਰੂ ਜੀ ਕੋ ਆਇਆ ਅਜੇ ਸਵਾ ਕੁ ਸਾਲ ਹੂਆ ਥਾ ਕਿ ਰਾਜਾ ਭੀਮ ਚੰਦ ਕਾ ਦੂਤ ਏਕ ਬਿਨੈ-ਪੱਤਰ ਲੈ ਕੇ ਅਨੰਦਪੁਰ ਗਾਉਂ ਮੇਂ ਆਇਆ।ਜਿਸ ਮੇਂ ਲਿਖਾ ਥਾ ਕਿ ਗਰੀਬ ਨਿਵਾਜ ! ਲਵਪੁਰ ਕਾ ਹਾਕਮ ਹਮਾਰੇ ਤੇ ਚੜ ਆਇਆ ਹੈ, ਸਹਾਈ ਹੋ।ਗੁਰੂ ਜੀ ਨੇ ਬਿਲਾਸਪੁਰ ਸੇ ਆਈ ਪੱਤ੍ਰਕਾ ਵਾਚ ਕੇ ਦੀਵਾਨ ਨੰਦ ਚੰਦ ਸੇ ਕਹਾ,ਦੀਵਾਨ ਜੀ! ਤਿਆਰੀ ਕਰੀਏ, ਅਸਾਂ ਰਾਜਾ ਭੀਮ ਚੰਦ ਕੀ ਸਹਾਇਤਾ ਕੇ ਲੀਏ ਜਾਨਾ ਹੈ।

ਪਿਆਰਾ ਸਿੰਘ ਪਦਮ(ਸੰਪਾ.),*ਗੁਰੂ ਕੀਆਂ ਸਾਖੀਆਂ ਕ੍ਰਿਤ ਭਾਈ ਸ੍ਵਰੂਪ ਸਿੰਘ ਕੌਸ਼ਿਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸੱਤਵੀਂ ਵਾਰ ਫ਼ਰਵਰੀ 2014, ਸਾਖੀ 49, ਪੰਨਾ 105.

120. ਕੀਤਾ ਬਚਨ ਕ੍ਰੋਧ ਨਾਲਿ: "ਪਕੜ ਲਿਆਓ ਜਾ ਕਰਿ"

ਪਕੜ ਆਏ ਸੋ ਟੰਗੇ ਮਾਰੇ। ਕੁਛ ਕੜਹਿਆਂ ਵਿਚ ਪਾਇ ਸਾੜੇ।349।

ਪਿਆਰਾ ਸਿੰਘ ਪਦਮ(ਸੰਪਾ.),*ਭਾਈ ਕੇਸਰ ਸਿੰਘ ਕ੍ਰਿਤ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦੂਜੀ ਵਾਰ 2005, ਪੰਨਾ 156.

121. ਸਾਹਿਬ ਸਿੰਘ, *ਗੁਰ-ਇਤਿਹਾਸ ਪਾਤਸ਼ਾਹੀ ੨ ਤੋਂ ੯,* ਪੰਨਾ 160.

122. ਬਲਵੰਤ ਸਿੰਘ ਢਿੱਲੋਂ(ਡਾ. ਤੇ ਸੰਪਾ.),*ਰਤਨ ਸਿੰਘ ਭੰਗੂ ਕ੍ਰਿਤ ਸ੍ਰੀ ਗੁਰ ਪੰਥ ਪ੍ਰਕਾਸ਼,* ਪੰਨਾ 34.

123. ਪਿਆਰਾ ਸਿੰਘ ਪਦਮ(ਸੰਪਾ.),*ਭਾਈ ਕੇਸਰ ਸਿੰਘ ਕ੍ਰਿਤ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਪੰਨਾ 179.

124. *ਉਹੀ,* ਪੰਨਾ 178.

125. *ਉਹੀ,* ਪੰਨਾ 179.

126. ਸੁਖਦਿਆਲ ਸਿੰਘ(ਡਾ.),*ਪੰਜਾਬ ਦਾ ਇਤਿਹਾਸ ਗੁਰੂ ਕਾਲ 1469-1708,* ਜਿਲਦ ਪੰਜਵੀਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨੇ 227 -229.

127. ਕਾਨ੍ਹ ਸਿੰਘ ਨਾਭਾ(ਭਾਈ),*ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 139.

128. ਧਰਮਪਾਲ ਸਿੰਗਲ(ਡਾ.),*ਸੰਤ ਸਿਪਾਹੀ ਸ੍ਰੀ ਗੁਰੂ ਗੋਬਿਦ ਸਿੰਘ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2001, ਪੰਨਾ 53.

129. *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 579.

130. ਕਰਤਾਰ ਸਿੰਘ,*ਸਿੱਖ ਇਤਿਹਾਸ,* ਭਾਗ-2, ਪੰਨਾ 42.

131. *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1299.

132. *ਉਹੀ,* ਪੰਨਾ 969.

133. ਖੁਸ਼ਵੰਤ ਸਿੰਘ,*ਸਿੱਖ ਇਤਿਹਾਸ,* ਭਾਗ ਪਹਿਲਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2013, ਦੂਜੀ ਵਾਰ, ਪੰਨੇ 107-109.

134. ਸਿਮਰਜੀਤ ਸਿੰਘ,*ਬੰਦਾ ਸਿੰਘ ਬਹਾਦਰ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪਹਿਲੀ ਵਾਰ, ਨਵੰਬਰ 2010, ਪੰਨਾ 127.

135. ਕਰਤਾਰ ਸਿੰਘ, *ਸਿੱਖ ਇਤਿਹਾਸ,* ਭਾਗ-2, ਪੰਨਾ 43.

136. ਸਿਮਰਜੀਤ ਸਿੰਘ,*ਬੰਦਾ ਸਿੰਘ ਬਹਾਦਰ, ਉਹੀ,* ਪੰਨਾ 196.

137. *ਉਹੀ,* ਪੰਨਾ 197.

138. ਗੰਡਾ ਸਿੰਘ,*ਬੰਦਾ ਸਿੰਘ ਬਹਾਦਰ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਤੀਜਾ ਸੰਸਕਰਣ, ਅਪ੍ਰੈਲ, 2012, ਪੰਨੇ 124-125.

139. *ਉਹੀ,* ਪੰਨੇ 39-41.

140. ਬਲਵੰਤ ਸਿੰਘ ਢਿੱਲੋਂ(ਡਾ. ਤੇ ਸੰਪਾ.),*ਰਤਨ ਸਿੰਘ ਭੰਗੂ ਕ੍ਰਿਤ ਸ੍ਰੀ ਗੁਰ ਪੰਥ ਪ੍ਰਕਾਸ਼,* ਪੰਨਾ 151.

141. ਸਿਮਰਜੀਤ ਸਿੰਘ, *ਬੰਦਾ ਸਿੰਘ ਬਹਾਦਰ,* ਪੰਨਾ 207.

142. ਗੰਡਾ ਸਿੰਘ, *ਬੰਦਾ ਸਿੰਘ ਬਹਾਦਰ,* ਪੰਨਾ 172.

143. *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1105.

144. *ਉਹੀ,* ਪੰਨਾ 310.

145. *ਉਹੀ,* ਪੰਨਾ 221.

146. ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ,* ਪੰਨਾ 70.

147. ਗੁਰਬਚਨਨ ਕੀ ਉਨ ਕੋ ਆਸ।

ਯਹੀ ਖਜਾਨੋਂ ਉਨ ਕੇ ਪਾਸ।

*ਪ੍ਰਾਚੀਨ ਪੰਥ ਪ੍ਰਕਾਸ਼,* ਖਾਲਸਾ ਸਮਾਚਾਰ, ਅੰਮ੍ਰਿਤਸਰ, 1912, ਪੰਨਾ 305.

148. ਪੰਜ ਭੁਝੰਗਿਅਨ ਚਰਨ ਛੁਹਾਇ।

ਧਰੋਂ ਸੀਸ ਮੁਹਿ ਪਵਿਤ੍ਰ ਕਰਾਇ॥

ਬਲਵੰਤ ਸਿੰਘ ਢਿੱਲੋਂ(ਡਾ. ਤੇ ਸੰਪਾ.),*ਰਤਨ ਸਿੰਘ ਭੰਗੂ ਕ੍ਰਿਤ ਸ੍ਰੀ ਗੁਰ ਪੰਥ ਪ੍ਰਕਾਸ਼,* ਪੰਨਾ 207.

149. ਮਨੀ ਸਿੰਘ ਬਹੁ ਸੱਟ ਸਹੀ ਬੰਦ ਬੰਦ ਸੁਟਾਯੋ ਕੱਪ॥55॥

ਜੀਤ ਸਿੰਘ ਸੀਤਲ(ਡਾ.),*ਰਤਨ ਸਿੰਘ ਭੰਗੂ ਕ੍ਰਿਤ ਸ੍ਰੀ ਗੁਰ ਪੰਥ ਪ੍ਰਕਾਸ਼,* ਸਿੱਖ ਇਤਿਹਾਸ ਰੀਸਰਚ ਬੋਰਡ, ਸ੍ਰੀ ਅੰਮ੍ਰਿਤਸਰ, ਪੰਜਵੀਂ ਵਾਰ ਸਤੰਬਰ 2014, ਪੰਨਾ 299.

150. ਬਲਵੰਤ ਸਿੰਘ ਢਿੱਲੋਂ(ਡਾ. ਤੇ ਸੰਪਾ.),*ਰਤਨ ਸਿੰਘ ਭੰਗੂ ਕ੍ਰਿਤ ਸ੍ਰੀ ਗੁਰ ਪੰਥ ਪ੍ਰਕਾਸ਼,* ਪੰਨਾ 255.

151. *ਉਹੀ,* ਪੰਨਾ 237.

152. ਸੁਖਦਿਆਲ ਸਿੰਘ(ਡਾ.),*ਸ਼ਿਰੋਮਣੀ ਸਿੱਖ ਇਤਿਹਾਸ(1708-1799)*, ਜਿਲਦ ਦੂਜੀ, ਸੰਗਮ ਪਬਲਿਕੇਸ਼ਨ, ਪਟਿਆਲਾ, 2010, ਪੰਨਾ 49.

153. ਬਲਵੰਤ ਸਿੰਘ ਢਿੱਲੋਂ(ਡਾ. ਤੇ ਸੰਪਾ.),*ਰਤਨ ਸਿੰਘ ਭੰਗੂ ਕ੍ਰਿਤ ਸ੍ਰੀ ਗੁਰ ਪੰਥ ਪ੍ਰਕਾਸ਼,* ਪੰਨਾ 255.

154. ਮੁਰੰਡੇ ਵਾਲਿਆਂ ਮਾਤਾ ਜੀ ਤੇ ਦੂੰਹ ਸਾਹਿਬਜ਼ਾਦਿਆਂ ਕੋ ਠੰਡੇ ਬੁਰਜ ਮੇਂ ਬੰਦ ਕਰ ਕੇ ਦੁਹਾਂ ਸਾਹਿਬਜ਼ਾਦਿਆਂ ਕੋ ਦੀਵਾਨ ਸੁੱਚਾਨੰਦ ਕੇ ਹਵਾਲੇ ਕਰ ਦਿਆ। ਇਨ ਸਾਹਿਬਜ਼ਾਦਿਆਂ ਕੋ ਚਾਰ ਦਿੰਹੁ ਘਨਾ ਕਸ਼ਟ ਦੇ ਕੇ ਪਾਂਚਮੇ ਦਿਨ ਪੋਖ ਮਾਸੇ ਤੇਰਾਂ, ਸੋਮਵਾਰ ਕੇ ਦਿਵਸ ਸੂਬਾ ਸਰਹੰਦ ਕੇ ਹੁਕਮ ਸੇ ਨੀਹਾਂ ਮੇਂ ਚਿਨ ਸ਼ਹੀਦ ਕਰ ਦੀਆ।

ਪਿਆਰਾ ਸਿੰਘ ਪਦਮ (ਸੰਪਾ.),*ਗੁਰੂ ਕੀਆਂ ਸਾਖੀਆਂ ਕ੍ਰਿਤ ਭਾਈ ਸੂਰੂਪ ਸਿੰਘ ਕੌਸ਼ਿਸ਼,* ਪੰਨਾ 163.

155. ਕੁਲਵਿੰਦਰ ਕੌਰ,"ਹਠੀਆਂ",*ਸਹਿਜ(ਕਾਲਜ ਮੈਗਜ਼ੀਨ),* ਕੰਵਰਜੀਤ ਸਿੰਘ(ਡਾ. ਤੇ ਸੰਪਾ .), ਗੁਰਮਤਿ ਕਾਲਜ, ਪਟਿਆਲਾ, 2010-11, ਪੰਨਾ 31.

156. ਬਲਵੰਤ ਸਿੰਘ ਢਿੱਲੋਂ(ਡਾ. ਤੇ ਸੰਪਾ.),*ਰਤਨ ਸਿੰਘ ਭੰਗੂ ਕ੍ਰਿਤ ਸ੍ਰੀ ਗੁਰ ਪੰਥ ਪ੍ਰਕਾਸ਼,* ਪੰਨਾ 229.

157. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 893.

158. *ਉਹੀ,* ਪੰਨਾ 961.

159. *ਉਹੀ,* ਪੰਨਾ 863.

160. ਸੁਖਦਿਆਲ ਸਿੰਘ(ਡਾ.),*ਸ਼੍ਰੋਮਣੀ ਸਿੱਖ ਇਤਿਹਾਸ (1708-1799),* ਪੰਨਾ 94.

161. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 1410 .

162. ਹਰਜਿੰਦਰ ਸਿੰਘ ਦਿਲਗੀਰ(ਡਾ.),*ਸਿੱਖ ਤਵਾਰੀਖ਼ (ਦੂਜਾ ਹਿੱਸਾ 1708 ਤੋਂ 1849)*, ਸਿੱਖ ਯੂਨੀਵਰਸਿਟੀ ਪ੍ਰੈਸ, ਬਲੇਗਮ, ਪਹਿਲੀ ਐਡੀਸ਼ਨ 6 ਮਈ 2008, ਪੰਨਾ 537.

163. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 682.

164. *ਉਹੀ,* ਪੰਨਾ 707.

165. *ਉਹੀ,* ਪੰਨਾ 62.

166. *ਉਹੀ,* ਪੰਨਾ 1.

167. "In no country perhaps is the Rayat or cultivator treated with more indulgence". ਉਦਰਿਤ, ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ,* ਪੰਨਾ 129.

168. ਉਦਰਿਤ, *ਉਹੀ,* ਪੰਨਾ 129.

169. Lepal H.Griffin,*Rajas of The Punjab,* Trubner & Co. 57&59 Ludgate Hill, London, 1873, Page 17.

170. ਉਦਰਿਤ, ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ,* ਪੰਨੇ 126-127.

171. ਗਿਆਨ ਸਿੰਘ(ਗਿਆਨੀ),*ਤਵਾਰੀਖ ਗੁਰੂ ਖਾਲਸਾ,* ਭਾਸ਼ਾ ਵਿਭਾਗ, ਪੰਜਾਬ, ਚੌਥੀ ਵਾਰ 2003, ਭਾਗ ਦੂਜਾ, ਪੰਨਾ 293.

172. ਬਲਜੀਤ ਕੌਰ(ਬੀਬੀ), "ਮਹਾਰਾਜਾ ਰਣਜੀਤ ਸਿੰਘ ਦਾ ਨਿਆਂ ਪ੍ਰਬੰਧ",*ਗੁਰਮਤਿ ਪ੍ਰਕਾਸ਼,* ਚਮਕੌਰ ਸਿੰਘ(ਸੰਪਾ.), ਜਿਲਦ 45, ਅੰਕ 3, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਜੂਨ 2001, ਪੰਨਾ 65.

173. ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ,* ਪੰਨਾ139.

174. ਕਿਰਪਾਲ ਸਿੰਘ(ਸ.), "ਮਹਾਰਾਜਾ ਰਣਜੀਤ ਸਿੰਘ ਅਤੇ ਅੰਮ੍ਰਿਤਸਰ", *ਗੁਰਮਤਿ ਪ੍ਰਕਾਸ਼,* ਚਮਕੌਰ ਸਿੰਘ(ਸੰਪਾ.), ਪੰਨਾ 61.

175. ਬਲਜੀਤ ਕੌਰ(ਬੀਬੀ), "ਮਹਾਰਾਜਾ ਰਣਜੀਤ ਸਿੰਘ ਦਾ ਨਿਆਂ ਪ੍ਰਬੰਧ", *ਉਹੀ,* ਪੰਨਾ 69.

176. ਸ਼ਮਸ਼ੇਰ ਸਿੰਘ ਅਸ਼ੋਕ,*ਵੀਰ ਨਾਇਕ ਸਰਦਾਰ ਹਰੀ ਸਿੰਘ ਨਲਵਾ(1791-1837),* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਚੌਥੀ ਵਾਰ 2012, ਪੰਨਾ 52.

177. ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ,* ਪੰਨਾ 135.

178. *ਉਹੀ,* ਪੰਨੇ 104-105.

179. ਪਿਆਰਾ ਸਿੰਘ ਪਦਮ(ਪ੍ਰੋ.), "ਮਹਾਰਾਜਾ ਰਣਜੀਤ ਸਿੰਘ ਦਾ ਰਾਜ ਭਾਗ", *ਗੁਰਮਤਿ ਪ੍ਰਕਾਸ਼,* ਚਮਕੌਰ ਸਿੰਘ(ਸੰਪਾ.), ਪੰਨਾ 53.

180. ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ,* ਪੰਨੇ 147-148.

181. *ਉਹੀ,* ਪੰਨਾ 149.

182. Edward Josefh Thackwell, *Narrative Of The Second Sikh War, In 1848-1849*, Kessinger Publishing, London, 10 August 2009, Pages 128-129.

183. ਖੁਸ਼ਵੰਤ ਸਿੰਘ, *ਰਣਜੀਤ ਸਿੰਘ (ਪੰਜਾਬ ਦਾ ਮਹਾਰਾਜਾ),* ਗੁਰਚਰਨ ਸਿੰਘ ਔਲਖ(ਡਾ. ਤੇ ਅਨੁ.), ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਦੂਜਾ ਸੰਸਕਰਣ, ਦਸੰਬਰ 2009, ਪੰਨਾ 184.

184. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 1252.

185. ਪਿਆਰਾ ਸਿੰਘ ਪਦਮ(ਸੰਪਾ.), *ਰਹਿਤਨਾਮੇ,* "ਰਹਿਤਨਾਮਾ ਭਾਈ ਦਯਾ ਸਿੰਘ ਜੀ", ਪੰਨਾ 73.

186. ਪਿਆਰਾ ਸਿੰਘ ਪਦਮ, *ਸੰਖੇਪ ਸਿੱਖ ਇਤਿਹਾਸ,* ਪੰਨਾ 219.

187. *ਉਹੀ,* ਪੰਨਾ 228.

# ਅਧਿਆਇ ਪੰਜਵਾਂ

# ਨਿਰਭਉ ਨਿਰਵੈਰ ਦੇ ਸੰਕਲਪ ਦੀ ਸਮਕਾਲੀ ਪ੍ਰਾਸੰਗਿਕਤਾ

ਗੁਰਬਾਣੀ ਦੇ ਬਾਣੀਕਾਰਾਂ ਨੇ ਜਿਥੇ ਨਿਰਭਉ ਨਿਰਵੈਰ ਦੇ ਸੰਕਲਪ ਨੂੰ ਗੁਰਬਾਣੀ ਵਿਚ ਅਕਾਲ ਪੁਰਖ, ਗੁਰੂ ਅਤੇ ਗੁਰਮੁਖ ਜਨ ਦੇ ਰੂਪ ਵਿਚ ਚਿਤਰਿਆ ਹੈ ਉਥੇ ਉਨ੍ਹਾਂ ਨੇ ਆਪਣੇ ਜੀਵਨ ਵਿਚ ਵੀ ਇਨ੍ਹਾਂ ਨੂੰ ਵਿਵਹਾਰਿਕ ਪੱਖੋਂ ਅਮਲ ਵਿਚ ਲਿਆਂਦਾ ਹੈ। ਜਿਥੇ ਡਰ ਅਤੇ ਵੈਰ ਕਾਰਨ ਪਸਰੇ ਅਧਰਮ ਵਿਰੁੱਧ ਬਾਣੀਕਾਰਾਂ ਨੇ ਆਵਾਜ ਉਠਾਈ ਹੈ, ਉਥੇ ਹੀ ਆਪਣੇ ਜੀਵਨ ਵਿਚ ਨਿਰਭਉ ਨਿਰਵੈਰ ਦੇ ਸੰਕਲਪ ਨੂੰ ਰੂਪਮਾਨ ਕਰਦੇ ਹੋਏ ਮਨੁੱਖ ਦੇ ਸਾਹਮਣੇ ਮਿਸਾਲ ਵੀ ਪੇਸ਼ ਕੀਤੀ ਹੈ। ਇਤਿਹਾਸ ਗਵਾਹ ਹੈ ਕਿ ਸਮਾਜ ਵਿਚ ਨਿਰਭਉ ਨਿਰਵੈਰ ਦੇ ਸੰਕਲਪ ਦਾ ਗੁਰੂ ਸਾਹਿਬਾਨਾਂ ਨੇ ਵਿਸਥਾਰ ਕੀਤਾ। ਸਮਾਜਿਕ ਜੀਵਨ ਵਿਚ ਸਤੀ ਪ੍ਰਥਾ, ਪਰਦਾ ਪ੍ਰਥਾ, ਜਾਤੀ ਪ੍ਰਥਾ, ਛੂਤ-ਛਾਤ ਇਸਤਰੀਆਂ ਦੀ ਨਿਰਾਦਰੀ ਆਦਿ ਨੂੰ ਖ਼ਤਮ ਕਰ, ਸੰਗਤ, ਪੰਗਤ, ਲੰਗਰ ਸੰਸਥਾਵਾਂ ਦਾ ਵਿਕਾਸ ਕੀਤਾ। ਜਿਸ ਨੇ ਸਮਾਜਿਕ ਜੀਵਨ ਨੂੰ ਤਾਂ ਉੱਚਾ ਚੁੱਕਿਆ ਹੀ ਹੈ ਨਾਲ ਹੀ ਨਿਰਵੈਰਤਾ, ਆਪਸੀ ਭਾਈਚਾਰਾ ਤੇ ਸਾਂਝੀਵਾਲਤਾ ਦੀ ਭਾਵਨਾ ਨੂੰ ਵੀ ਪੈਦਾ ਕੀਤਾ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਨਿਰਮਾਣ ਨੇ ਸਦਾਚਾਰ ਅਤੇ ਧਰਮ ਨੂੰ ਮੁੱਖ ਰੱਖ ਸਪੂਰਨ ਤੌਰ ਤੇ ਨਿਰਭੈਅਤਾ ਨੂੰ ਪੇਸ਼ ਕੀਤਾ ਹੈ । ਇਸ ਨੇ ਮਨੁੱਖ ਨੂੰ ਸੂਝ ਦਿੱਤੀ ਕਿ ਰਾਜਨੀਤਿਕ ਪੱਧਰ ਤੇ ਰਾਜੇ ਤੇ ਪ੍ਰਜਾ ਦਾ ਕੀ ਰੂਪ ਹੈ। ਧਰਮ ਨੂੰ ਨਾਲ ਲੈ ਕੇ ਅਤੇ ਨਿਰਭਉ ਹੋ ਕੇ ਹੀ ਸੁੰਤਤਰ ਅਤੇ ਆਦਰਸ਼ ਰਾਜ ਕਾਇਮ ਹੋ ਸਕਦਾ ਹੈ। ਧਾਰਮਿਕ ਪੱਖ ਦੀ ਜੇ ਗੱਲ ਕਰੀਏ ਤਾਂ ਊਚ-ਨੀਚ ਦਾ ਜੋ ਭੇਦ ਸੀ ਉਸ ਨੂੰ ਖਾਲਸਾ ਪੰਥ ਦੀ ਸਾਜਣਾ ਨੇ ਖ਼ਤਮ ਕਰ ਦਿੱਤਾ। ਇਸ ਤਰ੍ਹਾਂ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਕੇ, ਸਾਰੀ ਮਨੁੱਖਤਾ ਨੂੰ ਸਰਵ ਸਾਂਝਾ ਉਪਦੇਸ਼ ਦੇ ਕੇ, ਇਕ ਹੀ ਧਾਗੇ ਵਿਚ ਪਰੋ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਣਾ ਭਾਵੇ ਮੱਧਕਾਲ ਵਿਚ ਹੋਈ ਸੀ ਪਰ ਇਸ ਦੀ ਬਾਣੀ ਦੇ ਨਿਰਭਉ ਨਿਰਵੈਰ ਸੰਕਲਪ ਦਾ ਕੇਵਲ ਅਧਿਆਤਿਮਕ ਪੱਧਰ ਤੇ ਹੀ ਵਿਸਲੇਸ਼ਣ ਨਹੀਂ ਕੀਤਾ ਗਿਆ

ਬਲਕਿ ਸਮਾਜਿਕ, ਰਾਜਨੀਤਿਕ, ਸਭਿਆਚਾਰਕ ਪੱਧਰ ਉਤੇ ਜੋੜ ਕੇ ਵਾਚਿਆ ਗਿਆ ਹੈ, ਕਿਉਂ ਜੋ ਬਾਣੀ ਵਿਚ ਅਨੇਕਾਂ ਅੰਤਰ-ਦ੍ਰਿਸਟੀਆਂ ਅਜਿਹੀਆਂ ਹਨ ਜਿਹੜੀਆਂ ਸਮਾਜ ਹੀ ਨਹੀਂ ਸਮੁੱਚੀ ਮਨੁੱਖ ਜਾਤੀ ਲਈ ਸਾਰਥਕ ਤੇ ਪ੍ਰਾਸੰਗਿਕ ਹਨ। ਗੁਰਬਾਣੀ ਦਾ ਅਧਿਐਨ ਮਨੁੱਖੀ ਯਥਾਰਥ ਦੇ ਵਿਆਪਕ ਪਰਿਪੇਖ ਵਿਚ ਰੱਖ ਕੇ ਕਰਨ ਨੂੰ, ਵਰਤਮਾਨ ਚਿੰਤਨ ਦੀ ਦ੍ਰਿਸ਼ਟੀ ਤੋਂ ਵਿਸ਼ਵ-ਵਿਆਪੀ ਜਾਂ ਗਲੋਬਲ ਪਰਿਪੇਖ ਆਖਿਆ ਜਾਂਦਾ ਹੈ।

ਗਿਆਨ ਦੇ ਇਸ ਵਿਸਫੋਟ ਨਾਲ ਬਹੁ-ਰਾਸ਼ਟਰੀ ਸਰਮਾਏ ਲਈ ਸ਼ੋਸ਼ਣ ਦਾ ਰਾਹ ਪੱਧਰ ਹੋ ਰਿਹਾ ਹੈ। ਸਮੁੱਚੇ ਵਿਸ਼ਵ ਦੇ ਦੇਸ਼ਾਂ ਦੀ ਆਪਸੀ ਵਿਕਾਸ ਦੀ ਹੋੜ ਵਿਚ ਮਨੁੱਖ ਪਿਸ ਰਿਹਾ ਹੈ। ਦੇਸ਼ਾਂ ਦੇ ਆਪਸੀ ਵੈਰ ਵਿਰੋਧ ਵਧ ਗਏ ਹਨ। ਡਰ ਦਾ ਮਾਹੌਲ ਹਰੇਕ ਸਮਾਜ ਵਿਚ ਹੈ। ਨਵੀਂ ਵਿਸ਼ਵ ਵਿਵਸਥਾ ਰਾਸ਼ਟਰਾਂ ਵਿਚ ਸ਼ਾਮਿਲ ਹੋ ਰਹੀ ਹੈ ਜੋ ਕਿ ਸਥਾਨਕ ਸਭਿਆਚਾਰ ਦੀ ਵੰਨ-ਸੁਵੰਨਤਾ ਨੂੰ ਖ਼ਤਮ ਕਰਨ ਦੀ ਰੁਚੀ ਰਖਦੀ ਹੈ। ਇਸ ਨਾਲ ਆਪਣੀ ਸੱਭਿਆਚਾਰਕ ਹੋਂਦ ਦੇ ਖ਼ਤਮ ਹੋਣ ਦੇ ਡਰ ਨੇ ਜਨਮ ਲਿਆ ਹੈ। ਅਜਿਹੇ ਸਮੇਂ ਸਥਾਨਕ ਸਭਿਆਚਾਰ ਦੇ ਗਿਆਨ ਤੇ ਗ੍ਰੰਥ ਹੀ ਮਨੁੱਖ ਨੂੰ ਸੇਧ ਦੇ ਕੇ ਇਕ ਆਦਰਸ਼ ਵਿਸ਼ਵ ਪੱਧਰੀ ਸ਼ਾਂਤੀ ਨੂੰ ਕਾਇਮ ਕਰਨ ਵਿਚ ਸਹਾਇਕ ਹੋ ਸਕਦੇ ਹਨ।[1]

ਵਿਸ਼ਵੀਕਰਨ ਦੇ ਕਾਰਨ ਸਮੁੱਚਾ ਵਿਸ਼ਵ ਸੁੰਗੜ ਕੇ ਇਕ ਵਿਸ਼ਵੀ ਪਿੰਡ ਬਣ ਗਿਆ ਹੈ। ਅੱਜ ਸਮੁੱਚਾ ਵਿਸ਼ਵ ਵਿਸ਼ਵੀਕਰਨ ਦੇ ਪ੍ਰਭਾਵ ਹੇਠ ਹੈ। ਇਸ ਦੌਰ ਵਿਚ ਸਮਾਜ ਵਿਚ ਭੱਜ-ਦੌੜ ਪਈ ਹੋਈ ਹੈ। ਹਰ ਕੋਈ ਦੂਜੇ ਨਾਲੋਂ ਅਗਾਹ ਵੱਧਣ ਲਈ ਉਤਾਵਲਾ ਹੈ। ਇਹ ਠੀਕ ਹੈ ਕਿ ਵਿਗਿਆਨ ਅਹੇ ਤਕਨਾਲੋਜੀ ਨੇ ਤਰੱਕੀ ਲਈ ਰਾਹ ਪੱਧਰਾ ਕੀਤਾ ਹੈ ਪਰ ਇਸ ਦੇ ਕੁਝ ਨਕਾਰਾਤਮਕ ਸਿੱਟੇ ਵੀ ਨਿਕਲੇ ਹਨ। ਵਿਸ਼ਵੀਕਰਨ ਦਾ ਅਰਥ ਹੈ ਰਾਜਨੀਤਿਕ, ਆਰਥਿਕ, ਸਮਾਜਿਕ ਤੇ ਸਭਿਆਚਾਰਕ ਤੌਰ ਤੇ ਇਕ ਦੂਜੇ ਤੇ ਨਿਰਭਰਤਾ। ਅੱਜ ਮਨੁੱਖ ਪਦਾਰਥਵਾਦੀ ਹੋ ਗਿਆ ਹੈ। ਪਦਾਰਥਕ ਤਰੱਕੀ ਕਾਰਣ ਸਮਾਜਿਕ ਸਮੱਸਿਆਵਾਂ ਵਿਚ ਵੀ ਵਾਧਾ ਹੋਇਆ ਹੈ। ਅਜੋਕੇ ਸਮੇਂ ਨਿੱਜਵਾਦ, ਅਸਹਿਣਸ਼ੀਲਤਾ, ਸੰਕੀਰਨਤਾ ਆਦਿ ਨੇ ਮਨੁੱਖ ਨੂੰ ਇਸ ਤਰ੍ਹਾਂ ਜਕੜਿਆ ਹੋਇਆ ਹੈ ਕਿ ਸਮੁੱਚੇ ਸੰਸਾਰ ਵਿਚ ਆਪਾ-ਧਾਪੀ ਤੇ ਮਾਰੋਮਾਰੀ ਦੀ ਸਥਿਤੀ ਬਣੀ ਹੋਈ ਹੈ। ਅਜਿਹੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਮੁੱਚੀ ਮਾਨਵਤਾ ਦਾ ਰਾਹ ਦਸੇਰਾ ਹਨ ਜੋ ਮਨੁੱਖ ਨੂੰ ਇਸ

ਦਲਦਲ ਵਿਚੋਂ ਬਾਹਰ ਕੱਢ ਸਕਦੇ ਹਨ। ਇਸ ਤਰ੍ਹਾਂ ਇਸ ਸਥਿਤੀ ਵਿਚ ਗੁਰਬਾਣੀ ਦੀ ਸਾਰਥਿਕਤਾ ਹੋਰ ਵਧੇਰੀ ਹੋ ਜਾਂਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਿਰਗੁਣ ਭਗਤ ਸਾਧਕਾਂ ਦੀ ਪਵਿੱਤਰ ਬਾਣੀ ਦਾ ਇਕ ਅਜਿਹਾ ਸੰਗ੍ਰਹਿ ਹੈ, ਜਿਸ ਵਿਚ ਬਿਨਾਂ ਕਿਸੇ ਧਰਮ, ਜਾਤੀ ਜਾਂ ਵਰਗ ਦੇ ਵਿਥ ਵਿਤਕਰੇ ਦੇ ਉਹ ਸਾਰੀ ਬਾਣੀ ਸ਼ਾਮਲ ਕਰ ਲਈ, ਜਿਸ ਨਾਲ ਮਨੁੱਖਤਾ ਦਾ ਕਲਿਆਣ ਸੰਭਵ ਸੀ। ਇਹ ਜੀਵ ਨੂੰ ਮਨੁੱਖ ਬਣਨ ਲਈ ਪ੍ਰੇਰਦੀ ਹੈ ਅਤੇ ਮਨੁੱਖ ਨੂੰ ਮਨੁੱਖਾਂ ਨਾਲ ਜੋੜਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਜਿਹਾ ਉਦਮ ਕਰ ਕੇ ਅੰਤਰ-ਰਾਸ਼ਟਰੀ ਏਕਤਾ ਦੀ ਭਾਵਨਾ ਦਾ ਸਬੂਤ ਦਿੱਤਾ ਕਿਉਂਕਿ ਉਹ ਇਸ ਗੱਲ ਤੋਂ ਭਲੀ ਪ੍ਰਕਾਰ ਜਾਣੂ ਸਨ ਕਿ ਅੰਤਰ-ਰਾਸ਼ਟਰੀ ਏਕਤਾ ਤਾਂ ਹੀ ਕਾਇਮ ਰਹਿ ਸਕਦੀ ਹੈ ਜੇ ਵੱਖੋ-ਵੱਖਰੇ ਧਰਮਾਂ, ਮਜ਼ਹਬਾਂ ਅਤੇ ਜਾਤੀ ਭੇਦ-ਭਾਵ ਤੋਂ ਉੱਪਰ ਉੱਠ ਕੇ ਮਨੁੱਖਤਾ ਨਾਲ ਪਿਆਰ ਕੀਤਾ ਜਾਵੇ। ਮਨੁੱਖਤਾ ਪ੍ਰਤੀ ਪਿਆਰ ਦਾ ਰਿਸ਼ਤਾ ਕਾਇਮ ਕਰਨ ਦਾ ਜੋ ਸੰਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਮਿਲਦਾ ਹੈ, ਉਹ ਹੋਰ ਕਿਤੋਂ ਮਿਲਣਾ ਅਸੰਭਵ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਉਹ ਅਮੋਲਕ ਖ਼ਜਾਨਾ ਹੈ, ਜਿੱਥੋਂ ਹਰ ਵਿਅਕਤੀ ਨੂੰ ਆਪਣੀ ਆਤਮਿਕ ਸ਼ੁੱਧਤਾ ਲਈ ਆਬ-ਏ-ਹਯਾਤ ਪ੍ਰਾਪਤ ਹੁੰਦਾ ਹੈ। ਗੁਰੂ ਸਾਹਿਬਾਨਾਂ ਦੁਆਰਾ ਚਲਾਈਆਂ ਸੰਸਥਾਵਾਂ ਅਤੇ ਸਿੱਖ ਸਿਧਾਂਤਾਂ ਨੇ ਸਿੱਖ ਧਰਮ ਨੂੰ ਇਕ ਨਿਵੇਕਲੀ ਪਹਿਚਾਣ ਦਿੱਤੀ।

ਸਮੇਂ ਦੇ ਚਲਦੇ ਹੋਏ ਮਨੁੱਖਾਂ ਵਿਚ ਇਹ ਵਿਚਾਰ, ਵਿਸ਼ਵਾਸ ਤਾਂ ਰਹੇ ਪਰ ਹੌਲੀ-ਹੌਲੀ ਉਨ੍ਹਾਂ ਦੇ ਮਨਾਂ ਵਿੱਚੋਂ ਇਹ ਸਿਧਾਂਤ ਵਿਸਰਦੇ ਜਾ ਰਹੇ ਹਨ। ਅੱਜ ਦਾ ਮਨੁੱਖ ਪਦਾਰਥਵਾਦੀ ਸੋਚ ਦਾ ਹਾਣੀ ਹੋਣ ਕਰਕੇ ਤਰੱਕੀ ਦੀ ਦੌੜ ਵਿਚ ਹੋਰਨਾਂ ਦੀ ਹੋਂਦ ਅਤੇ ਆਜ਼ਾਦੀ ਲਈ ਖ਼ਤਰਾ ਬਣਦਾ ਜਾ ਰਿਹਾ ਹੈ। ਅੱਜ ਇਕ ਟੱਬਰ ਵਿਚ ਜੀਅ ਇਕ ਦੂਜੇ ਪ੍ਰਤੀ ਵਫਾਦਾਰ ਨਹੀਂ ਰਹੇ। ਸਾਂਝੇ ਮੰਤਵ ਵਾਸਤੇ ਘਾਲਣਾ ਘਾਲਣ ਦੀ ਥਾਂ ਨਿੱਜੀ ਸਵਾਰਥ ਪ੍ਰਬਲ ਹੋ ਚੁੱਕੇ ਹਨ। ਇਕ ਦੂਜੇ ਨੂੰ ਧੋਖੇ ਵਿਚ ਰੱਖ ਕੇ ਔਲਾਦ ਹੀ ਆਪਣੇ ਮਾਂ-ਬਾਪ ਪ੍ਰਤੀ ਸੁਹਿਰਦ ਨਹੀਂ ਰਹਿ ਗਈ। ਸਾਂਝੇ ਟੱਬਰ ਖੇਰੂੰ-ਖੇਰੂੰ ਹੋ ਗਏ ਹਨ। ਇਕ ਦੂਜੇ ਉੱਪਰ ਵਿਸ਼ਵਾਸ ਖ਼ਤਮ ਹੋ ਚੁਕਾ ਹੈ। ਔਲਾਦ ਹੱਥੋਂ ਮਾਂ-ਬਾਪ ਕਤਲ ਹੋ ਰਹੇ ਹਨ। ਭਰਾ-ਭਰਾ ਦਾ ਵੈਰੀ ਹੋ ਚੁਕਾ ਹੈ ਅਤੇ ਪ੍ਰਸਪਰ ਪ੍ਰੇਮ, ਹਮਦਰਦੀ, ਭਾਈਚਾਰਕ ਸਾਂਝ ਅਤੇ ਬਰਦਾਸ਼ਤ ਦਾ ਮਾਦਾ ਬਿਲਕੁਲ ਖ਼ਤਮ ਹੋ ਗਿਆ ਜਾਪਦਾ ਹੈ।[2] ਇਹ

ਸਭ ਹਉਮੈ ਕਾਰਨ ਵਾਪਰਦਾ ਹੈ। ਹਉਮੈ ਕਾਰਨ ਸਭ ਕਲੇਸ਼ ਉਪਜਦੇ ਹਨ। ਹਉਮੈ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਗੁਰਮਤਿ ਸਹਜ ਜੋਗ ਦਾ ਮਾਰਗ ਦਸਦੀ ਹੈ :

ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ॥

ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥[3]

ਸਹਜ ਅਵਸਥਾ ਪਾਉਣ ਲਈ ਪਹਿਲਾ ਹਉਮੈ ਦੇ ਪੰਜ ਵਿਕਾਰਾਂ ਨੂੰ ਸੰਜਮ ਵਿਚ ਕਰਨਾ ਬਹੁਤ ਜ਼ਰੂਰੀ ਹੈ। ਇਹ ਵਿਕਾਰ ਮਨੁੱਖ ਦੇ ਦੁੱਖ ਤੇ ਚਿੰਨ੍ਹਤਾਵਾਂ ਦਾ ਕਾਰਨ ਬਣਦੇ ਹਨ ਅਤੇ ਉਹ ਆਪਣੇ ਮੂਲ ਤੋਂ ਭਟਕ ਜਾਂਦਾ ਹੈ। ਮਨੁੱਖੀ ਵਿਕਾਰ ਹਨ- ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। ਅਸੀ ਇਨ੍ਹਾਂ ਵਿਕਾਰਾਂ ਦੀ ਗੱਲ ਕਰਦਿਆਂ ਸਮਾਜ ਦੇ ਹਰ ਪੱਖ ਉੱਤੇ ਇਨ੍ਹਾਂ ਦੇ ਅਸਰ ਅਤੇ ਗੁਰਬਾਣੀ ਰਾਹੀਂ ਇਸ ਦੇ ਹੱਲ ਕਰਨ ਦਾ ਯਤਨ ਕਰਨ ਤੇ ਚਰਚਾ ਕੀਤੀ ਹੈ:-

1. **ਕਾਮ:-** ਕਾਮ ਤੋਂ ਭਾਵ ਕਾਮ ਦੀ ਇੱਛਾ ਕਰਨਾ।[4] ਕਾਮ ਸੰਬੰਧੀ ਇਹ ਗੱਲ ਬੜੇ ਵਿਚਾਰ ਵਾਲੀ ਹੈ ਕਿ ਜਦੋਂ ਪੰਜ ਵਿਕਾਰਾਂ ਦਾ ਜ਼ਿਕਰ ਆਉਂਦਾ ਹੈ, ਉਥੇ ਕਾਮ ਸਭ ਤੋਂ ਪਹਿਲਾ ਹੈ। ਕਾਮ ਉਹ ਜਜ਼ਬਾ ਹੈ ਜਿਸ ਰਾਹੀਂ ਸਮੁੱਚੀ ਸ੍ਰਿਸ਼ਟੀ ਦਾ ਵਿਕਾਸ ਹੁੰਦਾ ਹੈ ਪਰ ਜੇਕਰ ਇਹ ਜਜ਼ਬਾ ਸਵਾਰਥ ਰੂਪ ਲੈਂਦਾ ਹੈ ਤਾਂ ਬਹੁਤ ਹੀ ਭਿਆਨਕ ਬਣ ਜਾਂਦਾ ਹੈ। ਆਧੁਨਿਕ ਯੁੱਗ ਵਿਚ ਇਕ ਹੋਰ ਸਮਾਜਿਕ ਕੁਰੀਤੀ ਉਭਰੀ ਹੈ ਉਹ ਹੈ ਵੇਸ਼ਵਾਪਨ ਜਿਸ ਨਾਲ ਘਰੇਲੂ ਲੜਾਈ ਤੇ ਰਿਸ਼ਤਿਆਂ ਵਿਚ ਵੈਰ ਵਧਦਾ ਹੈ। ਵੇਸ਼ਵਾਪਨ, ਜੋ ਕਾਮ ਵਿਰਤੀ ਦੇ ਅਸੰਤੁਲਨ ਨਾਲ ਪੈਦਾ ਹੁੰਦਾ ਹੈ ਤੇ ਸਰੀਰ ਨੂੰ ਨਸ਼ਟ ਕਰਦਾ ਹੈ:

ਕਾਮ ਕ੍ਰੋਧ ਕਾਇਆ ਕਉ ਗਾਲੈ॥

ਜਿਉ ਕੰਚਨ ਸੋਹਾਗਾ ਢਾਲੈ॥[5]

ਇਸ ਨਾਲ ਘਰੇਲੂ ਹਿੰਸਾ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਡੂੰਘੀ ਸੱਟ ਵਜਦੀ ਹੈ। ਨਿਰਵੈਰ ਹੋਣ ਲਈ ਇਸ ਬੁਰਾਈ ਦਾ ਅੰਤ ਜ਼ਰੂਰੀ ਹੈ ਕਿਉਂ ਜੋ ਮਨੁੱਖੀ ਰਿਸ਼ਤਿਆਂ ਵਿਚ ਇਸ ਤਰ੍ਹਾਂ ਦੀ ਬੁਰਾਈ ਨਾਲ ਵੈਰ ਵਿਰੋਧ, ਝੂਠ, ਬੇਇਨਸ਼ਾਫੀ, ਅਵਿਸ਼ਵਾਸ ਪੈਦਾ ਹੁੰਦਾ ਹੈ ਜਦਕਿ ਗੁਰਬਾਣੀ ਵਿਚ ਨਿਰਵੈਰ ਹੋਣ ਲਈ ਸੱਚ, ਦਇਆ, ਵਿਸ਼ਵਾਸ ਅਤੇ ਧਰਮ ਦਾ ਹੋਣਾ ਜ਼ਰੂਰੀ ਦੱਸਿਆ ਹੈ। ਗੁਰਬਾਣੀ ਵੇਸ਼ਵਾਪਨ ਨੂੰ ਭੰਡਦੀ ਹੈ:

ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ॥

ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥[6]

ਕਾਮ ਦੀ ਵਾਸ਼ਨਾ ਮਨੁੱਖ ਵਿਚ ਪ੍ਰਵਿਰਤ ਰਹਿੰਦੀ ਹੈ। ਇਸ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ, ਹਾਂ ਇਸ ਦੀ ਦਿਸ਼ਾ ਨਿਰਧਾਰਿਤ ਕੀਤੀ ਜਾ ਸਕਦੀ ਹੈ। ਇਸ ਤੋਂ ਭਾਵ ਹੈ ਕਿ ਕਾਮ ਦੀ ਬਿਰਤੀ ਨੂੰ ਮਨੁੱਖ ਕਾਬੂ ਵਿਚ ਰੱਖੇ, ਨਾ ਕਿ ਮਨੁੱਖ ਕਾਮ ਦੇ ਕਾਬੂ ਵਿਚ ਰਹੇ। ਗੁਰਬਾਣੀ ਇਸ ਲਈ ਤਾਕੀਦ ਕਰਦੀ ਹੈ ਕਿ ਕਾਮ ਨੂੰ ਕਾਬੂ ਕਰ ਇਸ ਦੀ ਉੱਤਪਤੀ ਲਈ ਸੁਯੋਗ ਵਰਤੋਂ ਹੀ ਸਰਬੱਤ ਦੇ ਭਲੇ ਦਾ ਕਾਰਨ ਬਣ ਸਕਦੀ ਹੈ। ਭਾਈ ਗੁਰਦਾਸ ਜੀ ਲਿਖਦੇ ਹਨ :

ਹਉ ਤਿਸੁ ਘੋਲ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ ॥[7]

ਜੇ ਮਨੁੱਖ ਨੇ ਨਾਮ ਨੂੰ ਸਰੀਰ ਰੂਪੀ ਭਾਂਡੇ ਵਿਚ ਰੱਖਣਾ ਹੈ ਤਾਂ ਪਹਿਲਾ ਜਤ ਦਾ ਹੋਣਾ ਜ਼ਰੂਰੀ ਹੈ :

ਜਤੁ ਪਾਹਾਰਾ ਧੀਰਜੁ ਸੁਨਿਆਰੁ ਅਹਰਣਿ ਮਤਿ ਵੇਦੁ ਹਥੀਆਰੁ॥[8]

ਇਸ ਤਰ੍ਹਾਂ ਗੁਰਬਾਣੀ ਵਿਚ ਮਨੁੱਖ ਨੂੰ ਕਾਮ ਤੋਂ ਬਚਣ ਦੀ ਤਾਕੀਦ ਕੀਤੀ ਹੈ।

2. **ਕ੍ਰੋਧ:-** ਕ੍ਰੋਧ ਤੋਂ ਭਾਵ ਗੁੱਸਾ।[9] ਕ੍ਰੋਧ ਮਨੁੱਖ ਦੀ ਸਮਾਜਿਕਤਾ ਨੂੰ ਖ਼ਤਮ ਕਰਦਾ ਹੈ। ਮਨੁੱਖੀ ਸੋਚ ਬਿਲਕੁਲ ਹੀ ਤਬਾਹ ਹੋ ਜਾਂਦੀ ਹੈ। ਕਈ ਸਮਾਜਿਕ ਘਰੇਲੂ ਲੜਾਈਆਂ ਕ੍ਰੋਧ ਤੋਂ ਉਤਪੰਨ ਹੋਈਆਂ ਹਨ। ਇਹ ਬਹੁਤ ਹੀ ਬਲਵਾਨ ਹੈ। ਇਸ ਵਿਚ ਬੁੱਧ ਬਿਬੇਕ ਨਹੀਂ ਰਹਿੰਦੀ। ਗੁਰਬਾਣੀ ਕ੍ਰੋਧ ਦੀ ਸੰਭਾਲ ਕੇ ਵਰਤੋਂ ਕਰਨ ਬਾਰੇ ਆਖਦੀ ਹੈ। ਗੁਰਮੁਖ ਦਾ ਗੁੱਸਾ ਪਾਣੀ ਦੇ ਬੁਲਬਲੇ ਦੀ ਤਰ੍ਹਾਂ ਹੋਣਾ ਚਾਹੀਦਾ ਹੈ। ਗੁਰਮੁਖ ਦਾ ਮਨ ਮੈਦਾਨ ਵਰਗਾ ਹੁੰਦਾ ਹੈ। ਗੁੱਸਾ ਕੇਵਲ ਥੋੜਾ ਜਿਹਾ ਓਪਰੇ ਜਿਹੇ ਗੁੱਸੇ ਵਾਂਗ ਵਰਤਦਾ ਹੈ ਤਾਂ ਕਿ ਮਨੁੱਖ ਚੰਗੇ ਕਰਮ ਕਰੇ।[10] ਗੁਰਬਾਣੀ ਆਖਦੀ ਹੈ:

ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ॥

ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ॥[11]

ਗੁਰਮੁਖ ਮਨੁੱਖ ਬੁਰੇ ਦਾ ਵੀ ਭਲਾ ਕਰਦਾ ਹੈ ਅਤੇ ਗੁੱਸਾ ਮਨ ਵਿਚ ਆਉਣ ਹੀ ਨਹੀਂ ਦਿੰਦਾ। ਉਹ ਮਨ ਨੂੰ ਮੈਦਾਨ ਦੀ ਤਰ੍ਹਾਂ ਕਰ ਲੈਂਦਾ ਹੈ:

ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ॥

ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ॥[12]

ਗੁੱਸੇ ਦੇ ਹੋਰ ਰੂਪ ਅਹਿਰਖ ਅਤੇ ਈਰਖਾ ਹਨ ਜੋ ਇਸ ਤੋਂ ਹੀ ਉਪਜਦੇ ਹਨ। ਅਹਿਰਖ ਤੇ ਈਰਖਾ ਦੋਵੇਂ ਮੰਦ ਭਾਵੀ ਮਨੁੱਖੀ ਭਾਵਨਾਵਾਂ ਹਨ। ਦੋਵੇਂ ਅਸਲੋਂ ਖ਼ੁਦਗਰਜ਼ੀ ਤੇ ਕੁਨੀਤੀ ਨਾਲ ਭਰੀਆਂ ਹੁੰਦੀਆਂ ਹਨ। ਦੋਹਾਂ ਵਿਚ ਫਸਿਆ ਮਨੁੱਖ ਆਪ ਦੁੱਖੀ ਰਹਿੰਦਾ ਹੈ ਪਰ ਜੇ ਕਦੇ ਜਿਸ ਨਾਲ ਸਾੜਾ ਰਹਿੰਦਾ ਹੈ, ਉਸ ਦੀ ਹਾਨੀ ਹੋ ਜਾਵੇ ਤਾਂ ਇਕ ਮੰਦੀ ਭਾਵਨਾ ਨਾਲ ਖੁਸ਼ੀ ਪ੍ਰਤੀਤ ਕਰਦਾ ਹੈ। ਇਨ੍ਹਾਂ ਦੋਨਾਂ ਵਿਚ ਨਿਸ਼ਾਨਾ ਤੇ ਸ਼ਿਕਾਰ ਕੋਈ ਵਿਅਕਤੀ ਹੀ ਹੁੰਦਾ ਹੈ। ਈਰਖਾਲੂ ਬੰਦਾ ਕਿਸੇ ਐਸੇ ਵਿਅਕਤੀ ਨੂੰ ਆਪਣਾ ਸ਼ਿਕਾਰ ਬਣਾਉਂਦਾ ਹੈ ਜਿਸ ਪਾਸ ਉਹ ਕੁਝ ਹੈ ਜੋ ਅਹਿਰਖਾਲੂ ਪਾਸ ਨਹੀਂ ਹੈ ਜਾਂ ਜਿਸ ਦੀ ਉਸ ਨੂੰ ਅਭਿਲਾਖਾ ਹੈ। ਉਸ ਦੇ ਆਪਣੇ ਅੰਦਰ ਹੀਨ-ਭਾਵਨਾ ਵੀ ਹੁੰਦੀ ਹੈ ਤੇ ਸ਼ਾਇਦ ਇਹੋ ਉਸ ਦੇ ਅਹਿਰਖ ਦਾ ਕਾਰਨ ਬਣਦੀ ਹੈ। ਅਹਿਰਖਾਲੂ ਮਨੁੱਖ ਦੂਜੇ ਵਿਅਕਤੀ ਦੇ ਫ਼ਾਇਦੇ ਨੂੰ ਆਪਣਾ ਨੁਕਸਾਨ ਮੰਨ ਲੈਂਦਾ ਹੈ ਤੇ ਇਸ ਤੋਂ ਆਪਣੇ ਮਨ ਅੰਦਰ ਉਸਦੇ ਪ੍ਰਤੀ ਨਾਰਾਜ਼ਗੀ ਹੰਢਾਉਦਾ ਹੈ। ਐਸੇ ਅਹਿਰਖੀ ਨੂੰ ਭਗਤ ਕਬੀਰ ਜੀ ਇਹ ਉਪਦੇਸ਼ ਦੇਂਦੇ ਹਨ ਕਿ ਅਹਿਰਖਵਾਦ ਦੀ ਬਜਾਏ ਆਪ ਸੁਚੱਜੀ ਮਿਹਨਤ ਕਰ ਕੇ ਉਹ ਕੁਝ ਪ੍ਰਾਪਤ ਕਰੋ ਜਿਸ ਦੀ ਲਾਲਸਾ ਕਰਦੇ ਹੋ:[13]

ਅਹਿਰਖ ਵਾਦੁ ਨ ਕੀਜੈ ਰੇ ਮਨ॥

ਸੁਕ੍ਰਿਤੁ ਕਰਿ ਕਰਿ ਲੀਜੈ ਰੇ ਮਨੁ॥[14]

ਈਰਖਾ ਵਿਚ ਅਹਿਰਖਵਾਦ ਨਾਲੋਂ ਡੂੰਘੇਰੀ ਮੰਦ-ਭਾਵਨਾ ਮੌਜੂਦ ਹੁੰਦੀ ਹੈ। ਅਹਿਰਖਵਾਦ ਵਿਚ ਤਾਂ ਕੇਵਲ ਦੋ ਵਿਅਕਤੀ ਹੀ ਬੋਝੇ ਹੁੰਦੇ ਹਨ। ਈਰਖਾਲੂ ਮਨੁੱਖ ਹਰ ਉਸ ਮਨੁੱਖ ਦੇ ਬਰਖ਼ਿਲਾਫ਼ ਹੋ ਜਾਂਦਾ ਹੈ ਜੋ ਉਸ ਵਿਅਕਤੀ ਦੇ ਨੇੜੇ ਹੋਣ ਲਗਦਾ ਹੈ ਜਿਸ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਈਰਖਾ, ਈਰਖਾਲੂ ਦੀ ਮਾਨਸਿਕਤਾ ਵਿਚ ਵਿਗਾੜ ਪੈਦਾ ਕਰਦੀ ਹੈ। ਉਹ ਹਕੀਕਤ ਨੂੰ ਉਸ ਤਰ੍ਹਾਂ ਨਹੀਂ ਵੇਖਦਾ ਜਿਵੇਂ ਉਹ ਸੱਚਮੁੱਚ ਹੈ, ਸਗੋਂ ਉਸ ਨੂੰ ਆਪਣੇ ਸ਼ੱਕੀ ਨਜ਼ਰੀਏ ਨਾਲ ਵੇਖਦਾ ਹੈ ਤੇ ਨਿੱਕੀਆਂ ਨਿੱਕੀਆਂ ਗੱਲਾਂ ਪਕੜ ਕੇ ਉਨ੍ਹਾਂ ਉੱਪਰ ਨਾਰਾਜ਼ਗੀ ਦਾ ਪਹਾੜ ਖੜਾ ਕਰ ਲੈਂਦਾ ਹੈ। ਐਸੀ ਅਵਸਥਾ ਨੂੰ ਗੁਰੂ ਜੀ ਸੁਆਦਾਂ ਦੇ ਝਗੜਿਆਂ ਤੇ ਮਾਇਆਵੀ ਮਦਹੋਸ਼ੀਆਂ ਦੇ ਜ਼ੁਮਰੇ ਵਿਚ ਰੱਖਦੇ ਹਨ: [15]

ਸੁਆਦ ਬਾਦ ਈਰਖ ਮਦ ਮਾਇਆ॥

ਇਨ ਸੰਗਿ ਲਾਗਿ ਰਤਨ ਜਨਮੁ ਗਵਾਇਆ॥[16]

ਅੱਜ ਸਮਾਜ ਵਿਚ ਈਰਖਾ, ਕ੍ਰੋਧ ਦਾ ਕਾਰਨ ਨਸ਼ੇ ਵੀ ਹਨ। ਨਸ਼ਿਆਂ ਨੇ ਜੁਆਨੀ ਖਾ ਲਈ। ਲੋਕਾਂ ਵਿਚ ਇਸ ਦੀ ਵਰਤੋਂ ਨੇ ਮਨੁੱਖੀ ਰਿਸ਼ਤਿਆਂ ਦਾ ਜੋ ਘਾਣ ਕੀਤਾ ਹੈ ਉਹ ਸਭ ਦੇ ਸਾਹਮਣੇ ਹੈ। ਨਸ਼ੇ ਕਰਨ ਵਾਲੇ ਲੁੱਟ-ਖਸੁੱਟ, ਮਾਰ ਕੁਟਾਈ, ਘਰੇਲੂ ਹਿੰਸਾ, ਕਤਲੇਆਮ, ਬਲਾਤਕਾਰ ਕਰਦੇ ਹਨ। ਇਨ੍ਹਾਂ ਕੁਕਰਮਾਂ ਤੋਂ ਸਮਾਜਿਕਤਾ ਦਾ ਤਾਣਾ-ਬਾਣਾ ਹੀ ਫਿਥੀ-ਫਿਥੀ ਹੋ ਜਾਂਦਾ ਹੈ। ਜਿਸ ਨਾਲ ਸਮਾਜਿਕ ਨੈਤਿਕਤਾ ਨੂੰ ਸੱਟ ਪੁੱਜਦੀ ਹੈ। ਨਸ਼ੇ ਕਰਨ ਵਾਲੇ ਮਨੁੱਖ ਡਰ ਅਤੇ ਵੈਰ ਹੇਠ ਜਿਉਂਦੇ ਹਨ। ਨਸ਼ੇ ਨਾ ਮਿਲਣ ਦੇ ਡਰ ਕਾਰਨ ਉਹ ਹਿੰਸਕ ਹੁੰਦੇ ਹਨ ਅਤੇ ਘਰੇਲੂ ਹਿੰਸਾਂ ਕਰਦੇ ਹਨ। ਇਸ ਨਾਲ ਆਪਸੀ ਵੈਰ ਵਿਰੋਧ ਵਧਦਾ ਹੈ। ਗੁਰਬਾਣੀ ਅਤੇ ਹੋਰ ਧਾਰਮਿਕ ਗ੍ਰੰਥ ਨਸ਼ਿਆਂ ਦਾ ਵਿਰੋਧ ਕਰਦੇ ਹਨ ਪਰ ਫਿਰ ਵੀ ਨੌਜਵਾਨ, ਲੜਕੇ ਲੜਕੀਆਂ, ਬਜ਼ੁਰਗ, ਬੱਚੇ ਆਦਿ ਸਭ ਇਸ ਦਾ ਸ਼ਿਕਾਰ ਹੋ ਰਹੇ ਹਨ। ਗੁਰਬਾਣੀ ਇਸ ਦੀ ਸਖ਼ਤ ਨਿੰਦਾ ਕਰਦੀ ਹੈ ਅਤੇ ਗਿਆਨ ਅਤੇ ਨਾਮ ਦਾ ਭੋਜਨ ਕਰਨ ਨੂੰ ਪ੍ਰੇਰਿਤ ਕਰਦੀ ਹੈ:

ਗਿਆਨੁ ਗੁੜੁ ਸਾਲਾਹ ਮੰਡੇ ਭਉ ਮਾਸੁ ਆਹਾਰੁ॥

ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ॥[17]

ਨਸ਼ੇ ਕਈ ਵਿਕਾਰ ਖੜੇ ਕਰਦੇ ਹਨ ਜਿਵੇ ਕਿ ਕਾਮ, ਕ੍ਰੋਧ, ਲੋਭ, ਲਾਲਚ, ਬਖੀਲੀ, ਨਿੰਦਾ ਆਦਿ। ਇਹ ਵਿਕਾਰ ਨਸ਼ੇ ਕਰਨ ਨਾਲ ਹੁੰਦੇ ਹਨ। ਜਿਸ ਨਾਲ ਵੈਰ ਵਿਰੋਧ ਤੇ ਝਗੜੇ ਵਧਦੇ ਹਨ:

ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ ॥

ਕ੍ਰੋਧ ਕਟੋਰੀ ਮੋਹਿ ਭਰਿ ਪੀਲਾਵਾ ਅਹੰਕਾਰੁ॥

ਮਜਲਸ ਕੂੜੇ ਲਬ ਕੀ ਪੀ ਪੀ ਹੋਇ ਖੁਆਰੁ॥[18]

ਗੁਰਬਾਣੀ ਮਨੁੱਖ ਨੂੰ ਨਿਰਵੈਰ ਹੋਣ ਲਈ ਪ੍ਰੇਰਿਤ ਕਰਦੀ ਹੈ ਅਤੇ ਕ੍ਰੋਧ ਨੂੰ ਤਿਆਗ ਕੇ ਹੀ ਮਨੁੱਖ ਆਪਣੇ ਵਿਅਕਤੀਤਵ ਨੂੰ ਉਸਾਰ ਸਕਦਾ ਹੈ।

3. **ਲੋਭ:-** ਲੋਭ ਤੋਂ ਭਾਵ ਲਾਲਚ, ਦੂਸਰੇ ਦਾ ਪਦਾਰਥ ਲੈਣ ਦੀ ਇੱਛਾ।[19] ਅੱਜਕੱਲ੍ਹ ਆਰਥਿਕ ਪੱਖੋਂ ਮਨੁੱਖ ਤਰੱਕੀ ਕਰਨਾ ਚਾਹੁੰਦਾ ਹੈ। ਇਹ ਸਭ ਮਨੁੱਖ ਲੋਭ ਲਾਲਚ ਕਾਰਨ ਕਰਦਾ ਹੈ। ਹਰੇਕ ਕੋਈ ਆਪਣੀ ਦੁਕਾਨ ਚਲਾਉਣ ਲਈ ਝੂਠ ਦਾ ਸਹਾਰਾ ਲੈ ਰਿਹਾ ਹੈ। ਜਿਸ ਨਾਲ ਰਿਸ਼ਵਤਖੋਰੀ ਵੱਧ ਗਈ ਹੈ। ਮਿਲਾਵਟ ਹਰ ਜਗਾ ਹੈ। ਦੁੱਧ, ਸ਼ਬਜੀਆਂ, ਖੇਤੀਬਾੜੀ ਵਿਚ ਜ਼ਹਿਰਲੀਆਂ ਚੀਜ਼ਾਂ ਦੀ

ਵਰਤੋਂ ਆਦਿ ਸਭ ਵਿਚ ਮਨੁੱਖ ਸੱਚਾਈ ਅਤੇ ਇਮਾਨਦਾਰੀ ਨੂੰ ਭੁੱਲ ਹੀ ਚੁੱਕਾ ਹੈ। ਲੋਭ ਜਦੋਂ ਵੱਧ ਜਾਂਦਾ ਹੈ ਤਾਂ ਇਹ ਤ੍ਰਿਸ਼ਨਾ ਦਾ ਰੂਪ ਧਾਰ ਲੈਂਦਾ ਹੈ। ਤ੍ਰਿਸ਼ਨਾ ਅੱਗ ਹੈ। ਇਹ ਅੱਗ ਕਦੇ ਵੀ ਨਹੀ ਬੁਝਦੀ।[20] ਲੋਭੀ ਵਿਅਕਤੀ ਦਾ ਮਨ ਸਹਿਜ ਵਿਚ ਨਹੀਂ ਹੁੰਦਾ, ਉਸ ਦੇ ਮਨ ਵਿਚ ਉਥਲ ਪੁਥਲ ਹੁੰਦੀ ਰਹਿੰਦੀ ਹੈ:

ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ॥

ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ॥[21]

ਲੋਭੀ ਵਿਅਕਤੀ ਪ੍ਰਾਪਤੀ ਤੋਂ ਬਾਅਦ ਟੱਪਦਾ ਹੈ। ਇਹ ਪ੍ਰਾਪਤੀ ਤੋਂ ਬਾਅਦ ਹੰਕਾਰੀ ਵੀ ਹੋ ਜਾਂਦਾ ਹੈ। ਇਸ ਲਈ ਗੁਰੂ ਜੀ ਇਨ੍ਹਾਂ ਔਗੁਣਾਂ ਨੂੰ ਤਿਆਗਣ ਉੱਤੇ ਜ਼ੋਰ ਦਿੰਦੇ ਹਨ:

ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤ ਨਹੀ ਬੋਲਣਾ॥[22]

ਭਾਈ ਗੁਰਦਾਸ ਜੀ ਵਾਰਾਂ ਵਿਚ ਲੋਭ ਤੋਂ ਬਚਣ ਦੀ ਸਲਾਹ ਦਿੰਦੇ ਹਨ:

ਹਉ ਤਿਸੁ ਘੋਲਿ ਘੁਮਾਇਆ ਪਰਦਰਬੈ ਨੋ ਹਥੁ ਨ ਲਾਵੈ।[23]

ਪਰ ਸਮਾਜ ਵਿਚ ਅਮੀਰ ਹੋਰ ਅਮੀਰ ਹੋ ਰਿਹਾ ਹੈ ਅਤੇ ਗਰੀਬ ਮਹਿੰਗਾਈ ਹੇਠ ਦਬ ਰਿਹਾ ਹੈ। ਜਿਸ ਨਾਲ ਅਸਮਾਨਤਾ ਪੈਦਾ ਹੁੰਦੀ ਹੈ। ਮਨੁੱਖੀ ਮਨ ਵਿਚ ਵੀ ਅਸ਼ਾਂਤੀ ਤੇ ਵੱਧ ਲਈ ਲਾਲਸਾ ਪੈਦਾ ਹੋ ਰਹੀ ਹੈ ਜੋ ਵੈਰ ਅਤੇ ਲੜਾਈ ਦਾ ਕਾਰਨ ਵੀ ਬਣਦੀ ਹੈ। ਗੁਰਬਾਣੀ ਮਨੁੱਖ ਨੂੰ ਸੰਤੋਖ ਧਾਰਨ ਕਰਨ ਲਈ ਆਖਦੀ ਅਤੇ ਪਰਾਏ ਹੱਕ ਤੋਂ ਵਰਜਦੀ ਹੈ:

- ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥

  ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨਾ ਖਾਇ॥[24]

- ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ॥

  ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥[25]

ਸੰਤੋਖ ਆਪਣੇ ਹੱਥੀਂ ਕਾਰਜ ਕਰਨ ਨਾਲ ਆਉਂਦਾ ਹੈ। ਸੰਤੋਖ ਨਾਲ ਅਤੇ ਮਨ ਨੀਵਾਂ ਤੇ ਮਤ ਉੱਚੀ ਹੁੰਦੀ ਹੈ, ਇਮਾਨਦਾਰੀ ਅਤੇ ਸੱਚਾਈ ਮਨ ਵਿਚ ਘਰ ਕਰਦੀ ਹੈ। ਅਜਿਹਾ ਮਨੁੱਖ ਵੈਰ, ਨਿੰਦਾਂ, ਚੁਗਲੀ ਨਹੀਂ ਕਰਦਾ ਅਤੇ ਨਿਰਵੈਰਤਾ ਦਾ ਪੱਲਾ ਫੜਦਾ ਹੈ। ਕਿਰਤ ਕਰਨੀ ਅਤੇ ਵੰਡ ਛਕਣ ਦਾ ਸਿਧਾਂਤ ਮਨੁੱਖ ਨੂੰ

ਨਿਰਵੈਰਤਾ ਵੱਲ ਪ੍ਰੇਰਦਾ ਹੈ। ਆਧੁਨਿਕ ਪ੍ਰਸੰਗ ਵਿਚ ਦੇਖੀਏ ਤਾਂ ਗੁਰਬਾਣੀ ਕਿਰਤ ਕਰਨ ਦੀ ਪ੍ਰੇਰਨਾ ਦਿੰਦੀ ਹੈ। ਪੰਜਾਬ ਦਾ 'ਕਿਰਤ ਸੱਭਿਆਚਾਰ' ਹੁਣ 'ਵੇਹਲੜ ਸੱਭਿਆਚਾਰ' ਬਣ ਗਿਆ ਹੈ। ਹੱਥੀ ਕਿਰਤ ਕਰਨੀ ਹੁਣ ਹੀਣਤਾ ਵਾਲੀ ਗੱਲ ਹੋ ਗਈ ਹੈ। ਖੇਤੀ ਤੇ ਦੁਕਾਨਦਾਰੀ ਵਾਲੇ ਕੰਮ ਤੋਂ ਤਾਂ ਅਜੋਕੀ ਪੀੜ੍ਹੀ ਨੇ ਕੋਰੀ ਨਾਂਹ ਹੀ ਕਰ ਦਿੱਤੀ ਹੈ। ਅੱਜ ਕੱਲ ਦੇ ਨੌਜਵਾਨਾਂ ਵਿਚ ਬਾਹਰਲੇ ਦੇਸ਼ ਜਾਣ ਦਾ ਰੁਝਾਨ ਵਧ ਗਿਆ ਹੈ। ਇਹ ਇਥੇ ਕੰਮ ਨਹੀਂ ਕਰਨਾ ਮੰਨਦੇ ਬਲਕਿ ਬਾਹਰ ਮਜ਼ਬੂਰੀ ਬਸ ਕੰਮ ਕਰਦੇ ਹਨ। ਗੁਰਬਾਣੀ ਅਨੁਸਾਰ ਹੱਥੀ ਕੰਮ ਕਰਨਾ ਮਾੜਾ ਜਾਂ ਨੀਵਾਂ ਨਹੀਂ ਹੁੰਦਾ ਬਲਕਿ ਚੋਰੀ, ਠੱਗੀ, ਯਾਰੀ ਮਾੜੀ ਹੈ। ਹੱਥੀ ਕਿਰਤ ਕਰਨੀ ਸਬਰ, ਸੰਤੋਖ ਸਿਖਾਉਂਦੀ ਹੈ ਅਤੇ ਮਨੁੱਖੀ ਮਨ ਨੂੰ ਵਿਕਾਰਾਂ ਤੋਂ ਬਚਾਅ ਨਸ਼ਿਆਂ, ਬੇਰੁਜ਼ਗਾਰੀ ਆਦਿ ਤੋਂ ਵੀ ਠੱਲ ਪਾਉਂਦੀ ਹੈ।

ਗੁਰਬਾਣੀ ਅਜੋਕੇ ਸਮੇਂ ਦੇ ਨਸ਼ੇ, ਜੂਏ, ਯਾਰੀ, ਭ੍ਰਿਸ਼ਟਾਚਾਰ ਤੋਂ ਹਟਾ ਕੇ ਕਿਰਤ ਦੀ ਕਮਾਈ ਕਰਨ ਲਈ ਪ੍ਰੇਰਿਤ ਕਰਦੀ ਹੈ ਤਾਂ ਜੋ ਅੱਜ ਦੀ ਨੌਜਵਾਨ ਪੀੜ੍ਹੀ ਹੱਥੀ ਕਿਰਤ ਨੂੰ ਉਤਸ਼ਾਹਿਤ ਕਰੇ ਅਤੇ ਮਿਹਨਤ ਦੀ ਕਮਾਈ ਕਰੇ। ਅੱਜ ਦਾ ਸਮਾਂ ਆਰਥਿਕਤਾ ਅਤੇ ਪਦਾਰਥਵਾਦ ਦਾ ਹੈ। ਇਸ ਲਈ ਨੋਜਵਾਨਾਂ ਨੂੰ ਕਿਰਤ ਕਰਨ ਦੇ ਗੁਰਮਤਿ ਸਿਧਾਂਤ ਤੋਂ ਸੇਧ ਲੈਣੀ ਚਾਹੀਦੀ ਹੈ :

ਵਿਚਿ ਦੁਨੀਆ ਸੇਵ ਕਮਾਈਐ॥[26]

ਤਾ ਦਰਗਹ ਬੈਸਣ ਪਾਈਐ॥

ਗੁਰੂ ਸਾਹਿਬਾਨ ਦੀ ਬਾਣੀ ਨੇ ਅਜਿਹੇ ਮਨੁੱਖ ਦੀ ਘਾੜਤ ਬਾਰੇ ਕਿਹਾ ਹੈ ਜੋ ਹੱਥੀ ਕਿਰਤ ਕਰ ਅਤੇ ਵੰਡ ਕੇ ਛਕਣ ਦੇ ਸਿਧਾਂਤ ਨੂੰ ਅਮਲ ਵਿਚ ਲਿਆਉਂਦਾ ਹੈ। ਬਾਣੀ ਦੀ ਵਿਆਖਿਆ ਤੇ ਇਸ ਉੱਤੇ ਅਮਲ, ਗੁਰੂ ਸਾਹਿਬਾਨ ਦੀ ਅਗਵਾਈ ਵਿਚ, ਸਾਧ ਸੰਗਤ ਦੁਆਰਾ ਹੋਇਆ ਹੈ। ਸ਼ਬਦ-ਗੁਰੂ ਨੇ ਹੀ ਇਸ ਨਵੀਂ ਭਾਂਤ ਦੇ ਮਨੁੱਖ ਨੂੰ ਸਿਰਜਿਆ, ਪਾਲਿਆ-ਪੋਸਿਆ ਤੇ ਪ੍ਰਵਾਨ ਚੜ੍ਹਾਇਆ। ਇਹ ਨਵਾਂ ਮਨੁੱਖ ਕਿਸੇ ਜਾਤ-ਪਾਤ, ਊਚ-ਨੀਚ ਦੀ ਭਾਵਨਾ, ਛੂਤ-ਛਾਤ, ਵਹਿਮ-ਭਰਮ ਜਾਂ ਕਰਮ-ਧਰਮ ਨੂੰ ਨਹੀਂ ਮੰਨਦਾ। ਉਹ 'ਧਰਮ ਨਾਸ਼' ,'ਕਰਮ ਨਾਸ਼', 'ਸ਼ਰਮ ਨਾਸ਼', ਅਤੇ 'ਭਰਮ ਨਾਸ਼' ਕਰ ਕੇ ਗੁਰੂ ਦੀ ਸੰਗਤ ਤੇ ਪੰਗਤ ਵਿਚ ਸ਼ਾਮਲ ਹੋਇਆ ਸੀ।[27] ਇਸ ਤਰ੍ਹਾਂ ਦਾ ਮਨੁੱਖ ਪੂਰਨਤਾ ਨੂੰ ਪ੍ਰਾਪਤ ਹੁੰਦਾ ਹੈ ਅਤੇ ਪੂਰਨ ਮਨੁੱਖ ਹਮੇਸ਼ਾ ਚੜ੍ਹਦੀ ਕਲਾ ਵਿਚ

ਰਹਿੰਦਾ ਹੈ। ਉਹ ਨਿਰਭਉ ਹੋ ਕੇ ਵਿਚਰਦਾ ਹੈ ਅਤੇ ਜੀਵਨ ਦੇ ਹਰ ਪੱਖ ਵਿਚ ਸੁਤੰਤਰਤਾ ਅਤੇ ਜਿੱਤ ਦਾ ਧਾਰਨੀ ਬਣਦਾ ਹੈ।

ਅਜੋਕੇ ਸਮੇਂ ਦੀ ਅਕਾਦਮਿਕ ਵਿਦਿਆ ਨੇ ਵਿਸ਼ਵ ਵਿਚ ਤਕਨੀਕੀ ਸਹੂਲਤਾ ਗਿਆਨ ਤੇ ਵਿਗਿਆਨ ਪੱਖੋਂ ਬਹੁਤ ਤਰੱਕੀ ਕੀਤੀ ਹੈ ਪਰ ਨਾਲ ਹੀ ਅਨੈਤਿਕਤਾ ਵੀ ਆਪਣਾ ਪੈਰ ਪਸਾਰ ਰਹੀ ਹੈ। ਅਕਾਦਮਿਕ ਪੱਧਰ ਉਤੇ ਵਿਦਿਆ ਪੈਸੇ ਕਮਾਉਣ ਦਾ ਸਾਧਨ, ਸਿਫ਼ਾਰਸੀ ਭਰਤੀ, ਬੇਈਮਾਨੀ, ਗਲਤ ਨੂੰ ਠੀਕ ਕਰਨ ਦੇ ਨਿਰਾਰਥਕ ਯਤਨ ਆਦਿ ਨਾਲ ਜੁੜ ਗਈ ਹੈ। ਸਾਨੂੰ ਵਿਦਿਆ ਦਾ ਮੁੱਖ ਉਦੇਸ਼ ਸਮਝਣਾ ਚਾਹੀਦਾ ਹੈ ਜੋ ਹੈ:

ਵਿਦਿਆ ਵੀਚਾਰੀ ਤਾ ਪਰਉਪਕਾਰੀ॥[28]

ਪਰਉਪਕਾਰੀ ਤਾਂ ਹੀ ਬਣਿਆ ਜਾ ਸਕਦਾ ਹੈ ਜੇਕਰ ਮਨੁੱਖ ਨਿਰਵੈਰਤਾ ਨੂੰ ਪਹਿਲ ਦੇਵੇਗਾ। ਉਸ ਅੰਦਰ ਸੱਚਾਈ, ਈਮਾਨਦਾਰੀ, ਪਿਆਰ, ਮਿਲਵਰਤਨ ਦਾ ਜ਼ਜਬਾ ਹੋਵੇਗਾ। ਮਨੁੱਖ ਵੈਰ ਵਿਰੋਧ ਗਵਾ ਕੇ, ਸੱਚ ਲਈ ਨਿਡਰ ਹੋ ਕੇ ਦੂਜਿਆਂ ਲਈ ਕਾਰਜ ਕਰਨ ਹਿਤ ਤਤਪਰ ਹੋਵੇਗਾ। ਇਸ ਲਈ ਵਿਦਿਆ ਦੇ ਪਰਉਪਕਾਰੀ ਉਦੇਸ਼ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਅਤੇ ਇਸ ਲਈ ਕਾਰਜਸ਼ੀਲ ਹੋਣਾ ਜ਼ਰੂਰੀ ਹੈ। ਅੱਜ ਮਨੁੱਖ ਨੇ ਵਿਗਿਆਨ ਦੀ ਸਹਾਇਤਾ ਨਾਲ ਜਿਥੇ ਸਮੁੱਚੇ ਜੀਵਨ ਨੂੰ ਸੁਖਾਲਾ ਬਣਾਇਆ ਹੈ, ਵਿਕਾਸ ਕੀਤਾ ਹੈ ਉਥੇ ਹੀ ਅਜਿਹੀ ਟੈਕਨਾਲੋਜੀ ਵਿਨਾਸ਼ਕਾਰੀ ਵੀ ਹੈ। ਤਕਨੀਕੀ ਵਰਤੋਂ ਨੇ ਧਰਤ-ਮੰਡਲ ਨੂੰ ਪ੍ਰਦੂਸ਼ਿਤ ਤਾਂ ਕੀਤਾ ਹੀ ਹੈ ਉਥੇ ਵਿਕਾਸ ਤੇ ਪ੍ਰਗਤੀ ਦੀ ਹੋੜ੍ਹ ਵਿਚ ਕੁਦਰਤੀ ਵਸੀਲਿਆਂ ਦੀ ਲੁੱਟ-ਖਸੁੱਟ ਨੇ ਸਮੁੱਚੀ ਮਨੁੱਖ ਜਾਤੀ ਨੂੰ ਖ਼ਤਰੇ ਦੀ ਕਗਾਰ ਉੱਤੇ ਖੜ੍ਹਾ ਕਰ ਦਿੱਤਾ ਹੈ। ਇਸ ਬਾਰੇ ਗੁਰੂ ਸਾਹਿਬ ਨੇ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥'[29] ਕਹਿ ਕੇ, ਇਨ੍ਹਾਂ ਨਾਲ ਰਿਸ਼ਤੇ ਜੋੜ ਮਨੁੱਖ ਦੇ ਮਨ ਵਿਚ ਸ਼ਰਧਾ ਭਾਵ ਪ੍ਰਗਟ ਕੀਤੇ ਹਨ ਤਾਂ ਕਿ ਉਹ ਇਨ੍ਹਾਂ ਕੁਦਰਤੀ ਪਹਿਲੂਆਂ ਦਾ ਮਹੱਤਵ ਸਮਝ ਕੇ ਬਨਸਪਤੀ ਦੀ ਸਾਂਭ-ਸੰਭਾਲ ਕਰ ਸਕੇ। ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ, ਧਰਤੀ ਨੂੰ ਮਾਤਾ ਕਹਿ ਸਤਿਕਾਰ ਕਰ ਇਨ੍ਹਾਂ ਦੀ ਸੰਭਾਲ ਦੀ ਸੰਕਲਪਨਾ ਨੂੰ ਚਿਤਰਿਆ ਹੈ। ਇਹ ਸਭ ਮਨੁੱਖੀ ਅਚਾਰ ਉੱਤੇ ਨਿਰਭਰ ਹੈ। ਸਭਿਅਕ ਆਚਰਨ ਵਾਲਾ ਮਨੁੱਖ ਹੀ ਸਾਰੀ ਕੁਦਰਤ ਪ੍ਰਤੀ ਆਪਣੀ ਜਿੰਮੇਵਾਰੀ ਨਿਭਾ ਸਕਦਾ ਹੈ।

4. **ਮੋਹ:-** ਮਨੁੱਖੀ ਤਕਨੀਕੀ ਵਿਕਾਸ ਨੇ ਇਕ ਦੂਜੇ ਨੂੰ ਨੇੜੇ ਕੀਤਾ ਹੈ, ਪਰ ਮਨੁੱਖੀ ਮਨ ਮੋਹ ਵਸ ਸਰਬੱਤ ਦੇ ਭਲੇ ਦੀ ਗੱਲ ਦੀ ਜਗ੍ਹਾ ਕੇਵਲ ਆਪਣੇ ਆਪੇ ਤੇ ਪਰਿਵਾਰ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਮੋਹ ਤੋਂ ਭਾਵ ਸਨੇਹ, ਮੁਹੱਬਤ।[30] ਇਸ ਮੋਹ ਕਾਰਨ ਹੀ ਉਸ ਦੇ ਦੁੱਖ ਵਧਦੇ ਜਾਂਦੇ ਹਨ। ਮੋਹ ਵਸ ਮਨੁੱਖ ਬਾਰੇ ਗੁਰਬਾਣੀ ਆਖਦੀ ਹੈ:

- ਸੁਤ ਕੰਚਨ ਸਿਉ ਹੇਤੁ ਵਧਾਇਆ॥
  ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ॥[31]
- ਕਾਮ ਕ੍ਰੋਧ ਲੋਭ ਮੋਹ ਮੂਠੇ ਸਦਾ ਆਵਾ ਗਵਣ॥
  ਪ੍ਰਭ ਪ੍ਰੇਮ ਭਗਤਿ ਗੁਪਾਲ ਸਿਮਰਣ ਮਿਟਤ ਜੋਨੀ ਭਵਣ॥[32]

ਪਿਆਰ ਮਹਾਨ ਸ਼ਕਤੀ ਹੈ ਅਤੇ ਮੋਹ ਉਹ ਪਿਆਰ ਹੈ ਜੋ ਅਸੀਮ ਹੋਣ ਤੇ ਬੰਧਨ ਬਣ ਜਾਂਦਾ ਹੈ। ਇਹ ਮਾਇਆਵੀ ਰੂਪ ਧਾਰ ਲੈਂਦਾ ਹੈ। ਗੁਰਬਾਣੀ ਆਖਦੀ ਹੈ ਇਹ ਮਾਇਆ ਮੋਹਣੀ ਜੋ ਬਿਨ੍ਹਾਂ ਦੰਦਾ ਦੇ ਹੀ ਖਾਂ ਜਾਂਦੀ ਹੈ। ਮੋਹ ਭਰਮ ਦਾ ਗੁਬਾਰ ਹੈ। ਗੁਰਬਾਣੀ ਸੰਤੁਲਿਤ ਪਿਆਰ ਵਿਚ ਵਿਚਰਨ ਨੂੰ ਆਖਦੀ ਹੈ ਜਿਸ ਨਾਲ ਪਰਮਾਤਮਾ ਵੀ ਵਸ ਵਿਚ ਆ ਜਾਂਦਾ ਹੈ:

ਜਉ ਹਮ ਬਾਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥[33]

ਅਕਾਲ ਪੁਰਖ ਦੇ ਪਿਆਰ ਨਾਲ ਹੀ ਮਨੁੱਖ ਮੋਹ ਵਿਚੋਂ ਨਿਕਲ ਸਕਦਾ ਹੈ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕਰ ਸਕਦਾ ਹੈ। ਅਰਦਾਸ ਦਾ ਸਮੁੱਚਾ ਵਿਆਪਕ ਚਰਿੱਤਰ ਅਧਿਆਤਮਿਕ ਤਾਂ ਹੈ ਹੀ ਪਿਆਰਿਆਂ, ਸਚਿਆਰਿਆਂ, ਸ਼ਹੀਦੀਆਂ, ਗੁਰਦੁਆਰਿਆਂ ਦੀ ਸਾਂਝ, ਪੰਥਕ ਸ਼ਕਤੀ ਦੀ ਜੈਕਾਰ ਨੇ ਸਿੱਖ ਕੌਮ ਨੂੰ ਮਾਨਵ ਹਿਤੇਸ਼ੀ ਹੀ ਨਹੀਂ ਬਲਕਿ ਸਰਬੱਤ ਦੇ ਭਲੇ ਵਾਲਾ ਵੀ ਕੀਤਾ ਹੈ। ਇਕ ਪੂਰਨ ਨਿਰਭਉ ਨਿਰਵੈਰ ਗੁਰਮੁਖ ਮਨੁੱਖ ਅਰਦਾਸ ਰਾਹੀਂ ਕੇਵਲ ਆਪਣਾ ਨਿੱਜੀ ਨਹੀਂ ਬਲਕਿ ਸਮੁੱਚੇ ਵਿਸ਼ਵ ਲਈ ਸ਼ਾਂਤੀ ਅਤੇ ਪਿਆਰ ਦੀ ਮੰਗ ਕਰਦਾ ਹੈ। ਉਹ ਮੋਹ ਤੋਂ ਉੱਪਰ ਉਠ ਜਾਂਦਾ ਹੈ ਅਤੇ ਸਮੁੱਚੀ ਮਨੁੱਖ ਜਾਤੀ ਬਾਰੇ ਸੋਚਦਾ ਹੈ। ਚੜ੍ਹਦੀ ਕਲਾ ਵਿਚ ਰਹਿਣ ਲਈ ਸਿੱਖ ਹਮੇਸ਼ਾ ਅਰਦਾਸ ਕਰਦਾ ਹੈ।[34] ਇਹ ਅਰਦਾਸ ਉਸ ਦੇ ਨਿੱਜ ਹਿੱਤਾਂ ਦੀ ਚੜ੍ਹਦੀ ਕਲਾ ਲਈ ਹੀ ਨਹੀਂ ਬਲਕਿ ਸਮੁੱਚੀ ਮਾਨਵਜਾਤੀ ਲਈ ਹੁੰਦੀ ਹੈ। ਗੁਰਮੁਖ ਜਨ ਨੈਤਿਕਤਾ ਦੇ ਘੇਰੇ ਵਿਚ ਰਹਿੰਦਾ ਹੋਇਆ ਸਰਬ ਕਲਿਆਣ ਕਾਰੀ ਕਾਰਜ ਲਈ ਤਤਪਰ ਹੁੰਦਾ ਹੈ।

ਗੁਰਬਾਣੀ ਅਜਿਹੇ ਮਨੁੱਖ ਦੀ ਘਾੜਤ ਘੜਦੀ ਹੈ ਜੋ ਮਨੁੱਖ ਜਾਤੀ ਦੇ ਨਾਲ-ਨਾਲ ਕੁਦਰਤ ਦਾ ਵੀ ਖਿਆਲ ਰੱਖ ਸਕੇ। ਹੋਰਨਾਂ ਜੀਵ-ਜੰਤੂਆਂ ਪ੍ਰਤੀ ਦਇਆ, ਕਰੁਣਾ ਭਾਵ ਰੱਖਦਾ ਹੋਇਆ ਉਨ੍ਹਾਂ ਦੀ ਸੁਤੰਤਰਤਾ ਨੂੰ ਨਿਸ਼ਚਿਤ ਬਣਾਵੇ। ਕੁਦਰਤ ਵਲੋਂ ਹਰ ਇਕ ਤੱਤ, ਜੀਵ, ਅੰਸ਼ ਪੇੜ ਨੂੰ ਨਿਰਭਉ ਦੇ ਮਾਹੌਲ ਵਿਚ ਵਿਚਰਨ ਵਾਸਤੇ ਕੋਈ ਨਾ ਕੋਈ ਖ਼ੂਬੀ ਬਖ਼ਸ਼ੀ ਹੈ। ਇਹ ਖ਼ੂਬੀ ਕਿਸੇ ਵੀ ਪ੍ਰਕਾਰ ਦੀ ਹੋ ਸਕਦੀ ਹੈ। ਅਕਲ, ਸ਼ਕਲ, ਛੋਟਾ-ਵੱਡਾ, ਸੁੰਘਣ ਸ਼ਕਤੀ, ਫੁਰਤੀ, ਹੌਸਲਾ, ਚੜ੍ਹਦੀ ਕਲਾ ਆਦਿ। ਹਰ ਇਕ ਜੀਵ ਦੇ ਰਿਜ਼ਕ ਦਾ ਭੰਡਾਰ ਇਕ ਵਾਰ ਪੂਰਾ ਕੀਤਾ ਹੈ ਅਤੇ ਕਿਸੇ ਵਿਚ ਮਤਾ ਭਰਮ ਰਹਿ ਜਾਵੇ ਕਿ ਉਹ ਕੇਵਲ ਖਾਸ ਜੀਵ ਲਈ ਹੈ ਪਰ ਹਰੇਕ ਨੂੰ ਕਮਾਈ ਮਿਹਨਤ ਕਰਕੇ ਖਾਣਾ ਪੈਂਦਾ ਹੈ। ਇਹ ਨਿਰਭਉ ਨਿਰਵੈਰ ਨੇ ਤਾਂ ਸਾਰਿਆਂ ਜੀਵਾਂ ਨੂੰ ਬਰਾਬਰੀ ਪੱਧਰ ਉੱਤੇ ਰੱਖਿਆ ਹੈ। ਰੱਬ ਦੀਆਂ ਸਾਰਿਆਂ ਪ੍ਰਤੀ ਸਮਤਾ ਤੇ ਏਕਤਾ ਦੀਆਂ ਬਖਸ਼ਿਸਾਂ ਤਾਂ ਬਹੁਤ ਹਨ। ਸ੍ਰਿਸ਼ਟੀ ਦਾ ਸਾਰਾ ਪਸਾਰਾ, ਸੂਰਜ ਮੰਡਲ, ਚਾਲ, ਗਤੀ, ਦਿਨ ਰਾਤ, ਬ੍ਰਹਿਮੰਡੀ ਪਿੰਡ ਹੋਣ ਜਾਂ ਜੀਵ ਪਰਿਵਾਰ ਸਭ ਇਕ ਦੂਜੇ ਦਾ ਭਲਾ ਕਰਕੇ ਖੁਸ਼ੀ ਮਨਾਉਂਦੇ ਹਨ ਕਿਉਂ ਜੋ ਸਭ ਅਕਾਲ ਪੁਰਖ ਦੇ ਹੁਕਮ ਵਿਚ ਹਨ।[35] ਹੁਕਮ ਅਤੇ ਸਮਰਪਨ ਵਿਚ ਸਾਰੀ ਸ੍ਰਿਸ਼ਟੀ ਹੈ ਜੋ ਕਰ ਭਲਾ ਹੋ ਭਲਾ ਦੇ ਕਾਰਜ ਵਿਚ ਲੱਗੀ ਹੈ ਜਿਸ ਨਾਲ ਕੁਦਰਤ ਦੇ ਵਰਤਾਰੇ ਨੂੰ ਹੋਰ ਪ੍ਰਫੁੱਲਿਤ ਕਰਨ ਲਈ ਯਤਨਸ਼ੀਲ ਹੈ ਇਹ ਕੇਵਲ ਨਿਰਭਉ ਨਿਰਵੈਰ ਦੇ ਹੁਕਮ ਵਿਚ ਹੋਣ ਕਰਕੇ ਹੈ।[36]

5. **ਹੰਕਾਰ:-** ਹਉਮੈ ਤੋਂ ਭਾਵ ਮੈਂ ਦੀ ਭਾਵਨਾ, ਅਭਿਮਾਨ।[37] ਗੁਰਬਾਣੀ ਵਿਚ ਇਸ ਲਈ ਅਹੰਕਾਰ, ਮਾਨ, ਹਉਮੈ, ਅਭਿਮਾਨ, ਸ਼ਬਦ ਵਰਤੇ ਗਏ ਹਨ। ਮਨੁੱਖ ਹਉਮੈ ਅਧੀਨ ਆਪਣੀਆਂ ਪ੍ਰਾਪਤੀਆਂ ਨੂੰ ਆਪਣਾ ਵੱਡਪਣ ਸਮਝਦਾ ਹੈ, ਆਪਣੇ ਆਪ ਨੂੰ ਵੱਡਾ ਮਹਿਸੂਸ ਕਰਦਾ ਹੈ। ਇਸ ਹੰਕਾਰ ਵਿਚ ਉਹ ਫੁਲਿਆ ਨਹੀਂ ਸਮਾਉਂਦਾ ਤੇ ਦੂਜਿਆਂ ਨੂੰ ਨੀਵੇਂ ਸਮਝਣ ਲੱਗ ਜਾਂਦਾ ਹੈ। ਉਸ ਵਿਚ ਭੇਦ-ਭਾਵ ਦੀ ਭਾਵਨਾ ਘਰ ਕਰ ਜਾਂਦੀ ਹੈ। ਜੇਕਰ ਉਸ ਦੀ ਪ੍ਰਾਪਤ ਕੀਤੀ ਵਸਤੂ ਚਲੀ ਜਾਵੇ ਉਸ ਦਾ ਹੰਕਾਰ ਟੁੱਟ ਜਾਂਦਾ ਹੈ। ਚਾਹੇ ਉਹ ਮਾਇਆ, ਰੁਤਬਾ ਆਦਿ ਕਿਉਂ ਨਾ ਹੋਵੇ। ਉਹ ਤਣਾਅ, ਚਿੰਤਾਵਾਂ ਵਿਚ ਆਪਣਾ ਸਮਾ ਬਰਬਾਦ ਕਰਦਾ ਹੈ। ਗੁਰਬਾਣੀ ਹੰਕਾਰੀ ਬਾਰੇ ਆਖਦੀ ਹੈ:

ਮਾਟੀ ਕੋ ਪੁਤਰਾ ਕੈਸੈ ਨਚਤੁ ਹੈ॥

ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥

ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥

ਮਾਇਆ ਗਈ ਤਬ ਰੋਵਨੁ ਲਗਤੁ ਹੈ॥[38]

ਹਉਮੈ ਦੇ ਸਰੂਪ ਅਤੇ ਇਲਾਜ ਬਾਰੇ ਗੁਰਬਾਣੀ ਆਖਦੀ ਹੈ ਕਿ ਇਹ ਵੱਡੀ ਵੀ ਹੈ ਅਤੇ ਸੂਖ਼ਮ ਵੀ। ਮਨੁੱਖ ਤਕਨੀਕੀ ਵਿਕਾਸ ਵਿਚ ਇਕ-ਦੂਜੇ ਦੇ ਨੇੜੇ ਹੁੰਦਾ ਹੋਇਆ ਵੀ ਬਹੁਤ ਦੂਰ ਹੋ ਗਿਆ ਹੈ। ਉਸ ਦੇ ਅੰਦਰਲਾ ਸੱਚ ਗੁਆਚ ਜਾਣ ਕਾਰਨ ਹੰਕਾਰ ਵਿਚ ਉਹ ਝੂਠ ਨਾਲ ਇਕ-ਦੂਜੇ ਨੂੰ ਨੀਵਾਂ ਦਿਖਾਉਣ ਤੇ ਮੂਰਖ ਬਣਾਉਣ ਦੇ ਯਤਨ ਵਿਚ ਹੈ। ਅਜਿਹੇ ਸਮੇਂ ਮਨੁੱਖ ਇਕੱਲਾ ਰਹਿ ਰਿਹਾ ਹੈ ਜੋ ਕਿ ਕਈ ਮਾਨਸਿਕ ਬਿਮਾਰੀਆਂ ਨੂੰ ਜਨਮ ਦਿੰਦਾ ਹੈ। ਹਉਮੈ ਨਾਲ ਸਾਰਾ ਸੰਸਾਰ ਪੀੜਤ ਹੈ। ਇਸ ਤੋਂ ਕਈ ਕਲੇਸ਼ ਪੈਦਾ ਹੁੰਦੇ ਹਨ:

ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥

ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥[39]

ਇਨ੍ਹਾਂ ਦੀ ਨਵਿਰਤੀ ਸਦਗੁਣਾਂ ਰਾਹੀਂ ਹੁੰਦੀ ਹੈ। ਹੰਕਾਰ ਤਿਆਗਣ ਲਈ ਨਿਮਰਤਾ ਧਾਰਨ ਕਰਨੀ ਪੈਂਦੀ ਹੈ:

ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ॥[40]

ਗੁਰਬਾਣੀ ਵਿਚ ਕਬੀਰ ਸਾਹਿਬ ਜੀ ਆਖਦੇ ਹਨ ਕਿ ਹੰਕਾਰ ਸਭ ਕੁਝ ਖ਼ਤਮ ਕਰ ਦਿੰਦਾ ਹੈ:

ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ॥

ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥[41]

ਸੱਚ ਦੀ ਪ੍ਰਾਪਤੀ ਲਈ ਹੰਕਾਰ ਦਾ ਖ਼ਾਤਮਾ ਜ਼ਰੂਰੀ ਹੈ। ਪਰਮਾਤਮਾ ਘਟ-ਘਟ ਵਿਚ ਹੈ ਪਰ ਮਨੁੱਖ ਹੀ ਰੱਬੀ ਚੇਤਨਾ ਤੋਂ ਦੂਰ ਹੈ 'ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚਿ ਹਉਮੈ ਭੀਤਿ ਕਰਾਰੀ'[42] ਹਉ ਦੇ ਖ਼ਤਮ ਹੋਣ ਉੱਤੇ ਹੀ ਸੱਚ ਦੀ ਸੋਝੀ ਹੁੰਦੀ ਹੈ। ਮਨੁੱਖ ਪਰਮ ਪਦ ਦੀ ਪ੍ਰਾਪਤੀ ਕਰਦਾ ਹੈ:

- ਹਉ ਹਉ ਕਰਤ ਨਹੀ ਸਚੁ ਪਾਈਐ॥

ਹਉਮੈ ਜਾਇ ਪਰਮ ਪਦੁ ਪਾਈਐ॥[43]

ਪਰਮ ਪਦ ਦੀ ਪ੍ਰਾਪਤੀ ਗੁਰੂ ਸ਼ਬਦ ਅਭਿਆਸ ਨਾਲ ਅਤੇ ਉਸ ਦੀ ਵਿਚਾਰ ਕਰਨ ਨਾਲ ਹੀ ਹੁੰਦੀ ਹੈ। ਗੁਰੂ ਸ਼ਬਦ ਰਾਹੀਂ ਹੀ ਮਨੁੱਖ ਚੰਚਲ ਮਤ ਦੀ ਜਗ੍ਹਾ ਗੁਰਮਤਿ ਨੂੰ ਧਾਰਨ ਕਰਦਾ ਹੈ:

ਹਉਮੈ ਨਿਵਰੈ ਗੁਰ ਸਬਦੁ ਵੀਚਾਰੈ॥

ਚੰਚਲ ਮਤਿ ਤਿਆਗੈ ਪੰਚ ਸੰਘਾਰੈ॥[44]

ਇਸ ਤਰ੍ਹਾਂ ਮਨੁੱਖ ਸਹਿਜ ਦਾ ਜੀਵਨ ਪ੍ਰਾਪਤ ਕਰਦਾ ਹੈ ਉਸ ਦੇ ਦ੍ਰਿਸ਼ਟੀ ਕੋਣ ਵਿਚ ਬਦਲਾਅ ਆ ਜਾਂਦਾ ਹੈ:

ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ॥[45]

ਗੁਰਬਾਣੀ ਮਨੁੱਖ ਨੂੰ ਇਨ੍ਹਾਂ ਪੰਜ ਵਿਕਾਰਾਂ ਤੋਂ ਮੁਕਤ ਕਰ ਜੀਵਨ ਦੇ ਆਧਾਰ ਅਤੇ ਸੱਚ ਬਾਰੇ ਸਮਝਾ ਕੇ ਮਨੁੱਖ ਨੂੰ ਸਚਿਆਰ ਹੋਣ ਲਈ ਪ੍ਰੇਰਿਤ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵੈਰ, ਬਦਲੇ ਦੀ ਭਾਵਨਾ, ਔਰਤਾਂ ਦੀ ਬੇਇਜ਼ਤੀ ਕਰਨ ਦੇ ਕੋਹਝੇ ਕੰਮਾਂ ਨੂੰ ਜੀਵਨ ਵਿਚੋਂ ਹੂੰਝ ਕੇ ਕੂੜੇ ਵਾਗੂੰ ਬਾਹਰ ਸੁੱਟਦੀ ਹੈ ਅਤੇ ਸੱਚ ਦੀ ਕੈਂਚੀ ਲੈ ਕੇ ਈਰਖਾ, ਨਿੰਦਿਆ, ਚੁਗਲੀ, ਡਰ, ਹਿੰਸਾ ਦੀਆਂ ਜੜ੍ਹਾਂ ਪੁੱਟ ਕੇ ਮਨੁੱਖ ਨੂੰ ਇਕ ਸਚਿਆਰ ਮਨੁੱਖ ਬਣਾਉਂਦੀ ਹੈ। ਅੱਜ ਸੰਸਾਰ ਨੂੰ ਅਜਿਹੇ ਮਾਨਵ ਦੀ ਲੋੜ ਹੈ ਜਿਹੜਾ ਦੁਸ਼ਮਣ ਲਈ ਕਹਿ ਸਕੇ ਕਿ ਭਾਈ ਘਨ੍ਹਈਆ ਤੇਰੀ ਨਿਗਾ ਠੀਕ ਹੀ ਕੰਮ ਕਰ ਰਹੀ ਹੈ, ਤੂੰ ਹੁਣ ਅਖੌਤੀ ਵੈਰੀਆਂ ਨੂੰ ਇਕੱਲਾ ਪਾਣੀ ਹੀ ਨਾ ਪਿਲਾ ਬਲਕਿ ਪਿਆਰ ਦੀ ਮਲ੍ਹਮ ਪੱਟੀ ਵੀ ਕਰ ਤਾਂ ਕਿ ਸੰਸਾਰ ਵਿਚੋਂ ਵੈਰ, ਡਰ, ਈਰਖਾ ਸਭ ਭੇਦ-ਭਾਵ ਖ਼ਤਮ ਹੋ ਜਾਣ। ਗੱਲ ਕਿ ਅਜੋਕਾ ਸੰਸਾਰ ਮਾਨਵਤਾ, ਆਪਸੀ ਭਾਈਚਾਰੇ, ਸਾਂਝੀਵਾਲਤਾ ਅਤੇ ਨੈਤਿਕਤਾ ਦੇ ਪੱਖੋਂ ਬਹੁਤ ਹੀ ਕਮਜ਼ੋਰ ਹੋ ਚੁੱਕਾ ਹੈ। ਜੇਕਰ ਸੰਸਾਰ ਵਿਚ ਮਾਨਵਤਾ ਦਾ ਸੰਦੇਸ਼ ਦੇਣਾ ਹੈ ਤਾਂ ਗੁਰਬਾਣੀ ਹੀ ਇਸ ਲਈ ਸਾਰਥਕ ਸਿੱਧ ਹੋ ਸਕਦੀ ਹੈ, ਕਿਉਂ ਜੋ ਗੁਰਬਾਣੀ ਦਾ ਨਿਰਭਉ ਨਿਰਵੈਰ ਦਾ ਸੰਕਲਪ ਸਾਰੀਆਂ ਵੰਡੀਆਂ ਨੂੰ ਦੂਰ ਕਰਦਾ ਹੈ। ਗੁਰਬਾਣੀ ਵਿਚ ਪੰਚ ਚੋਰਾਂ ਪ੍ਰਤੀ ਮ੍ਰਿੰਗ , ਮਛਲੀ, ਭੌਰਾ, ਪਤੰਗਾ ਆਦਿ ਉਦਾਹਰਨ ਦੇ ਕੇ ਗੁਰ ਸਾਹਿਬ ਸਮਝਾਉਂਦੇ ਹਨ:

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥

ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥[46]

ਅਧਿਆਤਮਕ ਪੱਧਰ ਦੇ ਪਾਂਧੀ ਨੂੰ ਇਨ੍ਹਾਂ ਪੰਚ ਵਿਸ਼ੇ ਵਿਕਾਰਾਂ ਤੋਂ ਬਚਣਾ ਚਾਹੀਦਾ ਹੈ । ਇਨ੍ਹਾਂ ਉੱਤੇ ਕਾਬੂ ਪਾ ਕੇ ਇਨ੍ਹਾਂ ਤੋਂ ਸਾਕਾਰੀ ਰੂਪ ਵਿਚ ਸਹਾਇਤਾ ਲਈ ਜਾਵੇ ਤਾਂ ਇਹ ਦੋਸਤ ਹੋ ਨਿਬੜਦੇ ਹਨ । ਹਉਮੈ ਹੀ ਇਕ ਤੋਂ ਅਨੇਕ ਕਰਮ ਵਾਲਾ ਨਿਯਮ ਹੈ। ਹਉਮੈ ਕਰਕੇ ਹੀ ਮਨੁੱਖ ਅਗਿਆਨ ਵਿਚ ਹੈ। ਉਹ ਹਉਮੈ ਦੇ ਅਸਰ ਹੇਠ ਹੀ ਕਰਤਾ ਤੇ ਕਾਰਣ ਹੈ। ਮਨੁੱਖ ਦਾ ਸੰਸਾਰ ਨਾਲ ਸੰਬੰਧ ਸਮਝਣ ਦਾ ਯਤਨ ਕਰੀਏ ਤਾਂ ਇਹ ਆਪਣੇ ਆਪ ਵਿਚ ਨਿੱਕਾ ਸੰਸਾਰ ਹੈ। ਗੁਰਬਾਣੀ ਵਿਚ ਸੰਸਾਰ ਨੂੰ ਬ੍ਰਹਿਮੰਡ ਅਤੇ ਮਨੁੱਖ ਨੂੰ ਪਿੰਡ ਕਿਹਾ ਹੈ:

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥[47]

ਇਸ ਤਰ੍ਹਾਂ ਬ੍ਰਹਿਮੰਡ ਤੇ ਪਿੰਡ ਇਕ ਹੀ ਹਨ। ਬਸ ਇਸ ਨੁਕਤੇ ਨੂੰ ਨਾਮ ਸਿਮਰਨ ਰਾਹੀਂ ਮਨੁੱਖ ਸਮਝ ਸਕਦਾ ਹੈ। ਇਸ ਦਾ ਹੱਲ ਗੁਰਮਤਿ ਵਿਚ ਮਿਲਦਾ ਹੈ:

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥[48]

ਹਉਮੈ ਦਾ ਰੁਖ ਗੁਰੂ ਦੇ ਭਾਣੇ ਰਾਹੀਂ ਬਦਲ ਜਾਂਦਾ ਹੈ। ਮਨੁੱਖ ਹਉਮੈ ਨੂੰ ਗੁਰੂ ਸਾਹਮਣੇ ਅਰਪਣ ਕਰਕੇ ਨਿਸ਼ਕਾਮ ਸੇਵਾ ਵਿਚ ਕਰਮ ਕਰਦਾ ਹੈ। ਸਦਗੁਣਾਂ ਨੂੰ ਅਪਣਾ ਕੇ ਹੀ ਆਪਣੇ ਮੂਲ ਮੰਤਵ ਵੱਲ ਭਾਵ ਉਸ ਅਕਾਲ ਪੁਰਖ ਵਿਚ ਅਭੇਦਤਾ ਸੰਭਵ ਹੈ। ਮਨੁੱਖੀ ਜੀਵਨ ਨੂੰ ਗੁਰਮਤਿ ਵਿਚ ਉੱਤਮ ਪ੍ਰਵਾਨ ਕੀਤਾ ਗਿਆ ਹੈ। ਮਾਨਸ ਜਨਮ ਦੁਰਲੱਭ ਹੈ। ਇਸ ਲਈ ਮਨੁੱਖ ਮਾਤਰ ਨੂੰ ਆਪਣੇ ਲਕਸ਼ ਪ੍ਰਤੀ ਸੁਚੇਤ ਹੋਣਾ ਜ਼ਰੂਰੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਲਕਸ਼ ਬਾਰੇ ਸੁਚੇਤ ਕੀਤਾ ਹੈ:

ਭਈ ਪਰਾਪਤਿ ਮਾਨੁਖ ਦੇਹੁਰੀਆ॥

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥[49]

ਸਮੁੱਚੀ ਗੁਰਬਾਣੀ ਇਕ ਸੱਚੇ ਪੁਰਖ ਦੀ ਸਿਰਜਣਾ ਨੂੰ ਦ੍ਰਿਸ਼ਟਮਾਨ ਕਰਦੀ ਹੈ। ਗੁਰੂ ਸਾਹਿਬ ਨੇ ਅਜਿਹੇ ਸਦਾਚਾਰੀ ਪੁਰਖ ਨੂੰ ਸੰਤ, ਸਾਧ ਜਾਂ ਗੁਰਮੁਖ ਕਿਹਾ ਹੈ। ਗੁਰੂ ਸਾਹਿਬ ਨੇ ਸਾਧਾਰਣ ਮਨੁੱਖ ਨੂੰ ਇਸ ਜੀਵਨ ਵਿਚ ਰਹਿੰਦਿਆਂ ਪਰਮ ਮਨੁੱਖ ਬਣਨ ਦਾ ਮਾਰਗ ਦਰਸਾਇਆ ਹੈ। ਅਜਿਹੇ ਸਦਾਚਾਰੀ ਸੱਤ ਪੁਰਖ ਨੂੰ 'ਬ੍ਰਹਮ ਗਿਆਨੀ' ਦੀ ਉਪਾਧੀ ਦਿੱਤੀ ਹੈ ਜੋ ਨਿਰਭਉ ਨਿਰਵੈਰ ਹੈ। ਇਸ ਸਮਾਜ ਦੀ ਇਕਾਈ ਮਨੁੱਖ ਹੈ ਅਤੇ ਮਨੁੱਖ ਆਪਣੇ ਆਪ ਨੂੰ ਸੰਪੂਰਨ ਬਣਾ ਕੇ ਵਿਸ਼ਵ ਲਈ ਚੰਗਾ ਵਾਤਾਵਰਨ ਸਿਰਜ ਸਕਦਾ ਹੈ। ਵਿਸ਼ਵ ਭਾਈਚਾਰੇ ਲਈ ਨੈਤਿਕਤਾ ਦਾ ਗੁਣ ਬਹੁਤ ਜ਼ਰੂਰੀ ਹੈ। ਮਨੁੱਖੀ ਜੀਵਨ ਦੀਆਂ ਪਦਾਰਥਕ, ਬੌਧਿਕ, ਸੁਹਜਾਤਮਕ, ਨੈਤਿਕ ਅਤੇ ਸਭ ਤੋਂ ਉੱਪਰ ਅਧਿਆਤਮਕ ਕਦਰਾਂ ਕੀਮਤਾਂ ਦਾ ਜੋ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੇ ਚਿੰਤਨ ਤੋਂ ਪ੍ਰਾਪਤ ਹੁੰਦਾ ਹੈ ਉਹ ਹੋਰ ਕਿਤੇ ਘੱਟ ਹੀ ਦੇਖਣ ਨੂੰ ਮਿਲਦਾ ਹੈ। ਗੁਰੂ ਸਾਹਿਬ ਨੇ ਭਗਤੀ ਭਾਵ ਦੇ ਨਾਲ ਸਦਾਚਾਰਕ ਗੁਣਾਂ ਦੇ ਅੰਤਰੀਵ ਸੰਬੰਧਾਂ ਨੂੰ ਬਾਣੀ ਰਾਹੀਂ ਬਿਆਨ ਕੀਤਾ ਹੈ:

ਵਿਣੁ ਗੁਣ ਕੀਤੇ ਭਗਤਿ ਨ ਹੋਇ ॥[50]

ਇਸ ਲਈ ਮਨੁੱਖ ਨੂੰ ਕਦਰਾਂ ਕੀਮਤਾਂ ਦਾ ਗਿਆਨ ਹੀ ਨਹੀਂ ਬਲਕਿ ਉਸ ਵਿਚ ਨੈਤਿਕ ਗੁਣ ਯਥਾਰਥਕ ਰੂਪ ਵਿਚ ਦਿਖਣੇ ਵੀ ਚਾਹੀਦੇ ਹਨ। ਬਾਣੀ ਵਿਚ ਕੇਵਲ ਮਨੁੱਖ ਨੂੰ ਅਧਿਆਤਮਿਕ ਖੰਡਾਂ ਦੇ ਪੜਾਵਾਂ ਬਾਰੇ ਹੀ ਜਾਣਕਾਰੀ ਨਹੀਂ ਦਿੱਤੀ ਬਲਕਿ ਉਸ ਨੂੰ ਬਾਰ-ਬਾਰ ਸਦਾਚਾਰ, ਸਚਿਆਰ, ਨਿਰਭਉ ਨਿਰਵੈਰ ਹੋਣ ਦੀ ਤਾਕੀਦ ਕਰ ਸਮਾਜਿਕ ਨੈਤਿਕਤਾ ਲਈ ਵੀ ਪ੍ਰੇਰਿਤ ਕੀਤਾ ਗਿਆ ਹੈ। ਸਿੱਖ ਨੈਤਿਕਤਾ ਵਿਚ ਸੰਤੋਖ, ਸੰਜਮ, ਉਪਕਾਰ, ਦਇਆ, ਬਹਾਦਰੀ ਤੇ ਨਿਆਸ਼ੀਲਤਾ ਦੇ ਗੁਣਾਂ ਉੱਤੇ ਬਲ ਹੈ, ਸੂਰਮਗਤੀ ਦੀ ਚਰਚਾ ਨੂੰ ਜਿਥੇ ਕਬੀਰ ਜੀ ਨੇ 'ਸੂਰਾ ਸੋ ਪਹਿਚਾਨੀਐ' ਕਿਹਾ ਹੈ ਉਥੇ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ:

ਸਰਬ ਧਰਮ ਮਹਿ ਸ੍ਰੇਸਟ ਧਰਮੁ ॥

ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥[51]

ਦਸ ਕੇ ਉਪਕਾਰ, ਨਿਆਂ ਅਤੇ ਨਿਰਵੈਰਤਾ ਵਿਚ ਮਨੁੱਖ ਨੂੰ ਵਿਚਰਨ ਲਈ ਆਖਿਆ ਹੈ। ਅਗਿਆਨਤਾ, ਹਉਮੈ, ਡਰ, ਵੈਰ ਮਨੁੱਖ ਨੂੰ ਮਨੁੱਖਤਾ ਦਾ ਦੁਸ਼ਮਣ ਬਣਾਉਂਦੇ ਹਨ ਜੋ ਵਿਸ਼ਵ ਪੱਧਰ ਉੱਤੇ ਵੀ ਅਸ਼ਾਂਤੀ ਅਤੇ ਅਸੁਰੱਖਿਆ ਦਾ ਵਾਤਾਵਰਨ ਪੈਦਾ ਕਰਦੇ ਹਨ। ਅਜਿਹੇ ਸਮੇਂ ਮਨੁੱਖ ਮਾਤਰ ਦੀ ਆਸ ਗੁਰਬਾਣੀ ਤੇ ਜਾ ਟਿਕਦੀ ਹੈ। ਡਰ ਨੂੰ ਵਹਿਮ ਜਾਂ ਭਰਮ ਵੀ ਕਿਹਾ ਜਾਂਦਾ ਹੈ। ਮਨੁੱਖੀ ਮਨ ਵਿਚ ਵਹਿਮ ਭਰਮ ਦਾ ਹੋਣਾ ਵੀ ਡਰ ਦੇ ਉਪਜਣ ਦਾ ਕਾਰਣ ਹੈ। ਕਈ ਵਹਿਮ ਭਰਮ ਅਜੋਕੇ ਯੁੱਗ ਵਿਚ ਵੀ ਲੋਕਾਂ ਵਿਚ ਮੌਜੂਦ ਹਨ। ਆਧੁਨਿਕਤਾ ਦੇ ਮਾਹੌਲ ਵਿਚ ਪੜ੍ਹੇ-ਲਿਖੇ ਲੋਕਾਂ ਨੇ ਵਹਿਮ ਭਰਮ ਛੱਡ ਦਿੱਤੇ ਹਨ ਪਰ ਪੇਂਡੂ ਲੋਕ ਅੱਜ ਵੀ ਵਹਿਮ ਦੇ ਡਰ ਹੇਠ ਹਨ। ਸਰਾਧ ਕਰਨੇ, ਮੜ੍ਹੀਆਂ ਪੂਜਣਾ, ਸੂਤਕ ਮੰਨਣਾ, ਜਾਦੂ-ਟੂਣੇ, ਸ਼ਗਨ, ਅਪਸ਼ਗਨ ਆਦਿ ਸਭ ਦਾ ਗੁਰਬਾਣੀ ਨੇ ਖੰਡਨ ਕੀਤਾ ਹੈ। ਨਿਰਭਉ ਹੋਣ ਲਈ ਡਰ ਵਿਚੋਂ ਨਿਕਲਣਾ ਜ਼ਰੂਰੀ ਹੈ। ਗੁਰਬਾਣੀ ਆਖਦੀ ਹੈ:

ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥[52]

ਮਨ ਦੀ ਪਵਿੱਤਰਤਾ ਹੀ ਅਸਲ ਭਗਤੀ ਹੈ:

ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥[53]

ਮਨ ਦੀ ਪਵਿੱਤਰਤਾ ਤੇ ਗਿਆਨ ਹੀ ਸਾਰੇ ਅਗਿਆਨ ਨੂੰ ਖ਼ਤਮ ਕਰਕੇ ਮਨੁੱਖ ਨੂੰ ਨਿਰਭਉ ਬਣਾਉਂਦੀ ਹੈ ਤਾਂ ਕਿ ਉਹ ਇਨ੍ਹਾਂ ਸਾਰੇ ਵਹਿਮਾ ਭਰਮਾਂ ਤੋਂ ਛੁੱਟ ਸਕੇ ਅਤੇ ਇਕ ਵਧੀਆ ਜੀਵਨ ਜਿਉਂ ਸਕੇ। ਗੁਰਬਾਣੀ

ਮਨੁੱਖ ਨੂੰ ਨਿਰਭਉ ਨਿਰਵੈਰ ਬਣਾ ਕੇ ਸੁਰੱਖਿਆ ਦਾ ਵਾਤਾਵਰਨ ਬਣਾਉਣ ਵਿਚ ਸਹਾਇਤਾ ਕਰਦੀ ਹੈ। ਮਨੁੱਖ ਆਸਾਂ ਉੱਪਰ ਵਿਚਰਦਾ ਹੈ, ਇਹੀ ਮਨੁੱਖ ਨੂੰ ਦੁੱਖੀ ਕਰਦਾ ਹੈ। ਇਸ ਦੇ ਟਾਕਰੇ ਤੇ ਨਿਰਮਲ ਭਉ ਸੁੱਖ ਦਾ ਸਾਧਨ ਬਣਦਾ ਹੈ। ਨਿਰਮਲ ਭਉ ਸਾਰੇ ਬ੍ਰਹਿਮੰਡ ਨੂੰ ਆਪਣੇ ਨਿਯੰਤ੍ਰਣ ਵਿਚ ਬੰਨ ਕੇ ਰੱਖਦਾ ਹੈ ਜਿਸ ਕਰਕੇ ਹਰੇਕ ਵਸਤੂ ਕੀ ਵੱਡੀ ਕੀ ਛੋਟੀ ਇਕ ਸੂਤਰ ਵਿਚ ਬੱਝੀ ਆਪਣਾ ਧਰਮ ਨਿਭਾਉਂਦੀ ਹੈ। ਨਿਰਮਲ ਭਉ ਹੀ ਸਭ ਨੂੰ ਆਪਣੇ ਧਰਮ ਕਰਮ ਵਿਚ ਲਾ ਕੇ ਰੱਖਦਾ ਹੈ। ਇਹੋ ਮਨੁੱਖ ਦੇ ਵਿਅਕਤਿਤਵ ਨੂੰ ਸੰਭਾਲਦਾ ਤੇ ਉਸ ਦੇ ਸ਼ਬਦ (ਬੋਲਾਂ) ਨੂੰ ਸੰਵਾਰਦਾ ਹੈ:

ਭੈ ਭਉ ਘੜੀਐ ਸਬਦਿ ਸਵਾਰਿ॥[54]

ਇਸ ਭੈ ਤੋਂ ਹੀ ਪ੍ਰਭੂ ਦੀ ਭਗਤੀ ਉਪਜਦੀ ਹੈ। ਭੈ ਤੇ ਭਗਤੀ ਸਦਕੇ ਹੀ ਗੁਰਮੁਖਾਂ ਨੂੰ ਪ੍ਰਭੂ ਦਾ ਮੇਲ ਪ੍ਰਾਪਤ ਹੁੰਦਾ ਹੈ। ਇਹ ਭਉ ਬੈਰਾਗ ਵੀ ਉਪਜਾਉਂਦਾ ਹੈ। ਗੁਰ-ਸ਼ਬਦ ਰਾਹੀਂ ਗੁਰਮੁਖ ਭਉਜਲ ਪਾਰ ਕਰ ਲੈਦਾ ਹੈ:

ਭਉ ਬੈਰਾਗੁ ਭਇਆ ਹੈ ਬੋਹਿਥੁ ਗੁਰੁ ਖੇਵਟੁ ਸਬਦਿ ਤਰਾਵੈਗੋ॥[55]

ਜਦ ਇਹ ਵਿਸਮਾਦੀ ਭਉ ਜਾਗਦਾ ਹੈ ਤਾਂ ਇਸ ਦੇ ਨਾਲ ਹੀ ਇਕ ਅਸਰਜ ਪ੍ਰੇਮ (ਭਾਉ) ਵੀ ਜਾਗਦਾ ਹੈ। ਤਦ ਭਉ ਤੇ ਭਾਉ ਇਕਮਿਕ ਹੋ ਕੇ ਅੰਦਰ ਵਰਤਦੇ ਹਨ। ਭਉ ਹੀ ਭਾਉ ਹੋਇਆ ਲੱਗਦਾ ਹੈ ਤੇ ਭਾਉ ਹੀ ਭਉ। ਇਹ ਇਸ ਵਿਚ ਧਰਮ ਨਿਰਮਲਤਾ ਦੇ ਦੋ ਅਨੂਪ ਦੀਦਾਰ ਦਿੱਸਦੇ ਹਨ: [56]

ਭਉ ਭਾਉ ਸਭੁ ਤਿਸ ਦਾ ਸੋ ਸਚੁ ਵਰਤੈ ਸੰਸਾਰਿ॥[57]

ਇਨ੍ਹਾਂ ਦੇ ਉਦੈ ਹੋਇਆਂ ਹੀ ਐਸੀ ਅਧਿਆਤਮਿਕ ਅਵਸਥਾ ਢਲਦੀ ਹੈ ਜਿਸ ਵਿਚ ਹਉਮੈ ਅਸਤ ਹੋ ਜਾਂਦੀ ਹੈ, ਨਾਲ ਹੀ ਉਹ ਪੰਜੇ ਕੁਕਰਮ ਵੀ ਬਿਨਸ ਜਾਂਦੇ ਹਨ, ਜਿਨ੍ਹਾਂ ਦੀ ਇਹ ਜਨਮ-ਦਾਤਾ ਮੰਨੀ ਜਾਂਦੀ ਹੈ।[58] ਆਤਮਾ ਭੈ ਭਾਇ ਦੇ ਰੰਗ ਵਿਚ ਰੰਗੀ ਜਾਂਦੀ ਹੈ। ਇਹ ਰੰਗ ਪੂਰਨ ਭਾਗ ਹੋਣ, ਤਾਂ ਗੁਰੂ ਦੇ ਉਪਦੇਸ਼ ਰਾਹੀਂ ਚੜ੍ਹਦਾ ਹੈ।[59] ਇਹ ਭਉ ਭਾਉ ਵਾਲੀ ਪ੍ਰੀਤ ਉਸੇ ਨੂੰ ਲੱਗਦੀ ਹੈ ਜਿਸ ਤੇ ਵਾਹਿਗੁਰੂ ਆਪ ਕਿਰਪਾ ਕਰੇ।[60] ਭੈ-ਭਾਇ-ਭਗਤੀ ਨਾਲ ਆਤਮਾ ਤ੍ਰਿਪਤ ਹੁੰਦੀ ਹੈ, ਸੰਤੋਖ ਆਉਂਦਾ ਹੈ ਤੇ ਅੰਦਰ ਸ਼ਾਂਤੀ ਵਰਤਦੀ ਹੈ। ਮਨ ਸੱਚੇ ਸ਼ਬਦ ਨਾਲ ਰੰਗਿਆ ਜਾਂਦਾ ਹੈ। ਬਾਣੀ ਦੀ ਸੇਧ ਮਨੁੱਖ ਨੂੰ ਸਚਿਆਰ ਬਣਾਉਂਦੀ ਹੈ। ਗੁਰੂ ਸਾਹਿਬ ਸੱਚ, ਸੰਤੋਖ, ਗਿਆਨ ਦੁਆਰਾ ਜੋਧਾ-ਮਹਾਬਲੀ, ਸੂਰਮੇ ਦੀ ਗੱਲ ਕਰਦੇ ਤੇ ਪਤਿ ਦੇ ਜੀਵਨ ਨੂੰ ਮਹੱਤਵ ਦਿੰਦੇ ਹੋਏ ਬਿਆਨ ਕਰਦੇ ਹਨ [61]:

ਜੇ ਜੀਵੈ ਪਤਿ ਲਥੀ ਜਾਇ

ਸਭੁ ਹਰਾਮੁ ਜੇਤਾ ਕਿਛੁ ਖਾਇ॥[62]

ਨਿਰਵੈਰ, ਸਦਾਚਾਰ, ਪਿਆਰ, ਨਿਮਰਤਾ, ਧੀਰਜ ਆਦਿ ਅਜਿਹੇ ਗੁਣਾਂ ਨੇ ਸਮਾਜ ਨੂੰ ਇਕੋ ਸੂਤਰ ਵਿਚ ਬੰਨਿਆ ਹੈ। ਇਹ ਮਨੁੱਖ ਨੂੰ ਸ਼ੁੱਭ ਅਮਲਾਂ ਲਈ ਪ੍ਰੇਰਿਤ ਕਰਦੇ ਹਨ। ਨਿਮਰਤਾ ਤੇ ਖਿਮਾ ਸਭਿਆਚਾਰ ਦੇ ਮੁੱਖ ਗੁਣ ਹਨ। ਨਿਮਰਤਾ ਨੂੰ ਸਾਰੀਆਂ ਚੰਗਿਆਈਆਂ ਦਾ ਤੱਤ ਕਿਹਾ ਹੈ। ਖਿਮਾ ਹਿਰਦੇ ਦੀ ਵਿਸ਼ਾਲਤਾ ਪ੍ਰਗਟਾਉਂਦੀ ਹੈ। ਖਿਮਾ ਭਾਵਨਾ ਨਾਲ ਬਦਲੇ ਦੀ ਅੱਗ ਬੁੱਝ ਜਾਂਦੀ ਹੈ। ਗੁਰਬਾਣੀ ਅਨੁਸਾਰ ਮਨੁੱਖ ਨੂੰ ਖਿਮਾ ਦਾ ਗੁਣ ਧਾਰਨ ਕਰਨਾ ਚਾਹੀਦਾ ਹੈ ਤਾਂ ਗੁਰੂ ਉਸ ਨੂੰ ਨਾਮ ਦਿੰਦਾ ਹੈ:

ਖਿਮਾ ਗਹੀ ਮਨੁ ਸਤਗੁਰਿ ਦੀਆ॥[63]

ਨੈਤਿਕ ਗੁਣਾਂ ਦੀ ਅਣਹੋਂਦ ਮਨੁੱਖ ਵਿਚ ਪਸ਼ੂ ਬਿਰਤੀ ਨੂੰ ਜਨਮ ਦਿੰਦੀ ਹੈ। ਜਿਸ ਵਿਚ ਉਹ ਆਪਣੀ ਅਤੇ ਦੂਜੇ ਦੀ ਹੋਂਦ ਲਈ ਖ਼ਤਰਾ ਬਣਦਾ ਹੈ। ਗੁਰਬਾਣੀ ਆਖਦੀ ਹੈ:

ਕਰਤੂਤਿ ਪਸੂ ਕੀ ਮਾਨਸ ਜਾਤਿ॥[64]

ਨੈਤਿਕ ਗਿਆਨ ਮਨੁੱਖ ਲਈ ਜ਼ਰੂਰੀ ਹੈ, ਇਹ ਮਨੁੱਖ ਨੂੰ 'ਸੁਭ ਕਰਮਨ ਤੇ ਕਬਹੂ ਨਾ ਟਰੋ' ਦਾ ਨਿਸਚਾ ਕਰਵਾਉਂਦਾ ਹੈ। ਵਿਸ਼ਵ ਭਾਈਚਾਰੇ ਦੇ ਗਿਆਨ ਦੀ ਭਾਵਨਾ ਸਮੁੱਚੀ ਵਿਸ਼ਵ ਜਾਤੀ ਪ੍ਰਤੀ ਮਨੁੱਖ ਵਿਚ ਮਿੱਤਰਤਾ ਦੀ ਭਾਵਨਾ ਪੈਦਾ ਕਰਦੀ ਹੈ। ਮਹਾਨ ਵਿਅਕਤੀ ਸਾਰੀ ਮਨੁੱਖ ਜਾਤੀ ਨਾਲ ਪ੍ਰੇਮ ਕਰਦਾ ਹੈ। ਉਹ ਮਾੜੇ-ਚੰਗੇ ਦੋਹਾਂ ਤਰ੍ਹਾਂ ਦੇ ਲੋਕਾਂ ਨਾਲ ਪ੍ਰੇਮ ਕਰਦਾ ਹੈ :[65]

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥[66]

ਜਦੋਂ ਮਨੁੱਖ ਪੰਚ ਚੋਰਾਂ ਤੇ ਕਾਬੂ ਪਾ ਲੈਂਦਾ ਹੈ ਤਾਂ ਉਸ ਵਿਚ ਤਿਆਗ ਸੰਜਮ, ਸੇਵਾ ਦੀ ਭਾਵਨਾ ਜਾਗ ਪੈਂਦੀ ਹੈ। ਉਸ ਦੀ ਪਸ਼ੂ ਬਿਰਤੀ ਖ਼ਤਮ ਹੋ ਜਾਦੀ ਹੈ ਅਤੇ ਵੈਰ ਵੀ ਖ਼ਤਮ ਹੋ ਜਾਂਦਾ ਹੈ। ਸਾਥੀ ਮਨੁੱਖਾਂ ਵਿਚ ਉਸ ਨੂੰ ਰੱਬ ਵਿਖਾਈ ਦਿੰਦਾ ਹੈ 'ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ' ।[67] ਇਸ ਤਰ੍ਹਾਂ ਨਿਰਭਉ ਨਿਰਵੈਰ ਮਨੁੱਖ ਇਕ ਸੱਭਿਅਕ ਸਮਾਜ ਦੀ ਸਿਰਜਣਾ ਕਰ ਸਕਦਾ ਹੈ।

ਅੱਜ ਮਨੁੱਖ ਨੇ ਕਾਫ਼ੀ ਤਰੱਕੀ ਕਰ ਲਈ ਹੈ। ਇਹ ਠੀਕ ਹੈ ਕਿ ਤਕਨੀਕੀ ਸਾਧਨਾਂ ਕਾਰਨ ਹਰ ਇਕ ਚੀਜ ਸਾਡੀ ਪਹੁੰਚ ਵਿਚ ਹੋ ਗਈ ਹੈ ਪਰ ਇਸ ਕਾਰਣ ਮਾਨਵੀ ਰਿਸ਼ਤਿਆਂ ਤੇ ਕਦਰਾਂ ਕੀਮਤਾਂ ਦਾ

ਘਾਣ ਹੋ ਰਿਹਾ ਹੈ। ਮਨੁੱਖ ਦੀ ਮਨੁੱਖ ਨਾਲ ਸਾਂਝ ਖਤਮ ਹੋ ਰਹੀ ਹੈ ਤੇ ਵੈਰ ਦੀ ਭਾਵਨਾ ਦਾ ਪਾਸਾਰ ਹੋ ਰਿਹਾ ਹੈ। ਅਜੋਕੇ ਸਮੇਂ ਸਮਾਨਤਾ ਨੂੰ ਪ੍ਰਮੁੱਖ ਕਦਰਾਂ ਵਿਚ ਸ਼ਾਮਿਲ ਕੀਤਾ ਗਿਆ ਹੈ ਫਿਰ ਵੀ ਨਸਲ, ਰੰਗ , ਜਾਤ, ਧਰਮ ਆਦਿ ਦੇ ਆਧਾਰ ਤੇ ਸਮਾਜ ਵਿਚ ਵੰਡੀਆਂ ਪਈਆਂ ਹੋਈਆਂ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਵੀ ਸਮਾਜ ਵਿਚ ਉਚ-ਨੀਚ, ਜਾਤ, ਧਰਮ, ਰੰਗ, ਨਸਲ, ਅਮੀਰ- ਗਰੀਬ ਆਦਿ ਦੇ ਨਾਂ ਤੇ ਅਸਮਾਨਤਾ ਦਾ ਬੋਲਬਾਲਾ ਸੀ। ਗੁਰੂ ਸਾਹਿਬ ਨੇ ਅਜਿਹੇ ਸਮੇਂ ਆਪਸੀ ਵੈਰ ਵਿਰੋਧ ਨੂੰ ਤਿਆਗ ਕੇ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ। ਗੁਰਬਾਣੀ ਵਿਚ ਵਾਰ-ਵਾਰ ਇਹ ਦੱਸਿਆ ਗਿਆ ਹੈ ਕਿ ਸਾਰੇ ਜੀਵ ਪਰਮਾਤਮਾ ਨੇ ਆਪ ਹੀ ਪੈਦਾ ਕੀਤੇ ਹਨ ਤੇ ਸਭ ਦੇ ਅੰਦਰ ਉਸ ਦੀ ਹੀ ਜੋਤਿ ਵਿਆਪਕ ਹੈ। ਪਰਮਾਤਾਮਾ ਨੇ ਬਿਨਾਂ ਕਿਸੇ ਭੇਦਭਾਵ ਦੇ ਜੀਵ ਪੈਦਾ ਕੀਤੇ ਤਾਂ ਫਿਰ ਅੱਜ ਸਮਾਜ ਵਿਚ ਇਹ ਵੰਡੀਆਂ ਕਿਉਂ ਹਨ। ਕਿਉਂ ਮਨੁੱਖ ਮਨੁੱਖ ਦਾ ਵੈਰੀ ਬਣ ਗਿਆ ਹੈ। ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਸਮੇਂ ਸਮਾਜ ਵਿਚ ਭੈ ਦਾ ਮਾਹੌਲ ਸੀ ਉਹੀ ਸਥਿਤੀ ਅੱਜ ਬਣ ਰਹੀ ਹੈ। ਗੁਰਬਾਣੀ ਹੀ ਇਸ ਭੈ ਨੂੰ ਖ਼ਤਮ ਕਰ, ਮਨੁੱਖ ਨੂੰ ਸਹੀ ਸੇਧ ਦੇ ਕੇ ਸਮਾਜ ਨੂੰ ਸੱਭਿਅਕ ਬਣਾਉਣ ਵਿਚ ਸਾਰਥਕ ਹੈ।

**ਅੰਤਰ ਧਰਮ ਸੰਵਾਦ:-** ਅੱਜ ਕੱਲ ਆਧੁਨਿਕ ਤਾਕਤਾਂ ਵੱਲੋਂ ਧਰਮ ਨੂੰ ਅਧਾਰ ਬਣਾ ਕੇ ਲੜੀ ਜਾਣ ਵਾਲੀ ਜੰਗ ਨੇ ਧਾਰਮਿਕ ਸੰਵੇਦਨਾ ਨੂੰ ਰਾਜਨੀਤਿਕ ਹਿੱਤਾਂ ਦੀ ਭੇਟ ਚੜ੍ਹਾ ਦਿੱਤਾ ਹੈ, ਜਿਸ ਨਾਲ ਧਰਮਾਂ ਵਿਚ ਆਪਸੀ ਵੈਰ ਵਿਰੋਧ ਅਤੇ ਵੰਡੀਆਂ ਵਧ ਗਈਆਂ ਹਨ। ਇਸ ਨਾਲ ਕਤਲੇਆਮ, ਗੁੰਡਾਗਰਦੀ ਹੋਣ ਕਾਰਨ ਮਨੁੱਖੀ ਜੀਵਨ ਦੀ ਸੁਰੱਖਿਆ ਖ਼ਤਰੇ ਵਿਚ ਆ ਗਈ ਹੈ। ਇਸ ਤਰ੍ਹਾਂ ਬਹੁਤ ਜਿਆਦਾ ਡਰ ਦੀ ਭਾਵਨਾ ਪੈਦਾ ਹੁੰਦੀ ਹੈ ਜਿਸ ਨੂੰ ਖ਼ਤਮ ਕਰ ਸ਼ਾਂਤੀ ਅਤੇ ਅਮਨ ਲਿਆਉਣਾ ਅਸੰਭਵ ਜਿਹਾ ਜਾਪਦਾ ਹੈ। ਨੇਪੋਲੀਅਨ ਹਿੱਲ ਅਨੁਸਾਰ ਡਰਨਾ ਮੂਰਖਤਾ ਹੈ, ਡਰ ਸਫਲਤਾ ਦਾ ਸਭ ਤੋਂ ਵੱਡਾ ਦੁਸ਼ਮਣ ਹੈ।[68] ਸੰਸਾਰ ਦੀਆਂ ਜਿਆਦਾਤਰ ਲੜਾਈਆਂ ਦਾ ਕਾਰਨ ਧਾਰਮਿਕ ਮਸਲੇ ਹੁੰਦੇ ਹਨ। ਜਿਸ ਨਾਲ ਮਨੁੱਖਤਾ ਦਾ ਹੀ ਕਤਲੇਆਮ ਹੋ ਰਿਹਾ ਹੈ। ਸੰਸਾਰ ਵਿਚ ਆਪਸੀ ਮਨੁੱਖੀ ਜਾਤ-ਪਾਤ, ਮੁਗਲਾਂ ਦਾ ਮੁਸਲਮਾਨ ਬਣਾਉਣ ਲਈ ਕੱਟੜਤਾ ਤੇ ਜ਼ੁਲਮ ਦੀ ਵਰਤੋਂ, ਗੋਰੇ ਕਾਲੇ ਨਸਲੀ ਹਮਲੇ, 1947 ਭਾਰਤ ਪਾਕਿ ਵੰਡ, 1984 ਕਤਲੇਆਮ, 9/11 ਅਮਰੀਕੀ ਹਮਲਾ, ਈਰਾਕ ਉਤੇ ਹਮਲੇ, ਅਫਗਾਨਿਸਤਾਨ ਵਿਚ ਅਣਮਨੁੱਖੀ ਜ਼ੁਲਮ ਆਦਿ ਅਨੇਕਾਂ ਘਟਨਾਵਾਂ ਜੋ ਕਿ ਧਰਮ ਦੇ ਨਾਂ ਉੱਤੇ ਮਨੁੱਖਤਾ ਦਾ ਕਤਲੇਆਮ ਹੀ ਸੀ।[69]

ਗੁਰਬਾਣੀ ਧਰਮਾਂ ਨੂੰ ਅੰਤਰ ਧਰਮ ਸੰਵਾਦ ਰਾਹੀਂ ਇਕ ਹੀ ਮੰਚ ਉਤੇ ਇਕੱਠਾ ਕਰਕੇ ਆਪਸੀ ਕੱਟੜਤਾ ਨੂੰ ਮਿਟਾਉਂਦੀ ਹੈ। ਸੰਸਾਰ ਦੀ ਵਿਭਿੰਨਤਾ ਅਤੇ ਵੰਨ-ਸੁਵੰਨਤਾ ਨੂੰ ਸਾਹਮਣੇ ਰੱਖਦੇ ਹੋਏ ਵੀ ਸੰਸਾਰਿਕ ਧਰਮ ਆਪਸ ਵਿਚ ਮਿਲ ਕੇ ਬੈਠਣ ਅਤੇ ਹਰੇਕ ਧਰਮ ਦੇ ਬੁਨਿਆਦੀ ਅਸੂਲਾਂ ਨੂੰ ਅਪਣਾਉਣ ਜੋ ਕਿ ਆਪਸੀ ਭਾਈਚਾਰਾ, ਨੈਤਿਕਤਾ, ਸੱਚ, ਦਇਆ, ਨੂੰ ਪ੍ਰਫੁੱਲਿਤ ਕਰਦੇ ਹਨ। ਗੁਰਬਾਣੀ ਸਿੱਖ, ਹਿੰਦੂ, ਇਸਾਈ, ਮੁਸਲਮਾਨ ਕੋਈ ਵੀ ਧਰਮ ਕਿਉਂ ਨਾ ਹੋਵੇ ਹਰੇਕ ਨੂੰ ਅਕਾਲ ਪੁਰਖ ਦੀ ਸੰਤਾਨ ਆਖਦੀ ਹੈ ਅਤੇ ਸਾਰਿਆਂ ਨੂੰ ਸਾਂਝਾ ਹੀ ਉਪਦੇਸ਼ ਦਿੰਦੀ ਹੈ। ਕੱਟੜਤਾ ਜੋ ਕਿ ਮਨੁੱਖਾਂ ਵਿਚ ਆਪਸੀ ਸਾਂਝ ਤੇ ਪ੍ਰੇਮ ਵਿਚ ਰੁਕਾਵਟ ਹੈ, ਗੁਰਬਾਣੀ ਉਸ ਨੂੰ ਵੀ ਨਿਰਵੈਰਤਾ ਨਾਲ ਦੂਰ ਕਰਦੀ ਹੈ। ਗੁਰਬਾਣੀ ਮਨੁੱਖ ਨੂੰ ਧਾਰਮਿਕ ਪੱਧਰ ਉਤੇ ਵੀ ਆਪਸੀ ਲੜਾਈ ਕਰਨ ਤੋਂ ਵਰਜਦੀ ਹੋਈ ਉਸ ਨੂੰ ਅੰਤਰ ਧਰਮ ਸੰਵਾਦ ਰਾਹੀ ਹੋਰਨਾਂ ਨਾਲ ਰਿਸ਼ਤਾ ਜੋੜਨ ਤੇ ਸੰਵਾਦ ਲਈ ਪ੍ਰੇਰਿਤ ਕਰਦੀ ਹੈ।ਜਿਵੇਂ ਪ੍ਰਸ਼ਨ:

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥[70]

ਇਸ ਤਿੱਖੇ ਪ੍ਰਸ਼ਨ ਦਾ ਉੱਤਰ ਸੰਵਾਦ ਰਾਹੀਂ ਗੁਰਬਾਣੀ ਇੰਝ ਦਿੰਦੀ ਹੈ:

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ॥[71]

ਇਹੀ ਗੁਰਬਾਣੀ ਦਾ ਮੀਰੀ ਗੁਣ ਹੈ ਜੋ ਮਨੁੱਖ ਨੂੰ ਪੂਰਨਤਾ ਵੱਲ ਲੈ ਜਾਂਦਾ ਹੈ ਕਿ ਵਾਦ ਵਿਵਾਦ ਨਾ ਕਰ, ਵੈਰ ਵਧਾਉਣਾ ਨਹੀਂ ਬਲਕਿ ਪਿਆਰ ਨਾਲ ਅੰਤਰ ਧਰਮ ਸੰਵਾਦ ਰਾਹੀਂ ਗਿਆਨ ਦਾ ਪ੍ਰਕਾਸ਼ ਕਰਨਾ ਹੈ। ਗੁਰਬਾਣੀ ਵਿਚ ਖੁੱਲਾ-ਡੁੱਲ੍ਹਾ ਜੀਵਨ ਜਿਉਂਦਿਆਂ, ਖਾਂਦਿਆਂ-ਪੀਂਦਿਆਂ, ਪਹਿਨਦਿਆਂ ਤੇ ਕਾਰ ਵਿਹਾਰ ਰਾਹੀਂ ਸਹਿਜ ਅਵਸਥਾ ਵਿਚ ਵਿਚਰਨ ਦੀ ਸੰਭਾਵਨਾ ਉਜਾਗਰ ਕੀਤੀ ਗਈ ਹੈ।[72]

**ਨਿਆਂ ਪ੍ਰਬੰਧ:-** ਅਜੋਕੀ ਰਾਜਨੀਤੀ ਦਾ ਧੁਰਾ ਵੀ ਨਿਰਾ-ਪੁਰਾ ਸੱਤਾ ਨੂੰ ਹਾਸਲ ਕਰਨਾ ਅਤੇ ਫੇਰ ਉਸ ਨੂੰ ਸਦਾ ਲਈ ਨਾ ਸਹੀ, ਜਿੰਨਾ ਚਿਰ ਸੰਭਵ ਹੋ ਸਕੇ ਹਰ ਤਰੀਕੇ ਨਾਲ ਕਾਇਮ ਰੱਖਣ ਦੇ ਜਤਨ ਕਰਨਾ ਹੈ। ਫਿਰ ਚਾਹੇ ਕਰਨੀ ਵਿਚ ਭ੍ਰਿਸ਼ਟਾਚਾਰ, ਲੋਭ, ਅਤੇ ਅਹੰਕਾਰ ਹੀ ਮੌਜੂਦ ਹੋਣ। ਅਜਿਹੇ ਵਰਤਾਰੇ ਦੇ ਮੰਦੇ ਪ੍ਰਭਾਵ ਤੋਂ ਸਮਾਜ ਵਿਚਲੇ ਲੋਕਤੰਤਰ ਵਾਲੇ ਰੰਗ ਧੁੰਧਲਾ ਜਾਂਦੇ ਹਨ। ਗੁਰਬਾਣੀ ਵਿਚ ਤਾਕੀਦ ਕੀਤੀ ਹੈ ਕਿ ਤਖ਼ਤ ਉੱਪਰ ਉਹੀ ਬੈਠੇ ਜੋ ਇਨਸਾਫ਼ ਕਰ ਸਕਦਾ ਹੋਵੇ, ਜਨਤਾ ਦੇ ਭੈਅ ਵਿਚ ਰਹੇ, ਪੰਚਾਇਤ ਦੀ ਉਲੰਘਣਾ ਨਾ ਕਰੇ, ਨਿਆਂ ਦਾ ਧਿਆਨ ਰੱਖਣ ਵਾਲਾ ਅਤੇ ਸੱਚ ਦੀ ਗੱਲ ਕਰ ਸਕਦਾ ਹੋਵੇ:

- ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥[73]

- ਰਾਜੇ ਚੁਲੀ ਨਿਆਵ ਕੀ ਪੜਿਆ ਸੁਚ ਧਿਆਨੁ॥[74]

ਦੁਨਿਆਵੀ ਰਾਜ ਜਿਆਦਾ ਦੇਰ ਤਕ ਨਹੀਂ ਰਹਿ ਸਕਦਾ। ਇਨ੍ਹਾਂ ਦਾ ਪ੍ਰਬੰਧ ਬਹੁਤੀ ਦੇਰ ਚਲ ਨਹੀਂ ਸਕਦਾ।

ਏਹੁ ਭੂਪਤਿ ਰਾਣੇ ਰੰਗ ਦਿਨ ਚਾਰਿ ਸੁਹਾਵਣਾ॥

ਏਹੁ ਮਾਇਆ ਰੰਗੁ ਕਸੁੰਭ ਖਿਨ ਮਹਿ ਲਹਿ ਜਾਵਣਾ॥[75]

ਬ੍ਰਹਮ ਦੇ ਰਾਜ ਵਿਚਲਾ ਨਿਆਂ ਪ੍ਰਬੰਧ ਹੀ ਅਸਲ ਪ੍ਰਬੰਧ ਹੈ। ਦੁਨੀਆਵੀ ਰਾਜੇ ਹਉਮੈ ਅਧੀਨ ਹਨ ਜਿਸ ਕਾਰਨ ਸਹੀ ਨਿਆਂ ਪ੍ਰਬੰਧ ਸੰਭਵ ਨਹੀਂ। ਕੇਵਲ ਰੁਕਾਵਟ ਹੀ ਬਣਦੀ ਹੈ। ਇਸ ਲਈ ਇਹ ਸਵੀਕਾਰ ਕੀਤਾ ਗਿਆ ਹੈ ਕਿ ਕੇਵਲ ਅਕਾਲ ਪੁਰਖ ਹੀ ਇਕ ਰਾਜਾ ਹੈ ਉਹੀ ਨਿਰਭਉ ਤੇ ਨਿਰਵੈਰ ਹੋਣ ਕਾਰਨ ਬਿਨ੍ਹਾਂ ਕਿਸੇ ਸੁਆਰਥ ਤੋਂ ਸਭ ਲਈ ਕਰਮਾਂ ਅਨੁਸਾਰ ਨਬੇੜੇ ਕਰਦਾ ਹੈ:

- ਕੋਊ ਹਰਿ ਸਮਾਨਿ ਨਹੀ ਰਾਜਾ॥

ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥[76]

- ਤਿਸੁ ਬਿਨੁ ਰਾਜਾ ਅਵਰੁ ਨ ਕੋਈ॥[77]

ਅਜਿਹੇ ਰਾਜੇ ਦਾ ਨਿਆਂ ਜਿਸ ਵਿਚ ਸਭ ਲਈ ਸਾਂਝੇ ਕੁਦਰਤੀ ਨਿਯਮ ਲਾਗੂ ਹਨ। ਇਕ ਅਜਿਹਾ ਰਾਜ ਜੋ ਕਿਸੇ ਜਾਤ, ਸਮਾਜ ਜਾਂ ਰਾਜਨੀਤਿਕ ਵਿਚਾਰਧਾਰਾ ਅਧੀਨ ਨਾ ਹੋ ਕੇ ਸਗੋਂ ਸਮੁੱਚੀ ਸਮਾਜਿਕ ਭਲਾਈ ਅਤੇ ਮਨੁੱਖੀ ਵਿਕਾਸ ਲਈ ਵਚਨਬੱਧ ਹੋਵੇ। ਸੰਗਤ, ਖਾਲਸਾ, ਗੁਰੂ ਗ੍ਰੰਥ, ਪੰਜ ਪਿਆਰੇ, ਗੁਰਮਤਾ, ਸਰਬੱਤ ਖਾਲਸਾ ਆਦਿ ਸਭ ਲੋਕ ਰਾਜੀ ਪ੍ਰਬੰਧ ਦਾ ਅਧਾਰ ਹਨ ਜੋ ਮਨੁੱਖੀ ਵਿਕਾਸ ਲਈ ਤਤਪਰ ਹਨ। ਗੁਰਬਾਣੀ ਵਿਚ ਸੰਸਾਰਕ ਹੁਕਮ ਜਾਂ ਪਤਿਸ਼ਾਹ ਨੂੰ 'ਕੂੜਾ ਜਾਂ ਝੂਠ' ਮੰਨ ਕੇ ਰੱਬ ਨੂੰ 'ਸੱਚੇ ਪਾਤਸ਼ਾਹ' ਦੇ ਰੂਪ ਵਿਚ ਚਿਤਰਿਆ ਹੈ। ਸਮਾਜਿਕ ਜੀਵਨ ਨੂੰ ਸਦਾਚਾਰਕ ਕਦਰਾਂ ਕੀਮਤਾਂ ਦੇ ਰਾਹੀਂ ਸੰਤੁਲਨ ਕਰਨਾ ਲਾਜ਼ਮੀ ਹੈ। ਗੁਰਬਾਣੀ ਇਕ ਆਦਰਸ਼ ਮਨੁੱਖ ਦੀ ਸਿਰਜਣਾ ਕਰਨ ਦਾ ਉਪਰਾਲਾ ਕਰਦੀ ਹੈ ਜੋ ਬ੍ਰਹਿਮੰਡ ਨਾਲ ਇਕ ਸੁਰ ਹੋ ਕੇ ਵੈਰ, ਵਿਰੋਧ ਤੇ ਵਿਤਕਰੇ ਤੋਂ ਉੱਪਰ ਉਠ ਸਰਬੱਤ ਦੇ ਭਲੇ ਲਈ ਕਾਰਜ ਕਰਦਾ ਹੈ। ਅਰਦਾਸ ਵਿਚ ਵੀ ਸਿੱਖ ਹਰ ਰੋਜ਼ ਗੁਰੂ ਸਾਹਿਬ ਅੱਗੇ ਬੇਨਤੀ ਕਰਦਾ ਹੈ ਕਿ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ'।

**ਇਸਤਰੀ ਦੀ ਸਥਿਤੀ:-** ਅੱਜ ਇਸਤਰੀ ਡਰ ਵਿਚ ਜੀਅ ਰਹੀ ਹੈ। ਸਮਾਜ ਵਿਚ ਪਰਦਾ ਪ੍ਰਥਾ ਤਾ ਖ਼ਤਮ ਹੋ ਗਈ ਹੈ ਪਰ ਇਸ ਦੀ ਜਗ੍ਹਾ ਸਮਾਜ ਵਿਚ ਦਾਜ ਪ੍ਰਥਾ, ਲਿੰਗ ਦੇ ਅਧਾਰ ਤੇ ਵਿਤਕਰਾ ਅੱਜ ਵੀ ਮੌਜੂਦ ਹੈ। ਗੁਰਬਾਣੀ ਦਾ ਚੇਤਨ ਗਿਆਨ ਸਾਰਥਕ ਕਰਦਾ ਹੈ 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥[78]' ਇਹ ਨਾਰੀ ਚੇਤਨਾ ਸਮਾਜ ਵਿਚ ਇਸਤਰੀ ਜਾਤੀ ਨੂੰ ਬਰਾਬਰਤਾ ਅਤੇ ਸਮਾਨਤਾ ਦਾ ਦਰਜਾ ਦਿੰਦੀ ਹੈ। ਇਸ ਚੇਤਨਾ ਨੂੰ ਸਮਝਦੇ ਹੋਏ ਪੂਰਨ ਮਨੁੱਖ ਜੋ ਕਿ ਗੁਰਬਾਣੀ ਅਨੁਸਾਰ ਨਿਰਭਉ ਨਿਰਵੈਰ ਦੀ ਪਦਵੀ ਨੂੰ ਪ੍ਰਾਪਤ ਕਰ ਚੁੱਕਾ ਹੈ, ਨਾਰੀ ਦਾ ਸਨਮਾਨ ਕਰਦਾ ਹੈ। ਸਿੱਖ ਧਰਮ ਵਿਚ ਸਮਾਜਿਕ ਮਰਯਾਦਾ ਦੀ ਗੱਲ ਕੀਤੀ ਗਈ ਹੈ। ਭਾਈ ਗੁਰਦਾਸ ਜੀ ਨੇ ਵਾਰਾਂ ਵਿਚ ਪਰ ਨਾਰੀ ਦੇ ਸੰਗ ਤੋਂ ਵਰਜਿਆ ਹੈ:

- ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ।[79]
- ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ।[80]

ਪੁਰਾਣੇ ਸਮੇਂ ਵਿਚ ਲੜਕੀਆਂ ਮਾਰਨ ਦਾ ਰਿਵਾਜ਼ ਸੀ, ਗੁਰੂ ਸਾਹਿਬ ਦੁਆਰਾ ਇਸ ਦਾ ਵਿਰੋਧ ਕੀਤਾ ਗਿਆ। ਰਹਿਤਨਾਮੇ ਵਿਚ ਜ਼ਿਕਰ ਮਿਲਦਾ ਹੈ:

ਗੁਰੂ ਕਾ ਸਿੱਖ ਕੰਨਯਾ ਨਾ ਮਾਰੇ, ਕੁੜੀ ਮਾਰ ਨਾਲ ਨ ਵਰਤੇ।[81]

ਭਾਈ ਗੁਰਦਾਸ ਜੀ ਇਸਤਰੀ ਬਾਰੇ ਆਪਣੀ ਵਾਰ ਵਿਚ ਲਿਖਦੇ ਹਨ:

ਲੋਕ ਵੇਦ ਗੁਣੁ ਗਿਆਨ ਵਿਚਿ ਅਰਧ ਸਰੀਰੀ ਮੋਖ ਦੁਆਰੀ।[82]

ਸਮਾਜ ਵਿਚ ਅੱਜ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਘੱਟ ਹਨ। ਇਸਤਰੀ ਦੀ ਬੇਪਤੀ ਕੀਤੀ ਜਾਂਦੀ ਹੈ। ਸਮੂਹਿਕ ਬਲਾਤਕਾਰ, ਅਪਹਰਨ ਦੀਆਂ ਖ਼ਬਰਾਂ ਆਏ ਦਿਨ ਟੈਲੀਵਿਜ਼ਨ ਤੇ ਅਖਬਾਰਾਂ ਦਾ ਵਿਸ਼ਾ ਰਹਿੰਦੀਆਂ ਹਨ। ਕਈ ਵਾਰ ਇਹ ਘਟਨਾਵਾਂ ਪਰਿਵਾਰਿਕ ਮੈਂਬਰਾ ਵਲੋਂ ਹੀ ਹੁੰਦੀਆਂ ਹਨ। ਜਿਸ ਕਾਰਨ ਅੱਜ ਦੀ ਇਸਤਰੀ ਭੈਅ ਦੇ ਮਾਹੌਲ ਵਿਚ ਹੈ। ਗੁਰਬਾਣੀ ਹਰੇਕ ਨੂੰ ਮਨੁੱਖੀ ਆਜ਼ਾਦੀ ਦਾ ਅਧਿਕਾਰ ਦਿੰਦੀ ਹੈ। ਇਸ ਲਈ ਗੁਰਬਾਣੀ ਮਨੁੱਖ ਨੂੰ ਮਨੁੱਖ ਪ੍ਰਤੀ ਸੱਭਿਅਕ ਬਣਨ ਦੀ ਤਾਕੀਦ ਕਰਦੀ ਹੈ। ਜਿਸ ਉੱਤੇ ਚਲ ਕੇ ਮਨੁੱਖ ਸਚਿਆਰ ਬਣ ਸਕਦਾ ਹੈ। ਇਕ ਅਜਿਹੇ ਸਮਾਜ ਦੀ ਸਿਰਜਣਾ ਹੋ ਸਕਦੀ ਹੈ ਜਿਸ ਵਿਚ ਸਭ ਬਰਾਬਰ ਹੋਣ। ਇਸਲਾਮ ਧਰਮ ਵਿਚ ਮਰਦ ਔਰਤ ਦਾ ਧਾਰਮਿਕ ਤੌਰ ਤੇ ਬਰਾਬਰ ਦਾ ਰਿਸ਼ਤਾ ਹੈ, ਪਰ ਸਮਾਜਿਕ ਤੌਰ ਤੇ ਪਰਦੇ ਦੀ ਪ੍ਰਥਾ ਅੱਜ ਵੀ ਸਾਨੂੰ ਸਮਾਜ ਵਿਚ ਵੇਖਣ ਨੂੰ ਮਿਲਦੀ ਹੈ। ਇਸ ਨਾਲ

ਮੁਸਲਮਾਨਾਂ ਵਿਚ ਬਰਾਬਰੀ ਦੀ ਭਾਵਨਾ ਪਰੇ ਰਹਿ ਜਾਂਦੀ ਹੈ। ਹਿੰਦੂ ਧਰਮ ਵਿਚ ਅੱਜ ਵੀ ਮਰਦ ਪ੍ਰਧਾਨਤਾ ਸ਼ਾਮਿਲ ਹੈ। ਹਵਨ, ਯੱਗ, ਮੰਤਰਾਂ ਦਾ ਉਚਾਰਨ ਆਦਿ ਕਰਨ ਵਿਚ ਇਸਤਰੀਆਂ ਦੂਸਰੇ ਸਥਾਨ ਉੱਤੇ ਹਨ ਜੋ ਕਿ ਬਰਾਬਰਤਾ ਨੂੰ ਢਾਹ ਲਾਉਂਦੀਆਂ ਪ੍ਰੰਪਰਾਵਾਂ ਹਨ ਪਰ ਗੁਰੂ ਸਾਹਿਬ ਦਾ ਨਿਰਵੈਰਤਾ ਦਾ ਸੰਕਲਪ ਮਰਦ ਅਤੇ ਔਰਤ ਦੋਹਾਂ ਨੂੰ ਬਰਾਬਰ ਦਾ ਸਨਮਾਨ ਦੇ ਕੇ ਸਮਾਜ ਵਿਚ ਸਮਾਨਤਾ ਪੈਦਾ ਕਰਦਾ ਹੈ।

**ਵਿਸ਼ਵ ਭਾਈਚਾਰਾ ਅਤੇ ਸਾਂਝੀਵਾਲਤਾ:-** ਗੁਰਬਾਣੀ ਦਾ ਗਿਆਨ ਅਜਿਹੇ ਮਨੁੱਖ ਦੀ ਘਾੜਤ ਘੜਦਾ ਹੈ ਜੋ ਨਿਰਭਉ ਦੇ ਨਾਲ-ਨਾਲ ਨਿਰਵੈਰ ਵੀ ਹੈ। ਸਾਰੇ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਸਦਾਚਾਰ ਦੇ ਵਿਸ਼ੇਸ਼ ਗੁਣ ਜਿਵੇਂ ਸਮਾਨਤਾ, ਸੱਚਾਈ, ਦਇਆ, ਪਵਿੱਤਰਤਾ ਆਦਿ ਤੇ ਬਲ ਦਿੱਤਾ ਹੈ ਤਾਂ ਜੋ ਇਕ ਸੰਪੂਰਨ ਮਨੁੱਖ ਦੀ ਸਿਰਜਣਾ ਹੋ ਸਕੇ ਜੋ ਨਿਜ ਕੇਂਦਰਿਤ ਨਹੀਂ ਬਲਕਿ ਦੂਸਰਿਆਂ ਪ੍ਰਤੀ ਸੁਤੰਤਰਤਾ ਤੇ ਪਰਉਪਕਾਰ ਲਈ ਉਤਸੁਕ ਹੈ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥
ਲੋਗਾ ਭਰਮਿ ਨ ਭੂਲਹੁ ਭਾਈ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥ ਰਹਾਉ॥
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ॥
ਨਾ ਕਛੁ ਪੋਚ ਮਾਟੀ ਕੇ ਭਾਂਡੇ ਨਾ ਕਛੁ ਪੋਚ ਕੁੰਭਾਰੈ॥
ਸਭ ਮਹਿ ਸਚਾ ਏਕੋ ਸੋਈ ਤਿਸ ਕਾ ਕੀਆ ਸਭੁ ਕਛੁ ਹੋਈ॥
ਹੁਕਮੁ ਪਛਾਨੈ ਸੁ ਏਕੋ ਜਾਨੈ ਬੰਦਾ ਕਹੀਐ ਸੋਈ॥[83]

ਇਨ੍ਹਾਂ ਪੰਕਤਿਆਂ ਵਿਚ ਅਜਿਹੀ ਬ੍ਰਹਿਮੰਡੀ ਚੇਤਨਾ ਦਾ ਵਿਰਾਟ ਸਰੂਪ ਬਣਦਾ ਹੈ ਜੋ ਮਨੁੱਖ ਮਾਤਰ ਦੀ ਰੂਹਾਨੀ ਏਕਤਾ ਅਤੇ ਬਰਾਬਰੀ ਦਾ ਲਖਾਇਕ ਹੋ ਨਿਬੜਦਾ ਹੈ। ਮਨੁੱਖੀ ਭਾਈਚਾਰੇ ਵਿਚ ਰੁਕਾਵਟਾਂ ਵੀ ਆਉਂਦੀਆ ਹਨ ਜਿਵੇਂ ਗੁਰੂ ਸਾਹਿਬ ਦੇ ਸਮੇਂ ਵੱਖ-ਵੱਖ ਵਰਗਾਂ ਦਾ ਹੋਣਾ। ਇਨ੍ਹਾਂ ਬਾਰੇ ਗੁਰੂ ਸਾਹਿਬ ਨੇ ਆਖਿਆ:

ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥

ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥[84]

ਜਾਤ ਪਾਤ, ਰੰਗ, ਨਸਲ ਦੇ ਆਧਾਰ ਤੇ ਲੜਾਈਆਂ ਹੋ ਰਹੀਆਂ ਸਨ। ਸ਼ੂਦਰਾਂ ਨਾਲ ਬੁਰਾ ਵਿਵਹਾਰ ਕੀਤਾ ਜਾਂਦਾ ਸੀ। ਉਨ੍ਹਾਂ ਨੂੰ ਕੋਈ ਸਤਿਕਾਰ ਪ੍ਰਾਪਤ ਨਹੀਂ ਸੀ। ਜਗਬੀਰ ਸਿੰਘ ਲਿਖਦੇ ਹਨ, "ਤਤਕਾਲੀਨ ਭਾਰਤੀ ਜੀਵਨ ਵਿਚ ਹਿੰਦੂ ਅਤੇ ਮੁਸਲਮਾਨ ਦੋ ਪ੍ਰਮੁੱਖ ਧਾਰਮਿਕ ਸ਼੍ਰੇਣੀਆ ਸਨ ਪਰ ਦੋਹਾਂ ਦੀ ਸਮਾਜਿਕ ਬਣਤਰ ਵਿਚ ਨੈਤਿਕ ਗਿਰਾਵਟ ਪ੍ਰਵੇਸ਼ ਕਰ ਚੁੱਕੀ ਸੀ। ਹਿੰਦੂ ਧਰਮ ਦੀ ਜਾਤੀ ਪ੍ਰਥਾ ਸੰਕੀਰਣਤਾ ਦਾ ਸ਼ਿਕਾਰ ਹੋ ਕੇ ਮਾਨਵ ਵਿਰੋਧੀ ਬਣ ਗਈ ਸੀ। ਇਕ ਵਾਰ ਫੇਰ ਮਹਾਤਮਾ ਬੁੱਧ ਦੀ ਲੋੜ ਮਹਿਸੂਸ ਹੋਣ ਲਗ ਪਈ ਸੀ ਜੋ ਇਨ੍ਹਾਂ ਬਨਾਵਟੀ ਬੰਧਨਾਂ ਨੂੰ ਤੋੜ ਕੇ ਮਨੁੱਖ ਦੇ ਵਾਸਤਤਿਕ ਗੌਰਵ ਨੂੰ ਮੁੜ ਸਥਾਪਿਤ ਕਰ ਦੇਵੇ।"[85] ਗੁਰੂ ਸਾਹਿਬ ਨੇ ਸਭ ਨੂੰ ਸਾਂਝੀਵਾਲਤਾ ਦਾ ਸੁਨੇਹਾ ਦਿੱਤਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਸਾਰਿਆਂ ਵਿਚ ਇਕੋ ਜੋਤ ਵਿਦਮਾਨ ਹੈ।[86] ਉਨ੍ਹਾਂ ਅਨੁਸਾਰ ਜਾਤ ਜਾਂ ਗੋਤ ਦੇ ਅਧਾਰ ਤੇ ਮਾਨਵੀ ਵੰਡ ਉਚਿਤ ਨਹੀਂ। ਜੋਤ ਸਦੀਵੀ ਸੱਚ ਹੈ ਅਤੇ ਜਾਤ ਝੂਠ:

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥[87]

ਜੋ ਸੱਚ ਦੀ ਪਛਾਣ ਕਰਦੇ ਹਨ ਅਤੇ ਜੋਤ ਨੂੰ ਜਾਣ ਲੈਂਦੇ ਹਨ ਉਨ੍ਹਾਂ ਦੇ ਮਨ ਵਿਚ ਵਿਤਕਰੇ ਦੀ ਭਾਵਨਾ ਖ਼ਤਮ ਹੋ ਜਾਂਦੀ ਹੈ। ਉਸ ਵਿਚ ਆਪਸੀ ਭਾਈਚਾਰਕ ਏਕਤਾ ਦੀ ਭਾਵਨਾ ਪ੍ਰਫੁੱਲਿਤ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਮੁਚੀ ਭਾਈਚਾਰਕ ਏਕਤਾ ਦਾ ਗ੍ਰੰਥ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਦਨ ਕਲਾ ਦੀ ਵਿਭਿੰਨਤਾ ਅਨੇਕਤਾ ਵਿਚ ਏਕਤਾ ਨੂੰ ਦਰਸਾਉਂਦੀ ਹੈ। ਸਮੁੱਚੀ ਕੁਦਰਤ ਅਕਾਲ ਪੁਰਖ ਦਾ ਆਪਣਾ ਸਰੂਪ ਹੈ, ਗੁਰਬਾਣੀ ਅਨੁਸਾਰ:

- ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥[88]
- ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪ ਹੈ ਹਰਿ ਰੂਪੁ ਨਦਰੀ ਆਇਆ॥[89]

ਇਕ ਅਕਾਲ ਪੁਰਖ ਦੇ ਨੂਰ ਤੋਂ ਹੀ ਸਭ ਜਗ ਉਪਜਿਆ ਹੈ, ਇਸ ਲਈ ਸਭ ਬਰਾਬਰ ਹਨ। ਰੱਬ ਬ੍ਰਹਿਮੰਡ ਵਿਚ ਵਿਆਪਕ ਹੈ।[90] ਸਾਰੇ ਮਨੁੱਖ ਆਪਸ ਵਿਚ ਭਰਾ ਹਨ ਕਿਉਂ ਜੋ ਉਨ੍ਹਾਂ ਦਾ ਪਿਤਾ ਇਕ ਅਕਾਲ ਪੁਰਖ ਹੈ :

- ਨਾਨਕ ਪਿਤਾ ਮਾਤਾ ਹੈ ਹਰਿ ਪ੍ਰਭੁ ਹਮ ਬਾਰਿਕ ਹਰਿ ਪ੍ਰੀਤਿਪਾਰੇ॥[91]

- ਪਿਤਾ ਹਮਾਰੋ ਵਡ ਗੋਸਾਈ ॥[92]

ਸਾਰੀ ਧਰਤੀ ਦੇ ਜੀਵ ਉਸੇ ਦਾ ਹੀ ਰੂਪ ਅਤੇ ਬੱਚੇ ਹਨ। ਇਸ ਤਰ੍ਹਾਂ ਸਮੁੱਚੀ ਮਾਨਵ ਜਾਤੀ ਭਾਈਚਾਰਕ ਸਾਂਝ ਵਿਚ ਬੱਝ ਜਾਂਦੀ ਹੈ:

- ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥[93]

- ਤੂੰ ਸਾਝਾ ਸਾਹਿਬੁ ਬਾਪੁ ਹਮਾਰਾ॥[94]

ਜਾਤ-ਪਾਤ, ਰੰਗ, ਨਸਲ ਅਧਾਰਿਤ ਭੇਦਭਾਵ ਨੂੰ ਗੁਰੂ ਸਾਹਿਬ ਜੀ ਨੇ ਪੂਰਨ ਤੌਰ ਤੇ ਰੱਦ ਕੀਤਾ ਹੈ ਅਤੇ ਅਮਲਾਂ ਦੇ ਹੀ ਨਬੇੜੇ ਦੀ ਗੱਲ ਕੀਤੀ ਹੈ। ਗੁਰੂ ਸਾਹਿਬ ਜੀ ਨੇ ਮਨੁੱਖੀ ਭਾਈਚਾਰੇ ਲਈ ਪ੍ਰੇਮ, ਪਿਆਰ ਨੂੰ ਜ਼ਰੂਰੀ ਦੱਸਿਆ ਹੈ। ਜਦੋਂ ਅਸੀਂ ਸਾਰੇ ਭਰਾ ਹਾਂ ਅਤੇ ਇਕ ਹੀ ਪਿਤਾ ਦੀ ਸੰਤਾਨ ਹਾਂ ਤਾਂ ਅਸੀਂ ਇਕ ਦੂਜੇ ਨਾਲ ਵਿਤਕਰਾ ਕਿਉਂ ਕਰਦੇ ਹਾਂ। ਜਦੋਂ ਜਗਤ ਪਿਤਾ ਸਭ ਦਾ ਇਕ ਹੈ ਅਤੇ ਸਭ ਅੰਦਰ ਉਸ ਦੀ ਜੋਤ ਹੈ ਤਾਂ ਕੋਈ ਵੀ ਮੰਦਾ ਨਹੀਂ, ਸਭ ਬਰਾਬਰ ਅਤੇ ਸਾਮਾਨ ਹਨ:

- ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥[94]

- ਜੀਅ ਜੰਤ ਸਭਿ ਤਿਸ ਦੇ ਸਭਨਾ ਕਾ ਸੋਈ॥ ਮੰਦਾ ਕਿਸ ਨੋ ਆਖੀਐ ਜੇ ਦੂਜਾ ਹੋਈ॥[95]

- ਮੰਦਾ ਕਿਸ ਨੋ ਆਖੀਐ ਜਾ ਸਭਨਾ ਸਾਹਿਬੁ ਏਕੁ॥[96]

ਨਿਰਗੁਣ ਤੇ ਸਰਗੁਣ ਸਰੂਪ ਉਹ ਆਪ ਹੀ ਹੈ। ਦੋਸਤ ਤੇ ਦੁਸ਼ਮਣ ਵਿਚ ਵੀ ਉਹੀ ਹੋਣ ਕਰਕੇ ਗੁਰਮਤਿ ਦੋਹਾਂ ਨੂੰ ਸਮਾਨ ਮੰਨਦੀ ਹੈ:

- ਆਪਿ ਅਕਾਰੁ ਆਪਿ ਨਿਰੰਕਾਰੁ॥[97]

- ਮ੍ਰਿਤ ਸਤ੍ਰ ਜਾ ਕੈ ਏਕ ਸਮਾਨੈ॥[98]

ਅਧਿਆਤਮਿਕਤਾ ਦੇ ਪਾਂਧੀ ਦਾ ਮੁੱਖ ਲਕਸ਼ ਪਰਮਾਤਮਾ ਵਿਚ ਇਕਮਿਤਾ ਪ੍ਰਾਪਤ ਕਰਨਾ ਹੈ। ਪਰਮਾਤਮਾ ਵਿਚ ਇਕ ਹੋਣਾ ਭਾਵ ਉਸ ਦੀ ਸ੍ਰਿਸ਼ਟੀ ਦੀ ਵਿਭਿੰਨਤਾ ਵਿਚ ਏਕਤਾ ਨੂੰ ਬੁਝਣਾ। ਇਸ ਲਈ ਗੁਰਮਤਿ ਦਾ ਸੰਦੇਸ਼ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ' ਨੂੰ ਆਪਣੇ ਅਨੁਭਵ ਰਾਹੀਂ ਜਾਣਨਾ

ਹੈ। ਜਿਸ ਨਾਲ ਆਪਸੀ ਨਿਰਵੈਰਤਾ ਦੀ ਭਾਵਨਾ ਪ੍ਰਫੁੱਲਿਤ ਹੁੰਦੀ ਹੈ। ਨਿਰਭਉ ਨਿਰਵੈਰ ਰੂਪੀ ਆਦਰਸ਼ ਮਨੁੱਖ ਹੀ ਇਕ ਅਜਿਹੇ ਸਮਾਜ ਦੀ ਸਿਰਜਣਾ ਕਰ ਸਕਦਾ ਹੈ ਜਿਸ ਦਾ ਸੁਪਨਾ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਭਗਤ ਰਵਿਦਾਸ ਜੀ ਨੇ ਹੇਠ ਲਿਖੇ ਸ਼ਬਦਾਂ ਵਿਚ ਪ੍ਰਗਟ ਕੀਤਾ ਹੈ:-

- ਹੁਣਿ ਹੁਕਮੁ ਹੋਆ ਮਿਹਰਵਾਣ ਦਾ॥
  ਪੈ ਕੋਇ ਨ ਕਿਸੈ ਰਞਾਣਦਾ ॥
  ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥[99]
- ਬੇਗਮ ਪੁਰਾ ਸਹਰ ਕੋ ਨਾਉ॥
  ਦੂਖੁ ਅੰਦੋਹੁ ਨਹੀ ਤਿਹਿ ਠਾਉ॥[100]

ਸਮਾਜ ਵਿਚ ਹਲੇਮੀ ਰਾਜ ਤੇ ਬੇਗਮਪੁਰਾ ਦਾ ਸੰਕਲਪ ਤਾਂ ਹੀ ਪੂਰਾ ਹੋ ਸਕਦਾ ਹੈ ਜੇਕਰ ਮਨੁੱਖ ਆਪਣੇ ਨਿਜਤਵ ਤੋਂ ਉੱਪਰ ਉਠ ਸਕੇ। ਆਪਣੇ ਨਿਜਵਤ ਤੋਂ ਉੱਪਰ ਉਠ ਗੁਰੂ ਸ਼ਬਦ ਦੀ ਕਮਾਈ ਕਰ ਨਿਰਭਉ ਨਿਰਵੈਰ ਪਦ ਦੀ ਪ੍ਰਾਪਤੀ ਕਰੇ। ਤ੍ਰਿਲੋਚਨ ਸਿੰਘ ਲਿਖਦੇ ਹਨ, "ਗੁਰੂ ਸਾਹਿਬਾਨ ਨੇ ਕੌਮੀ ਚੇਤਨਾ ਵਿਚ ਯਥਾਰਥ ਸੂਝ ਤੇ ਅਸਲੀਅਤ ਦਾ ਸਿਹਤਮੰਦ ਅਨੁਭਵ ਲਿਆ ਕੇ ਇਸ ਨੂੰ ਦ੍ਰਿੜ ਤੇ ਬਲਸ਼ੀਲ ਕੀਤਾ। ਮਨੁੱਖ ਦੀ ਸੁੱਤੀ ਹੋਈ ਅਣਖ ਨੂੰ ਜਗਾਇਆ। ਇਸ ਨਾਲ ਜਿਹੜੀ ਸਿੱਖ ਸਖਸ਼ੀਅਤ ਸਾਹਮਣੇ ਆਈ ਉਹ ਗੁਰੂ ਸੰਗਤ ਤੋਂ ਗੁਰੂ ਖਾਲਸਾ ਤਕ ਦਾ ਸਫ਼ਰ ਤਹਿ ਕਰਦੀ ਹੈ।" [101]

ਅੰਤ ਵਿਚ ਅਸੀ ਕਹਿ ਸਕਦੇ ਹਾਂ ਕਿ ਅੱਜ ਦੇ ਆਧੁਨਿਕ ਪਦਾਰਥਵਾਦੀ ਅਤੇ ਵਿਕਸਿਤ ਸੰਸਾਰ ਵਿਚ ਤਰੱਕੀ ਦੀ ਹੋੜ ਵਿਚ ਮਨੁੱਖ ਜਾਤੀ ਨੂੰ ਮਨੁੱਖਤਾ ਦੀ ਪਹਿਲ ਕਰਨੀ ਚਾਹੀਦੀ ਹੈ। ਜੀਵਨ ਦੇ ਹਰੇਕ ਪੱਖ ਦੀ ਅਨੈਤਿਕਤਾ ਨੂੰ ਹਟਾਉਣ ਲਈ ਜ਼ਰੂਰੀ ਹੈ ਕਿ ਮਨੁੱਖ ਗੁਰਬਾਣੀ ਦੀ ਸੇਧ ਅਨੁਸਾਰ ਜੀਵਨ ਬਤੀਤ ਕਰੇ ਅਤੇ ਨਿਰਭਉ ਨਿਰਵੈਰ ਦੇ ਸੰਕਲਪ ਨੂੰ ਆਪਣੇ ਜੀਵਨ ਦਾ ਆਧਾਰ ਬਣਾਵੇ। ਜਿਸ ਨਾਲ ਸਮਾਜਿਕ ਤਾਣਾ ਬਾਣਾ ਤਾਂ ਸੁਧਰੇਗਾ ਹੀ ਨਾਲ ਹੀ ਮਨੁੱਖੀ ਤਰੱਕੀ, ਪਰਉਪਕਾਰ, ਮਿਲਵਰਤਨ, ਭਾਈਚਾਰਾ, ਸਾਂਝੀਵਾਲਤਾ ਦਾ ਜੋ ਸੁਨੇਹਾ ਗੁਰਬਾਣੀ ਦਿੰਦੀ ਹੈ ਉਹ ਵਿਸ਼ਵ ਪੱਧਰ ਤੇ ਪ੍ਰਫੁੱਲਿਤ ਹੋਵੇਗਾ। ਬਸ ਲੋੜ ਹੈ ਤਾਂ ਅਜੋਕੇ ਮਨੁੱਖ ਨੂੰ ਨਿਰਭਉ ਨਿਰਵੈਰ ਦੇ ਸੰਕਲਪ ਨੂੰ ਅਪਣਾਉਣ ਦੀ ਜਿਸ ਨਾਲ ਜੀਵਨ ਦੇ ਸਾਰੇ ਪੱਖਾਂ ਵਿਚ ਸੱਚ ਸਮਾਵੇਗਾ ਅਤੇ ਬੇਗਮਪੁਰਾ ਸਮਾਜ ਦੀ ਸਥਾਪਨਾ ਸੰਭਵ ਹੋ ਸਕੇਗੀ।

**ਹਵਾਲੇ:-**


1. ਜਗਬੀਰ ਸਿੰਘ(ਡਾ.),*ਸ੍ਰੀ ਗੁਰੂ ਗ੍ਰੰਥ ਸਾਹਿਬ ਸਮਕਾਲੀਨ ਪ੍ਰਾਸੰਗਿਕਤਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012, ਪੰਨਾ 81.
2. ਸਤਿਬੀਰ ਸਿੰਘ(ਸ.),"ਸਮਾਜਕ ਨਿਆਂ ਲਈ ਸੰਘਰਸ਼, ਅਜੋਕੀ ਲੋੜ", ਚਮਕੌਰ ਸਿੰਘ(ਸੰਪਾ.), *ਗੁਰਮਤਿ ਪ੍ਰਕਾਸ਼*, ਪੰਨਾ 47.
3. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 1414.
4. ਕਾਨ੍ਹ ਸਿੰਘ ਨਾਭਾ(ਭਾਈ),*ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 320.
5. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 932.
6. *ਉਹੀ,* ਪੰਨਾ 790.
7. ਭਾਈ ਵੀਰ ਸਿੰਘ,*ਵਾਰਾਂ ਭਾਈ ਗੁਰਦਾਸ ਸਟੀਕ*, ਵਾਰ 12, ਪਉੜੀ 4, ਪੰਨਾ 198.
8. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 8.
9. ਕਾਨ੍ਹ ਸਿੰਘ ਨਾਭਾ(ਭਾਈ),*ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ਪੰਨਾ 307.
10. ਬਲਵਿੰਦਰ ਸਿੰਘ,*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁੰਜੀਵਤ ਸ਼ਬਦ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਅਪ੍ਰੈਲ 2000, ਪੰਨਾ 149.
11. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 624.
12. *ਉਹੀ,* ਪੰਨਾ 1381.
13. ਜਸਵੰਤ ਸਿੰਘ ਨੇਕੀ,*ਗੁਰਮਤਿ ਮਨੋਵਿਗਿਆਨ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦੂਜੀ ਵਾਰ, 2012, ਪੰਨਾ 98.
14. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 479.
15. ਜਸਵੰਤ ਸਿੰਘ ਨੇਕੀ,*ਗੁਰਮਤਿ ਮਨੋਵਿਗਿਆਨ*, ਪੰਨਾ 98.
16. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 781.
17. *ਉਹੀ,* ਪੰਨਾ 553.

18. *ਉਹੀ,* ਪੰਨਾ 553.

19. ਕਾਨ੍ਹ ਸਿੰਘ ਨਾਭਾ(ਭਾਈ), *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 1074.

20. ਬਲਵਿੰਦਰ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁੰਜੀਵਤ ਸ਼ਬਦ,* ਪੰਨਾ 150.

21. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 876.

22. *ਉਹੀ,* ਪੰਨਾ 918.

23. ਭਾਈ ਵੀਰ ਸਿੰਘ, *ਵਾਰਾਂ ਭਾਈ ਗੁਰਦਾਸ ਸਟੀਕ,* ਵਾਰ 12 , ਪਉੜੀ 4, ਪੰਨਾ 198.

24. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 141.

25. *ਉਹੀ,* ਪੰਨਾ 1378.

26. *ਉਹੀ,* ਪੰਨਾ 26.

27. ਹਿੰਮਤ ਸਿੰਘ ਸੋਢੀ(ਪ੍ਰੋ.), "ਗੁਰਬਾਣੀ ਵਿਚ ਨਵੇਂ ਮਨੁੱਖ ਦਾ ਸੰਕਲਪ", ਰਤਨ ਸਿੰਘ ਜੱਗੀ(ਸੰਪਾ.), *ਖੋਜ ਪਤ੍ਰਿਕਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸਤੰਬਰ 1985, ਅੰਕ 26, ਪੰਨਾ 52.

28. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 356.

29. *ਉਹੀ,* ਪੰਨਾ 8.

30. ਕਾਨ੍ਹ ਸਿੰਘ ਨਾਭਾ(ਭਾਈ), *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 996.

31. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 1342.

32. *ਉਹੀ,* ਪੰਨਾ 502.

33. *ਉਹੀ,* ਪੰਨਾ 658.

34. ਬਲਕਾਰ ਸਿੰਘ(ਸੰਪਾ.), *ਅਰਦਾਸ ਦਾ ਸਿੱਖ ਪ੍ਰਸੰਗ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ 51.

35. ਗੁਰਬਚਨ ਸਿੰਘ, *ਜਪੁ ਜੀ ਜਗਤਿ ਜੋਤ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਅਪ੍ਰੈਲ 2014, ਪੰਨਾ 84.

36. *ਉਹੀ,* ਪੰਨਾ 86.

37. ਕਾਨ੍ਹ ਸਿੰਘ ਨਾਭਾ(ਭਾਈ), *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ 255.

38. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 487.

39. *ਉਹੀ,* ਪੰਨਾ 466.

40. *ਉਹੀ,* ਪੰਨਾ 1089.

41. *ਉਹੀ,* ਪੰਨਾ 1372.

42. *ਉਹੀ,* ਪੰਨਾ 1263.

43. *ਉਹੀ,* ਪੰਨਾ 226.

44. *ਉਹੀ,* ਪੰਨਾ 226.

45. *ਉਹੀ,* ਪੰਨਾ 432.

46. *ਉਹੀ,* ਪੰਨਾ 486.

47. *ਉਹੀ,* ਪੰਨਾ 695.

48. *ਉਹੀ,* ਪੰਨਾ 466.

49. *ਉਹੀ,* ਪੰਨਾ 12.

50. *ਉਹੀ,* ਪੰਨਾ 4.

51. *ਉਹੀ,* ਪੰਨਾ 266.

52. *ਉਹੀ,* ਪੰਨਾ 473.

53. *ਉਹੀ,* ਪੰਨਾ 472.

54. *ਉਹੀ,* ਪੰਨਾ 151.

55. *ਉਹੀ,* ਪੰਨਾ 1308.

56. ਜਸਵੰਤ ਸਿੰਘ ਨੇਕੀ, *ਗੁਰਮਤਿ ਮਨੋਵਿਗਿਆਨ,* ਪੰਨਾ 167.

57. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 788.

58. ਭੈ ਭਾਇ ਜਾਗੇ ਸੇ ਜਨ ਜਾਗ੍ਰਣ ਕਰਹਿ ਹਉਮੈ ਮੈਲੁ ਉਤਾਰਿ॥
ਸਦਾ ਜਾਗਹਿ ਘਰੁ ਅਪਣਾ ਰਾਖਹਿ ਪੰਚ ਤਸਕਰ ਕਾਢਹਿ ਮਾਰਿ॥
*ਉਹੀ,* ਪੰਨਾ 1346.

59. ਏਹੁ ਮਨੁ ਭੈ ਭਾਇ ਰੰਗਾਏ॥ ਇਤੁ ਰੰਗਿ ਸਾਚੇ ਮਾਹਿ ਸਮਾਏ॥
ਪੂਰੇ ਭਾਗਿ ਕੋ ਇਹੁ ਰੰਗ ਪਾਏ ਗੁਰਮਤੀ ਰੰਗੁ ਚੜਾਇਦਾ॥
*ਉਹੀ,* ਪੰਨਾ 1066.

60. ਭਉ ਭਾਉ ਪ੍ਰੀਤ ਨਾਨਕ ਤਿਸਹਿ ਲਾਗੈ ਜਿਸ ਤੁ ਆਪਣੀ ਕਿਰਪਾ ਕਰਹਿ ॥
*ਉਹੀ*, ਪੰਨਾ 1116.

61. ਸਰਬਜਿੰਦਰ ਸਿੰਘ(ਸੰਪਾ.),*ਸਿੱਖ ਧਰਮ ਸਿਧਾਂਤਕ ਤੇ ਇਤਿਹਾਸਕ ਪਰਿਪੇਖ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ 33.

62. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ 142.

63. *ਉਹੀ*, ਪੰਨਾ 932.

64. *ਉਹੀ*, ਪੰਨਾ 266.

65. Napoleon Hill, *Amiri Di Chabi*, Manjit Indira(Translated By), Science and General Publishers, Chandigarh, Page 97.

66. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ 671.

67. *ਉਹੀ*, ਪੰਨਾ 485.

68. Napoleon Hill, *Amiri Di Chabi*, Manjit Indira (Translated By), Page 97.

69. ਗੁਰਮੀਤ ਸਿੰਘ ਸਿੱਧੂ,*ਧਰਮ ਆਧੁਨਿਕ ਅਤੇ ਉਤੱਰ ਆਧੁਨਿਕ ਸਿਧਾਂਤ*, ਗੁਰ ਗਿਆਨ ਬੁਕਸ, ਪਟਿਆਲਾ, 2014, ਪੰਨਾ 210.

70. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਪੰਨਾ 938.

71. *ਉਹੀ*, ਪੰਨਾ 938.

72. ਹਸੰਦਿਆ ਖੇਲੰਦਿਆ ਪੈਨੰਦਿਆਂ ਖਾਵੰਦਿਆ ਵਿਚੇ ਹੋਵੈ ਮੁਕਤਿ ॥

*ਉਹੀ,* ਪੰਨਾ 522.

73. *ਉਹੀ,* ਪੰਨਾ 992.

74. *ਉਹੀ,* ਪੰਨਾ 1240.

75. *ਉਹੀ,* ਪੰਨਾ 645.

76. *ਉਹੀ,* ਪੰਨਾ 856.

77. *ਉਹੀ,* ਪੰਨਾ 929.

78. *ਉਹੀ,* ਪੰਨਾ 473.

79. ਭਾਈ ਵੀਰ ਸਿੰਘ, *ਵਾਰਾਂ ਭਾਈ ਗੁਰਦਾਸ ਸਟੀਕ,* ਵਾਰ 29, ਪਉੜੀ 11, ਪੰਨਾ 461.

80. *ਉਹੀ,* ਵਾਰ 6, ਪਉੜੀ 8, ਪੰਨਾ 103.

81. ਪਿਆਰਾ ਸਿੰਘ ਪਦਮ(ਸੰਪਾ.), *ਰਹਿਤਨਾਮੇ,* "ਭਾਈ ਚੋਪਾ ਸਿੰਘ ਰਹਿਤਨਾਮਾ", ਪੰਨਾ 80.

82. ਭਾਈ ਵੀਰ ਸਿੰਘ, *ਵਾਰਾਂ ਭਾਈ ਗੁਰਦਾਸ ਸਟੀਕ,* ਵਾਰ 5, ਪਉੜੀ16, ਪੰਨਾ 94.

83. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 1349.

84. *ਉਹੀ,* ਪੰਨਾ 662.

85. ਜਗਬੀਰ ਸਿੰਘ, *ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1973, ਪੰਨਾ 192.

86. ਸਭ ਮਹਿ ਜੋਤਿ ਜੋਤਿ ਹੈ ਸੋਇ॥

ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,* ਪੰਨਾ 13.

87. *ਉਹੀ,* ਪੰਨਾ 349.

88. *ਉਹੀ,* ਪੰਨਾ 463.

89. *ਉਹੀ,* ਪੰਨਾ 922.

90. ਖਾਲਿਕੁ ਖਲਕ ਖਲਕ ਮਹਿ ਖਾਲਿਕੁ ਪੂਰਿ ਰਹਿਓ ਸ੍ਰਬ ਠਾਂਈ॥

*ਉਹੀ,* ਪੰਨਾ 1340.

91. *ਉਹੀ,* ਪੰਨਾ 882.

92. *ਉਹੀ,* ਪੰਨਾ 476.

93. *ਉਹੀ,* ਪੰਨਾ 611.

94. *ਉਹੀ,* ਪੰਨਾ 473.

95. *ਉਹੀ,* ਪੰਨਾ 425.

96. *ਉਹੀ,* ਪੰਨਾ 1238.

97. *ਉਹੀ,* ਪੰਨਾ 863.

98. *ਉਹੀ,* ਪੰਨਾ 392.

99. *ਉਹੀ,* ਪੰਨਾ 74.

100. *ਉਹੀ,* ਪੰਨਾ 345.

101. ਤ੍ਰਿਲੋਚਨ ਸਿੰਘ, "ਗੁਰੂ ਨਾਨਕ ਦਾ ਸਿੱਖ ਧਰਮ", *ਗੁਰੂ ਨਾਨਕ ਜੀਵਨ, ਯੁੱਗ ਅਤੇ ਉਪਦੇਸ਼,* ਗੁਰਮੁਖ ਨਿਹਾਲ ਸਿੰਘ(ਸੰਪਾ.), ਗੁਰੂ ਨਾਨਕ ਫਾਉਂਡੇਸ਼ਨ, ਦਿੱਲੀ, 1969, ਪੰਨਾ 87.

# ਸਾਰੰਸ਼

ਆਪਣੇ ਖੋਜ-ਵਿਸ਼ੇ '**ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਭਉ ਨਿਰਵੈਰ ਦਾ ਸੰਕਲਪ**' ਦੇ ਵਿਭਿੰਨ ਪੱਖਾਂ ਉੱਤੇ ਵਿਸ਼ਲੇਸ਼ਨ ਕਰਨ ਲਈ ਇਸ ਨੂੰ ਮੁੱਖ ਰੂਪ ਵਿਚ ਪੰਜ ਅਧਿਆਇਆਂ ਵਿਚ ਵੰਡਿਆ ਗਿਆ ਹੈ:

1. ਨਿਰਭਉ ਨਿਰਵੈਰ ਸੰਬੰਧੀ ਹੋਏ ਪੂਰਵ ਖੋਜ-ਕਾਰਜਾਂ ਦਾ ਸਰਵੇਖਣ
2. ਨਿਰਭਉ ਨਿਰਵੈਰ: ਅਰਥ, ਪਰਿਭਾਸ਼ਾ ਅਤੇ ਸਰੂਪ
3. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਭਉ ਨਿਰਵੈਰ ਦਾ ਸੰਕਲਪ
4. ਸਿੱਖ ਇਤਿਹਾਸ ਵਿਚ ਨਿਰਭਉ ਨਿਰਵੈਰ: ਵਿਵਹਾਰਿਕ ਪੱਖ
5. ਨਿਰਭਉ ਨਿਰਵੈਰ ਦੇ ਸੰਕਲਪ ਦੀ ਸਮਕਾਲੀ ਪ੍ਰਾਸੰਗਿਕਤਾ

ਪਹਿਲਾ ਅਧਿਆਇ '**ਨਿਰਭਉ ਨਿਰਵੈਰ ਸੰਬੰਧੀ ਹੋਏ ਪੂਰਵ ਖੋਜ-ਕਾਰਜਾਂ ਦਾ ਸਰਵੇਖਣ**' ਹੈ। ਇਹ ਵਿਸ਼ੇ ਨਾਲ ਸੰਬੰਧਿਤ ਸਰਵੇਖਣ ਉੱਪਰ ਅਧਾਰਿਤ ਹੈ। ਇਹ ਵਿਸ਼ਾ ਆਪਣੇ ਆਪ ਵਿਚ ਮੌਲਿਕ ਹੈ ਕਿਉਂਕਿ ਸਿੱਧੇ ਰੂਪ ਵਿਚ ਨਿਰਭਉ ਨਿਰਵੈਰ ਤੇ ਪਹਿਲਾ ਹੋਇਆ ਕੋਈ ਖੋਜ-ਕਾਰਜ ਪ੍ਰਾਪਤ ਨਹੀਂ ਹੁੰਦਾ, ਪਰ ਅੰਸ਼ਿਕ ਰੂਪ ਵਿੱਚ ਜਾਣਕਾਰੀ ਪ੍ਰਾਪਤ ਹੁੰਦੀ ਹੈ। ਮੂਲ ਮੰਤਰ ਨਾਲ ਸੰਬੰਧਿਤ ਖੋਜ-ਕਾਰਜਾਂ ਵਿਚ ਵੀ ਨਿਰਭਉ ਨਿਰਵੈਰ ਬਾਰੇ ਥੋੜ੍ਹਾ ਬਹੁਤ ਜ਼ਿਕਰ ਹੀ ਮਿਲਦਾ ਹੈ। ਇਸ ਸੰਬੰਧੀ ਕੁਝ-ਕੁ ਵਿਦਵਾਨਾਂ ਵੱਲੋਂ ਵਿਅਕਤੀਗਤ ਤੌਰ ਤੇ ਜਾਂ ਸਮੂਹਿਕ ਤੌਰ ਤੇ ਕੀਤਾ ਕੰਮ ਮਿਲਦਾ ਹੈ। ਇਸ ਵਿਚ ਨਿਰਭਉ ਨਿਰਵੈਰ ਸੰਕਲਪ ਨਾਲ ਸੰਬਧਿਤ ਕੋਸ਼ਾਂ, ਪੁਸਤਕਾ ਅਤੇ ਖੋਜ-ਪਰਚਿਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਹ ਵਿਸ਼ਾ ਮੂਲ-ਮੰਤਰ ਨਾਲ ਸੰਬੰਧਿਤ ਹੈ। ਇਸ ਲਈ ਮੂਲ ਮੰਤਰ ਨਾਲ ਸੰਬੰਧਿਤ ਖੋਜ-ਪ੍ਰਬੰਧਾਂ ਦੀ ਜਾਂਚ ਕੀਤੀ ਗਈ। ਜਿੰਨ੍ਹਾਂ ਦਾ ਹਥਲੇ ਖੋਜ-ਕਾਰਜ ਨਾਲ ਸੰਬੰਧ ਹੋਣ ਕਾਰਨ ਸਰਵੇਖਣ ਦੇਣਾ ਜ਼ਰੂਰੀ ਸਮਝਿਆ ਗਿਆ ਹੈ। ਮੂਲ ਮੰਤਰ ਉੱਤੇ ਹੁਣ ਤੱਕ ਦੋ ਖੋਜ-ਪ੍ਰਬੰਧ ਮਿਲੇ ਹਨ। ਪਹਿਲਾ*'ਮੂਲ ਮੰਤਰ ਸੰਕਲਪ ਅਤੇ ਵਿਵੇਚਨ'* ਵਿਚ ਜਗਜੀਤ ਸਿੰਘ ਡਿਸੂਜਾ ਦਾ ਖੋਜ-ਪ੍ਰੰਬਧ ਅਤੇ ਦੂਜਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੰਗਲ-ਪ੍ਰੰਬਧ' ਮਨਿੰਦਰ ਸਿੰਘ ਦਾ ਖੋਜ-ਪ੍ਰੰਬਧ। ਇਸ ਤੋਂ ਇਲਾਵਾਂ ਇਸ ਸੰਬੰਧੀ ਕੋਈ ਵੀ ਖੋਜ-ਨਿਬੰਧ ਨਹੀਂ ਮਿਲਦਾ। ਨਿਰਭਉ ਨਿਰਵੈਰ ਦੀ ਵਿਸਤਾਰਮਈ ਵਿਆਖਿਆ ਕਿਤੇ ਵੀ ਨਹੀਂ ਮਿਲਦੀ। ਕੋਸ਼ਗਤ ਵਿਆਖਿਆਕਾਰੀ ਤੇ ਪੁਸਤਕ

ਅਧਿਐਨ ਵਿਚ ਕੇਵਲ ਸ਼ਬਦ ਅਰਥ ਹੀ ਮਿਲਦੇ ਹਨ। ਕਈ ਕੋਸ਼ਾਂ ਵਿਚ ਤਾਂ ਇਸ ਦੇ ਅਰਥ ਹੀ ਨਹੀਂ। ਇਸ ਤੋਂ ਬਿਨ੍ਹਾਂ 14 ਦੇ ਕਰੀਬ ਪੁਸਤਕਾਂ ਅਤੇ ਦੋ ਰਸਾਲਿਆਂ ਗੁਰਦੁਆਰਾ ਗਜ਼ਟ ਅਤੇ ਗੁਰਮਤਿ ਪ੍ਰਕਾਸ਼ ਵਿਚ ਲੇਖ ਮਿਲਦੇ ਹਨ। ਗੁਰਦੁਆਰਾ ਗਜ਼ਟ ਦੇ 2 ਲੇਖ ਅਤੇ ਗੁਰਮਤਿ ਪ੍ਰਕਾਸ਼ ਦੇ 5 ਲੇਖ ਇਸ ਸਰਵੇਖਣ ਵਿਚ ਸ਼ਾਮਿਲ ਹਨ।

ਦੂਜਾ ਅਧਿਆਇ '**ਨਿਰਭਉ ਨਿਰਵੈਰ : ਅਰਥ, ਪਰਿਭਾਸ਼ਾ ਅਤੇ ਸਰੂਪ**' ਹੈ। ਇਸ ਵਿਚ ਮੁੱਢਲੇ ਬਿੰਦੂ ਉੱਤੇ ਨਿਰਭਉ ਨਿਰਵੈਰ ਦੇ ਸ਼ਾਬਦਿਕ ਅਰਥਾਂ ਤੋਂ ਸ਼ੁਰੂ ਕਰ ਕੇ ਇਸ ਦੀ ਪਰਿਭਾਸ਼ਾ ਅਤੇ ਸਰੂਪ ਨੂੰ ਸਮਝਾਇਆ ਗਿਆ ਹੈ। ਜਿਸ ਵਿਚ ਨਿਰਭਉ ਨਿਰਵੈਰ ਦੇ ਕੋਸ਼ਾਂ ਅਤੇ ਪੁਸਤਕਾਂ ਤੋਂ ਸਮਾਨ-ਅਰਥੀ ਤੇ ਨਿਕਟਵਰਤੀ ਸਬਦਾਂ ਦੇ ਉਲੇਖ ਦੇ ਕੇ ਇਸ ਦੇ ਅਰਥ, ਪਰਿਭਾਸ਼ਾ ਅਤੇ ਸਰੂਪ ਨੂੰ ਜਾਨਣ ਦਾ ਯਤਨ ਕੀਤਾ ਗਿਆ ਹੈ। ਕੋਸ਼ਾ ਅਤੇ ਪੁਸਤਕਾਂ ਵਿਚੋਂ ਸੰਬੰਧਿਤ ਮਿਲੀ ਜਾਣਕਾਰੀ ਦਾ ਮੁਲਾਂਕਣ ਕੀਤਾ ਗਿਆ ਹੈ। ਨਿਰਭਉ ਨਿਰਵੈਰ ਸ਼ਬਦ ਤੋਂ ਭਾਵ ਜਿਸ ਨੂੰ ਕਿਸੇ ਵੀ ਕਿਸਮ ਦਾ ਜਿਵੇਂ ਜਨਮ-ਮਰਨ, ਰੋਗ-ਵਿਯੋਗ, ਰਾਗ-ਦ੍ਵੈਸ਼, ਮਾਨ-ਅਪਮਾਨ, ਦੁੱਖ-ਸੁੱਖ ਆਦਿ ਦਾ ਕੋਈ ਵੀ ਭੈਅ ਨਾ ਹੋਵੇ ਅਤੇ ਜਿਸ ਦੀ ਕਿਸੇ ਵੀ ਜੀਵ-ਜੰਤੂ, ਮਨੁੱਖ ਆਦਿ ਨਾਲ ਦੁਸ਼ਮਣੀ ਨਾ ਹੋਵੇ। ਕੇਵਲ ਅਕਾਲ ਪੁਰਖ ਹੀ ਨਿਰਭਉ ਨਿਰਵੈਰ ਹੈ ਜਿਸ ਵਿਚ ਸਮੁੱਚੀ ਕੁਦਰਤ ਪ੍ਰਤੀ ਪ੍ਰੇਮ ਤੇ ਦਇਆ ਦੀ ਭਾਵਨਾ ਹੈ। ਉਹੀ ਮਨੁੱਖ ਨਿਰਭਉ ਨਿਰਵੈਰ ਹੈ ਜੋ ਆਪਣੇ ਮੂਲ ਨੂੰ ਜਾਣ ਕੇ ਉਸ ਪਰਮ ਆਤਮਾ ਵਿਚ ਸਮਾ ਗਿਆ ਹੈ। ਵਿਸ਼ੇ ਨੂੰ ਵਿਸਥਾਰ ਨਾਲ ਸਮਝਣ ਲਈ ਹੋਰਨਾਂ ਧਰਮਾਂ ਵਿਚਲੇ ਮਿਲਦੇ-ਜੁਲਦੇ ਸਰੂਪਾਂ ਤੇ ਸ਼ਬਦਾਂ ਨੂੰ ਵੀ ਪੇਸ਼ ਕੀਤਾ ਗਿਆ ਹੈ। ਜਿਵੇਂ ਯਹੂਦੀ ਧਰਮ ਵਿਚ ਤੋਰੇਤ ਗ੍ਰੰਥ ਵਿਚ 10 ਆਦੇਸ਼ਾਂ ਵਿਚ ਦਸਵਾਂ ਆਦੇਸ਼ ਇਹ ਵੀ ਹੈ ਕਿ ਦੂਜਿਆਂ ਨਾਲ ਈਰਖਾ ਨਹੀਂ ਕਰਨੀ। ਈਸਾਈ ਧਰਮ ਵਿਚ ਹਜਰਤ ਈਸਾ ਮਸੀਹ ਜੀ ਦੀਆਂ ਆਪਣੀਆਂ ਸਿੱਖਿਆਵਾਂ ਵਿਚ ਸਭ ਤੋਂ ਵੱਡੀ ਆਗਿਆ ਇਹ ਦੱਸੀ ਕਿ ਤੁਸੀ ਪ੍ਰਮੇਸ਼ਵਰ ਨਾਲ ਆਪਣੇ ਸਾਰੇ ਹਿਰਦੇ ਅਤੇ ਆਪਣੀ ਸਾਰੀ ਬੁੱਧੀ ਨਾਲ ਪਿਆਰ ਕਰੋ ਅਤੇ ਇਸ ਦੇ ਸਮਾਨ ਦੂਸਰੀ ਇਹ ਹੈ ਕਿ ਤੁਸੀ ਆਪਣੇ ਪੜੋਸੀ ਨਾਲ ਆਪਣੇ ਬਰਾਬਰ ਪਿਆਰ ਕਰੋ। ਇਹ ਦੋ ਆਗਿਆਵਾਂ ਸੰਪੂਰਨ ਵਿਵਸਥਾ ਅਤੇ ਨਬੀਆਂ ਦਾ ਆਧਾਰ ਹਨ। ਇਸਲਾਮ ਧਰਮ ਦੀ ਪਵਿੱਤਰ ਕੁਰਾਨ ਵਿਚ ਅੱਲਾ ਲਈ ਸੰਬੋਧਿਤ ਸ਼ਬਦਾਂ ਵਿਚ 'ਗਫ਼ਾਰ' ਸ਼ਬਦ ਵਰਤਿਆ ਗਿਆ ਹੈ ਜਿਸ ਦਾ ਅਰਥ ਹੈ ਬਖ਼ਸ਼ਣਹਾਰ। ਇਸ ਤੋਂ ਇਲਾਵਾ ਹੋਰ ਸ਼ਬਦ ਰਹਿਮਾਨ ਭਾਵ ਦਿਆਲੂ ਅਤੇ ਰਹੀਮ ਭਾਵ ਕਿਰਪਾਲੂ ਅਤੇ

ਮਿਹਰਬਾਨ ਸ਼ਬਦ ਵੀ ਅੱਲਾ ਨੂੰ ਸੰਬੋਧਿਤ ਸ਼ਬਦ ਹਨ। ਹਿੰਦੂ ਧਰਮ ਵਿਚ ਵੇਦਾਂ ਅਤੇ ਉਪਨਿਸ਼ਦਾਂ ਵਿਚ ਪਰਮਾਤਮਾ ਨੂੰ 'ਅਭੈ' ਕਿਹਾ ਗਿਆ ਹੈ ਜਿਸ ਦਾ ਅਰਥ ਹੈ ਭੈ ਤੋਂ ਪਰੇ। ਰਿਗਵੇਦ ਵਿਚ ਬ੍ਰਹਮ ਨੂੰ 'ਅਭਿਯਮ ਜਿਅਤਿ' ਕਿਹਾ ਗਿਆ ਹੈ। ਭਗਵਤ ਗੀਤਾ ਵਿਚ ਨਿਰਭਉ ਲਈ ਅਭੈ, ਅਭਯਮ ਸ਼ਬਦ ਵਰਤੇ ਹਨ ਅਤੇ ਨਿਰਵੈਰ ਲਈ 'ਨਿਰਵੈਰਹ' ਸ਼ਬਦ ਵਰਤਿਆ ਹੈ। ਜੈਨ ਧਰਮ ਵਿਚ 'ਪ੍ਰਸ਼ਨਵਿਆਕਰਨਸੂਤਰ' ਵਿਚਲੇ ਤੀਜੇ ਅਧਿਆਇ ਦੇ 'ਸਤਯ' ਮਹਾਂਵਰਤ ਦੀਆਂ ਪੰਜ ਭਾਵਨਾਵਾਂ ਹਨ, ਜਿਨ੍ਹਾਂ ਵਿਚੋਂ ਚੌਥੀ ਭਾਵਨਾ 'ਨਿਰਭੈਅਤਾ' ਦੀ ਹੈ। ਜੈਨ ਧਰਮ ਵਿਚ 'ਅਹਿੰਸਾ' ਮੂਲ ਸਿਧਾਂਤ ਹੈ। ਬੁੱਧ ਧਰਮ ਵਿਚਲਾ ਅਸ਼ਟ ਮਾਰਗ ਦਾ ਸਿਧਾਂਤ ਵੀ ਦਇਆ ਦੀ ਭਾਵਨਾ ਨੂੰ ਜਨਮ ਦਿੰਦਾ ਹੈ। ਇਸ ਧਰਮ ਵਿਚ ਮਿੱਤਰਤਾ ਭਾਵ ਉੱਤੇ ਜ਼ੋਰ ਦਿੱਤਾ ਗਿਆ ਹੈ।

ਤੀਜਾ ਅਧਿਆਇ '**ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਭਉ ਨਿਰਵੈਰ ਦਾ ਸੰਕਲਪ**' ਹੈ। ਇਸ ਅਧਿਆਇ ਵਿਚ ਨਿਰਭਉ ਨਿਰਵੈਰ ਦੇ ਅਰਥਾਂ ਨੂੰ ਸਿੱਖ ਧਰਮ ਦੇ ਹਵਾਲੇ ਨਾਲ ਸਮਝਣ ਦਾ ਯਤਨ ਕੀਤਾ ਗਿਆ ਹੈ ਜਿਸਦਾ ਕੇਂਦਰੀ ਧੁਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਅਨੁਸਾਰ ਨਿਰਭਉ ਨਿਰਵੈਰ ਗੁਰਬਾਣੀ ਵਿਚ ਅਕਾਲ ਪੁਰਖ, ਗੁਰੂ ਅਤੇ ਗੁਰਮੁਖ ਜਨ ਦੇ ਰੂਪ ਵਿਚ ਦਰਸਾਇਆ ਗਿਆ ਹੈ। ਜਿਹੜੇ ਇਕ ਹੀ ਧਾਗੇ ਵਿਚ ਪ੍ਰੋਏ ਮੋਤੀ ਦੀ ਤਰ੍ਹਾਂ ਹਨ। ਗੁਰਬਾਣੀ ਵਿਚ ਅਕਾਲ ਪੁਰਖ ਦੇ ਨਿਰਭਉ ਨਿਰਵੈਰ ਰੂਪੀ ਗੁਣਾਂ ਦਾ ਉਚਾਰਨ ਕਰਨ ਵਾਲੇ ਨਾਮ ਜਿਵੇਂ ਅਗੰਮ, ਅਗੋਚਰ, ਅਗਾਧਿ, ਅਜਰ, ਅਜੂਨੀ, ਅਪਰੰਪਰੁ, ਅਬਿਨਾਸੀ, ਅਬਿਗਤ, ਨਿਰਲੇਪ, ਅਕਾਲ, ਅਛੇਦ, ਅਚਲ, ਨਿਰਾਲਮ, ਕਰੁਣਾ ਮਈ, ਪ੍ਰਤਿਪਾਲਕ, ਰਾਖਾ, ਸਹਾਈ, ਗਰੀਬੁ ਨਿਵਾਜੁ, ਧਰਣੀਧਰ ਅਕਾਲ, ਸੈਭੰ ਆਦਿ ਮਿਲਦੇ ਹਨ। ਇਨ੍ਹਾਂ ਗੁਣਾਂ ਦਾ ਇਸ਼ਟ ਦੇ ਲਈ ਉਚਾਰਨ ਮਨੁੱਖ ਨੂੰ ਉਸ ਦੇ ਨੇੜੇ ਲੈ ਕੇ ਜਾਂਦਾ ਹੈ ਤਾਂ ਕਿ ਮਨੁੱਖ ਕਿਸੇ ਵੀ ਡਰ ਤੋਂ ਬਿਨ੍ਹਾਂ ਆਪਣੇ ਅਸਲ ਮਾਰਗ ਉਪੱਰ ਚਲ ਸਕੇ। ਗੁਰਮੁਖ ਦੇ ਜੀਵਨ ਵਿਚ ਇਸ ਦੀ ਮਹੱਤਤਾ, ਇਸ ਪਦ ਦੀ ਪ੍ਰਾਪਤੀ ਕਿਵੇਂ ਕਰਨੀ ਹੈ ਅਤੇ ਇਨ੍ਹਾਂ ਦੀ ਲੋੜ ਕਿਉਂ ਹੈ, ਇਹ ਦੱਸਣ ਦਾ ਯਤਨ ਕੀਤਾ ਗਿਆ ਹੈ। ਅਕਾਲ ਪੁਰਖ ਇਕ ਹੈ, ਉਸ ਵਿਚ ਬੇਅੰਤ ਹੀ ਗੁਣ ਵਿਦਮਾਨ ਹਨ, ਜਿਨ੍ਹਾਂ ਵਿਚੋਂ ਨਿਰਭਉ ਨਿਰਵੈਰ ਵੀ ਹਨ। ਗੁਰੂ ਇਸ ਨਿਰਭਉ ਅਤੇ ਨਿਰਵੈਰ ਸਰੂਪ ਤੋਂ ਗੁਰਮੁਖ ਨੂੰ ਜਾਣੂ ਕਰਵਾਉਂਦਾ ਹੈ। ਅਕਾਲ ਪੁਰਖ ਜੋ ਇਕ ਅਤੇ ਅਬਿਨਾਸੀ ਹੈ, ਗੁਰੂ ਰਾਹੀਂ ਹੀ ਪ੍ਰਗਟ ਹੁੰਦਾ ਹੈ ਉਸ ਬਿਨ੍ਹਾਂ ਅਕਾਲ ਪੁਰਖ ਦਾ ਗਿਆਨ ਅਸੰਭਵ

ਹੈ 'ਗੁਰ ਬਿਨੁ ਪੂਰਾ ਕੋਇ ਨ ਪਾਵੈ॥' ਗੁਰੂ ਨਿਰਭਉ ਨਿਰਵੈਰ ਹੁੰਦਾ ਹੈ। ਸਿੱਖ ਧਰਮ ਦੇ ਸਿਧਾਂਤਕ ਅਤੇ ਵਿਵਹਾਰਕ ਪੱਖ ਦਾ ਮਹੱਤਵਪੂਰਨ ਅੰਗ 'ਗੁਰੂ' ਹੈ। ਸਿੱਖ ਦੇ ਜੀਵਨ ਦਾ ਹਰੇਕ ਪਹਿਲੂ ਗੁਰੂ ਨਾਲ ਜੁੜਿਆ ਹੈ ਅਤੇ ਸ਼ਬਦ ਗੁਰੂ ਦੇ ਧਿਆਨ ਨਾਲ ਹੀ ਮਨੁੱਖ ਦੀ ਹਉਮੈ ਦਾ ਨਾਸ਼ ਹੁੰਦਾ ਹੈ ਅਤੇ ਉਹ ਨਿਰਭਉ ਨਿਰਵੈਰ ਦੇ ਪਦ ਨੂੰ ਪ੍ਰਾਪਤ ਕਰਦਾ ਹੈ। ਗੁਰੂ ਅਤੇ ਅਕਾਲ ਪੁਰਖ ਵਿਚ ਕੋਈ ਭੇਦ ਨਹੀਂ। ਅਕਾਲ ਪੁਰਖ ਸਦੀਵੀ ਸੱਚ ਹੈ, ਉਸ ਸੱਚ ਦੇ ਪ੍ਰਕਾਸ਼ ਦਾ ਪ੍ਰਗਟਾਅ ਗੁਰੂ ਕਰਦਾ ਹੈ ਅਤੇ ਗੁਰਸਿੱਖ ਉਸ ਪ੍ਰਗਟਾਅ ਨੂੰ ਧਾਰਨ ਕਰਕੇ ਇਕ ਸੱਭਿਅਕ ਸਮਾਜ ਦੀ ਸਿਰਜਣਾ ਕਰਦਾ ਹੈ। ਗੁਰਮੁਖ ਉਸ ਪਦ ਨੂੰ ਗੁਰੂ ਦੀ ਕਿਰਪਾ ਨਾਲ ਹਾਸਿਲ ਕਰਦਾ ਹੋਇਆ ਨਿਰਭਉ ਤੇ ਨਿਰਵੈਰ ਰੂਪੀ ਬ੍ਰਹਿਮੰਡੀ ਚੇਤਨਾ ਦਾ ਅੰਗ ਬਣ ਜਾਂਦਾ ਹੈ। ਹਰ ਕੋਈ ਉਸ ਲਈ ਬਰਾਬਰ ਹੁੰਦਾ ਹੈ। ਜੀਵਨ ਦੇ ਹਰੇਕ ਖੇਤਰ ਵਿਚ ਉਹ ਨਿਰਭਉ ਹੋ ਕੇ ਸੱਚ ਦੀ ਗਵਾਹੀ ਦਿੰਦਾ ਹੈ ਅਤੇ ਮਾਨਵਜਾਤੀ ਪ੍ਰਤੀ ਪ੍ਰੇਮ ਦੀ ਭਾਵਨਾ ਰੱਖ, ਪਰਉਪਕਾਰ ਦੇ ਕਾਰਜ ਕਰਦਾ ਹੋਇਆ ਉਹ ਮੌਤ ਉੱਤੇ ਵੀ ਜਿੱਤ ਪ੍ਰਾਪਤ ਕਰ ਲੈਂਦਾ ਹੈ। ਗੁਰਮੁਖ ਜਨ ਕੋਈ ਵੀ ਹੋ ਸਕਦਾ ਹੈ ਸਾਧੂ, ਭਗਤ, ਸੰਤ, ਬ੍ਰਹਮ ਗਿਆਨੀ ਆਦਿ ਜਿਸ ਦਾ ਮੁੱਖ ਗੁਰੂ ਵੱਲ ਹੈ, ਉਹ ਗੁਰਮੁਖ ਹੈ। ਗੁਰਮੁਖ ਹੀ ਨਿਰਭਉ ਨਿਰਵੈਰ ਪਦ ਦੀ ਪ੍ਰਾਪਤੀ ਕਰਦਾ ਹੈ। ਇਹ ਨਿਰਭਉ ਨਿਰਵੈਰ, ਮੀਰੀ ਪੀਰੀ ਤੋਂ ਸੰਤ ਸਿਪਾਹੀ ਤੱਕ ਦਾ ਸਫ਼ਰ ਹੈ। ਗੁਰਮੁਖ ਅਕਾਲ ਪੁਰਖ ਦੀ ਅਰਾਧਨਾ ਤੋਂ ਬਾਅਦ ਸੇਵਾ, ਭਗਤੀ, ਸਿਮਰਨ ਵਿਚੋਂ ਲੰਘ ਕੇ ਯਥਾਰਥਕ ਪਰਉਪਕਾਰੀ ਬਣ ਖਾਲਸਾ ਪੰਥ ਦਾ ਹਿੱਸਾ ਹੋ ਨਿਬੜਦਾ ਹੈ।

ਚੌਥਾ ਅਧਿਆਇ **'ਸਿੱਖ ਇਤਿਹਾਸ ਵਿਚ ਨਿਰਭਉ ਨਿਰਵੈਰ: ਵਿਵਹਾਰਿਕ ਪੱਖ'** ਹੈ। ਇਸ ਵਿਚ ਨਿਰਭਉ ਨਿਰਵੈਰ ਨੂੰ ਇਤਿਹਾਸਿਕ ਪੱਖ ਤੋਂ ਵਾਚਣ ਦਾ ਯਤਨ ਕੀਤਾ ਗਿਆ ਹੈ। ਸਿੱਖ ਇਤਿਹਾਸ ਵਿਚੋਂ ਨਿਰਭਉ ਨਿਰਵੈਰ ਦੇ ਸੰਕਲਪ ਨੂੰ ਗੁਰੂ ਸਾਹਿਬਾਨਾਂ ਦੇ ਜੀਵਨ, ਗੁਰਮੁਖਾਂ ਦੇ ਜੀਵਨ, ਉਨ੍ਹਾਂ ਦੀਆਂ ਸ਼ਹੀਦੀਆਂ ਆਦਿ ਦੇ ਹਵਾਲੇ ਦੇ ਕੇ ਇਸ ਦੇ ਵਿਵਹਾਰਿਕ ਸਰੂਪ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਸਿੱਖ ਇਤਿਹਾਸ ਵਿਚ ਅਜਿਹੀਆਂ ਅਨੋਖੀਆਂ ਸ਼ਹਾਦਤਾਂ ਹੋਈਆਂ ਹਨ, ਜਿਸ ਨੂੰ ਪੜ੍ਹ ਕੇ ਜਾਂ ਸੁਣ ਕੇ ਹੀ ਰੂਹ ਕੰਬ ਉਠਦੀ ਹੈ। ਪੰਜਮ ਪਾਤਸ਼ਾਹ, ਨੌਵੇਂ ਪਾਤਸ਼ਾਹ, ਵੱਡੇ ਸਾਹਿਬਜ਼ਾਦੇ, ਛੋਟੇ ਸਾਹਿਬਜ਼ਾਦੇ, ਭਾਈ ਮਨੀ ਸਿੰਘ, ਭਾਈ ਦਇਆ ਸਿੰਘ,ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ, ਬਾਬਾ ਦੀਪ ਸਿੰਘ, ਬੰਦਾ ਸਿੰਘ ਬਹਾਦਰ, ਹਰੀ ਸਿੰਘ ਨਲੂਆ, ਸਿੰਘ ਸਿੰਘਣੀਆਂ ਦੀਆਂ ਸ਼ਹੀਦੀਆਂ ਆਦਿ ਸਭ ਇਸ ਗੱਲ ਦੀ

ਗਵਾਹੀ ਦਿੰਦੀਆਂ ਹਨ ਕਿ ਸੱਚ ਲਈ ਨਿਰਭਉ ਹੋਣਾ ਅਤੇ ਨਿਰਵੈਰਤਾ ਸਹਿਤ ਵਿਚਰਨਾ ਜ਼ਰੂਰੀ ਹੈ, ਇਹੀ ਸਿੱਖੀ ਦਾ ਅਟੁੱਟ ਅੰਗ ਹੈ। ਸ੍ਰੀ ਗੁਰੂ ਨਾਨਕ ਦੇਵ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਖਰੇ ਨਹੀਂ ਹਨ, ਇਹ ਇਕ ਹੀ ਜੋਤ ਹਨ ਅਤੇ ਇਨ੍ਹਾਂ ਦੁਆਰਾ ਨਿਰਭਉ ਨਿਰਵੈਰ, ਮੀਰੀ ਪੀਰੀ ਅਤੇ ਸੰਤ ਸਿਪਾਹੀ ਇਹ ਸਭ ਇਕ ਹੀ ਕੜੀ ਦਾ ਹਿੱਸਾ ਹਨ। ਇਸ਼ਟ ਦੇ ਨਿਰਭਉ ਨਿਰਵੈਰ ਹੋਣ, ਸ੍ਰੀ ਗੁਰੂ ਹਰਗੋਬਿੰਦ ਜੀ ਦੁਆਰਾ ਮੀਰੀ ਪੀਰੀ ਧਾਰਨ ਕਰਨਾ ਇਸ ਦਾ ਵਿਵਹਾਰਿਕ ਰੂਪ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਦੀ ਸਾਜਣਾ ਕਰ ਸੰਤ ਸਿਪਾਹੀ ਬਣਾਉਣਾ ਇਹ ਇਸ ਸੰਕਲਪ ਦੀ ਵਿਸ਼ਵ ਏਕਤਾ ਨੂੰ ਪੱਕੇ ਤੌਰ ਉੱਤੇ ਜੀਵਨ ਦਾ ਹਿੱਸਾ ਬਣਾਉਣ ਵੱਲ ਪ੍ਰੇਰਿਤ ਕਰਦਾ ਹੈ। ਸ੍ਰੀ ਗੁਰੂ ਗੋਬਿਦ ਸਿੰਘ ਜੀ ਨੇ ਸਮਕਾਲੀ ਸਮਾਜ ਨੂੰ ਖਾਲਸਾ ਪੰਥ ਦਾ ਇਕ ਨਵਾਂ ਰਾਹ ਦਿਖਾ ਕੇ ਸਦੀਆਂ ਤੋਂ ਗੁਲਾਮ ਮਾਨਸਿਕਤਾ ਨੂੰ ਆਜ਼ਾਦ ਕਰਵਾਇਆ। ਇਨ੍ਹਾਂ ਦੀ ਸੂਰਮਤਾਈਆਂ ਵਿਚ ਕੇਵਲ ਨਿਡਰਤਾ ਹੀ ਨਹੀਂ ਬਖ਼ਸ਼ੀ ਬਲਕਿ ਪਿਆਰ ਦਾ ਪਾਣੀ ਦੇ ਕੇ ਉਸ ਨੂੰ ਹਉਮੈ ਤੋਂ ਬਚਾਇਆ ਵੀ ਹੈ ਤਾਂ ਜੋ ਸਿੱਖ ਨਿਰਭਉ ਹੋਣ ਦੇ ਨਾਲ ਮਾਨਵਤਾ ਪ੍ਰਤੀ ਨਿਰਵੈਰ ਵੀ ਰਹਿਣ। ਅਕਾਲਪੁਰਖ, ਸ਼ਬਦ ਗੁਰੂ, ਸਿੱਖ ਧਰਮ ਵਿਚਲੀਆਂ ਸੰਗਤ, ਪੰਗਤ, ਲੰਗਰ ਸੰਸਥਾਵਾਂ, ਖਾਲਸਾ ਪੰਥ ਆਦਿ ਸਭ ਇਕ ਹੀ ਇਕਾਈ ਦਾ ਹਿੱਸਾ ਹਨ।

ਪੰਜਵਾਂ ਅਧਿਆਇ '**ਨਿਰਭਉ ਨਿਰਵੈਰ ਦੇ ਸੰਕਲਪ ਦੀ ਸਮਕਾਲੀ ਪ੍ਰਾਸੰਗਿਕਤਾ**' ਹੈ। ਜਿਸ ਵਿਚ ਅਜੋਕੇ ਸਮਾਜ ਦੇ ਮਨੁੱਖੀ ਜੀਵਨ ਵਿਚੋਂ ਨਿਰਭਉ ਨਿਰਵੈਰ ਦੇ ਸੰਕਲਪ ਨੂੰ ਵਾਚਿਆ ਗਿਆ ਹੈ। ਅਜੋਕੇ ਵਾਤਾਵਰਨ ਵਿਚਲੇ ਇਸਦੇ ਅਭਾਵ ਅਤੇ ਮਹੱਤਵ ਉੱਤੇ ਜ਼ੋਰ ਦਿੱਤਾ ਹੈ। ਨਿਰਭਉ ਨਿਰਵੈਰ ਦਾ ਸੰਕਲਪ ਮਨੁੱਖ ਨੂੰ ਹਰ ਤਰ੍ਹਾਂ ਨਾਲ ਪ੍ਰਭਾਵਿਤ ਕਰਦਾ ਹੈ। ਜੇਕਰ ਅਸੀਂ ਅਜੋਕੇ ਸਮਾਜ ਵਿਚ ਵਿਸ਼ਵ ਸ਼ਾਂਤੀ, ਭਾਈਚਾਰੇ ਅਤੇ ਮਨੁੱਖੀ ਅਧਿਕਾਰਾਂ ਦੀ ਗੱਲ ਕਰਦੇ ਹਾਂ ਤਾਂ ਅਸੀਂ ਨਿਰਭਉ ਨਿਰਵੈਰ ਗੁਣਾਂ ਨੂੰ ਅੱਖਾਂ ਤੋਂ ਉਹਲੇ ਨਹੀਂ ਕਰ ਸਕਦੇ। ਅਜਿਹਾ ਸਮਾਜ ਤਾਂ ਹੀ ਸਥਾਪਿਤ ਹੋ ਸਕਦਾ ਹੈ ਜੇਕਰ ਅਸੀ ਨਿਰਭਉ ਨਿਰਵੈਰ ਹੋ ਕੇ ਸਭ ਨੂੰ ਬਰਾਬਰ ਸਮਝਦੇ ਹੋਈਏ। ਇਨ੍ਹਾਂ ਗੁਣਾਂ ਦੀ ਸਾਡੇ ਜੀਵਨ ਵਿਚ ਬਹੁਤ ਮਹੱਤਤਾ ਹੈ। ਸਿੱਖ ਧਰਮ ਦੀ ਇਸ ਵਿਲੱਖਤਾ ਨਾਲ ਸਰਬੱਤ ਦੇ ਭਲੇ ਦਾ ਕਾਰਜ ਸੰਪੂਰਨ ਰੂਪ ਵਿਚ ਸਾਰੇ ਵਿਸ਼ਵ ਵਿਚ ਫੈਲੇਗਾ ਪਰ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਨਿਰਭਉ ਨਿਰਵੈਰ ਦੇ ਸੰਕਲਪ ਨੂੰ ਸਮਝ ਕੇ ਵਿਵਹਾਰਿਕ ਰੂਪ ਵਿਚ ਮਨੁੱਖ ਜਾਤੀ ਅਪਣਾਉਣ ਦਾ ਯਤਨ ਕਰੇ। ਅੱਜ ਦੇ ਆਧੁਨਿਕ ਪਦਾਰਥਵਾਦੀ ਅਤੇ

ਵਿਕਸਿਤ ਸੰਸਾਰ ਵਿਚ ਤਰੱਕੀ ਦੀ ਹੋੜ ਵਿਚ ਮਨੁੱਖ ਜਾਤੀ ਨੂੰ ਮਨੁੱਖਤਾ ਦੀ ਪਹਿਲ ਕਰਨੀ ਚਾਹੀਦੀ ਹੈ। ਜੀਵਨ ਦੇ ਹਰੇਕ ਪੱਖ ਦੀ ਅਨੈਤਿਕਤਾ ਨੂੰ ਹਟਾਉਣ ਲਈ ਜ਼ਰੂਰੀ ਹੈ ਕਿ ਮਨੁੱਖ ਗੁਰਬਾਣੀ ਦੀ ਸੇਧ ਅਨੁਸਾਰ ਜੀਵਨ ਬਤੀਤ ਕਰੇ ਅਤੇ ਨਿਰਭਉ ਨਿਰਵੈਰ ਦੇ ਸੰਕਲਪ ਨੂੰ ਆਪਣੇ ਜੀਵਨ ਦਾ ਆਧਾਰ ਬਣਾਵੇ, ਜਿਸ ਨਾਲ ਸਮਾਜਿਕ ਤਾਣਾ ਬਾਣਾ ਤਾਂ ਸੁਧਰੇਗਾ, ਹੀ ਨਾਲ ਹੀ ਮਨੁੱਖੀ ਤਰੱਕੀ, ਪਰਉਪਕਾਰ, ਮਿਲਵਰਤਨ, ਭਾਈਚਾਰਾ, ਸਾਂਝੀਵਾਲਤਾ ਦਾ ਜੋ ਸੁਨੇਹਾ ਗੁਰਬਾਣੀ ਦਿੰਦੀ ਹੈ ਉਹ ਵਿਸ਼ਵ ਪੱਧਰ ਤੇ ਪ੍ਰਫੁੱਲਿਤ ਹੋਵੇਗਾ।

**ਸਥਾਪਨਾਵਾਂ ਤੇ ਸਿੱਟੇ:-** ਹਥਲੇ ਖੋਜ-ਪ੍ਰਬੰਧ ਦਾ ਵਿਸ਼ਾ '**ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਭਉ ਨਿਰਵੈਰ ਦਾ ਸੰਕਲਪ**' ਹੈ। ਇਸ ਖੋਜ-ਪ੍ਰਬੰਧ ਨੂੰ ਪੰਜ ਅਧਿਆਇਆਂ ਵਿਚ ਵੰਡਿਆ ਗਿਆ ਹੈ। ਇਨ੍ਹਾਂ ਅਧਿਆਇਆਂ ਦੇ ਅਧਾਰ ਉੱਤੇ ਜੋ ਸਥਾਪਨਾਵਾਂ ਪੇਸ਼ ਕੀਤੀਆਂ ਗਈਆਂ ਹਨ, ਉਹ ਹੇਠ ਲਿਖੇ ਅਨੁਸਾਰ ਹਨ:

- ਮਨੁੱਖ ਜਨਮ ਤੋਂ ਹੀ ਡਰ ਦੀ ਪ੍ਰਵਿਰਤੀ ਨੂੰ ਮਹਿਸੂਸ ਕਰਦਾ ਹੈ। ਡਰ ਤੋਂ ਹੀ ਵੈਰ ਦੀ ਉਤਪਤੀ ਵੀ ਮੰਨੀ ਜਾਂਦੀ ਹੈ। ਜਿਥੇ ਪੱਛਮੀ ਵਿਦਵਾਨਾਂ ਨੇ ਧਰਮ ਦੀ ਉਤਪਤੀ ਨੂੰ ਡਰ ਤੋਂ ਮੰਨਿਆ ਹੈ ਉਥੇ ਗੁਰਮਤਿ ਵਿਚ ਅਜਿਹਾ ਬਿਲਕੁਲ ਵੀ ਨਹੀਂ। ਗੁਰਬਾਣੀ ਅਨੁਸਾਰ ਧਰਮ ਡਰ ਤੋਂ ਨਹੀਂ ਬਲਕਿ ਦਇਆ, ਕਰੁਣਾ ਤੋਂ ਉਪਜਿਆ ਹੈ। ਗੁਰਮਤਿ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਦੀ ਨੀਂਹ ਦਇਆ ਤੋਂ ਉਤਪੰਨ ਹੋਈ ਦੱਸੀ ਹੈ। ਗੁਰੂ ਜੀ ਨੇ ਧਰਮ ਨੂੰ ਦਇਆ ਦਾ ਪੁੱਤਰ ਆਖਿਆ ਹੈ। ਦਇਆ, ਕਰੁਣਾ, ਨਿਮਰਤਾ ਦੇ ਭਾਵ ਹੀ ਮਨੁੱਖ ਅੰਦਰ ਪ੍ਰੇਮ ਨੂੰ ਜਨਮ ਦਿੰਦੇ ਹਨ ਜੋ ਨਿਰਭਉ ਨਿਰਵੈਰ ਦੀ ਭਾਵਨਾ ਲਈ ਜ਼ਰੂਰੀ ਹਨ।
- ਖੋਜ-ਕਾਰਜ ਦਾ ਆਰੰਭ ਇਸ ਸੰਕਲਪ ਦੇ ਸ਼ਾਬਦਿਕ ਅਰਥਾਂ ਰਾਹੀਂ ਕੀਤਾ ਗਿਆ ਹੈ। ਇਸ ਦਾ ਮਨੋਰਥ ਵਿਸ਼ੇ ਦੇ ਵਿਭਿੰਨ ਅਰਥਾਂ ਨੂੰ ਡੂੰਘਾਈ ਨਾਲ ਵਿਸਥਾਰਪੂਰਵਕ ਸਮਝਣਾ ਰਿਹਾ ਹੈ। ਉਦਾਹਰਣ ਹਿਤ-ਨਿਰਭਉ ਨਿਰਵੈਰ ਦੇ ਇਕ ਤੋਂ ਵੱਧ ਅਰਥ ਉਪਲਬਧ ਹਨ ਜਿਵੇਂ ਨਿਰਭਉ ਲਈ ਨਿਡਰ, ਬੇਖੌਫ਼, ਨਿਰਭੈ, ਬਹਾਦਰ, ਹਿੰਮਤੀ, ਸਾਹਸੀ ਅਤੇ ਨਿਰਵੈਰ ਲਈ ਵੈਰ ਰਹਿਤ, ਦ੍ਵੈਸ਼ ਰਹਿਤ, ਦੁਸ਼ਮਣੀ ਤੋਂ ਬਿਨ੍ਹਾਂ ਆਦਿ। ਕੁਝ ਕੋਸ਼ਾਂ ਵਿਚ ਅਤੇ ਵਿਦਵਾਨਾਂ ਨੇ ਸੰਕਲਪਾਂ ਦੇ ਵਿਭਿੰਨ ਅਰਥ

ਕੀਤੇ ਹਨ ਜਿਵੇਂ ਨਿਰਭਉ ਲਈ ਸੁਰੱਖਿਅਤ, ਰੱਖਿਅਕ, ਹੌਸਲਾ, ਭਰਮ ਤੋਂ ਮੁਕਤ ਅਤੇ ਨਿਰਵੈਰ ਲਈ ਮਿੱਤਰਤਾ, ਸ਼ਾਂਤੀ ਪ੍ਰਿਯ, ਮਿਲਾਪੜਾ, ਮਿਹਰਵਾਨ, ਸਹਿਣਸ਼ੀਲਤਾ ਆਦਿ।

- ਉਪਰੋਕਤ ਸ਼ਾਬਦਿਕ ਅਰਥਾਂ ਤੋਂ ਇਲਾਵਾ ਗੁਰਬਾਣੀ ਵਿਚ ਇਹ ਸੰਕਲਪ ਵਿਭਿੰਨ ਰੂਪਾਂ ਵਿਚ ਆਇਆ ਹੈ ਜਿਸ ਨੂੰ ਸਮਾਨ-ਅਰਥੀ ਸ਼ਬਦ ਵੀ ਕਿਹਾ ਜਾਂਦਾ ਹੈ। ਉਹ ਸਮਾਨ-ਅਰਥੀ ਸ਼ਬਦ ਹਨ: ਨਿਰਭਉ ਦੇ ਨਿਰਭਇਆ, ਨਿਰਭਏ, ਨਿਰਭਯੰ, ਨਿਰਭਯਹ, ਨਿਰਭਵਹ, ਨਿਰਭੈ, ਨਿਡਰ, ਅਭਉ ਅਭੈ, ਅਨਭਉ, ਅਨਭੈ, ਆਦਿ ਅਤੇ ਨਿਰਵੈਰ ਦੇ ਨਿਰਵੈਰਣਹ, ਨਿਰਵੈਰਾ, ਨਿਰਵੈਰਿ, ਨਿਰਵੈਰੁ, ਨਿਰਵੈਰੇ, ਨਿਰਵੈਰੈ। ਇਨ੍ਹਾਂ ਰੂਪਾਂ ਨੂੰ ਪੇਸ਼ ਕਰਨ ਹਿਤ ਵੱਖਰੇ-ਵੱਖਰੇ ਕੋਸ਼ਾਂ ਵਿਚੋਂ ਸ਼ਾਬਦਿਕ ਅਰਥਾਂ ਦੇ ਨਾਲ-ਨਾਲ ਗੁਰਬਾਣੀ ਦੀਆਂ ਤੁੱਕਾਂ ਵੀ ਦਿੱਤੀਆਂ ਗਈਆਂ ਹਨ।
- ਇਸ ਵਿਸ਼ੇ ਨੂੰ ਵਿਸਥਾਰ ਨਾਲ ਸਮਝਣ ਲਈ ਵੱਖਰੇ-ਵੱਖਰੇ ਧਰਮਾਂ ਜਿਵੇਂ ਯਹੂਦੀ, ਈਸਾਈ, ਇਸਲਾਮ, ਹਿੰਦੂ, ਬੁੱਧ, ਜੈਨ ਆਦਿ ਦੇ ਵਿਚ ਨਿਰਭਉ ਨਿਰਵੈਰ ਦੇ ਨਾਲ ਮਿਲਦੇ-ਜੁਲਦੇ ਸਬਦਾਂ ਦੇ ਰੂਪਾਂ ਨੂੰ ਪੇਸ਼ ਕੀਤਾ ਗਿਆ ਹੈ। ਜਿਵੇਂ ਰਿਗਵੇਦ ਵਿਚ ਬ੍ਰਹਮ ਨੂੰ ਅਭਿਯਮ ਜਿਅਤਿ, ਸ੍ਰੀਮਦ ਭਗਵਤ ਗੀਤਾ ਵਿਚ ਨਿਰਭਉ ਲਈ ਅਭੈ, ਅਭਯਮ ਸ਼ਬਦ, ਨਿਰਵੈਰ ਲਈ 'ਨਿਰਵੈਰਹ' ਸ਼ਬਦ ਵਰਤੇ ਗਏ ਹਨ। ਬੁੱਧ ਧਰਮ ਦੀਆਂ ਸਿੱਖਿਆਵਾਂ ਅਸ਼ਟਾਗ ਮਾਰਗ ਵਿਚ ਸਮਯਕ ਕਰਮ ਅਤੇ ਜੈਨ ਧਰਮ ਵਿਚ ਪੰਜ ਮਹਾਵਰਤਾਂ ਵਿਚੋਂ ਪਹਿਲਾ ਅਹਿੰਸਾ ਮਹਾਵਰਤ ਹੈ। ਇਸ ਤਰ੍ਹਾਂ ਹੋਰਨਾਂ ਧਰਮਾਂ ਵਿਚਲੇ ਨਿਰਭਉ ਨਿਰਵੈਰ ਸਰੂਪ ਨੂੰ ਦਰਸਾਇਆ ਗਿਆ ਹੈ।
- ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਸਮੇਂ ਨਿਰਭਉ ਨਿਰਵੈਰ ਬਾਰੇ ਇਹ ਗੱਲ ਪਤਾ ਲਗਦੀ ਹੈ ਕਿ ਇਹ ਗੁਣ ਤਿੰਨ ਹਸਤੀਆਂ ਲਈ ਵਰਤਿਆ ਗਿਆ ਹੈ। ਪਹਿਲਾ ਅਕਾਲ ਪੁਰਖ ਲਈ, ਦੂਸਰਾ ਸ਼ਬਦ ਗੁਰੂ ਲਈ, ਤੀਸਰਾ ਗੁਰਮੁਖ ਜਨ, ਸੰਤ, ਭਗਤ ਲਈ। ਗੁਰਬਾਣੀ ਅਨੁਸਾਰ ਅਕਾਲ ਪੁਰਖ, ਗੁਰੂ ਅਤੇ ਗੁਰਮੁਖ ਜਨ ਹੀ ਨਿਰਭਉ ਨਿਰਵੈਰ ਹਨ। ਅਕਾਲ ਪੁਰਖ ਦੀ ਭਗਤੀ ਕਰਕੇ ਹੀ ਸਦਗੁਣਾਂ ਨੂੰ ਅਪਣਾ ਕੇ ਮਨੁੱਖ ਇਸ ਪਦ ਦੀ ਪ੍ਰਾਪਤੀ ਕਰ ਸਕਦੇ ਹਨ।
- ਸਿੱਖ ਚਿੰਤਨ ਦਾ ਹਰ ਅੰਗ ਦੈਵੀ ਵਰਤਾਰਾ ਹੈ। ਨਿਰਭਉ ਨਿਰਵੈਰ ਭਾਵਨਾ ਮਾਨਸਿਕ ਮਨੋਵਿਰਤੀਆਂ ਤੋਂ ਵੀ ਉਪੱਰ ਉੱਠ ਕੇ ਇਕ ਦੈਵੀ ਅਨੁਭਵ ਨਾਲ ਜੋੜਦੀ ਹੈ। ਨਿਰਭਉ ਨਿਰਵੈਰ

ਅਕਾਲ ਪੁਰਖ ਦੀਆਂ ਸਰਗੁਣ ਨਿਰਗੁਣ ਅਵਸਥਾਵਾਂ ਹਨ। ਅਕਾਲ ਪੁਰਖ ਨਿਰਗੁਣ ਰੂਪ ਨਿਰਭਉ ਹੈ ਉਹ ਕੇਵਲ ਤੇ ਕੇਵਲ ਇਕ ਅਦੁੱਤੀ ਹੈ। ਨਿਰਵੈਰ ਅਕਾਲ ਪੁਰਖ ਦਾ ਸਰਗੁਣ ਸਰੂਪ ਹੈ। ਗੁਰੂ ਦਾ ਸਰਗੁਣ ਸਰੂਪ ਸ਼ਬਦ ਗੁਰੂ ਹੈ ਅਤੇ ਨਿਰਗੁਣ ਸਰੂਪ ਉਸ ਦੀ ਅਕਾਲ ਪੁਰਖ ਵਿਚ ਅਭੇਦਤਾ ਹੈ। ਇਸੇ ਤਰ੍ਹਾਂ ਹੀ ਗੁਰਮੁਖ ਜਦੋਂ ਗੁਰੂ ਤੋਂ ਸਿੱਖਿਆ ਲੈਂਦਾ ਹੈ ਅਤੇ ਯਥਾਰਥਕ ਰੂਪ ਵਿਚ ਵਿਚਰਦਾ ਹੋਇਆ ਉਪਦੇਸ਼ ਧਾਰਨ ਕਰ ਦੁਨੀਆ ਵਿਚ ਪਰਉਪਕਾਰ ਕਰਦਾ ਹੈ ਇਹ ਉਸ ਦਾ ਸਰਗੁਣ ਸਰੂਪ ਹੈ, ਜੋ ਨਿਰਭਉ ਹੈ। ਇਸ ਤਰ੍ਹਾਂ ਅਕਾਲ ਪੁਰਖ ਦੇ ਧਿਆਨ ਵਿਚ ਗੁਰੂ ਨਾਲ ਅਭੇਦ ਹੋਇਆ ਉਹ ਨਿਰਗੁਣ ਹੋ ਜਾਂਦਾ ਹੈ ਅਤੇ ਉਸ ਦਾ ਕਿਸੇ ਨਾਲ ਵੈਰ ਵਿਰੋਧ ਨਹੀਂ ਹੁੰਦਾ।

- ਗੁਰਬਾਣੀ ਵਿਚ ਦੋ ਪ੍ਰਕਾਰ ਦੇ ਭੈ ਦੀ ਗੱਲ ਕੀਤੀ ਗਈ ਹੈ। ਦੁਨਿਆਵੀ ਭੈ ਅਤੇ ਨਿਰਮਲ ਭੈ। ਦੁਨਿਆਵੀ ਭੈ ਵਿਚ ਸਾਡੀ ਜਿੰਦਗੀ ਦੇ ਸਾਰੇ ਭੈ ਸ਼ਾਮਿਲ ਹੁੰਦੇ ਹਨ ਜਿਵੇਂ ਗਰੀਬੀ, ਬਿਮਾਰੀ, ਦੁੱਖ, ਆਲੋਚਨਾ, ਪ੍ਰੇਮ ਦਾ ਖ਼ਤਮ ਹੋਣਾ, ਸੁਤੰਤਰਤਾ ਦਾ ਖੋ ਜਾਣਾ, ਬੁਢਾਪੇ ਅਤੇ ਮੌਤ ਦਾ ਡਰ ਆਦਿ। ਇਨ੍ਹਾਂ ਸਾਰੇ ਡਰਾਂ ਦਾ ਕਾਰਨ ਹਉਮੈ ਹੈ। ਇਸ ਤੋਂ ਵੈਰ ਉਪਜਦਾ ਹੈ। ਨਿਰਮਲ ਭੈ ਵਿਚ ਪਰਮਾਤਮਾ ਦੀ ਹੋਂਦ ਸ਼ਾਮਿਲ ਹੁੰਦੀ ਹੈ। ਨਿਰਮਲ ਭਉ ਪਿਆਰ ਤੋਂ ਉਪਜਦਾ ਹੈ। ਇਸ ਵਿਚ ਆਤਮ ਸਮਰਪਣ ਅਤੇ ਆਦਰ ਦੀ ਭਾਵਨਾ ਸ਼ਾਮਿਲ ਹੁੰਦੀ ਹੈ।
- ਗੁਰਬਾਣੀ ਵਿਚਲਾ ਨਿਰਭਉ ਨਿਰਵੈਰ ਸੰਕਲਪ ਦੇ ਅਧਿਐਨ ਕਰਨ ਦੇ ਨਾਲ-ਨਾਲ ਸਿੱਖ ਇਤਿਹਾਸ ਵਿਚ ਇਸ ਸੰਕਲਪ ਦੀ ਵਿਵਹਾਰਿਕਤਾ ਦਾ ਅਧਿਐਨ ਸ਼ਾਮਿਲ ਕੀਤਾ ਗਿਆ ਹੈ। ਇਹ ਅਧਿਆਇ ਬਣਾਉਣ ਦਾ ਮਕਸਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਧਾਤਾਂ(ਨਿਰਭਉ ਨਿਰਵੈਰ) ਦਾ ਅਮਲੀ ਸਰੂਪ ਜਾਣਨਾ ਰਿਹਾ ਹੈ। ਜਿਸ ਤਹਿਤ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਮੀਰੀ-ਪੀਰੀ, ਫਿਰ ਨੌਵੇਂ ਗੁਰੂ ਜੀ ਦੀ ਸ਼ਹਾਦਤ ਇਸ ਦੇ ਨਾਲ ਹੀ ਗੁਰੂ ਗੋਬਿਦ ਸਿੰਘ ਜੀ ਦਾ ਸਰਬੰਸ ਵਾਰਨਾ ਵੀ ਇਸ ਅਧਿਆਇ ਦਾ ਅਹਿਮ ਹਿੱਸਾ ਰਿਹਾ ਹੈ। ਇਥੇ ਇਹ ਵਰਣਨਯੋਗ ਹੈ ਕਿ ਗੁਰੂ ਜੀ ਦੇ ਨਾਲ ਹੋਈਆਂ ਸ਼ਹਾਦਤਾਂ ਅਤੇ ਬਾਅਦ ਵਿਚ ਸਿੱਖਾਂ ਦੇ ਸਿਦਕ ਵਾਲੇ ਹਵਾਲੇ ਵੀ ਸ਼ਾਮਿਲ ਕੀਤੇ ਗਏ ਹਨ। ਇਸ ਵਿਚੋਂ ਇਹ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਗੁਰਬਾਣੀ ਵਿਚ ਨਿਰਭਉ ਨਿਰਵੈਰ ਸੰਕਲਪ ਨੂੰ ਜਿਸ ਰੂਪ ਵਿਚ ਪੇਸ਼ ਕੀਤਾ ਹੈ, ਉਸ ਦੀ ਵਿਵਹਾਰਿਕ ਪੱਖ ਵਿਚ ਵਰਤੋਂ ਕਿਸ ਤਰ੍ਹਾਂ ਹੋਈ ਹੈ।

- ਅਜੋਕੀ ਜੀਵਨ ਸ਼ੈਲੀ ਵਿਚ ਨਿਰਭਉ ਨਿਰਵੈਰ ਸੰਕਲਪ ਅਪਣਾਉਣ ਦੀ ਸਾਨੂੰ ਕਿਉਂ ਲੋੜ ਹੈ ਅਤੇ ਇਨ੍ਹਾਂ ਦੀ ਅਣਹੋਂਦ ਨਾਲ ਸਾਡੇ ਜੀਵਨ ਉੱਤੇ ਕੀ ਅਸਰ ਪੈਂਦਾ ਹੈ, ਦਾ ਅਧਿਐਨ ਵੀ ਕੀਤਾ ਗਿਆ ਹੈ। ਵਿਚਾਰ ਚਰਚਾ ਕਰਕੇ ਇਹ ਸਿੱਟਾ ਕੱਢਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਜੋ ਪਰਉਪਕਾਰ, ਮਿਲਵਰਤਨ, ਭਾਈਚਾਰਾ, ਸਾਂਝੀਵਾਲਤਾ ਦਾ ਸੁਨੇਹਾ ਗੁਰਬਾਣੀ ਵਿਚ ਪ੍ਰਾਪਤ ਹੁੰਦਾ ਹੈ, ਜੇਕਰ ਮਨੁੱਖ ਉਸ ਨੂੰ ਜੀਵਨ ਵਿਚ ਅਪਣਾਵੇਗਾ ਤਾਂ ਜ਼ਿੰਦਗੀ ਵਿਚ ਆਦਰਸ਼ਕ ਮਾਰਗ ਪੈਦਾ ਹੋ ਸਕਣਗੇ।

ਉਮੀਦ ਹੈ ਇਹ ਖੋਜ-ਕਾਰਜ ਅਕਾਦਮਿਕ ਅਤੇ ਗੈਰ ਅਕਾਦਮਿਕ ਖੇਤਰ ਨਾਲ ਜੁੜੇ ਖੋਜਾਰਥੀਆਂ ਤੇ ਜਗਿਆਸੂਆਂ ਨੂੰ ਉਤਸ਼ਾਹਿਤ ਕਰਨ ਵਿਚ ਯੋਗਦਾਨ ਪਾਵੇਗਾ।

# ਨਿਰਭਉ ਦਾ ਸੂਚੀ-ਪੱਤਰ

| **ਸ਼ਬਦ** | **ਪੰਨੇ** |
|---|---|
| 1. ਅਨਭਉ - | ਮਾਝ 5, 10, 2:3(97); ਗਉੜੀ 5, ਅਸਟਪਦੀ 4, 6:4(237)॥ ਗਉੜੀ ਕਬੀਰ, 27, 3:2(328); 46, 4:2(333)॥ ਥਿਤੀ 1:4(343)॥ ਤਿਲੰਗ 1, ਅਸਟਪਦੀ 1, 8:2(725)॥ ਰਾਮਕਲੀ ਰਵਿਦਾਸ, 1, 1:1(973)॥ ਮਾਰੂ 1, 4, 2:2(990)॥ ਮਾਰੂ 5, 12, 1:2(1002)॥ ਮਾਰੂ 1, ਸੋਲਹਾ 21, 4:2(1041)॥ ਮਾਰੂ ਕਬੀਰ, 8, 1:1; 2(1104)॥ ਪਰਭਾਤੀ 4, 5, 3:1(1336)॥ ਸਲੋਕ ਕਬੀਰ, 180:1(1374)॥ ਸਵਯੇ 4, ਕਲਸਹਾਰ 4:1(1397); 12:2 (1398)॥ ਸਵਯੇ 5, ਕਲਸਹਾਰ 2:4(1407)॥ |
| 2. ਅਨੰਭਉ - | ਸਵਯੇ 5, ਕਲਸਹਾਰ 5:2(1407)॥ |
| 3. ਅਨਭੈ - | ਗਉੜੀ 5, 136, 2:2(209)॥ ਗਉੜੀ ਕਬੀਰ, ਬਾਵਨ ਅੱਖਰੀ 45:4(343)॥ ਭੈਰਉ ਰਵਿਦਾਸ, 1, 2:4(1167)॥ ਸਾਰਗ 5, ਛੰਤ 1, 1:1; 6(1236)॥ ਸਵਯੇ 4, ਕਲਸਹਾਰ 2:3(1396)॥ |
| 4. ਅਭਉ - | ਸਵਯੇ 3, 14:4(1394)॥ |
| 5. ਅਭੈ - | ਗਉੜੀ ਕਬੀਰ, 9, 1:2(325)॥ ਜੈਤਸਰੀ 9, 2, 3:2(703)॥ ਬਿਲਾਵਲ 5, 37, 2:2(810); 81, 1:2; 4:2(820)॥ ਰਾਮਕਲੀ 9, 1, 3:2(902)॥ ਰਾਮਕਲੀ 3, ਵਾਰ 6, ਸਲੋਕ, 3, 1:3(949)॥ ਕਾਨੜਾ 4, 6, 1:1(1296)॥ ਕਾਨੜਾ 5, 9, 2:2(1300)॥ ਸਵਯੇ 1, 7:4(1390)॥ ਸਵਯੇ 3, 11:4 (1394)॥ ਸਵਯੇ 4, ਕਲਸਹਾਰ 3:2; 6:6(1397)॥ ਸਲੋਕ ਵਾਰਾਂ ਤੇ ਵਧੀਕ 3, 2:1(1413)॥ |
| 6. ਅਭੈਦਾਨੁ - | ਗੂਜਰੀ 5, 12, 2:2(498)॥ |
| 7. ਅਭੈਪਦ - | ਕੇਦਾਰਾ ਕਬੀਰ , 3, 4:1(1123)॥ ਭੈਰਉ ਨਾਮਦੇਵ, 9, 5:2(1165)॥ |

8. ਅਭੈਪਦੁ - ਜੈਤਸਰੀ 5, 9, 2:2(701)॥ ਮਾਰੂ ਨਾਮਦੇਵ, 1, 3:1(1105)॥ ਭੈਰਉ ਕਬੀਰ ਅਸਟਪਦੀ, 2, 8:4(1163)॥

9. ਨਿਡਰ - ਗਉੜੀ ਕਬੀਰ ਬਾਵਨ ਅੱਖਰੀ 19:4(341)॥

10. ਨਿਡਰਿਆ - ਸਿਰੀ 1, ਅਸਟਪਦੀ 3, 3:3(54)॥ ਮਾਝ 1, ਵਾਰ 24:7(149)॥

11. ਨਿਡਰੁ - ਗਉੜੀ 5, ਸੁਖਮਨੀ 21, 2:8(291)॥ ਗਉੜੀ ਕਬੀਰ ਬਾਵਨ ਅੱਖਰੀ 19:4(341)॥ ਬਿਲਾਵਲ 1, ਥਿਤੀ 17:4(840)॥

12. ਨਿਡਰੇ - ਗਉੜੀ 1, ਅਸਟਪਦੀ 2, 5:2(221)॥

13. ਨਿਰਭੈ - ਗਉੜੀ 9, 8, 3:2(220)॥ ਗਉੜੀ ਕਬੀਰ, 57, 1:2(336)॥ ਆਸਾ 5, 78, 1:2(389); 156, 1:1(409)॥ ਗੂਜਰੀ 5, 6, 4:1(496)॥ ਸੋਰਠਿ 1, 6, 3:2(597)॥ ਸੋਰਠਿ 9, 4, 1:1(632)॥ ਧਨਾਸਰੀ 5, ਅਸਟਪਦੀ 1, 8:2(687)॥ ਬਿਲਾਵਲ 9, 1, 2:1(830)॥ ਬਸੰਤ 5, 13, 2:3(1184)॥ ਸਾਰਗ 5, 35, 2:2(1211)॥ ਸਾਰਗ ਨਾਮਦੇਵ, 1, 4:4(1252)॥ ਪਰਭਾਤੀ 5, 9, 2:4(1340)॥ ਸਲੋਕ ਕਬੀਰ 5:2(1364)॥ ਸਲੋਕ ਵਾਰਾਂ ਤੇ ਵਧੀਕ 9, 33:2(1428)॥

14. ਨਿਰਭਉ - ਜਪੁ ਜੀ 1, 1:4(1)॥ ਆਸਾ 4, ਸੋ ਪੁਰਖ 1, 3:3(11)॥ ਗਉੜੀ 1, ਸੋਹਲਾ 1, 1:1(12)॥ ਸਿਰੀ 1, 11, 1:2(18); 23, 4:3(23)॥ ਸਿਰੀ 3, 36, 4:3(27); 49, 4:2(32)॥ ਆਸਾ 23, 9:1(68)॥ ਮਾਝ 4(94)॥ ਮਾਝ 5, 16, 2:2(99)॥ ਮਾਝ 3, ਅਸਟਪਦੀ 9, 1:1; 2(114); 29, 1:2(126)॥ ਗਉੜੀ 1(151)॥ਗਉੜੀ 1, 20, 1:1(157)॥ ਗਉੜੀ 5, 87, 2:4(181); 95, 2:4(184); 125, 1:1(191) ; 108, 3:1(201); 114, 2:2(203); 125, 3:2; 126, 1:2(206); 152, 3:2(213); 160, 2:2(215); 166, 3:4(216)॥ ਗਉੜੀ 1, ਅਸਟਪਦੀ 2, 4:3(221); 7, 2:1:4:2(223); 5:1(224); 13, 5:2(226)॥ ਗਉੜੀ 5,

ਸੁਖਮਨੀ 17, 2:5(285); 18, 7:5(287); 22, 7:3(293)॥ ਗਉੜੀ 4, ਵਾਰ 6 ਸਲੋਕ, 4, 1:1(302)॥ 17 ਸਲੋਕ,4, 1:3(310)॥ ਗਉੜੀ ਕਬੀਰ, 9, 1:1(325), 72, 1:2(339)॥ ਆਸਾ 1, ਸੋਦਰ(347)॥ ਆਸਾ 4, ਸੋਦਰ 2, 3:3(348)॥ ਆਸਾ 3, 41, 1:3(361); 52, 2:1(365)॥ ਆਸਾ 5 ,44, 3:1(381); 48, 3:1(383) 86, 2:1(392); 99, 3:3(395) 160, 1:4(410)॥ ਆਸਾ 1, ਅਸਟਪਦੀ 4, 4:1(413); 8, 6:2(415)॥ ਆਸਾ 5, ਛੰਤ 9, 1:2(458)॥ ਆਸਾ 1, ਵਾਰ(452); 4 ਸਲੋਕ, 1, 1:14; 1, 2:1(464)॥ ਸਲੋਕ 4, 1, 2:9(465)॥ ਆਸਾ ਕਬੀਰ(475)॥ ਗੂਜਰੀ 1(489)॥ ਅਸਟਪਦੀ 3, 4:2(504)॥ ਗੂਜਰੀ 3, ਵਾਰ 19ਸਲੋਕ, 3, 1:10; 19;4(516)॥ ਦੇਵਗੰਧਾਰੀ 4(527)॥ ਬਿਹਾਗੜਾ 4, ਛੰਤ 5, 3:3(541)॥ ਵਾਰ 9, ਸਲੋਕ,3, 1:2(588)॥ ਸੋਰਠ 1(595); 3, 4:3(596); 12, 3:3(599)॥ ਸੋਰਠਿ 5, 1, 1:3(608); 5, 2:2(609) 21, 3:2(614), 55, 4: 3(622)॥ ਸੋਰਠਿ 3, ਅਸਟਪਦੀ 3, 4:2(639)॥ ਧਨਾਸਰੀ 1(660)॥ ਧਨਾਸਰੀ 4, 17, 2:2(675); 55, 3:2(684)॥ ਜੈਤਸਰੀ 4, 10, 1:2(699)॥ ਜੈਤਸਰੀ 5, ਵਾਰ 12:2(709)॥ ਟੋਡੀ 4, ਟੋਡੀ 5, 1, 2:2(711)॥ ਬੈਰਾੜੀ 4, 4,1:1(720)॥ ਤਿਲੰਗ 1,(721)॥ ਸੂਹੀ 1(728); 8, 4:2(730)॥ ਸੂਹੀ 4, 10, 4:1(734)॥ ਛੰਤ 2, 2:2(733)॥ ਸੂਹੀ 5, ਛੰਤ 4, 4:6(780)॥ ਬਿਲਾਵਲ 1,(795)॥ ਬਿਲਾਵਲ 5, 103, 2:1(824)॥ ਬਿਲਾਵਲ 4, ਅਸਟਪਦੀ 1, 1:2(833)॥ ਗੋਂਡ 4(859)॥ ਗੋਂਡ 5, 4, 4:1(863)॥ ਰਾਮਕਲੀ 1(876)॥ ਰਾਮਕਲੀ 5, 32, 3:3; 34, 3:3(893)॥ 43, 1:2(899); 54, 2:3(900)॥ ਰਾਮਕਲੀ 1, ਅਸਟਪਦੀ 8, 8:1(907)॥ ਰਾਮਕਲੀ 5, ਅਸਟਪਦੀ 6,

20:1(916)॥ ਰਾਮਕਲੀ 1, ਓਅੰਕਾਰ 30:4(933); 37:4(935)॥ ਸਿਧ ਗੋਸਟੀ 21:3(940)॥ ਰਾਮਕਲੀ 5, ਵਾਰ 7:4(961)॥ ਰਾਮਕਲੀ ਕਬੀਰ 9, 1:3(971)॥ ਨਟ ਨਰਾਇਨ 4(975)॥ ਮਾਲੀ ਗਉੜਾ 4(984)॥ ਮਾਰੂ 1(989)॥ ਮਾਰੂ 1,(989)॥ ਮਾਰੂ 4, 8, 2:1; ਮਾਰੂ 5,1, 1:1(998) 6, 4:1(1000); 18, 1:1(1004)॥ ਮਾਰੂ 1, ਸੋਲਾਹ 1, 12:3; 2, 4:3(1021); 3, 10:2(1023); 4, 15:3(1024) 13, 9:3(1033); 14, 8:3(1034) 20, 6:3(1041) 21, 11:1, 12:1, 13:2, 14:1(1042)॥ ਮਾਰੂ 3, ਸੋਲਹਾ 11, 6:3(1054)॥ ਵਾਰ 17:4(1092)॥ ਮਾਰੂ 5, ਵਾਰ 15:1(1099)॥ ਮਾਰੂ ਕਬੀਰ, 8, 2:2(1104)॥ ਮਾਰੂ ਨਾਮਦੇਵ, 1, 2:2(1105)॥ ਤੁਖਾਰੀ 1, ਛੰਤ 6, 3:5(1113)॥ ਕੇਦਾਰਾ ਕਬੀਰ , 1, 4:2(1123)॥ ਭੈਰਉ,1(1125)॥ ਭੈਰਉ 5, 17, 2:1(1139)॥ ਭੈਰਉ 3, ਅਸਟਪਦੀ 1, 3:3, 7:2(1154)॥ ਬਸੰਤ 1(1168)॥ਬਸੰਤ 5, 3, 3:1(1180)॥ ਬਸੰਤ 1, ਅਸਟਪਦੀ 1, 4:4(1187)॥ ਸਾਰਗ 1(1197)॥ ਸਾਰਗ 4, 11, 1:1(1201)॥ ਸਾਰਗ 5, 30, 2:2(1210)॥ 68, 2:1(1217)॥ 72, 1:1(1218)॥ ;106, 2:2(1224)॥ ਸਾਰਗ, ਅਸਟਪਦੀ 1, 3:2(1232)॥ ਸਾਰੰਗ 4, ਵਾਰ 11 ਸਲੋਕ, 1, 2:5(1242)॥ ਮਲਾਰ 1(1254)॥ ਵਾਰ 22:6(1288)॥ ਕਾਨੜਾ 4,(1294)॥ ਕਲਿਆਨ 4(1319); 7, 1:2(1321॥) ਪਰਭਾਤੀ 1(1327); 17, 3:2(1332)॥ ਪਰਭਾਤੀ ਨਾਮਦੇਵ 1, 3:2(1350)॥ ਜੈਜਾਵੰਤੀ 9(1352)॥ ਸਲੋਕ ਸੰਸਕ੍ਰਿਤੀ 5(1353)॥ ਸਲੋਕ ਮੁਖਵਾਕ 5(1385)॥ ਸਵਯੇ 3, 21:3(1396)॥ ਸਵਯੇ 4, ਨਲ 2:3(1398);14:4(1400)॥ ਸਵਯੇ 5,ਕਲਸਹਾਰ, 8:1(1407)॥ ਸਲੋਕ ਵਾਰਾਂ ਤੇ ਵਧੀਕ 1(1410)॥

15. ਨਿਰਭਇਆ - ਬਿਲਾਵਲ 5, 65, 2:2(817)॥

ਸਾਰਗ 5, 47, 2:1(1213)॥

16. ਨਿਰਭਏ - ਗਉੜੀ 5, 159, 14:2(214)॥

17. ਨਿਰਭੈਪਦੁ - ਤਿਲੰਗ 9, 1,2:2(726)॥

18. ਨਿਰਭਵਹ - ਸਲੋਕ ਸਹਸਕ੍ਰਿਤੀ 5, 44:3(1358)॥

19. ਨਿਰਭਯੰ - ਸਲੋਕ ਸਹਸਕ੍ਰਿਤੀ 5, 29:4(1356)॥

20. ਨਿਰਭਯਹ - ਸਲੋਕ ਸਹਸਕ੍ਰਿਤੀ 5, 37:2(1357)॥

# ਨਿਰਵੈਰ ਦਾ ਸੂਚੀ-ਪੱਤਰ

**ਸ਼ਬਦ** **ਪੰਨੇ**

1. ਨਿਰਵੈਰ - ਮਾਝ 5, 16, 2:2(99)॥ ਗਉੜੀ 5, 92, 1:2(183)॥ ਸੁਖਮਨੀ 18, 5:5(287); 22, 4:2(292)॥ ਗਉੜੀ 4, ਵਾਰ 31:8(317)॥ ਆਸਾ 1, ਸੋਦਰ 1(347)॥ ਬਿਲਾਵਲ 1, ਵਾਰ 13:4; ਗੌਂਡ 5, ਅਸਟਪਦੀ 6:1(869)॥ ਮਾਰੂ 5, ਵਾਰ 15: 5(1099)॥ ਭੈਰਉ 5, 23, 1:1(1141); 34, 4:1(1145)॥
2. ਨਿਰਵੈਰਣਹ - ਸਲੋਕ ਸਹਸਕ੍ਰਿਤੀ 5, 40:2(1357)॥
3. ਨਿਰਵੈਰਾ - ਮਾਝ 5, 13, 3:1(98)॥ ਗਉੜੀ 4, ਵਾਰ 5 ਸਲੋਕ, 4, 2:3(302)॥ ਸਾਰਗ 5, 80, 1:1(1220)॥
4. ਨਿਰਵੈਰਿ - ਗਉੜੀ 4, ਵਾਰ 12:8(306)॥ ਸਵਯੇ 3, 7:1(1393)॥
5. ਨਿਰਵੈਰੁ - ਜਪੁ ਜੀ 1, 1:5(1)॥ ਮਾਝ 4(94)॥ ਮਾਝ 5, 49, 4:1(108)॥ ਗਉੜੀ 1(151)॥ ਗਉੜੀ 4, ਵਾਰ 5, ਸਲੋਕ 4, 2:2; 6 ਸਲੋਕ, 4, 1:1(302); 26 ਸਲੋਕ, 3, 1:5(314)॥ ਆਸਾ 1(347)॥ ਵਾਰ(462)॥ ਆਸਾ ਕਬੀਰ(475)॥ ਗੂਜਰੀ 1(489)॥ ਦੇਵਗੰਧਾਰੀ 4(527)॥ ਬਿਹਾਗੜਾ 5(537)॥ ਵਡਹੰਸੁ 1(557)॥ ਸੋਰਠ 1(595); 3, 4:3(596)॥ ਧਨਾਸਰੀ 1(660)॥ ਟੋਡੀ 4(711)॥ ਬੈਰਾੜੀ 4, 4, 1:1(720)॥ ਤਿਲੰਗ 1(721)॥ ਸੂਹੀ 1(728)॥ ਬਿਲਾਵਲ 1(795)॥ ਗੋਂਡ 4(859)॥ ਰਾਮਕਲੀ 1(876)॥ ਓਅੰਕਾਰ 15:1(931)॥ ਰਾਮਕਲੀ 5, ਵਾਰ 7, ਸਲੋਕ, 5, 2:10(960)॥ 10 ਸਲੋਕ, 5, 1:3(962)॥ ਨਟ ਨਰਾਇਨ 4(975)॥ ਮਾਲੀ ਗਉੜਾ 4(984)॥ ਮਾਰੂ 1(989)॥ ਮਾਰੂ 5, ਸੋਲਹਾ 11, 9:1(1082)॥ ਭੈਰਉ 1(1125)॥ ਬਸੰਤੁ 1(1168)॥ ਸਾਰਗ 1(1197)॥ ਸਾਰਗ 4, 11, 1:3(1201)॥ ਮਲਾਰ 1, (1254)॥ ਕਾਨੜਾ 4 (1294)॥ ਕਲਿਆਨ 4 (1319)॥

ਪਰਭਾਤੀ 1(1327)॥ ਜੈਜਾਵੰਤੀ 9(1352)॥ ਸਲੋਕ ਸਹਸਕ੍ਰਿਤੀ 5(1353॥ ਸਵਯੇ ਸ੍ਰੀ ਮੁਖਬਾਕ 5(1385)॥ ਸਵਯੇ 1, 6:1(1390)॥ ਸਵਯੇ 4, ਨਲ 14:4(1400)॥ ਮਥੁਰਾ 1:3(1404)॥ ਸੋਲਹਾ 1(1410)॥ ਸੋਲਹਾ 3, 23:1(1415)॥ ਸੋਲਹਾ 4, 2:4 (1421)॥

6. ਨਿਰਵੈਰੇ - ਗਉੜੀ 5, 166, 4:3(217)॥

7. ਨਿਰਵੈਰੈ - ਗਉੜੀ 4, ਵਾਰ 13 ਸਲੋਕ, 4, 2:5(307)॥ ਸਾਰਗ 5, 10, 4:1(1205); 68, 1:1(1217)॥ ਸਲੋਕ 3, 23:2(1415)॥

# ਪੁਸਤਕ ਸੂਚੀ

**ਮੁੱਖ ਸ੍ਰੋਤ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

**ਪੰਜਾਬੀ ਪੁਸਤਕਾਂ**


ਅਜੀਤ ਸਿੰਘ ਔਲਖ(ਡਾ.),*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਜਿਲਦ ਤੀਜੀ ਤੋਂ ਨੌਵੀਂ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਦੂਜੀ ਐਡੀਸ਼ਨ, ਜਨਵਰੀ 2011.

*ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ ਫਰੀਦ ਕੋਟ ਵਾਲਾ ਟੀਕਾ,* ਜਿਲਦ 1, ਭਾਸ਼ਾ ਵਿਭਾਗ, ਪੰਜਾਬ, ਚੌਥੀ ਵਾਰ, 1989.

ਅਨੇਕਾਂਤ ਕੁਮਾਰ ਜੈਨ(ਡਾ.),*ਅਹਿੰਸਾ ਦਰਸ਼ਨ,* ਸ੍ਰੀ ਲਾਲ ਬਹਾਦੁਰ ਸ਼ਾਸਤਰੀ ਰਾਸ਼ਟਰੀ ਸੰਸਕ੍ਰਿਤ ਵਿਦਿਆਪੀਠ, ਨਵਦੇਹਲੀ, 2012.

ਐਲ. ਐਮ ਜੋਸ਼ੀ,*ਧੱਮਪਦ(ਲਿਪਿਅੰਤਰ, ਪੰਜਾਬੀ ਅਨੁਵਾਦ ਤੇ ਭੂਮਿਕਾ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.

ਏ. ਸੀ. ਭਕਤੀ ਵੇਂਦਾਤ ਸਵਾਮੀ ਪ੍ਰਭਪਾਦ, *ਸ੍ਰੀਮਦ ਭਗਵਤ ਗੀਤਾ,* ਭਗਤੀ ਵੇਂਦਾਤ ਬੁੱਕ ਟਰੱਸਟ, ਮੁਬੰਈ, ਸਤੰਬਰ, 2012.

ਸਰਬਜਿੰਦਰ ਸਿੰਘ(ਸੰਪਾ.),*ਸਿੱਖ ਧਰਮ ਸਿਧਾਂਤਕ ਤੇ ਇਤਿਹਾਸਕ ਪਰਿਪੇਖ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.

ਸਰਦੂਲ ਸਿੰਘ ਕਵੀਸ਼ਰ, *ਸਿੱਖ ਧਰਮ ਦਰਸ਼ਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.

ਸਰੂਪ ਦਾਸ(ਭੱਲਾ),*ਮਹਿਮਾ ਪ੍ਰਕਾਸ਼,* ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, 1999.

-------------------------, ਦੂਜਾ (ਖੰਡ-1), ਭਾਸ਼ਾ ਵਿਭਾਗ, ਪੰਜਾਬ, ਤੀਜੀ ਵਾਰ, 1999.

ਸਤਿਬੀਰ ਸਿੰਘ,*ਨਿਰਭਉ ਨਿਰਵੈਰੁ ਜੀਵਨੀ ਸ੍ਰੀ ਗੁਰੂ ਹਰਿ ਰਾਇ ਜੀ,* ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ, ਸੱਤਵੀਂ ਵਾਰ, 2014.

ਸਵਿੰਦਰ ਸਿੰਘ ਉੱਪਲ(ਡਾ.), *ਗੁਰੂ ਦਰਸ਼ਨ*, ਨੈਸ਼ਨਲ ਬੁਕ ਸ਼ਾਪ, ਦਿੱਲੀ, 2004.

ਸਯੱਦ ਅਬੁਲ ਆਲਾ ਮੌਦੂਦੀ, *ਕੁਰਾਨ ਮਜੀਦ, ਅਨੁਵਾਦ ਤੇ ਸੰਖੇਪ ਟੀਕਾ ਸਹਿਤ*, ਰਮਜ਼ਾਨ ਸਈਦ(ਪੰਜਾਬੀ ਅਨੁਵਾਦ), ਪੰਜਾਬੀ ਇਸਲਾਮਿਕ, ਪਬਲੀਕੇਸ਼ਨਜ਼, ਮਲੇਰਕੋਟਲਾ,2011 .

ਸਾਹਿਬ ਸਿੰਘ,*ਗੁਰ-ਇਤਿਹਾਸ ਪਾਤਸ਼ਾਹੀ ੨ਤੋਂ ੯*, ਸਿੰਘ ਬ੍ਰਦਰਜ਼, ਅੰਮ੍ਰਿਤਸਰ, 5ਵੀਂ ਵਾਰ, ਮਈ 2011.

ਸਿਮਰਜੀਤ ਸਿੰਘ,*ਬੰਦਾ ਸਿੰਘ ਬਹਾਦਰ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਪਹਿਲੀ ਵਾਰ, ਨਵੰਬਰ, 2010.

ਸ੍ਰੀ ਮਧੂਕਰ ਮੂਨੀ(ਸੰਪਾ.),*ਪ੍ਰਸ਼ਨਵਿਆਕਰਨਸੂਤਰ*, ਸ੍ਰੀ ਮੁਨੀ ਪ੍ਰਬੀਨਰਿਸ਼ੀ ਜੀ ਮਹਾਰਾਜ(ਅਨੁ.),ਸ੍ਰੀ ਆਗਮਨ ਪ੍ਰਕਾਸ਼ਨ ਸਮਿਤੀ, ਰਾਜਸਥਾਨ,ਤੀਜੀ ਵਾਰ, ਸਤੰਬਰ 2000.

ਸੁਰਿੰਦਰ ਸਿੰਘ ਕੋਹਲੀ(ਸੰਪਾ.),*ਗੁਰੂ ਸਾਹਿਬ ਦੀ ਸਦਾਚਾਰਕ ਨੀਤੀ*, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਦੂਜੀ ਵਾਰ, 2000.

ਸੰਤੋਖ ਸਿੰਘ(ਭਾਈ),*ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ*, ਜਿਲਦ ਦੂਜੀ, ਭਾਸ਼ਾ ਵਿਭਾਗ ਪੰਜਾਬ, ਦੂਜੀ ਐਡੀਸ਼ਨ, 2011.

--------------------------------------,ਜਿਲਦ ਤੀਜੀ, ਭਾਸ਼ਾ ਵਿਭਾਗ ਪੰਜਾਬ, ਦੂਜੀ ਐਡੀਸ਼ਨ 2011 .

ਸੁਖਦਿਆਲ ਸਿੰਘ(ਡਾ.),*ਸ਼ਿਰੋਮਣੀ ਸਿੱਖ ਇਤਿਹਾਸ (1708-1799)*,ਜਿਲਦ ਦੂਜੀ, ਸੰਗਮ ਪਬਲਿਕੇਸ਼ਨ, ਸਮਾਣਾ, 2010.

ਸੁਰਜੀਤ ਸਿੰਘ (ਪ੍ਰਿੰ. ਤੇ ਸੰਪਾ.) ਬਲਵਿੰਦਰਪਾਲ ਸਿੰਘ(ਪ੍ਰੋ.ਤੇ ਸੰਪਾ.),*ਹਰਿਮੰਦਰ ਦੀਆਂ ਕਿਆ ਬਾਤਾਂ ਨੇ,* ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ, 1989.

ਸੁਰਜੀਤ ਸਿੰਘ ਭਾਟੀਆ, *ਭਗਤੀ ਤੇ ਸ਼ਕਤੀ*, ਨਾਨਕ ਸਿੰਘ ਪੁਸਤਕ ਸ਼ਾਲਾ, ਅੰਮ੍ਰਿਤਸਰ, 1990.

ਸੁਰਿੰਦਰ ਸਿੰਘ ਕੋਛੜ, *ਅੰਮ੍ਰਿਤਸਰ ਆਰੰਭ ਤੋ ਅੱਜ ਤੱਕ*, ਪ੍ਰੀਮੀਅਰ ਪਬਲੀਕੇਸ਼ਨ, ਅੰਮ੍ਰਿਤਸਰ, 2010.

ਸੋਹਣ ਸਿੰਘ ਸੀਤਲ(ਗਿਆਨੀ), *ਗੁਰ ਇਤਿਹਾਸ ਦਸ ਪਾਤਸ਼ਾਹੀਆਂ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਦੂਜੀ ਵਾਰ, 2014.

ਸ਼ਮਸ਼ੇਰ ਸਿੰਘ ਅਸ਼ੋਕ,*ਵੀਰ ਨਾਇਕ ਸਰਦਾਰ ਹਰੀ ਸਿੰਘ ਨਲਵਾ (1791-1837)*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਚੌਥੀ ਵਾਰ, 2012.

ਹਰਜਿੰਦਰ ਸਿੰਘ ਦਿਲਗੀਰ(ਡਾ.),*ਜਪੁ ਜੀ ਸਾਹਿਬ*, ਗੁਰਮਤਿ ਟਕਸਾਲ, ਉਤਰਾਖੰਡ, 2010.

------------------------, *ਸਿੱਖ ਤਵਾਰੀਖ਼(ਦੂਜਾ ਹਿੱਸਾ 1708 ਤੋਂ 1849)*, ਸਿੱਖ ਯੂਨੀਵਰਸਿਟੀ ਪ੍ਰੈਸ, ਬਲੇਗਮ, ਪਹਿਲੀ ਐਡੀਸ਼ਨ, 6 ਮਈ 2008.

ਕਰਤਾਰ ਸਿੰਘ,*ਮੂਲ ਮੰਤ੍ਰ ਫ਼ਿਲਾਸਫੀ* , ਲਾਕਟ ਪ੍ਰਿੰਟਰਜ਼, ਅੰਮ੍ਰਿਤਸਰ, ਦੂਜੀ ਵਾਰ, ਜੂਨ, 1989.

ਕਰਤਾਰ ਸਿੰਘ ਐਮ. ਏ.(ਪ੍ਰੋ.),*ਸਿੱਖ ਇਤਿਹਾਸ-ਭਾਗ ਪਹਿਲਾ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2003.

--------------------------,*ਸਿੱਖ ਇਤਿਹਾਸ-ਭਾਗ ਦੂਜਾ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2003.

ਕਰਮਤੇਜ ਸਿੰਘ(ਪ੍ਰੋ.),*ਪ੍ਰਾਚੀਨ ਭਾਰਤੀ ਬੁੱਧ ਧਰਮ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.

ਕਾਨ੍ਹ ਸਿੰਘ ਨਾਭਾ(ਭਾਈ),*ਗੁਰਮਤਿ ਮਾਰਤੰਡ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1972.

ਕਿਰਪਾਲ ਸਿੰਘ(ਡਾ. ਤੇ ਸੰਪਾ.),*ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਕ੍ਰਿਤ ਮਹਾਕਵੀ ਸੰਤੋਖ ਸਿੰਘ ਜੀ,* ਜਿਲਦ ਚੌਥੀ ਤੇ ਪੰਜਵੀਂ ਵਿਚੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜੀਵਨ ਬਿਰਤਾਤ, ਭਾਗ ਪਹਿਲਾ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ, 2011.

ਕਿਰਪਾਲ ਸਿੰਘ ਜੀ(ਸੰਤ ਤੇ ਟੀਕਾਕਾਰ ),*ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਰਦਾਇ ਟੀਕਾ ਸ੍ਰੀ ਅੰਮੀਰ ਭੰਡਾਰ*, ਪਹਿਲੀ ਸੈਚੀ, ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 27ਵੀਂ ਵਾਰ, ਅਪ੍ਰੈਲ 2009.

ਖੁਸ਼ਵੰਤ ਸਿੰਘ, *ਸਿੱਖ ਇਤਿਹਾਸ, ਭਾਗ ਪਹਿਲਾ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, ਦੂਜੀ ਵਾਰ, 2013.

...................... *ਰਣਜੀਤ ਸਿੰਘ(ਪੰਜਾਬ ਦਾ ਮਹਾਰਾਜਾ),* ਗੁਰਚਰਨ ਸਿੰਘ ਔਲਖ(ਡਾ. ਤੇ ਅਨੁ.), ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਦੂਜਾ ਸੰਸਕਰਣ, ਦਸੰਬਰ 2009.

ਗਿਆਨ ਸਿੰਘ(ਗਿਆਨੀ),*ਤਵਾਰੀਖ ਗੁਰੂ ਖਾਲਸਾ*, ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, ਪੰਜਵੀਂ ਵਾਰ, 2011.

-----------------------------------ਭਾਗ ਦੂਜਾ, ਭਾਸ਼ਾ ਵਿਭਾਗ, ਪੰਜਾਬ, ਚੌਥੀ ਵਾਰ, 2003.

ਗੁਰਮੀਤ ਸਿੰਘ ਸਿੱਧੂ,*ਧਰਮ ਆਧੁਨਿਕ ਅਤੇ ਉਤਰਆਧੁਨਿਕ ਸਿਧਾਂਤ*, ਗੁਰਗਿਆਨ ਬੁਕਸ, ਪਟਿਆਲਾ, 2014.

ਗੁਰਬਚਨ ਸਿੰਘ, *ਜਪੁ ਜੀ ਜਗਤਿ ਜੋਤ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ਅਪ੍ਰੈਲ, 2014.

ਗੁਰਮੁਖ ਨਿਹਾਲ ਸਿੰਘ(ਸੰਪਾ.),*ਗੁਰੂ ਨਾਨਕ ਜੀਵਨ, ਯੁੱਗ ਅਤੇ ਉਪਦੇਸ਼*, ਗੁਰੂ ਨਾਨਕ ਫਾਉਂਡੇਸ਼ਨ, ਦਿੱਲੀ, 1969.

ਗੁਰਮੁਖ ਸਿੰਘ(ਡਾ. ਤੇ ਸੰਪਾ.),*ਗੁਰ ਬਿਲਾਸ ਪਾਤਸ਼ਾਹੀ-੬ ਕ੍ਰਿਤ ਭਗਤ ਸਿੰਘ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.

ਗੁਰਚਰਨ ਸਿੰਘ(ਸੰਪਾ.),*ਆਦਿ ਗ੍ਰੰਥ ਸ਼ਬਦ ਅਨੁਕ੍ਰਮਣਿਕਾ*(ਭਾਗ ਪਹਿਲਾ), ਪੰਜਾਬੀ ਯੂਨੀਵਰਸਿਟੀ ਪਟਿਆਲਾ, 1994.

-----------------------------------------(ਭਾਗ ਦੂਜਾ), ਪੰਜਾਬੀ ਯੂਨੀਵਰਸਿਟੀ ਪਟਿਆਲਾ, ਦੂਜੀ ਵਾਰ 1999.

ਗੰਡਾ ਸਿੰਘ, *ਬੰਦਾ ਸਿੰਘ ਬਹਾਦਰ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਤੀਜਾ ਸੰਸਕਰਣ, ਅਪ੍ਰੈਲ, 2012.

ਚਮਨ ਲਾਲ ਅਗਰਵਾਲ(ਡਾ.),*ਨਾਨਕਬਾਣੀ ਕਾ ਭਾਸ਼ਾਈ ਅਤੇ ਦਾਰਸ਼ਨਿਕ ਨਿਰੂਪਣ,* ਅਗਰਵਾਲ ਪ੍ਰਕਾਸ਼ਨ, ਕੈਲਾਸ਼, ਨਵੀਂ ਦਿੱਲੀ, 1999.

ਜਸਵੰਤ ਸਿੰਘ ਨੇਕੀ, *ਗੁਰਮਤਿ ਮਨੋਵਿਗਿਆਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ,ਦੂਜੀ ਵਾਰ 2012.

ਜਗਤਾਰ ਸਿੰਘ ਜਾਚਕ(ਗਿਆਨੀ),*ੴ ਦਰਪਣ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2008.

ਜਗਬੀਰ ਸਿੰਘ(ਡਾ.),*ਸ੍ਰੀ ਗੁਰੂ ਗ੍ਰੰਥ ਸਾਹਿਬ ਸਮਕਾਲੀਨ ਪ੍ਰਾਸੰਗਿਕਤਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਤਾਰਨ ਸਿੰਘ(ਡਾ.),*ਭਗਤੀ ਤੇ ਸ਼ਕਤੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਪੰਜਵੀਂ ਵਾਰ, ਮਾਰਚ 2005.

ਧਰਮਾਨੰਦ ਸਿੰਘ, *ਜੁਪ-ਪਰਮਾਰਥ ਤੇ ਸਦਾ ਸੁਹਾਗ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, ਜੂਨ, 1974.

ਧਰਮਪਾਲ ਸਿੰਗਲ(ਡਾ.),*ਸੰਤ ਸਿਪਾਹੀ ਸ੍ਰੀ ਗੁਰੂ ਗੋਬਿਦ ਸਿੰਘ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2001.

ਨਿਰਮਲ ਸਿੰਘ ਕਲਸੀ*, ਬੀਜ ਮੰਤ੍ਰ ਦਰਸ਼ਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦੂਜੀ ਐਡੀਸ਼ਨ, 2005.

ਪ੍ਰਿਤਪਾਲ ਸਿੰਘ, *ਜੁਪ ਜੀ ਵਿਵੇਚਨ* , ਮੋਹਿਤ ਇੰਟਰਪ੍ਰਾਇਜ਼ਜ, ਪਟਿਆਲਾ, ਚੌਥੀ ਵਾਰ, ਮਾਰਚ 2002.

ਪਿਆਰਾ ਸਿੰਘ ਪਦਮ(ਸੰਪਾ.),*ਭਾਈ ਕੇਸਰ ਸਿੰਘ ਕ੍ਰਿਤ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦੂਜੀ ਵਾਰ, 2005.

--------------------,*ਗੁਰੂ ਕੀਆਂ ਸਾਖੀਆਂ ਕ੍ਰਿਤ ਭਾਈ ਸ੍ਰੂਪ ਸਿੰਘ ਕੌਸ਼ਿਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਸੱਤਵੀਂ ਵਾਰ, ਫਰਵਰੀ 2014.

-----------------, *ਸੰਖੇਪ ਸਿੱਖ ਇਤਿਹਾਸ ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 5ਵੀਂ ਵਾਰ, ਸਤੰਬਰ 2014.

ਪਿਆਰ ਸਿੰਘ,*ਖੋਜ ਸਿਧਾਂਤ ਤੇ ਵਿਵਹਾਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.

ਪ੍ਰਤਾਪ ਸਿੰਘ(ਗਿਆਨੀ),*ਸੰਸਾਰ ਦਾ ਧਾਰਮਿਕ ਇਤਿਹਾਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਛੇਵੀਂ ਵਾਰ, ਸਤੰਬਰ 2013.

*ਪ੍ਰਾਚੀਨ ਪੰਥ ਪ੍ਰਕਾਸ਼,* ਖਾਲਸਾ ਸਮਾਚਾਰ, ਅੰਮ੍ਰਿਤਸਰ,1912.

ਬਘੇਲ ਸਿੰਘ, *ਬ੍ਰਹਮ ਗਿਆਨ,* ਖਾਲਸਾ ਕਾਲਜ, ਅੰਮ੍ਰਿਤਸਰ, 1994.

ਬਘੇਲ ਸਿੰਘ(ਸੂਬੇਦਾਰ),*ਅਕਾਲ ਪੁਰਖੁ,* ਵਾਰਿਸ਼ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1993.

ਬਲਕਾਰ ਸਿੰਘ(ਸੰਪਾ.),*ਸਿੱਖ ਅਧਿਐਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.

---------------------,*ਅਰਦਾਸ ਦਾ ਸਿੱਖ ਪ੍ਰਸੰਗ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

ਬਲਕਾਰ ਸਿੰਘ, *ਗੁਰਮਤਿ ਵਿਵੇਚਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1995.

ਬਲਵੰਤ ਸਿੰਘ ਢਿੱਲੋਂ(ਡਾ. ਤੇ ਸੰਪਾ.),*ਰਤਨ ਸਿੰਘ ਭੰਗੂ ਕ੍ਰਿਤ ਸ੍ਰੀ ਗੁਰ ਪੰਥ ਪ੍ਰਕਾਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.

ਬਲਵਿੰਦਰ ਸਿੰਘ,*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁੰਜੀਵਤ ਸ਼ਬਦ*, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਅਪ੍ਰੈਲ 2000.

ਬਲਵੀਰ ਸਿੰਘ,*ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ*, ਦੂਜੀ ਜਿਲਦ (ਅਗਹ ਤੋਂ ਅੜੇ), ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ 1999.

ਭਗਤ ਸਿੰਘ ਬੇਦੀ,*ਮੂਲ-ਮੰਤਰ ਦੀ ਪੁਨਰ ਵਿਆਖਿਆ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.

ਭਜਨ ਸਿੰਘ(ਗਿਆਨੀ),*ਸਾਡੇ ਸ਼ਹੀਦ*, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ-ਬੁਕ ਬੋਰਡ, ਚੰਡੀਗੜ੍ਹ, 1999.

ਭਾਈ ਨੰਦ ਲਾਲ ਗੋਇਆ,*ਗੰਜ ਨਾਮਹ ਸਦੀਕ*, ਭਾਈ ਵੀਰ ਸਿੰਘ(ਭਾਈ),(ਲਿਪੀ ਅੰਤਰਣ ਤੇ ਸਰਲਾਰਥ) ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਨੌਵੀਂ ਵਾਰ, ਮਾਰਚ 2012.

ਮਦਨ ਲਾਲ ਹਸੀਦਾ(ਡਾ. ਤੇ ਸੰਪਾ.),*ਗੁਰਮਤਿ ਸਾਹਿਤ ਬਹੁਪੱਖੀ ਅਧਿਐਨ*, ਭਾਸ਼ਾ ਵਿਭਾਗ, ਪੰਜਾਬ, 2006.

ਮਾਨ ਸਿੰਘ ਨਿਰੰਕਾਰੀ (ਡਾ.),*ਸਿੱਖ ਧਰਮ ਅਤੇ ਸਿਖੀ* , ਲੋਕ ਸਾਹਿਤ ਪ੍ਰਕਾਸ਼ਨ, ਅੰਮਿਤਸਰ, 1981.

ਮਨੀ ਸਿੰਘ(ਭਾਈ),*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਧਾਂਤਕ ਸਟੀਕ*, ਪਹਿਲੀ ਸੈਂਚੀ, ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ, ਤੀਜੀ ਵਾਰ, ਜਨਵਰੀ 2001.

ਮਹਿੰਦਰ ਕੌਰ ਗਿੱਲ,*ਗੁਰੂ ਅਰਜਨ ਦੇਵ: ਜੀਵਨ ਤੇ ਬਾਣੀ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2009.

----------------------, *ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨ ਕਲਾ*, ਐਮ.ਪੀ. ਪ੍ਰਕਾਸ਼ਨ ਕਲਾ, ਦਿੱਲੀ, ਪਹਿਲੀ ਵਾਰ, 2007.

*ਮੈਕਸ ਮੂਲਰ* (ਲੇਖਕ),*ਧਰਮ ਦੀ ਉਤਪੱਤੀ ਅਤੇ ਵਿਕਾਸ*, ਤਾਰਨ ਸਿੰਘ(ਅਨੁ:), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਮੈਕਸ ਆਰਥਰ ਮੈਕਾਲਿਫ*, ਸਿੱਖ ਇਤਿਹਾਸ*, ਅਜੈਬ ਸਿੰਘ(ਅਨੁ.), ਭਾਗ ਪਹਿਲਾ-ਦੂਜਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2014.

ਮੈਕਸ ਆਰਥਰ ਮੈਕਾਲਿਫ,*ਸਿੱਖ ਇਤਿਹਾਸ,* ਗੁਰਚਰਨ ਸਿੰਘ ਔਲਖ(ਡਾ. ਤੇ ਅਨੁ.), ਭਾਗ ਤੀਜਾ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2014.

ਰਾਮਦਾਸ ਨਿਰਾਕਾਰੀ, *ਪ੍ਰਧਾਨ ਉਪਨਿਸ਼ਦ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992.

ਰਾਮ ਸਿੰਘ,*ਜਪੁ ਜੀ ਦਾ ਵਿਸ਼ਾ ਤੇ ਰੂਪ,* ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, ਤੀਜੀ ਵਾਰ, ਅਪ੍ਰੈਲ 2014.

ਰੂਪ ਸਿੰਘ,*ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਫਰਵਰੀ 2012.

ਲਾਲ ਸਿੰਘ(ਗਿਆਨੀ), *ਸਿਖ ਧਰਮ ਦੀ ਵਿਸ਼ੇਸ਼ਤਾ,* ਗੁਰੂ ਨਾਨਕ ਮਿਸ਼ਨ, ਪਟਿਆਲਾ, ਸਤੰਬਰ 1974.

ਵੀਰ ਸਿੰਘ(ਭਾਈ),*ਵਾਰਾਂ ਭਾਈ ਗੁਰਦਾਸ ਜੀ,* ਹਜਾਰਾ ਸਿੰਘ ਪੰਡਿਤ(ਸੰਪਾ.), ਭਾਈ ਵੀਰ ਸਿੰਘ ਸਹਿਤ ਸਦਨ, ਨਵੀਂ ਦਿੱਲੀ, 21ਵੀਂ ਵਾਰ, ਜੂਨ 2011.

ਵੀਰ ਸਿੰਘ(ਭਾਈ),ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਈ ਵੀਰ ਸਿੰਘ ਸਹਿਤ ਸਦਨ, ਨਵੀਂ ਦਿੱਲੀ, ਪੰਜਵੀਂ ਐਡੀਸ਼ਨ, ਅਕਤੂਬਰ, 2007.

ਵੀਰ ਸਿੰਘ(ਭਾਈ),*ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* ਭਾਈ ਵੀਰ ਸਿੰਘ ਸਹਿਤ ਸਦਨ, ਨਵੀਂ ਦਿੱਲੀ, 18 ਵੀਂ ਵਾਰ, ਸਤੰਬਰ 2012.

**ਅੰਗਰੇਜ਼ੀ ਪੁਸਤਕਾਂ**

Aldous Humley, *Perennial Philosphy*, Chatti and Windus, London, 1957.

C. Shadle(compiled by), *A Guru Nanak Glossary*, Heritage Publishers, New Delhi, 1981.

Edward Josefh Thackwell, *Narrative Of Second Sikh War,In 1848-1849*, Kessinger Publishing, London, 10 August 2009.

G.S.Chauhan(Dr.),*Shri Guru Nanak Dev Japji*, Hemkunt Publishers Pvt. Ltd., New Delhi, 2001.

Gurbachan Singh Talib, *Sri Guru Granth Sahib*, Vol. 1, Punjabi university, Patiala, 2004.

Ishar Singh, *The Philosophy of Guru Nanak*, Vol-1, Atlantic Publishers and Distributers, Delhi, 1985.

Josefh Campbell(Edi),*Philosophies of India*, Routledge & Kegan Paul Ltd., London, 1953.

Kingway Martin, *War History and Human Nature,* London, 1959.

Lepal H.Griffin, *Rajas of The Punjab,* Trubner & co.,57&59, Ludgate Hill, London,1873.

Manjit Indira(Translated),*Amiri Di Chabi by* Napoleon Hill,, Science and General Publishers, Chandigarh, 2014.

Manmohan Singh, *Sri Guru Granth Sahib*, Vol.1, Shiromani Gurdwara Parbandhak Comittee, Sri Amritsar, Seventh Edi.,October 2004.

S. Jaiswal, *The Origin and Development of Vaisnavism*, Delhi, 1967.

S. Radlakrishnan(ed.), *Is this peace?*, *History of Philosophy*, *Eastern and Western,* Hind Kitabs Ltd., Bombay, 2nd Edition, 1 January 1950.

Sukhchain Singh, *Jap Ji Sahib*, Nirban Keertan sewa Kender, Patiala, 1999.

*THE NEW TESTAMENT*, The Giodeons International, New Delhi, 2013.

**ਪੰਜਾਬੀ ਕੋਸ਼**

ਅੰਮ੍ਰਿਤਪਾਲ ਕੌਰ(ਸੰਪਾ.), *ਲਹਿੰਦੀ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005.

ਸ. ਸ. ਜੋਸ਼ੀ(ਡਾ.), ਮੁਖਤਿਆਰ ਸਿੰਘ(ਗਿੱਲ)(ਸੰਪਾ.),*ਪੰਜਾਬੀ ਅੰਗਰੇਜੀ ਕੋਸ਼*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਚੌਥੀ ਵਾਰ, 2009.

ਕਾਨ੍ਹ ਸਿੰਘ ਨਾਭਾ(ਭਾਈ),*ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਸੱਤਵੀ ਵਾਰ, 2006. 1990.

ਗੁਰਚਰਨ ਸਿੰਘ(ਸੰਪਾ.),*ਸ੍ਰੀ ਗੁਰੂ ਗ੍ਰੰਥ ਕੋਸ਼,* ਜਿਲਦ ਪਹਿਲੀ(ੳ-ਣ),ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

---------------------------------, ਜਿਲਦ ਦੂਜੀ(ਤ-ੜ),ਪੰਜਾਬੀ ਯੂਨੀਵਰਸਿਟੀ,ਪਟਿਆਲਾ, 2002.

ਜੋਧ ਸਿੰਘ(ਡਾ. ਤੇ ਸੰਪਾ.),*ਸਿੱਖ ਧਰਮ ਵਿਸ਼ਵ ਕੋਸ਼,* ਪਹਿਲੀ ਸੈਂਚੀ ੳ ਤੋਂ ਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.

*ਪੰਜਾਬੀ ਕੋਸ਼,* ਭਾਸ਼ਾ ਵਿਭਾਗ ਪੰਜਾਬ, ਦੂਜੀ ਵਾਰ, 2007.

ਪ੍ਰੇਮ ਪ੍ਰਕਾਸ਼ ਸਿੰਘ(ਸੰਪਾ.),*ਸੰਸਕ੍ਰਿਤ ਪੰਜਾਬੀ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਪੰਡਿਤ ਤਾਰਾ ਸਿੰਘ ਨਰੋਤਮ, *ਗ੍ਰੰਥ ਗੁਰੁ ਗਿਰਾਰਥ ਕੋਸ਼,* ਬਲਵੰਤ ਸਿੰਘ(ਸੰਪਾ. ਤੇ ਗਿਆਨੀ), ਸੁਕਦਵੇ ਕੁਟੀ, ਰਤਨ ਬਾਸ, ਕਨਖਲ (ਹਰਿਦਵਾਰ), ਦੂਸਰੀ ਵਾਰ 2012.

ਫਾਦਰ ਕਾਮਲ ਬਲਕੇ, *ਅੰਗਰੇਜੀ ਹਿੰਦੀ ਕੋਸ਼,* ਕਾਥਲਿਕ ਪ੍ਰੈਸ, ਰਾਚੀ, 1678.

ਵੀਰ ਸਿੰਘ(ਭਾਈ), *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 7 ਵੀਂ ਵਾਰ, ਅਪ੍ਰੈਲ 2003.

ਰਤਨ ਸਿੰਘ ਜੱਗੀ(ਡਾ.),*ਗੁਰੂ ਗ੍ਰੰਥ ਵਿਸ਼ਵਕੋਸ਼,* ਭਾਗ ਪਹਿਲਾ(ੳ ਤੋਂ ਡ), ਪੰਜਾਬੀ ਯੂਨੀਵਰਸਿਟੀ , ਪਟਿਆਲਾ, 2002.

-------------------------------------,ਭਾਗ ਦੂਜਾ(ਜ ਤੋਂ ੜ), ਪੰਜਾਬੀ ਯੂਨੀਵਰਸਿਟੀ, ਪਟਿਆਲਾ , 2002.

ਰਤਨ ਸਿੰਘ ਜੱਗੀ(ਸੰਪਾ.), *ਸਾਹਿਤ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.

ਰਤਨ ਸਿੰਘ ਜੱਗੀ,*ਵਾਰਾਂ ਭਾਈ ਗੁਰਦਾਸ, ਸ਼ਬਦ ਅਨੁਕ੍ਰਮਣਿਕਾ ਅਤੇ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.

ਰਾਜਿੰਦਰ ਸਿੰਘ ਲਾਬਾਂ(ਸੰਕਲਨ ਕਰਤਾ), *ਉਰਦੂ ਪੰਜਾਬੀ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015.

**ਹਿੰਦੀ ਕੋਸ਼**

ਹਰਦੇਵ ਬਾਹਰੀ, *ਸਿੱਖਿਆਰਥੀ ਹਿੰਦੀ ਸ਼ਬਦ ਕੋਸ਼,* ਰਾਜਪਾਲ ਐਂਡ ਸੰਨਜ਼, ਕਸ਼ਮਿਰੀ ਗੇਟ, ਦਿੱਲੀ, 1990.

**Encylopedias/Dictionaries**

James hastings(Edi.),*Encyclopaedia of Religion and Ethics,* Vol. V, New York, 1971.

**ਖੋਜ-ਪਤ੍ਰਿਕਾਵਾਂ**

ਕੰਵਰਜੀਤ ਸਿੰਘ(ਡਾ. ਤੇ ਸੰਪਾ.),*ਸਹਿਜ (ਕਾਲਜ ਮੈਗਜ਼ੀਨ),* ਗੁਰਮਤਿ ਕਾਲਜ, ਪਟਿਆਲਾ, 2010-11.

ਸੁਰਜੀਤ ਸਿੰਘ(ਪ੍ਰਿੰ.),*ਨਾਨਕ ਪ੍ਰਕਾਸ਼ ਪਤ੍ਰਿਕਾ,* ਪਟਿਆਲਾ, ਦਸੰਬਰ, 1977.

ਜਸਵੰਤ ਸਿੰਘ ਨੇਕੀ, *ਖੋਜ ਦਰਪਣ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿੰਤਸਰ, ਜੁਲਾਈ, 1976.

ਰਤਨ ਸਿੰਘ ਜੱਗੀ(ਸੰਪਾ.),*ਖੋਜ ਪਤ੍ਰਿਕਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ 26,ਸਤੰਬਰ 1985.

ਅਮਰਜੀਤ ਸਿੰਘ ਗਰੇਵਾਲ(ਸੰਪਾ.), *ਵਿਸ਼ਮਾਦ ਨਾਦ,* ਵਿਸ਼ੇਸ਼ ਅੰਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ', ਜਿਲਦ 1, ਅੰਕ 1, ਇੰਟਰਨੈਸ਼ਨਲ ਇਨਸਟੀਚਿਊਟ ਆਫ਼ ਗੁਰਮਤਿ ਸਟੱਡੀਜ਼, ਲੁਧਿਆਣਾ, 1994.

**ਰਸਾਲੇ**

**ਗੁਰਮਤਿ ਪ੍ਰਕਾਸ਼**

ਗੁਰਮਤਿ ਪ੍ਰਕਾਸ਼, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਸਤੰਬਰ 1965.

ਗੁਰਮਤਿ ਪ੍ਰਕਾਸ਼, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਜਨਵਰੀ 1973.

ਗੁਰਮਤਿ ਪ੍ਰਕਾਸ਼, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਮਈ 1973.

ਗੁਰਮਤਿ ਪ੍ਰਕਾਸ਼, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਦਸੰਬਰ 1994.

ਗੁਰਮਤਿ ਪ੍ਰਕਾਸ਼, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਜਨਵਰੀ, 2009.

**ਗੁਰਦੁਆਰਾ ਗਜ਼ਟ**

ਗੁਰਦੁਆਰਾ ਗਜ਼ਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਸਤੰਬਰ 1991.

ਗੁਰਦੁਆਰਾ ਗਜ਼ਟ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ਮਈ 2013.

**Journals**

Kirandeep Kaur(Dr. & Edi.), *Journal of Sri Guru Granth Sahib Studies,* Vol.1, April 2013.

Kirandeep Kaur(Dr. & Edi.), *The Journal of Religion And Sikh Studies,* Vol. 01, 02, July-December 2014.

Kirandeep Kaur(Dr. & Edi.), *Journal of Sri Guru Granth Sahib Studies,* Vol.03, 02, October 2015.

**ਪੀਐਚ.ਡੀ. ਖੋਜ-ਪ੍ਰਬੰਧ**

ਜਗਜੀਤ ਸਿੰਘ ਡਿਸੂਜਾ,*ਮੂਲ ਮੰਤਰ ਸੰਕਲਪ ਅਤੇ ਵਿਵੇਚਨ*, ਸਾਹਿਤ ਅਤੇ ਪ੍ਰਕਾਸ਼ਨ ਵਿਭਾਗ, ਲੁਧਿਆਣਾ, ਸਤੰਬਰ 1982.

ਮਨਿੰਦਰ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੰਗਲ-ਪ੍ਰਬੰਧ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019.

**Websites**

www.sikhbookclub.com

www.bible2all.com

ਖੋਜ-ਪ੍ਰਬੰਧ ਦਾ ਵਿਸ਼ਾ

# "ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਭਉ ਨਿਰਵੈਰ ਦਾ ਸੰਕਲਪ"

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫ਼ਤਿਹਗੜ੍ਹ ਸਾਹਿਬ ਦੇ

ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ ਵਿਚ

ਪੀ-ਐਚ.ਡੀ. ( ਧਰਮ ਅਧਿਐਨ ) ਦੀ ਡਿਗਰੀ ਲਈ ਪ੍ਰਸਤੁਤ

**ਪ੍ਰੀ-ਸਬਮਿਸ਼ਨ**

2021


**ਨਿਗਰਾਨ**

ਡਾ. ਕਿਰਨਦੀਪ ਕੌਰ

ਮੁਖੀ ਅਤੇ ਸਹਾਇਕ ਪ੍ਰੋਫੈਸਰ,

ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ,

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ।

**ਖੋਜਾਰਥੀ**

ਗੁਰਪ੍ਰੀਤ ਕੌਰ

(ਰਜਿ.ਨੰ.:1410 901)


ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ,

ਫ਼ਤਿਹਗੜ੍ਹ ਸਾਹਿਬ।

## ਭੂਮਿਕਾ

ਸੰਸਕ੍ਰਿਤ ਦੇ 'ਨਿਰਭਯ' ਦਾ ਪੰਜਾਬੀ ਰੂਪ 'ਨਿਰਭਉ' ਹੈ। ਭਾਈ ਵੀਰ ਸਿੰਘ ਅਨੁਸਾਰ ਸੰਸਕ੍ਰਿਤ ਦਾ 'ਭੈ' ਪ੍ਰਾਕ੍ਰਿਤ ਵਿਚ 'ਭਉ' ਹੋ ਜਾਂਦਾ ਹੈ ਅਤੇ ਪੰਜਾਬੀ ਵਿਚ 'ਭੈ' ਅਤੇ 'ਭਉ' ਦੋਵੇਂ ਵਰਤੇ ਜਾਂਦੇ ਹਨ। 'ਭਉ' ਸ਼ਬਦ ਸੰਸਕ੍ਰਿਤ ਦੇ 'ਭਯ' ਸ਼ਬਦ ਦਾ ਹੀ ਪਰਾਕ੍ਰਿਤਕ ਰੂਪ ਹੈ। ਗੁਰਬਾਣੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਭਯ' ਤੇ 'ਭਉ' ਦੋਵੇਂ ਹੀ ਸ਼ਬਦ ਵਰਤੇ ਹਨ। ਨਿਰਵੈਰ ਸ਼ਬਦ ਦੋ ਸ਼ਬਦਾਂ ਤੋਂ ਬਣਿਆ ਹੈ ਨਿਰ+ਵੈਰ। ਗੁਰਬਾਣੀ ਸੰਬੰਧੀ ਲਿਖਣ ਵਾਲੇ ਬਹੁਤ ਸਾਰੇ ਵਿਦਵਾਨਾਂ ਨੇ ਨਿਰਭਉ ਦੇ ਅਰਥ ਡਰ ਰਹਿਤ, ਬੇਖੌਫ਼, ਨਿਡਰ, ਬੇਪਰਵਾਹ ਅਤੇ ਨਿਰਵੈਰ ਤੋਂ ਭਾਵ ਵੈਰ ਰਹਿਤ, ਦੁਸ਼ਮਣੀ ਰਹਿਤ, ਦ੍ਵੈਸ਼ ਦੀ ਭਾਵਨਾ ਤੋਂ ਰਹਿਤ, ਵਿਰੋਧ, ਭਿੰਨ-ਭੇਦਾਂ ਤੇ ਵਿਵਾਦਾਂ ਤੋਂ ਮੁਕਤ ਕੀਤੇ ਹਨ। *ਗੁਰਸ਼ਬਦ ਰਤਨਾਕਰ ਮਹਾਨ ਕੋਸ਼* ਅਨੁਸਾਰ ਨਿਰਭਉ ਤੋਂ ਭਾਵ ਬੇਖੌਫ਼, ਨਿਡਰ ਅਤੇ ਨਿਰਵੈਰ ਤੋਂ ਭਾਵ ਦੁਸ਼ਮਨੀ ਰਹਿਤ, ਦ੍ਵੈਸ਼ ਬਿਨਾਂ ਹੋਣਾ ਹੈ। *ਪੰਜਾਬੀ ਅੰਗਰੇਜ਼ੀ ਕੋਸ਼* ਵਿਚ ਨਿਰਭਉ ਲਈ ਪੰਜਾਬੀ ਵਿਚ ਨਿਡਰ, ਨਿਡਰਤਾ, ਦਲੇਰ, ਨਿਧੜਕ, ਜਿਗਰੇ ਵਾਲਾ, ਹਿੰਮਤੀ, ਸਾਹਸੀ ਸ਼ਬਦ ਵਰਤੇ ਗਏ ਹਨ ਅਤੇ ਅੰਗਰੇਜ਼ੀ ਵਿਚ ਅਰਥ Fearless, Boldness, Brave, Intrepidness, Dauntless, Courageous, Intrepidity ਕੀਤੇ ਹਨ ਅਤੇ ਪੰਜਾਬੀ ਵਿਚ ਨਿਰਵੈਰ ਲਈ ਮਿਲਾਪੜਾ, ਸਨੇਹਭਾਵੀ, ਮਿਲਣਸਾਰ, ਖੁਸ਼ ਮਿਜ਼ਾਜ, ਦੋਸਤਾਨਾ, ਸ਼ਬਦ ਵਰਤੇ ਹਨ ਅਤੇ ਅੰਗਰੇਜ਼ੀ ਵਿਚ ਅਰਥ Without rancour malice, Without animosity, Amicable, Friendly ਕੀਤੇ ਹਨ।

ਜਦੋਂ ਅਸੀ ਨਿਰਭਉ ਨਿਰਵੈਰ ਦੀ ਗੱਲ ਕਰਦੇ ਹਾਂ ਤਾਂ ਸਭ ਤੋਂ ਪਹਿਲਾ ਗੁਰਮਤਿ ਵਿਚ ਪਰਮ ਸੱਤਾ ਨੂੰ 'ਨਿਰਭਉ ਨਿਰਵੈਰ' ਕਿਹਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ੁਰੂ ਵਿਚ 'ਜਪੁਜੀ' ਸਾਹਿਬ ਦੀ ਬਾਣੀ ਹੈ। ਮੂਲ ਮੰਤਰ ਵਿਚ ਅਕਾਲ ਪੁਰਖ ਦੇ ਨਿਰਭਉ ਨਿਰਵੈਰ ਗੁਣਾਂ ਦਾ ਜਿਕਰ ਹੈ। ਨਿਰਭਉ ਨਿਰਵੈਰ ਇਹ ਗੁਣ ਅਕਾਲ ਪੁਰਖ ਦੇ ਵਿਸ਼ੇਸ਼ਣ ਹਨ। ਵਿਦਵਾਨਾਂ ਅਨੁਸਾਰ ਨਿਰਭਉ ਕੇਵਲ ਉਹੀ ਹੋ ਸਕਦਾ ਹੈ ਜਿਸ ਨੂੰ ਕਿਸੇ ਵੀ ਕਿਸਮ ਦਾ ਕੋਈ ਡਰ ਨਾ ਹੋਵੇ। ਡਰ ਦੂਸਰੇ ਤੋਂ ਹੁੰਦਾ ਹੈ ਅਤੇ ਅਕਾਲ ਪੁਰਖ ਕੇਵਲ ਤੇ ਕੇਵਲ ਅਦੁਤੀ ਹਸਤੀ ਇਕ ਹੈ। ਗੁਰਬਾਣੀ ਦੇ ਸ਼ੁਰੂ ਵਿਚ ਹੀ '੧ਓ' ਅਕਾਲ ਪੁਰਖ ਦੀ ਸੁਤੰਤਰ ਹਸਤੀ ਨੂੰ ਬਿਆਨ ਕਰਦਾ ਹੈ।'੧ਓ' ਤੋਂ ਭਾਵ ਹੀ ਇਹ ਹੈ ਕਿ ਕੇਵਲ ਅਕਾਲ ਪੁਰਖ ਸਾਰੇ ਹੀ ਵਿਆਪਕ ਰੂਪ ਵਿਚ ਸਮਾਇਆ ਹੋਇਆ ਹੈ, ਹੋਰ ਕੋਈ ਦੂਜਾ ਹੈ ਹੀ ਨਹੀਂ। ਅਕਾਲ ਪੁਰਖ ਨਿਰਗੁਣ ਸਰੂਪ ਹੋ ਕੇ ਸਾਰੀ ਕੁਦਰਤ ਵਿਚ ਸਮਾਇਆ ਹੈ। ਅਕਾਲ ਪੁਰਖ ਜਿਥੇ ਨਿਰਭਉ ਹੈ ਉਥੇ ਨਿਰਵੈਰ ਵੀ ਹੈ। ਨਿਰਭਉ ਨਿਰਵੈਰ ਕਹਿਣ ਦਾ ਭਾਵ ਇਹ ਜਾਪਦਾ ਹੈ ਕਿ '੧ਓ' ਕਰਤਾ ਪੁਰਖ ਸਰਬ ਮਨੁੱਖਤਾ ਦਾ ਰੱਬ ਹੈ, ਕਿਸੇ ਇਕ ਜਾਤੀ, ਕੌਮ, ਜਾਂ ਕਬੀਲੇ ਦਾ ਪਰਮਾਤਮਾ ਨਹੀਂ। ਨਾ ਹੀ ਉਹ 'ਜਾਬਰ' ਜਾਂ 'ਕਹਾਰ' ਹੈ। ਉਹ ਸਤਿ ਨਿਰੰਜਨ, ਨਿਰਭਉ, ਨਿਰਵੈਰ, ਸ਼ਾਂਤ, ਅਡੋਲ, ਮਿਠਬੋਲੜਾ, ਬਖਸ਼ਿੰਦ ਹੈ। ਗੁਰਬਾਣੀ ਵਿਚ ਅਕਾਲ ਪੁਰਖ ਨੂੰ ਨਿਰਭਉ ਦੇ ਨਾਲ ਨਾਲ ਨਿਰਵੈਰ ਕਹਿ ਕੇ ਉਸ ਦੇ ਪ੍ਰੇਮਮਈ ਸਰੂਪ ਨੂੰ ਮੁਰਤੀਮਾਨ ਕੀਤਾ ਗਿਆ ਹੈ ਕਿ ਉਹ ਮਿਹਰਬਾਨ, ਸਰਬ ਵਿਆਪਕ, ਸਹਾਇਕ, ਪ੍ਰਤਿਪਾਲਕ, ਦਾਤਾਰ ਹੈ। ਸਾਰਿਆਂ ਵਿਚ ਇਕਸੁਰਤਾ ਕਾਇਮ ਹੋ ਸਕੇ ਇਸ ਲਈ ਨਿਰਭਉ ਨਾਲ ਨਿਰਵੈਰ ਕਹਿ ਕੇ ਅਕਾਲ ਪੁਰਖ ਦੀ ਵਡਿਆਈ ਕੀਤੀ ਗਈ ਹੈ। ਅਕਾਲ ਪੁਰਖ ਦੇ ਇਨ੍ਹਾਂ ਗੁਣਾਂ ਦਾ

ਝਲਕਾਰਾ ਸਾਨੂੰ ਸਮੁੱਚੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਵੇਖਣ ਨੂੰ ਮਿਲਦਾ ਹੈ। ਇਸ ਦੇ ਨਾਲ-ਨਾਲ ਸ਼ਬਦ ਗੁਰੂ ਦੇ ਨਿਰਭਉ ਨਿਰਵੈਰ ਸਰੂਪ ਅਤੇ ਗੁਰਮੁਖ ਨੂੰ ਇਸ ਪਦ ਤੇ ਪਹੁੰਚਣ ਲਈ ਉਪਦੇਸ਼ ਦੇ ਕੇ ਸਾਰੀ ਮਨੁੱਖੀ ਜਾਤੀ ਨੂੰ ਇਹ ਗੁਣ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ ਹੈ।

ਇਸ ਤਰ੍ਹਾਂ ਇਸ ਹਥਲੇ ਖੋਜ ਕਾਰਜ ਦੇ ਕੁਲ ਚਾਰ ਅਧਿਆਇ ਬਣਾਏ ਗਏ ਹਨ ਜੋ ਇਸ ਨੂੰ ਇਕ ਸੂਤਰ ਵਿਚ ਬੰਨ੍ਹਦੇ ਤੇ ਸਪਸ਼ਟ ਕਰਦੇ ਹਨ। ਪਹਿਲੇ ਅਧਿਆਇ ਵਿਚ ਨਿਰਭਉ ਨਿਰਵੈਰ ਦੇ ਸ਼ਾਬਦਿਕ ਅਰਥਾਂ ਤੋਂ ਸ਼ੁਰੂ ਕਰ ਕੇ ਇਸ ਦੀ ਪਰਿਭਾਸ਼ਾ ਅਤੇ ਸਰੂਪ ਨੂੰ ਸਮਝਾਇਆ ਗਿਆ ਹੈ ਅਤੇ ਹੋਰਨਾਂ ਧਰਮਾਂ ਵਿਚਲੇ ਸਰੂਪਾਂ ਨਾਲ ਮੁਲਾਂਕਣ ਕੀਤਾ ਗਿਆ ਹੈ। ਦੂਸਰੇ ਅਧਿਆਇ ਵਿਚ ਨਿਰਭਉ ਨਿਰਵੈਰ ਦੇ ਅਰਥਾਂ ਨੂੰ ਸਿੱਖ ਧਰਮ ਦੇ ਹਵਾਲੇ ਨਾਲ ਸਮਝਣ ਦਾ ਯਤਨ ਕੀਤਾ ਗਿਆ ਹੈ ਜਿਸਦਾ ਕੇਂਦਰੀ ਧੁਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ। ਗੁਰਬਾਣੀ ਵਿਚੋਂ ਹਵਾਲੇ ਦੇ ਕੇ ਅਕਾਲ ਪੁਰਖ, ਸਤਿਗੁਰੂ ਅਤੇ ਗੁਰਮੁਖ ਦੇ ਜੀਵਨ ਵਿਚ ਨਿਰਭਉ ਨਿਰਵੈਰ ਪਦ ਦੀ ਮਹੱਤਤਾ, ਪ੍ਰਾਪਤੀ ਦੇ ਸਾਧਨ ਦੱਸਣ ਦਾ ਯਤਨ ਕੀਤਾ ਗਿਆ ਹੈ। ਤੀਸਰਾ ਅਧਿਆਇ ਸਿੱਖ ਇਤਿਹਾਸ ਵਿਚ ਨਿਰਭਉ ਨਿਰਵੈਰ ਦੇ ਵਿਵਹਾਰਕ ਪੱਖ ਉੱਤੇ ਅਧਾਰਿਤ ਹੈ। ਚੌਥੇ ਅਧਿਆਇ ਵਿਚ ਅਜੋਕੇ ਜੀਵਨ ਵਿਚਲੇ ਨਿਰਭਉ ਨਿਰਵੈਰ ਦੇ ਸਕੰਲਪ ਦੀ ਸਮਕਾਲੀ ਸਮੀਖਿਆ ਕਰਦੇ ਹੋਏ ਉਸ ਵਿਚੋਂ ਸਹਜਾਤਮਕ ਪਹਿਲੂਆਂ ਤੇ ਵਿਚਾਰ ਕੀਤੀ ਗਈ ਹੈ।

**ਵਿਸ਼ੇ ਦਾ ਉਦੇਸ਼**

ਇਸ ਖੋਜ ਕਾਰਜ ਦਾ ਮੁੱਖ ਉਦੇਸ਼ ਨਿਰਭਉ ਨਿਰਵੈਰ ਸੰਕਲਪ ਨੂੰ ਸਪਸ਼ਟ ਕਰਨਾ ਹੈ। ਇਸ ਦੇ ਸਿਧਾਂਤਕ ਤੇ ਵਿਵਹਾਰਿਕ ਪੱਖ ਦਾ ਅਧਿਐਨ ਕਰ ਮਨੁੱਖਤਾ ਵਿਚ ਇਨ੍ਹਾਂ ਭਾਵਨਾਵਾਂ ਨੂੰ ਪ੍ਰਫੁੱਲਿਤ ਕਰਨਾ ਹੈ। ਇਸ ਵਿਸ਼ੇ ਉਤੇ ਪੁਸਤਕਾਂ ਅਤੇ ਹੋਰਨਾਂ ਉਪਲੱਬਧ ਕੋਸ਼ਾਂ, ਗ੍ਰੰਥਾਂ ਵਿਚ ਇਸ ਬਾਰੇ ਨਾ ਮਾਤਰ ਜਾਣਕਾਰੀ ਮਿਲਦੀ ਹੈ। ਇਸ ਵਿਸ਼ੇ ਨੂੰ ਵਿਸਥਾਰਤਾ ਤੇ ਸਪੱਸਟਤਾ ਦੀ ਲੋੜ ਹੈ ਇਸ ਲਈ ਇਹ ਵਿਸ਼ਾ ਚੁਣਨ ਦੀ ਜਗਿਆਸਾ ਜਾਗੀ। ਇਸ ਉਦੇਸ਼ ਦੀ ਪੂਰਤੀ ਲਈ ਪ੍ਰਸਤੁਤ ਖੋਜ ਕਾਰਜ ਦੇ ਵਿਸ਼ੇ '*ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਭਉ ਨਿਰਵੈਰ ਦਾ ਸੰਕਲਪ* 'ਨੂੰ ਚਾਰ ਅਧਿਆਵਾਂ ਵਿਚ ਵੰਡਿਆ ਗਿਆ ਹੈ।

ਪਹਿਲਾ ਅਧਿਆਇ '*ਨਿਰਭਉ ਨਿਰਵੈਰ : ਅਰਥ , ਪਰਿਭਾਸ਼ਾ ਅਤੇ ਸਰੂਪ*' ਹੈ। ਜਿਸ ਵਿਚ ਨਿਰਭਉ ਨਿਰਵੈਰ ਦੇ ਕੋਸ਼ਾਂ ਅਤੇ ਪੁਸਤਕਾਂ ਤੋਂ ਸਮਾਨ ਅਰਥੀ ਤੇ ਨਿਕਟਵਰਤੀ ਸਬਦਾਂ ਦੇ ਉਲੇਖ ਦੇ ਕੇ ਇਸ ਦੇ ਅਰਥ, ਪਰਿਭਾਸ਼ਾ ਅਤੇ ਸਰੂਪ ਨੂੰ ਜਾਨਣ ਦਾ ਯਤਨ ਕੀਤਾ ਗਿਆ ਹੈ। ਨਿਰਭਉ ਨਿਰਵੈਰ ਦੇ ਅਰਥ ਬੇਡਰ, ਬੇਖੌਫ਼, ਭੈਅ ਰਹਿਤ ਅਤੇ ਵੈਰ ਰਹਿਤ, ਦਵੈਸ਼ ਰਹਿਤ ਅਤੇ ਦੁਸ਼ਮਣੀ ਤੋਂ ਮੁਕਤ ਆਦਿ ਕੀਤੇ ਗਏ ਹਨ। ਦੂਸਰੇ ਧਰਮਾਂ ਵਿਚਲੇ ਵੱਖ-ਵੱਖ ਨਿਰਭਉ ਨਿਰਵੈਰ ਦੇ ਅਰਥਾਂ, ਸਮਾਨਅਰਥੀ ਸ਼ਬਦਾਂ, ਰੂਪਾਂ ਨੂੰ ਪੇਸ਼ ਕਰਨ ਦਾ ਛੋਟਾ ਜਿਹਾ ਉਪਰਾਲਾ ਵੀ ਕੀਤਾ ਗਿਆ ਹੈ।

ਦੂਜਾ ਅਧਿਆਇ '*ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਭਉ ਨਿਰਵੈਰ ਦਾ ਸੰਕਲਪ*' ਹੈ। ਇਸ ਅਧਿਆਇ ਵਿਚ ਨਿਰਭਉ ਨਿਰਵੈਰ ਦੇ ਅਰਥਾਂ ਨੂੰ ਸਿੱਖ ਧਰਮ ਦੇ ਹਵਾਲੇ ਨਾਲ ਸਮਝਣ ਦਾ ਯਤਨ ਕੀਤਾ ਗਿਆ ਹੈ ਜਿਸਦਾ

ਕੇਂਦਰੀ ਧੁਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਸ ਵਿਚ ਗੁਰਬਾਣੀ ਵਿਚੋਂ ਹਵਾਲੇ ਦੇ ਕੇ ਗੁਰਮੁਖ ਦੇ ਜੀਵਨ ਵਿਚ ਇਨ੍ਹਾਂ ਦੀ ਮਹੱਤਤਾ, ਇਸ ਪਦ ਦੀ ਪ੍ਰਾਪਤੀ ਕਿਵੇਂ ਕਰਨੀ ਹੈ ਅਤੇ ਇਨ੍ਹਾਂ ਦੀ ਲੋੜ ਕਿਉਂ ਹੈ, ਇਹ ਦੱਸਣ ਦਾ ਯਤਨ ਕੀਤਾ ਗਿਆ ਹੈ।

ਤੀਜਾ ਅਧਿਆਇ *'ਸਿੱਖ ਇਤਿਹਾਸ ਵਿਚ ਨਿਰਭਉ ਨਿਰਵੈਰ: ਵਿਵਹਾਰਿਕ ਪੱਖ'* ਹੈ। ਇਸ ਵਿਚ ਨਿਰਭਉ ਨਿਰਵੈਰ ਨੂੰ ਇਤਿਹਾਸਿਕ ਪੱਖ ਤੋਂ ਵਾਚਣ ਦਾ ਯਤਨ ਕੀਤਾ ਗਿਆ ਹੈ। ਸਿੱਖ ਇਤਿਹਾਸ ਵਿਚੋਂ ਨਿਰਭਉ ਨਿਰਵੈਰ ਦੇ ਸੰਕਲਪ ਨੂੰ ਗੁਰੂ ਸਾਹਿਬਾਨਾਂ ਦੇ ਜੀਵਨ, ਗੁਰਮੁਖਾਂ ਦੇ ਜੀਵਨ, ਉਨ੍ਹਾਂ ਦੀਆਂ ਸ਼ਹੀਦੀਆਂ ਆਦਿ ਦੇ ਹਵਾਲੇ ਦੇ ਕੇ ਇਸ ਦੇ ਵਿਵਹਾਰਿਕ ਸਰੂਪ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਸਿੱਖ ਧਰਮ ਦੇ ਹੋਰਨਾਂ ਪ੍ਰਤੀ ਨਿਰਵੈਰਤਾ ਰੂਪੀ ਨੀਤੀਆਂ, ਕਾਰਜਾਂ ਅਤੇ ਸੱਚ ਦੀ ਗਵਾਹੀ ਲਈ ਮੌਤ ਨੂੰ ਕੀਤੀਆਂ ਮਖੌਲਾਂ ਦਾ ਜ਼ਿਕਰ ਕਰਕੇ ਨਿਰਭਉ ਨਿਰਵੈਰ ਦੇ ਵਿਸ਼ਵ ਵਿਆਪੀ ਕਲਿਆਣਕਾਰੀ ਰੂਪ ਨੂੰ ਵਾਚਿਆ ਗਿਆ ਹੈ।

ਚੌਥਾ ਅਧਿਆਇ *'ਨਿਰਭਉ ਨਿਰਵੈਰ ਦੇ ਸੰਕਲਪ ਦੀ ਸਮਕਾਲੀ ਪ੍ਰਸੰਗਿਕਤਾ'* ਹੈ। ਜਿਸ ਵਿਚ ਅਜੋਕੇ ਸਮਾਜ ਦੇ ਮਨੁੱਖੀ ਜੀਵਨ ਦੇ ਹਰੇਕ ਖੇਤਰ ਵਿਚੋਂ ਨਿਰਭਉ ਨਿਰਵੈਰ ਦੇ ਸੰਕਲਪ ਨੂੰ ਵਾਚਿਆ ਗਿਆ ਹੈ। ਅਜੋਕੇ ਵਾਤਾਵਰਨ ਵਿਚਲੇ ਇਸਦੇ ਅਭਾਵ ਅਤੇ ਮਹੱਤਵ ਉੱਤੇ ਜੋਰ ਦਿੱਤਾ ਹੈ। ਨਿਰਭਉ ਨਿਰਵੈਰ ਦਾ ਸੰਕਲਪ ਮਨੁੱਖ ਨੂੰ ਹਰ ਤਰ੍ਹਾਂ ਨਾਲ ਪ੍ਰਭਾਵਿਤ ਕਰਦਾ ਹੈ। ਜੇਕਰ ਅਸੀਂ ਅਜੋਕੇ ਸਮਾਜ ਵਿਚ ਵਿਸ਼ਵ ਸ਼ਾਤੀ, ਭਾਈਚਾਰੇ ਅਤੇ ਮਨੁੱਖੀ ਅਧਿਕਾਰਾਂ ਦੀ ਗੱਲ ਕਰਦੇ ਹਾਂ ਤਾਂ ਅਸੀਂ ਨਿਰਭਉ ਨਿਰਵੈਰ ਗੁਣਾਂ ਨੂੰ ਅੱਖਾਂ ਤੋਂ ਉਹਲੇ ਨਹੀਂ ਕਰ ਸਕਦੇ। ਅਜਿਹਾ ਸਮਾਜ ਤਾਂ ਹੀ ਸਥਾਪਿਤ ਹੋ ਸਕਦਾ ਹੈ ਜੇਕਰ ਅਸੀ ਨਿਰਭਉ ਨਿਰਵੈਰ ਹੋ ਕੇ ਸਭ ਨੂੰ ਬਰਾਬਰ ਸਮਝਦੇ ਹੋਈਏ। ਇਨ੍ਹਾਂ ਗੁਣਾਂ ਦੀ ਸਿੱਖ ਧਰਮ ਨੂੰ ਦਿੱਤੀ ਵਿਲੱਖਤਾ, ਸਾਡੇ ਜੀਵਨ ਵਿਚ ਮਹੱਤਤਾ ਅਤੇ ਵਿਵਹਾਰਿਕ ਰੂਪ ਵਿਚ ਮਨੁੱਖ ਜਾਤੀ ਦੇ ਇਨ੍ਹਾਂ ਗੁਣਾਂ ਨੂੰ ਅਪਣਾਉਣ ਉੱਤੇ ਵਿਚਾਰ ਚਰਚਾ ਕੀਤੀ ਗਈ ਹੈ।

## ਖੋਜ ਕਾਰਜ ਦਾ ਖੇਤਰ

'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਭਉ ਨਿਰਵੈਰ ਦਾ ਸੰਕਲਪ' ਵਿਸ਼ੇ ਦੇ ਨਾਂ ਤੋਂ ਹੀ ਸਪੱਸ਼ਟ ਹੈ ਕਿ ਇਸ ਖੋਜ ਕਾਰਜ ਦਾ ਖੇਤਰ ਗੁਰਬਾਣੀ ਵਿਚਲੇ ਨਿਰਭਉ ਨਿਰਵੈਰ ਦੇ ਸੰਕਲਪ ਨੂੰ ਵਾਚਣਾ ਹੈ। ਇਸ ਕਾਰਜ ਵਿਚ ਸਾਡਾ ਜਿਆਦਾਤਰ ਸੰਬੰਧ ਵਧੇਰੇ ਕਰਕੇ ਗੁਰਬਾਣੀ ਉੱਤੇ ਹੀ ਕੇਂਦਰਿਤ ਰਿਹਾ ਹੈ। ਇਸ ਸੰਕਲਪ ਦੇ ਸਿਧਾਂਤਕ ਪੱਖ ਲਈ ਗੁਰਬਾਣੀ ਅਤੇ ਵਿਵਹਾਰਿਕ ਪੱਖ ਨੂੰ ਦਰਸਾਉਣ ਲਈ ਸਿੱਖ ਇਤਿਹਾਸ ਵਿਚੋਂ ਹਵਾਲੇ ਦਿੱਤੇ ਗਏ ਹਨ। ਇਸ ਤਰ੍ਹਾਂ ਨਿਰਭਉ ਨਿਰਵੈਰ ਦੇ ਸੰਕਲਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਇਤਿਹਾਸ ਦੇ ਸਿਧਾਂਤਕ ਅਤੇ ਵਿਵਹਾਰਿਥ ਪੱਖਾਂ ਤੋਂ ਅਧਿਐਨ ਕਰਨ ਦੇ ਨਾਲ-ਨਾਲ ਭਾਰਤੀ ਅਤੇ ਸਾਮੀ ਧਰਮਾਂ ਦੇ ਵਿਚੋਂ ਵੀ ਇਨ੍ਹਾਂ ਗੁਣਾਂ ਦੇ ਸਰੂਪ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ।

## ਸਥਾਪਨਾਵਾਂ ਤੇ ਸਿੱਟੇ

ਹਥਲੇ ਖੋਜ ਪ੍ਰਬੰਧ ਦਾ ਵਿਸ਼ਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰਭਉ ਨਿਰਵੈਰ ਦਾ ਸੰਕਲਪ' ਹੈ। ਇਸ ਖੋਜ ਪ੍ਰਬੰਧ ਨੂੰ ਚਾਰ ਪਾਠਾਂ ਵਿਚ ਵੰਡਿਆ ਗਿਆ ਹੈ ਅਤੇ ਇਨ੍ਹਾਂ ਪਾਠਾਂ ਦੇ ਅਧਾਰ ਤੇ ਜੋ ਸਥਾਪਨਾਵਾਂ ਪੇਸ਼ ਕੀਤੀਆਂ ਗਈਆਂ ਹਨ ਉਹ ਹੇਠ ਲਿਖੇ ਅਨੁਸਾਰ ਹਨ:

- ਮਨੁੱਖ ਜਨਮ ਤੋਂ ਹੀ ਡਰ ਦੀ ਪ੍ਰਵਿਰਤੀ ਨੂੰ ਮਹਿਸੂਸ ਕਰਦਾ ਹੈ। ਡਰ ਤੋਂ ਹੀ ਵੈਰ ਦੀ ਉਤਪੱਤੀ ਹੁੰਦੀ ਹੈ। ਜਿਥੇ ਪੱਛਮੀ ਵਿਦਵਾਨਾਂ ਨੇ ਧਰਮ ਦੀ ਉਤਪਤੀ ਨੂੰ ਡਰ ਤੋਂ ਮੰਨਿਆ ਹੈ ਉਥੇ ਗੁਰਮਤਿ ਵਿਚ ਅਜਿਹਾ ਬਿਲਕੁਲ ਵੀ ਨਹੀਂ। ਗੁਰਬਾਣੀ ਅਨੁਸਾਰ ਧਰਮ ਡਰ ਤੋਂ ਨਹੀਂ ਬਲਕਿ ਦਇਆ, ਕਰੁਣਾ ਤੋਂ ਉਪਜਿਆ ਹੈ। ਗੁਰਮਤਿ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮ ਦੀ ਨੀਂਹ ਦਇਆ ਤੋਂ ਉਤਪੰਨ ਹੋਈ ਦੱਸੀ ਹੈ। ਗੁਰੂ ਜੀ ਨੇ ਧਰਮ ਨੂੰ ਦਇਆ ਦਾ ਪੁੱਤ ਆਖਿਆ ਹੈ। ਦਇਆ, ਕਰੁਣਾ, ਨਿਮਰਤਾ ਦੇ ਭਾਵ ਹੀ ਮਨੁੱਖ ਅੰਦਰ ਪ੍ਰੇਮ ਨੂੰ ਜਨਮ ਦਿੰਦੇ ਹਨ ਜੋ ਨਿਰਭਉ ਨਿਰਵੈਰ ਦੀ ਭਾਵਨਾ ਲਈ ਜਰੂਰੀ ਹਨ।
- ਇਸ ਖੋਜ ਕਾਰਜ ਵਿਚ ਸਭ ਤੋਂ ਪਹਿਲਾਂ ਨਿਰਭਉ ਨਿਰਵੈਰ ਦੇ ਸ਼ਾਬਦਿਕ ਅਰਥਾਂ ਤੋਂ ਸ਼ੁਰੂ ਕਰ ਕੇ ਇਸ ਦੀ ਪਰਿਭਾਸ਼ਾ ਅਤੇ ਸਰੂਪ ਨੂੰ ਸਮਝਾਇਆ ਗਿਆ ਹੈ। ਇਸ ਕਾਰਜ ਲਈ ਕੋਸ਼ਾਂ, ਪੁਸਤਕਾਂ, ਵਿਦਵਾਨਾਂ ਦੁਆਰਾ ਸੰਪਾਦਿਕ ਅਰਥਾਂ, ਸਰੂਪ ਅਤੇ ਪਰਿਭਾਸ਼ਾ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਨਿਰਭਉ ਨਿਰਵੈਰ ਤੋਂ ਕੀ ਭਾਵ ਹੈ। ਨਿਰਭਉ ਨਿਰਵੈਰ ਤੋਂ ਭਾਵ ਜੋ ਨਿਡਰ ਅਤੇ ਵੈਰ ਰਹਿਤ ਹੈ। ਜਿਸ ਦੇ ਅੰਦਰ ਜਨਮ ਮਰਨ ,ਦੁਖ ਸੁੱਖ, ਮੌਤ ਆਦਿ ਸਭ ਤਰ੍ਹਾਂ ਤੋਂ ਉਪੱਰ ਹੋ ਕੇ ਸਾਰੀ ਸ੍ਰਿਸ਼ਟੀ ਦੇ ਲਈ ਪਿਆਰ, ਸਮਾਨਤਾ ਅਤੇ ਹਮਦਰਦੀ ਦੀ ਭਾਵਨਾ ਹੈ ਉਹੀ ਨਿਰਭਉ ਨਿਰਵੈਰ ਹੈ।
- ਵੱਖ -ਵੱਖ ਸਾਮੀ ਅਤੇ ਭਾਰਤੀ ਧਰਮਾਂ ਜਿਵੇਂ ਯਹੂਦੀ, ਈਸਾਈ, ਇਸਲਾਮ, ਹਿੰਦੂ, ਬੁੱਧ, ਜੈਨ ਧਰਮਾਂ ਦੇ ਵਿਚ ਨਿਰਭਉ ਨਿਰਵੈਰ ਦੇ ਸਬਦਾਂ ਦੇ ਸਰੂਪਾਂ ਦਾ ਸਰਵੇਖਣ ਕੀਤਾ ਗਿਆ ਹੈ। ਇਨ੍ਹਾਂ ਧਰਮਾਂ ਵਿਚ ਇਸ ਸਰੂਪ ਦਾ ਤੁਲਨਾਤਮਿਕ ਅਧਿਐਨ ਵੀ ਕੀਤਾ ਗਿਆ ਅਤੇ ਨਵੇਂ - ਸਬਦਾਂ ਦੀ ਖੋਜ ਵੀ ਕੀਤੀ ਗਈ ਜਿਵੇਂ ਰਿਗਵੇਦ ਵਿਚ ਬ੍ਰਹਮ ਨੂੰ ਅਭਿਯਮ ਜਿਅਤਿ, ਭਗਵਤ ਗੀਤਾ ਵਿਚ ਨਿਰਭਉ ਲਈ ਅਭੈ, ਅਭਯਮ ਸ਼ਬਦ, ਨਿਰਵੈਰ ਲਈ 'ਨਿਰਵੈਰਹ' ਸ਼ਬਦ ਵਰਤੇ ਗਏ ਹਨ। ਬੁੱਧ ਧਰਮ ਦੀਆਂ ਸਿੱਖਿਆਵਾਂ ਅਸਟ ਮਾਰਗ ਵਿਚ ਸਮਯਕ ਕਰਮ ਅਤੇ ਜੈਨ ਧਰਮ ਵਿਚ ਪੰਜ ਮਹਾਵਰਤਾਂ ਵਿਚੋਂ ਪਹਿਲਾ ਅਹਿੰਸਾ ਮਹਾਵਰਤ ਹੈ। ਇਸ ਤਰ੍ਹਾਂ ਹੋਰਨਾਂ ਧਰਮਾਂ ਵਿਚਲੇ ਨਿਰਭਉ ਨਿਰਵੈਰ ਸਰੂਪ ਨੂੰ ਦਰਸਾਇਆ ਗਿਆ ਹੈ।
- ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੀ ਨਿਰਭਉ ਨਿਰਵੈਰ ਸ਼ਬਦ ਦੇ ਅਰਥਾਂ ਦੀ ਨਿਸ਼ਾਨਦੇਹੀ ਕੀਤੀ ਗਈ। ਇਸ ਸ਼ਬਦ ਦੇ ਨਾਲ ਮਿਲਦੇ ਜੁਲਦੇ ਸਮਾਨਅਰਥੀ ਸ਼ਬਦ ਕਿਹੜੇ ਹਨ ਉਹਨਾਂ ਦੀ ਖੋਜ ਕਰ ਪੇਸ਼ ਕੀਤੇ ਗਏ ਹਨ ਜਿਵੇਂ ਨਿਰਭਉ ਦੇ ਨਿਡਰ, ਬੇਪਰਵਾਹ, ਨਿਚਿੰਤ, ਵੇਮੁਹਤਾਜ, ਵੇਪਰਵਾਹ, ਅਨਭਉ, ਅਨਭੈ, ਅਭੈ, ਅਭਉ ਆਦਿ ਅਤੇ ਨਿਰਵੈਰ ਦੇ ਨਿਰਵੈਰਣ, ਉਪਕਾਰ, ਸਮਸਰਿ , ਸਮਾਨ, ਸਮਤੁ, ਪਰਉਪਕਾਰ ਆਦਿ। ਇਨ੍ਹਾਂ ਦੇ ਸ਼ਾਬਦਿਕ ਅਰਥਾਂ ਨੂੰ ਕੋਸ਼ਾਂ ਰਾਹੀਂ ਪੇਸ਼ ਵੀ ਕੀਤਾ ਗਿਆ ਅਤੇ ਗੁਰਬਾਣੀ ਦੀਆਂ ਤੁੱਕਾਂ ਵੀ ਨਾਲ-ਨਾਲ ਦਿੱਤੀਆਂ ਗਈਆਂ।

ਗੁਰਪ੍ਰੀਤ

- ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨ ਸਮੇਂ ਨਿਰਭਉ ਨਿਰਵੈਰ ਬਾਰੇ ਇਹ ਗੱਲ ਪਤਾ ਲਗਦੀ ਹੈ ਕਿ ਇਹ ਗੁਣ ਤਿੰਨ ਹਸਤੀਆਂ ਲਈ ਵਰਤਿਆ ਗਿਆ ਹੈ। ਪਹਿਲਾ ਅਕਾਲ ਪੁਰਖ ਪਰਮਾਤਮਾ ਲਈ, ਦੂਸਰਾ ਸ਼ਬਦ ਗੁਰੂ ਲਈ, ਤੀਸਰਾ ਗੁਰਮੁਖ ਜਨ, ਸੰਤ, ਭਗਤ ਲਈ। ਗੁਰਬਾਣੀ ਅਨੁਸਾਰ ਅਕਾਲ ਪੁਰਖ, ਗੁਰੂ ਅਤੇ ਗੁਰਮੁਖ ਜਨ ਹੀ ਨਿਰਭਉ ਨਿਰਵੈਰ ਹਨ। ਅਕਾਲ ਪੁਰਖ ਦੀ ਭਗਤੀ ਕਰਕੇ ਹੀ ਸਦਗੁਣਾਂ ਨੂੰ ਅਪਣਾ ਕੇ ਮਨੁੱਖ ਇਸ ਪਦ ਦੀ ਪ੍ਰਾਪਤੀ ਕਰ ਸਕਦੇ ਹਨ।
- ਗੁਰਬਾਣੀ ਵਿਚ ਦੋ ਪ੍ਰਕਾਰ ਦੇ ਭੈ ਦੀ ਗੱਲ ਕੀਤੀ ਗਈ ਹੈ। ਦੁਨਿਆਵੀ ਭੈ ਅਤੇ ਨਿਰਮਲ ਭੈ। ਦੁਨਿਆਵੀ ਭੈ ਵਿਚ ਸਾਡੀ ਜਿੰਦਗੀ ਦੇ ਸਾਰੇ ਭੈ ਸ਼ਾਮਿਲ ਹੁੰਦੇ ਹਨ। ਮਨਮੁਖ ਮਨੁੱਖੀ ਮਨ ਵਿਚ ਨਿੰਦਿਆ, ਚੁਗਲੀ, ਬਖੀਲੀ ਪੈਦਾ ਹੁੰਦੀ ਹੈ, ਇਹੀ ਨਿੰਦਾ, ਈਰਖਾ ਪੈਦਾ ਕਰਦੀ ਹੈ ਅਤੇ ਇਸ ਤੋਂ ਵੈਰ ਤੇ ਡਰ ਉਪਜਦਾ ਹੈ। ਨਿਰਮਲ ਭੈ ਵਿਚ ਪਰਮਾਤਮਾ ਦੀ ਹੋਂਦ ਸ਼ਾਮਿਲ ਹੁੰਦੀ ਹੈ। ਨਿਰਮਲ ਭਉ ਪਿਆਰ ਤੋਂ ਉਪਜਦਾ ਹੈ। ਇਸ ਵਿਚ ਆਤਮ ਸਮਰਪਨ ਅਤੇ ਆਦਰ ਦੀ ਭਾਵਨਾ ਸ਼ਾਮਿਲ ਹੁੰਦੀ ਹੈ।
- ਨਿਰਭਉ ਨਿਰਵੈਰ ਦੀ ਗੁਰਬਾਣੀ ਦੁਆਰਾ ਕੀਤੀ ਵਿਆਖਿਆ, ਉਸਦੇ ਗੁਰਬਾਣੀ ਵਿਚਲੇ ਸਰੂਪ ਅਕਾਲ ਪੁਰਖ, ਗੁਰੂ ਅਤੇ ਗੁਰਮੁਖ ਜਨ ਦੇ ਰੂਪ ਵਿਚ ਜਾਣ ਕੇ ਇਸ ਦੇ ਸਿਧਾਂਤਕ ਪਰਿਪੇਖ ਨੂੰ ਕਈ ਪੱਖਾਂ ਤੋਂ ਵਿਚਾਰਦੇ ਹੋਏ ਜਾਣਿਆ ਹੈ ਕਿ ਸਿੱਖ ਧਰਮ ਦੀ ਵਿਲੱਖਣਤਾ ਅਕਾਲ ਪੁਰਖ ਦੇ ਨਿਰਭਉ ਨਿਰਵੈਰ ਸਰੂਪ ਨੂੰ ਹੀ ਜਾਂਦੀ ਹੈ। ਇਸ ਨਾਲ ਇਹ ਦੁਨਿਆ ਵਿਚ ਇਕ ਅਨੋਖੀ ਪਛਾਣ ਦੇ ਨਾਲ-ਨਾਲ ਮਾਨਵਤਾ, ਭਾਈਚਾਰੇ ਦਾ ਸੁਨੇਹਾ ਦਿੰਦਾ ਹੈ।
- ਗੁਰਬਾਣੀ ਵਿਚਲਾ ਨਿਰਭਉ ਨਿਰਵੈਰ ਦਾ ਸੰਕਲਪ ਦੇਣ ਤੋਂ ਬਾਅਦ ਸਿੱਖ ਇਤਿਹਾਸ ਵਿਚੋਂ ਗੁਰੂ ਸਾਹਿਬਾਨਾਂ, ਗੁਰਸਿੱਖਾਂ ਦੁਆਰਾ ਇਸ ਸੰਕਲਪ ਦੀ ਵਿਵਹਾਰਿਕ ਵਰਤੋਂ ਦਾ ਮੁਲਾਂਕਣ ਕੀਤਾ ਗਿਆ ਹੈ ਅਤੇ ਇਹ ਜਾਣਨ ਦੀ ਕੋਸ਼ਿਸ਼ ਕੀਤੀ ਗਈ ਹੈ, ਕਿ ਗੁਰਬਾਣੀ ਵਿਚ ਨਿਰਭਉ ਨਿਰਵੈਰ ਦੇ ਸੰਕਲਪ ਨੂੰ ਜਿਸ ਰੂਪ ਵਿਚ ਪੇਸ਼ ਕੀਤਾ ਹੈ ਉਸ ਦੀ ਵਿਵਹਾਰਿਕ ਪੱਖ ਵਿਚ ਵਰਤੋਂ ਕਿਸ ਤਰ੍ਹਾਂ ਹੋ ਰਹੀ ਹੈ। ਸਿੱਖ ਧਰਮ ਦੀ ਵਿਲੱਖਣਤਾ ਗੁਰੂ ਸਾਹਿਬਾਨਾਂ ਅਤੇ ਗੁਰਸਿੱਖਾਂ ਦੇ ਜੀਵਨ ਦੇ ਅਧਿਐਨ ਤੋਂ ਸਾਨੂੰ ਸ਼ਪਸ਼ਟ ਨਜ਼ਰੀ ਪੈਂਦੀ ਹੈ।
- ਅਜੋਕੀ ਜੀਵਨ ਸ਼ੈਲੀ ਵਿਚ ਨਿਰਭਉ ਨਿਰਵੈਰ ਮਨੋਵਿਰਤੀਆਂ ਅਪਣਾਉਣ ਦੀ ਸਾਨੂੰ ਕਿਉਂ ਲੋੜ ਹੈ ਅਤੇ ਇਨ੍ਹਾਂ ਦੀ ਅਣਹੋਂਦ ਨਾਲ ਸਾਡੇ ਜੀਵਨ ਉਤੇ ਕੀ ਅਸਰ ਪੈਂਦਾ ਹੈ, ਚੌਥੇ ਅਧਿਆਇ ਵਿਚ ਵਿਚਾਰ ਚਰਚਾ ਕਰ ਇਹ ਸਿੱਟਾ ਕੱਢਿਆ ਗਿਆ ਹੈ ਕਿ ਪਰਉਪਕਾਰ, ਮਿਲਵਰਤਨ, ਭਾਈਚਾਰਾ, ਸਾਂਝੀਵਾਲਤਾ ਦਾ ਜੋ ਸੁਨੇਹਾ ਗੁਰਬਾਣੀ ਦਿੰਦੀ ਹੈ ਉਹ ਵਿਸ਼ਵ ਪੱਧਰ ਤੇ ਪ੍ਰਫੁੱਲਿਤ ਹੋਵੇਗਾ। ਬਸ ਲੋੜ ਹੈ ਤਾਂ ਅਜੋਕੇ ਮਨੁੱਖ ਨੂੰ ਨਿਰਭਉ ਨਿਰਵੈਰ ਦੇ ਸੰਕਲਪ ਨੂੰ ਅਪਣਾਉਣ ਦੀ ਜਿਸ ਨਾਲ ਜੀਵਨ ਦੇ ਸਾਰੇ ਪੱਖਾਂ ਵਿਚ ਸੱਚ ਸਮਾਵੇਗਾ ਅਤੇ ਸੰਸਾਰ ਵਿਚ ਵੀ ਰੱਬ ਦਿਖੇਗਾ।

ਸੰਬੰਧਿਤ ਨਿਰਭਉ ਨਿਰਵੈਰ ਦੇ ਸੰਕਲਪ ਦਾ ਅਧਿਐਨ ਕਰਦਿਆ ਅਸੀਂ ਇਸ ਨਤੀਜੇ ਉਤੇ ਪੁੱਜੇ ਹਾਂ ਕਿ ਨਿਰਭਉ ਨਿਰਵੈਰ ਦਾ ਸੰਕਲਪ ਹੋਰਨਾਂ ਧਰਮਾਂ ਵਿਚ ਕੇਵਲ ਨਾ ਮਾਤਰ ਪੇਸ਼ ਹੋਇਆ ਹੈ ਪ੍ਰੰਤੂ ਸਿੱਖ ਧਰਮ ਵਿਚ ਇਸ ਨੂੰ ਈਸ਼ਟ ਦੇ ਸਰੂਪ ਵਜੋਂ ਪੇਸ਼ ਕੀਤਾ ਹੈ ਉਸ ਦੀ ਕਿਧਰੇ ਹੋਰ ਮਿਸਾਲ ਨਹੀਂ ਮਿਲਦੀ। ਨਿਰਭਉ ਨਿਰਵੈਰ ਅਕਾਲ ਪੁਰਖ ਦੇ ਉ
ਵਿਲੱਖਣ ਗੁਣ ਹਨ ਜੋ ਸਿੱਖ ਧਰਮ ਨੂੰ ਵੀ ਵਿਲੱਖਣਤਾ ਪ੍ਰਦਾਨ ਕਰਦੇ ਹੋਏ ਮਹਾਨ ਅਗੰਮੀ ਗੁਣਾਂ ਨੂੰ ਧਾਰਨ ਕਰ

ੀ ਮਨੁੱਖ ਨੂੰ ਪ੍ਰੇਰਿਤ ਕਰਦੇ ਹਨ। ਨਿਰਭਉ ਨਿਰਵੈਰ ਪਦ ਦੀ ਪ੍ਰਾਪਤੀ ਹਰੇਕ ਮਨੁੱਖ ਦਾ ਉਦੇਸ਼ ਹੈ ਜਿਸ ਨਾਲ ਜਰਾ-ਮਰਨ ਦੇ ਭੈਅ ਤੋਂ ਮੁਕਤ ਹੋ ਕੇ ਮਹਾਨ ਸਰਵਉੱਚ ਅਕਾਲ ਪੁਰਖ ਦੀ ਖਾਲਸਾਈ ਫੌਜ਼ ਦਾ ਹਿੱਸਾ ਹੋ ਬੜਦਾ ਹੈ ਅਤੇ ਸੱਚ ਦੀ ਗਵਾਹੀ ਭਰਦਾ ਦੀਨ ਦੁਨੀ ਦੀ ਰੱਖਿਆ ਲਈ ਮੌਤ ਨੂੰ ਗਲੇ ਲਗਾ ਪਰਉਪਕਾਰੀ ਤੇ ਲਿਆਣਕਾਰੀ, ਸਰਬੱਤ ਦੇ ਭਲੇ ਲਈ ਤਤਪਰ ਤਿਆਰ - ਬਰ - ਤਿਆਰ ਰਹਿੰਦਾ ਹੈ।

ਗੁਰਪ੍ਰੀਤ ਕੌਰ

## ਪੁਸਤਕ ਸੂਚੀ


### ਗ੍ਰੰਥ

*ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।*

### ਕੋਸ਼

ਕਾਨ੍ਹ ਸਿੰਘ ਨਾਭਾ, *ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, 1990.

ਗੁਰਚਰਨ ਸਿੰਘ (ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ,2002.

ਭਾਈ ਵੀਰ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 7 ਵੀਂ ਵਾਰ 2003.

### ਪੰਜਾਬੀ ਪੁਸਤਕਾਂ

ਏ. ਸੀ. ਭਕਤੀ ਵੇਂਦਾਤ ਸਵਾਮੀ ਪ੍ਰਭੁਪਾਦ, *ਸ੍ਰੀ ਮਦ ਭਗਵਤ ਗੀਤਾ*, ਭਗਤੀ ਵੇਂਦਾਤ ਬੁੱਕ ਟਰੱਸਟ, ਮੁੰਬਈ, ਸਤੰਬਰ 2012.

ਸੁਰਿੰਦਰ ਸਿੰਘ ਕੋਹਲੀ(ਡਾ.)(ਸੰਪਾ.), *ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ- ਕਲਾ,* "*ਗੁਰੂ ਸਾਹਿਬ ਦੀ ਸਦਾਚਾਰਕ ਨੀਤੀ,*" ਸੁਰਿੰਦਰ ਸਿੰਘ ਕੋਹਲੀ(ਡਾ.)(ਸੰਪਾ.), ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2000.

ਸਰਬਜਿੰਦਰ ਸਿੰਘ(ਸੰਪਾ.), *ਸਿੱਖ ਧਰਮ ਸਿਧਾਂਤਕ ਤੇ ਇਤਿਹਾਸਕ ਪਰਿਪੇਖ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.

ਗੁਰਮੀਤ ਸਿੰਘ ਸਿੱਧੂ, *ਧਰਮ ਆਧੁਨਿਕ ਅਤੇ ਉਤਰਆਧੁਨਿਕ ਸਿਧਾਂਤ,* ਗੁਰਗਿਆਨ ਬੁਕਸ, ਪਟਿਆਲਾ, 2014.

ਜਗਬੀਰ ਸਿੰਘ (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਸਮਕਾਲੀਨ ਪ੍ਰਾਸੰਗਿਕਤਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012.

ਜਸਵੰਤ ਸਿੰਘ ਨੇਕੀ, *ਗੁਰਮਤਿ ਮਨੋਵਿਗਿਆਨ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ਦੂਜੀ ਵਾਰ, 2012.

ਜਸਵੰਤ ਸਿੰਘ ਨੇਕੀ, *ਖੋਜ ਦਰਪਣ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿੰਤਸਰ, ਜੁਲਾਈ 1976.

ਤਾਰਨ ਸਿੰਘ (ਅਨੁਵਾਦਕ), *ਧਰਮ ਦੀ ਉਤਪੱਤੀ ਅਤੇ ਵਿਕਾਸ ਲੇਖਕ ਮੈਕਸ ਮੂਲਰ,* ਪੰਜਾਬੀ ਯੂਨੀਵਰਸਿਟੀ, ਪਟਿਆਲਾ,2002.

ਭਾਈ ਵੀਰ ਸਿੰਘ, *ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, ਪੰਜਵੀਂ ਐਡੀਸ਼ਨ, ਅਕਤੂਬਰ 2007.

ਰਾਮਦਾਸ ਨਿਰਾਕਾਰੀ, *ਪ੍ਰਧਾਨ ਉਪਨਿਸ਼ਦ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992.

### ਅੰਗਰੇਜ਼ੀ ਪੁਸਤਕਾਂ

Kingway Martin, *War History and Human Nature,* London,1969.

Miss Kingsley, *West African Studies London,* Encyclopendia of Religion and Ethies,Vol.V,1899 .

*THE NEW TESTAMENT*, The Giodeons International, New Delhi, 2013.


ਗੁਰਪ੍ਰੀਤ ਕੌਰ
ਪ੍ਰਿੰਸੀਪਲ ਕੌਰ